**Start CDL TRAINING**

**Become Professional Truck Driver**

www.cdlstart.com

startcdl@gmail.com

(844) 227-2162

We speak Hindi and English

START CDL TRAINING



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com



*Kamaljeet Kaur*

*Mortgage rates available from 2.1% to 3%*

Midland Realty Group-Company You Trust



Twenty-Second Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 41, October 9, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਲਖੀਮਪੁਰ ਖੀਰੀ ਘਟਨਾ ਨਾਲ ਕਿਸਾਨ ਅੰਦੋਲਨ ਅਹਿਮ ਮੋੜ 'ਤੇ

## ਸਰਕਾਰੀ ਬੁਰਛਾਗਰਦੀ ਖਿਲਾਫ ਰੋਹ ਫੈਲਿਆ; ਨਵੇਂ ਸਿਰਿਓਂ ਸਫਬੰਦੀ ਹੋਣ ਲੱਗੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਪਿਛਲੇ 10 ਮਹੀਨਿਆਂ ਤੋਂ ਘਰ-ਬਾਰ ਛੱਡ ਕੇ ਸੜਕਾਂ ਉਤੇ ਬੈਠੇ ਕਿਸਾਨਾਂ ਦੇ ਮਸਲੇ ਹੱਲ ਕਰਨ ਦੀ ਥਾਂ ਕੇਂਦਰ ਤੇ ਭਾਜਪਾ ਦੀ ਅਗਵਾਈ ਵਾਲੀਆਂ ਸੂਬਾ ਸਰਕਾਰ ਹੁਣ ਟਕਰਾਅ ਵਾਲਾ ਮਾਹੌਲ ਬਣਾਉਣ ਦੀ ਰਣਨੀਤੀ ਉਤੇ ਉਤਰ ਆਈਆਂ ਹਨ। ਉਤਰ ਪ੍ਰਦੇਸ਼ ਦੇ ਜਿਲ੍ਹੇ ਲਖੀਮਪੁਰ ਖੀਰੀ ਵਿਚ ਭਾਜਪਾ ਸਰਕਾਰ ਨੇ ਬੁਰਛਾਗਰਦੀ ਦੀਆਂ ਹੱਦਾਂ ਪਾਰ ਦਿੱਤੀਆਂ ਹਨ। ਉਧਰ, ਇਸ ਘਟਨਾ ਨਾਲ ਕਿਸਾਨ ਅੰਦੋਲਨ ਅਤੇ ਸਮੁੱਚੇ ਮੁਲਕ ਦੀ ਸਿਆਸਤ ਇਕ ਅਹਿਮ ਮੋੜ 'ਤੇ ਪਹੁੰਚ ਗਏ ਹਨ। ਹੁਣ ਵੱਖ-ਵੱਖ ਧਿਰਾਂ ਵਿਚਕਾਰ ਨਵੇਂ ਸਿਰਿਓਂ ਸਫਬੰਦੀ ਆਰੰਭ ਹੋ ਗਈ ਹੈ।



ਇਥੇ ਆਪਣੇ ਹੱਕਾਂ ਲਈ ਸ਼ਾਂਤੀ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਮੁੰਡੇ ਆਸ਼ੀਸ਼ ਮਿਸ਼ਰਾ ਨੇ ਆਪਣੇ ਕਾਰਾਂ ਦੇ ਕਾਫਲੇ ਹੇਠ ਦਰੜ ਦਿੱਤਾ। ਇਸ ਕਤਲਕਾਂਡ ਵਿਚ 4 ਕਿਸਾਨਾਂ ਅਤੇ ਇਕ ਪੱਤਰਕਾਰ ਦੀ ਮੌਤ ਹੋ ਗਈ ਜਦ ਕਿ ਦਰਜਨ ਤੋਂ ਵੱਧ ਲੋਕਾਂ ਦੀਆਂ ਲੱਤਾਂ-ਬਾਹਾਂ ਟੁੱਟ ਗਈਆਂ।



ਅਜੈ ਮਿਸ਼ਰਾ ਨੇ ਇਸ ਘਟਨਾ ਤੋਂ ਹਫਤਾ ਪਹਿਲਾਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਅੰਦੋਲਨ ਨੂੰ ਗੈਰਜ਼ਰੂਰੀ ਦੱਸਦਿਆਂ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ 'ਸੁਧਰ ਜਾਣ', ਨਹੀਂ ਤਾਂ ਉਹ ਉਨ੍ਹਾਂ ਨੂੰ 'ਦੋ ਮਿੰਟਾਂ ਵਿਚ' ਸੁਧਾਰ ਦੇਵੇਗਾ। ਉਸ ਨੇ ਇਹ ਵੀ ਕਿਹਾ ਸੀ ਕਿ ਉਹ ਕੇਵਲ ਕੇਂਦਰੀ ਮੰਤਰੀ ਜਾਂ ਲੋਕ ਸਭਾ ਦਾ ਮੈਂਬਰ ਨਹੀਂ ਹੈ ਸਗੋਂ 'ਕੁਝ ਹੋਰ ਵੀ ਹੈ।'

ਕਿਸਾਨਾਂ ਵਿਚ ਇਸ ਬਿਆਨ ਕਾਰਨ ਭਾਰੀ ਰੋਸ ਸੀ। ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰਿਆ ਦਾ ਉਸ ਇਲਾਕੇ ਵਿਚ ਦੌਰਾ ਸੀ ਤੇ ਕਿਸਾਨ ਤਿਕੁਨੀਆ-ਬਨਬੀਰਪੁਰ ਮਾਰਗ 'ਤੇ ਇਸ ਦੌਰੇ ਦਾ ਵਿਰੋਧ ਕਰ ਰਹੇ ਸਨ ਜਦ ਦਨਦਨਾਉਂਦੀਆਂ ਕਾਰਾਂ/ਗੱਡੀਆਂ ਉਨ੍ਹਾਂ 'ਤੇ ਚੜ੍ਹ ਗਈਆਂ। ਅਜੈ ਮਿਸ਼ਰਾ ਨੇ ਇਸ ਘਟਨਾ ਤੋਂ ਤੁਰਤ ਬਾਅਦ ਦਾਅਵਾ ਕਰ ਦਿੱਤਾ ਕਿ ਕਿਸਾਨਾਂ ਨੇ ਭਾਜਪਾ ਆਗੂਆਂ ਦੇ ਕਾਫਲੇ ਉਤੇ ਪੱਥਰਾਓ ਕੀਤਾ ਸੀ ਜਿਸ ਕਾਰਨ ਗੱਡੀਆਂ ਪਲਟ ਗਈਆਂ ਤੇ ਹਾਦਸਾ ਵਾਪਰ ਗਿਆ। ਇਸ ਪਿੱਛੋਂ ਵੱਡੀ ਗਿਣਤੀ ਟੀ.ਵੀ. ਚੈਨਲਾਂ ਨੇ ਵੀ ਸਾਰਾ ਦੋਸ਼ ਕਿਸਾਨਾਂ ਸਿਰ ਮੜ੍ਹ ਦਿੱਤਾ ਪਰ ਅਗਲੇ ਦਿਨ ਇਸ ਘਟਨਾ ਦੀ ਵਾਇਰਲ ਹੋਈ ਵੀਡੀਓ ਨੇ ਸਾਰਾ ਸੱਚ ਸਾਹਮਣੇ ਲਿਆ ਦਿੱਤਾ। ਵੀਡੀਓ ਵਿਚ ਸਾਫ


*(ਬਾਕੀ ਸਫਾ 6 ਉਤੇ)*


## ਮੋਦੀ ਦੀ ਖਾਮੋਸ਼ੀ 'ਤੇ ਉਠੇ ਸਵਾਲ

**ਨਵੀਂ ਦਿੱਲੀ:** ਲਖੀਮਪੁਰ ਖੀਰੀ 'ਚ ਹੋਏ ਕਤਲੇਆਮ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖ਼ਾਮੋਸ਼ੀ ਉਪਰ ਸਵਾਲ ਉਠ ਰਹੇ ਹਨ। ਹਰ ਛੋਟੀ-ਮੋਟੀ ਘਟਨਾ ਉਤੇ ਵੀ ਟਵੀਟ ਕਰਨ ਵਾਲੇ ਪ੍ਰਧਾਨ ਮੰਤਰੀ ਨੇ ਇਕ ਵਾਰ ਵੀ ਇਸ ਘਟਨਾ ਬਾਰੇ ਮੂੰਹ ਨਹੀਂ ਖੋਲ੍ਹਿਆ। ਇਥੋਂ ਤੱਕ ਇਸ ਘਟਨਾ ਦੇ ਅਗਲੇ ਹੀ ਦਿਨ ਮੋਦੀ ਲਖਨਊ ਆਏ ਸਨ ਪਰ ਉਨ੍ਹਾਂ ਨੇ ਇਸ ਬਾਰੇ ਇਕ ਸ਼ਬਦ ਵੀ ਨਹੀਂ ਬੋਲਿਆ। ਵਿਰੋਧੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਹਨ ਜਾਂ ਸਿਰਫ ਭਾਜਪਾ ਦੇ, ਇਸ ਖੂਨੀ ਖੇਡ ਬਾਰੇ ਪ੍ਰਧਾਨ ਮੰਤਰੀ ਦਾ ਮੂੰਹ ਨਾ ਖੋਲ੍ਹਣਾ ਸਾਬਤ ਕਰਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਭਗਵਾ ਧਿਰ ਆਮ ਵਰਤਾਰਾ ਸਮਝਦੀ ਹੈ।

## ਵਿਰੋਧੀ ਧਿਰਾਂ ਵੱਲੋਂ ਯੋਗੀ ਸਰਕਾਰ ਉਤੇ ਹੱਲਾ

**ਲਖਨਊ:** ਲਖੀਮਪੁਰ ਖੀਰੀ ਕਾਂਡ ਨੇ ਉਤਰ ਪ੍ਰਦੇਸ਼ ਵਿਚ ਸਿਆਸੀ ਪਾਰਾ ਚਾੜ੍ਹ ਦਿੱਤਾ ਹੈ। ਕਿਸਾਨਾਂ ਅਤੇ ਸਰਕਾਰ ਵਿਚਾਲੇ ਇਸ ਘਟਨਾ ਉਤੇ ਭਾਵੇਂ ਸਮਝੌਤਾ ਹੋ ਗਿਆ ਹੈ ਪਰ ਸਿਆਸੀ ਧਿਰਾਂ ਸਰਕਾਰ ਨੂੰ ਘੇਰਨ ਦਾ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀਆਂ।

ਇਸ ਸੂਬੇ ਵਿਚ ਅਗਲੇ ਵਰ੍ਹੇ ਚੋਣਾਂ ਹਨ। ਘਟਨਾ ਪਿੱਛੋਂ ਵਿਰੋਧੀ ਧਿਰਾਂ ਦੇ ਆਗੂ ਉਤਰ ਪ੍ਰਦੇਸ਼ ਵੱਲ ਵਹੀਰਾਂ ਘੱਤ ਰਹੇ ਹਨ। ਸੂਬੇ ਦੀ ਯੋਗੀ ਸਰਕਾਰ ਨੂੰ ਇਸ ਸਮੇਂ ਹੱਥਾਂ ਪੈਰਾਂ ਦੀ ਪਈ ਹੋਈ ਹੈ। ਯੂ.ਪੀ. ਦੀਆਂ ਹੱਕਾਂ ਉਤੇ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਰੋਕਿਆ ਜਾ ਰਿਹਾ ਹੈ। ਧੜਾ ਧੜ ਗ੍ਰਿਫਤਾਰੀਆਂ ਹੋ ਰਹੀਆਂ ਹਨ। ਇਸੇ ਦੌਰਾਨ, ਸ਼ਿਵ ਸੈਨਾ ਦੇ ਸੀਨੀਅਰ ਨੇਤਾ ਸੰਜੇ ਰਾਉਤ ਨੇ ਆਖ ਦਿੱਤਾ ਹੈ ਕਿ ਲਖੀਮਪੁਰ ਖੀਰੀ ਘਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਜ਼ਰੂਰਤ ਹੈ। ਇਸ ਲਈ ਉਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਮਿਲੇ ਹਨ। ਇਥੋਂ ਤੱਕ ਕਿ ਯੂ.ਪੀ. ਦੇ ਭਾਜਪਾ ਆਗੂ ਵੀ ਆਪਣੀ ਪਾਰਟੀ ਨੂੰ ਘੇਰਨ ਲੱਗੇ ਹਨ।

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਵਰੁਣ ਗਾਂਧੀ ਨੇ ਕਿਹਾ ਹੈ ਕਿ ਲਖੀਮਪੁਰ ਖੀਰੀ ਵਿਚ ਕਿਸਾਨਾਂ ਨੂੰ ਦਰੜ ਦੇਣ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਦੋਸ਼ੀਆਂ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਹੈ ਕਿ ਇਹ ਘਟਨਾ ਰੂਹ ਨੂੰ ਹਿਲਾ ਦੇਣ ਵਾਲੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਪੱਤਰ ਲਿਖ ਕੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਉੱਤਰ ਪ੍ਰਦੇਸ਼ ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ।


**ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ**

**ਲੋੜ ਹੈ**

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924



Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ

Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday

*Book your catering now.

5425 E. Thompson Rd., Indianapolis IN 46237





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਮਿਸ਼ਨ 2022: ਪੰਜਾਬ ਸਰਕਾਰ ਨੇ ਖੋਲ੍ਹਿਆ ਖਜ਼ਾਨੇ ਦਾ ਮੂੰਹ

**ਚੰਡੀਗੜ੍ਹ:** ਪੰਜਾਬ ਵਿਚ ਮੁੱਖ ਮੰਤਰੀ ਬਦਲਣ ਤੋਂ ਬਾਅਦ ਕਾਂਗਰਸ ਸਰਕਾਰ ਚੋਣਾਂ ਵਾਅਦੇ ਪੂਰੇ ਕਰਨ ਤੇ ਲੋਕਾਂ ਦੇ ਗਿਲੇ ਦੂਰ ਕਰਨ ਲਈ ਸਰਗਰਮ ਨਜ਼ਰ ਆ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੁਲਾਜ਼ਮਾਂ ਦੇ ਪਰਿਵਾਰਾਂ, ਕਿਸਾਨਾਂ ਅਤੇ ਕੋਵਿਡ-19 ਦੌਰਾਨ ਮਾਪੇ ਗੁਆ ਚੁੱਕੀਆਂ ਲੜਕੀਆਂ ਨੂੰ ਆਸ਼ੀਰਵਾਦ ਯੋਜਨਾ ਤਹਿਤ ਰਾਹਤਾਂ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਸੇਵਾਮੁਕਤੀ ਤੋਂ ਪਹਿਲਾਂ ਮੌਤ ਹੋਣ ਦੇ ਮਾਮਲੇ ਵਿਚ ਪਰਿਵਾਰਕ ਪੈਨਸ਼ਨ ਦਾ ਲਾਭ ਨਵੀਂ ਪੈਨਸ਼ਨ ਸਕੀਮ ਤਹਿਤ ਆਉਂਦੇ ਮੁਲਾਜ਼ਮਾਂ ਨੂੰ ਵੀ ਦੇਣ ਲਈ ਅੱਜ ਹਰੀ ਝੰਡੀ ਦੇ ਦਿੱਤੀ ਹੈ।

ਇਸ ਦੇ ਨਾਲ ਹੀ 5-5-2009 ਦੇ ਪਰਿਵਾਰਕ ਪੈਨਸ਼ਨ ਸਬੰਧੀ ਦਿਸ਼ਾ ਨਿਰਦੇਸ਼ਾਂ ਅਤੇ ਮਿਤੀ 4-9-2019 ਨੂੰ ਇਸ ਮੁੱਦੇ ਨਾਲ ਜੁੜੀਆਂ ਹਦਾਇਤਾਂ ਅਪਣਾਏ ਜਾਣ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਪੰਜਾਬ ਸਿਵਲ ਸੇਵਾਵਾਂ ਨਿਯਮ-ਜਿਲਦ 2 ਤਹਿਤ ਪ੍ਰਾਵਧਾਨਾਂ ਅਨੁਸਾਰ ਭਾਰਤ ਸਰਕਾਰ ਦੇ ਅਜਿਹੀ ਹੀ ਸਥਿਤੀ ਵਾਲੇ ਮੁਲਾਜ਼ਮਾਂ ਉਤੇ ਲਾਗੂ ਹੁੰਦੀ ਨਵੀਂ ਪੈਨਸ਼ਨ ਸਕੀਮ ਤਹਿਤ ਕਵਰ ਹੁੰਦੇ ਮੁਲਾਜ਼ਮਾਂ ਸਬੰਧੀ ਸੂਬਾ ਸਰਕਾਰ ਵੱਲੋਂ ਸੋਧਾਂ ਕੀਤੀਆਂ ਗਈਆਂ ਹਨ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨੇ ਇਸ ਫੈਸਲੇ ਨੂੰ ਲਾਗੂ ਕਰਨ ਲਈ ਵਿੱਤ ਵਿਭਾਗ ਦੀ ਉਸ ਤਜਵੀਜ਼ ਲਈ ਸਹਿਮਤੀ ਦਿੱਤੀ ਹੈ ਜਿਸ ਨੂੰ ਮੌਜੂਦਾ ਵਰ੍ਹੇ 26 ਅਗਸਤ ਨੂੰ ਮੰਤਰੀ ਮੰਡਲ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ।

ਮੁੱਖ ਮੰਤਰੀ ਨੇ ਕੋਵਿਡ-19 ਮਹਾਮਾਰੀ ਦੌਰਾਨ ਮਾਪਿਆਂ ਤੋਂ ਮਹਿਰੂਮ ਹੋ ਚੁੱਕੀਆਂ ਲੜਕੀਆਂ ਨੂੰ ਆਸ਼ੀਰਵਾਦ ਸਕੀਮ ਦੀਆਂ ਲਾਭਪਾਤਰੀਆਂ ਵਜੋਂ ਸਾਲਾਨਾ ਆਮਦਨ ਸੀਮਾ 32,790 ਰੁਪਏ 'ਤੇ ਛੋਟ ਦੇਣ ਜਾਂ ਮੁਆਫ ਕਰਨ ਦੇ ਆਦੇਸ਼ ਦਿੱਤੇ ਹਨ।



## ਘਰੇਲੂ ਖਪਤਕਾਰਾਂ ਦੇ ਬਿਜਲੀ ਬਕਾਏ ਮੁਆਫ ਹੋਣਗੇ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਘਰੇਲੂ ਬਿਜਲੀ ਦੇ ਡਿਫਾਲਟਰ ਖਪਤਕਾਰਾਂ ਦੇ ਬਿਜਲੀ ਦੇ ਬਕਾਏ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਇਸ ਫੈਸਲੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਕੈਬਨਿਟ ਮੀਟਿੰਗ ਵਿਚ ਘਰੇਲੂ ਬਿਜਲੀ ਦੇ 300 ਯੂਨਿਟ ਮੁਆਫ ਕਰਨ ਦਾ ਏਜੰਡਾ ਵੀ ਲੱਗਿਆ ਹੋਇਆ ਸੀ ਪਰ ਕੈਬਨਿਟ ਨੇ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਹੈ। ਅਗਲੀ ਮੀਟਿੰਗ ਵਿਚ ਇਸ 'ਤੇ ਕੋਈ ਫੈਸਲਾ ਆ ਸਕਦਾ ਹੈ। ਪੰਜਾਬ ਸਰਕਾਰ ਨੇ ਵੱਡਾ ਫੈਸਲਾ ਕੀਤਾ ਹੈ ਕਿ ਘਰੇਲੂ ਬਿਜਲੀ ਦੇ ਦੋ ਕਿਲੋਵਾਟ ਲੋਡ ਤੱਕ ਦੇ ਖਪਤਕਾਰਾਂ ਦੇ ਬਿਜਲੀ ਦੇ ਪੁਰਾਣੇ ਬਕਾਏ ਮੁਆਫ ਕੀਤੇ ਗਏ ਹਨ ਅਤੇ ਪੰਜਾਬ ਸਰਕਾਰ ਇਨ੍ਹਾਂ ਬਕਾਇਆ ਦਾ ਭੁਗਤਾਨ ਕਰੇਗੀ। ਚੰਨੀ ਨੇ ਦੱਸਿਆ ਕਿ ਇਸ ਨਾਲ ਸਰਕਾਰੀ ਖਜ਼ਾਨੇ 'ਤੇ ਕਰੀਬ 1200 ਕਰੋੜ ਰੁਪਏ ਦਾ ਭਾਰ ਪਵੇਗਾ।

## 700 ਪਟਵਾਰੀ ਹੋਰ ਭਰਤੀ ਕੀਤੇ ਜਾਣਗੇ: ਅਰੁਣਾ ਚੌਧਰੀ

**ਲੁਧਿਆਣਾ:** ਮਾਲ ਵਿਭਾਗ ਮੰਤਰੀ ਅਰੁਣਾ ਚੌਧਰੀ ਨੇ ਕਿਹਾ ਹੈ ਕਿ ਮਾਲ ਵਿਭਾਗ ਵਿਚ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮਾਲ ਵਿਭਾਗ ਦੇ 700 ਪਟਵਾਰੀ ਹੋਰ ਭਰਤੀ ਕਰਨ ਦਾ ਐਲਾਨ ਵੀ ਕੀਤਾ। ਅਰੁਣਾ ਚੌਧਰੀ ਨੇ ਕਿਹਾ ਕਿ ਮਾਲ ਵਿਭਾਗ ਦੇ ਪਟਵਾਰੀ ਦਫਤਰ ਵਿਚ ਹਾਜ਼ਰ ਰਹਿ ਕੇ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਇਮਾਨਦਾਰੀ ਨਾਲ ਸਮੇਂ ਸਿਰ ਕਰਨ ਤਾਂ ਜੋ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ।

ਫਲੈਟ ਵਿਕਾਊ ਹੈ
ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿਤ ਮਾਰਕਿਟ।
ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ
ਫੋਨ: 513-884-0456 ਜਾਂ 513-759 0010
(ਮੈਸੇਜ ਛੱਡ ਸਕਦੇ ਹੋ)
Flat For Sale
Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.
For more details please contact: Singh
Ph: 513-884-0456 or 513-759 0010
(Leave Message)
40-41

## ਕੇਜਰੀਵਾਲ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਣ ਤੋਂ ਟਾਲਾ

**ਲੁਧਿਆਣਾ:** ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਸਮਾਂ ਆਉਣ 'ਤੇ ਇਕ ਸਹੀ ਉਮੀਦਵਾਰ ਚੁਣਿਆ ਜਾਵੇਗਾ। ਮੀਡੀਆ ਵੱਲੋਂ ਨਵਜੋਤ ਸਿੰਘ ਸਿੱਧੂ ਬਾਰੇ ਕਿਸੇ ਸੰਭਾਵਨਾ ਸਬੰਧੀ ਕੀਤੇ ਗਏ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, "ਇਹ ਇਕ ਕਾਲਪਨਿਕ ਸਵਾਲ ਹੈ। ਜੇਕਰ ਅਜਿਹਾ ਕੁਝ ਹੁੰਦਾ ਹੈ ਤਾਂ ਅਸੀਂ ਤੁਹਾਨੂੰ ਜਾਣੂ ਕਰਵਾ ਦੇਵਾਂਗੇ।" ਇਸ ਦੌਰਾਨ ਉਨ੍ਹਾਂ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ ਨੂੰ ਆਪਣਾ ਛੋਟਾ ਭਰਾ ਦੱਸਿਆ। ਦੱਸਿਆ ਜਾਂਦਾ ਹੈ ਕਿ ਭਗਵੰਤ ਮਾਨ ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਵੱਲੋਂ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਬਣਨ ਦਾ ਇੱਛੁਕ ਹੈ।

ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ। ਸਪਾਂਸਰਸ਼ਿਪ ਅਵੇਲੇਬਲ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
Restaurant Help
Immediately hiring Tandooria and Helper for Indian restaurant in Indiana. Sponsorship Available.
Good Salary and free accommodation.
ਸੰਪਰਕ ਕਰੋ: ਟੋਨੀ
ਫੋਨ: 317-340-1470
40-43

YOU TAKE CARE OF THE BUSINESS.
I'LL TAKE CARE OF THE FINANCING.





When your business needs working capital, getting funds from conventional financing sources can be difficult.
Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:
• BUSINESS GROWTH • NEW PRODUCT LAUNCHES
• SEASONAL SLUMPS • START UP BUSINESSES
Dr. Amul Purohit
Liquid Capital FINANCING SUCCESS
Tel: (530) 750-2585
www.apurohit.liquidcapitalcorp.com

# ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬੀਆਂ ਲਈ ਵਾਅਦਿਆਂ ਦੀ ਝੜੀ

**ਲੁਧਿਆਣਾ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਪੰਜਾਬ ਦਾ ਸਿਆਸੀ ਮਾਹੌਲ ਭਖਿਆ ਹੋਇਆ ਹੈ। ਇਸੇ ਤਹਿਤ ਆਮ ਆਦਮੀ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਦੂਜੀ ਗਾਰੰਟੀ ਦਾ ਐਲਾਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਮੁਫਤ ਤੇ ਚੰਗਾ ਇਲਾਜ ਦੇਣ ਦਾ ਵਾਅਦਾ ਕੀਤਾ।



ਉਨ੍ਹਾਂ ਕਿਹਾ ਕਿ ਹਰ ਪੰਜਾਬੀ ਦਾ ਹੈਲਥ ਕਾਰਡ ਬਣਾਇਆ ਜਾਵੇਗਾ ਜਿਸ ਵਿਚ ਉਸ ਦੀ ਸਿਹਤ ਸਬੰਧੀ ਹਰ ਵੇਰਵਾ ਦਰਜ ਹੋਵੇਗਾ। ਪੂਰੇ ਪੰਜਾਬ ਦੇ ਪਿੰਡਾਂ ਵਿਚ ਕਲੀਨਿਕ ਤੇ ਵਾਰਡਾਂ ਵਿਚ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੂੰ ਉਹ ਪਹਿਲਾਂ ਹੀ ਦਿੱਲੀ ਵਿਚ ਲਾਗੂ ਕਰ ਚੁੱਕੇ ਹਨ। ਕੇਜਰੀਵਾਲ ਨੇ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ 'ਤੇ ਸਿਹਤ ਸੇਵਾਵਾਂ ਬਾਰੇ ਛੇ ਵੱਡੀਆਂ ਸਹੂਲਤਾਂ ਵਾਲੀ ਦੂਜੀ ਗਾਰੰਟੀ ਦਾ ਐਲਾਨ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਸਿਹਤ ਸੁਵਿਧਾਵਾਂ ਦਾ ਬਹੁਤ ਬੁਰਾ ਹਾਲ ਹੈ, ਇਥੋਂ ਦੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਦੇ ਨਾਂ 'ਤੇ ਕੁਝ ਨਹੀਂ ਹੋ ਰਿਹਾ। ਲੋਕਾਂ ਨੂੰ ਇਲਾਜ ਕਰਵਾਉਣ ਲਈ ਪ੍ਰਾਈਵੇਟ ਹਸਪਤਾਲਾਂ ਵਿਚ ਲੱਖਾਂ ਰੁਪਏ ਖਰਚਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿਚ 'ਆਪ' ਦੀ ਸਰਕਾਰ ਬਣਦੀ ਹੈ ਤਾਂ ਸਿਹਤ ਸੁਵਿਧਾਵਾਂ ਵਿਚ ਸੁਧਾਰ ਕੀਤਾ ਜਾਵੇਗਾ ਅਤੇ ਸੂਬੇ ਦੇ ਹਰੇਕ ਵਸਨੀਕ ਨੂੰ ਮੁਫਤ ਤੇ ਵਧੀਆ ਇਲਾਜ ਮੁਹੱਈਆ ਕਰਾਇਆ ਜਾਵੇਗਾ।

ਦੂਜੀ ਸਹੂਲਤ ਦਾ ਵੇਰਵਾ ਦਿੰਦਿਆਂ ਕੇਜਰੀਵਾਲ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਸਾਰੀਆਂ ਦਵਾਈਆਂ, ਟੈਸਟ ਅਤੇ ਅਪਰੇਸ਼ਨ ਮੁਫਤ ਕੀਤੇ ਜਾਣਗੇ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚਲੀ ਦਵਾਈਆਂ ਦੀ ਖਿੜਕੀ ਖੋਲ੍ਹੀ ਜਾਵੇਗੀ ਅਤੇ ਠੱਪ ਪਈ ਮੈਡੀਕਲ ਮਸ਼ੀਨਰੀ ਚਾਲੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮਰੀਜ਼ ਦਾ 10 ਤੋਂ 20 ਲੱਖ ਦਾ ਅਪਰੇਸ਼ਨ ਬਿਲਕੁਲ ਮੁਫਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਅਤੇ ਮਰੀਜ਼ ਦੇ ਇਲਾਜ ਨੂੰ ਸੌਖਾ ਬਣਾਉਣ ਲਈ 'ਡਿਜੀਟਲ ਹੈਲਥ ਕਾਰਡ' ਦੇਣ ਦਾ ਵਾਅਦਾ ਵੀ ਕੀਤਾ, ਜਿਸ ਵਿਚ ਮਰੀਜ਼ ਬਾਰੇ ਪੂਰੀ ਜਾਣਕਾਰੀ, ਟੈਸਟ ਰਿਪੋਰਟਾਂ ਅਤੇ ਐਕਸਰੇਅ ਤੇ ਰਿਪੋਰਟਾਂ ਦਾ ਕੰਪਿਊਟਰੀਕ੍ਰਿਤ ਵੇਰਵਾ ਦਰਜ ਹੋਵੇਗਾ।

ਇਸ ਦੇ ਨਾਲ ਹੀ ਦਿੱਲੀ ਦੇ ਮੁਹੱਲਾ ਕਲੀਨਿਕ ਦੀ ਤਰਜ਼ 'ਤੇ ਪੰਜਾਬ ਪਿੰਡਾਂ ਅਤੇ ਸ਼ਹਿਰਾਂ ਦੇ ਵਾਰਡਾਂ ਵਿਚ 16 ਹਜ਼ਾਰ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ ਅਤੇ ਇਨ੍ਹਾਂ ਮੁਹੱਲਾ ਕਲੀਨਿਕਾਂ ਵਿਚ ਆਮ ਬਿਮਾਰੀਆਂ ਦਾ ਇਲਾਜ ਹੋਵੇਗਾ। ਸੜਕ ਹਾਦਸਿਆਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਮੁਫ਼ਤ ਇਲਾਜ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੀ ਤਰਜ਼ 'ਤੇ ਪੰਜਾਬ ਦੇ ਨੇੜਲੇ ਪ੍ਰਾਈਵੇਟ ਜਾਂ ਸਰਕਾਰੀ ਹਸਪਤਾਲਾਂ ਵਿਚ ਵੀ ਜ਼ਖਮੀਆਂ ਦੇ ਇਲਾਜ ਦਾ ਸਾਰਾ ਖਰਚਾ ਸਰਕਾਰ ਚੁੱਕੇਗੀ।

## ਸਨਅਤਕਾਰਾਂ ਨੂੰ ਸਹੂਲਤਾਂ ਲਈ 5 ਵਾਅਦੇ

**ਲੁਧਿਆਣਾ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ ਦੇ ਪੰਜ ਤਾਰਾ ਹੋਟਲ ਵਿਖੇ ਪੰਜਾਬ ਦੇ ਸਨਅਤਕਾਰਾਂ, ਵਪਾਰੀਆਂ ਤੇ ਕਾਰੋਬਾਰੀਆਂ ਨਾਲ ਅਹਿਮ ਮੀਟਿੰਗ ਕੀਤੀ, ਜਿਸ 'ਚ ਸ੍ਰੀ ਕੇਜਰੀਵਾਲ ਨੇ ਪੰਜਾਬ 'ਚ 2022 ਵਿਚ 'ਆਪ' ਦੀ ਸਰਕਾਰ ਬਣਨ ਉਤੇ ਸਨਅਤਕਾਰਾਂ ਨੂੰ ਸਹੂਲਤਾਂ ਦੇਣ ਲਈ 5 ਵਾਅਦੇ ਕੀਤੇ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸੂਬੇ 'ਚ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਕਾਇਮ ਕਰਕੇ ਕਾਰੋਬਾਰ ਦਾ ਮਾਹੌਲ ਦਿੱਤਾ ਜਾਵੇਗਾ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਸਨਅਤਕਾਰਾਂ, ਕਾਰੋਬਾਰੀਆਂ ਤੇ ਵਪਾਰੀਆਂ ਨਾਲ 5 ਵਾਅਦੇ ਕੀਤੇ ਹਨ, ਜੇਕਰ ਸਰਕਾਰ ਬਣਨ ਤੋਂ ਬਾਅਦ 5 ਵਾਅਦੇ ਪੂਰੇ ਨਹੀਂ ਹੁੰਦੇ ਤਾਂ ਮੁੜ 'ਆਪ' ਨੂੰ ਵੋਟਾਂ ਨਾ ਪਾਇਓ।


ਹੋਟਲ ਵਿਕਾਊ ਹੈ

ਸਿਓਕਸ ਫਾਲਸ, ਸਾਊਥ ਡਕੋਟਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 60 ਕਮਰਿਆਂ ਦਾ ਹੋਟਲ ਵਿਕਾਊ ਹੈ। ਕੀਮਤ: $5 ਮਿਲੀਅਨ

Hotel For Sale By Owner
Comfort Suites - 60 Rooms
Sioux Falls, South Dakota
Asking $5 Million - Great Location
Contact Info.:
Email: Apatel.shm@Gmail.com
Ph: 605-521-1717
38-42


## Matrimonials

### ਲੜਕੇ ਦੀ ਲੋੜ ਹੈ

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com 39-42

### ਲੜਕੀ ਦੀ ਲੋੜ ਹੈ


Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34


LAW OFFICES OF VIVEK MALIK
Follow us on :



ACCOMPLISHED IMMIGRATION Attorneys help FAMILIES REUNITE in the



UNITED STATES
Our Global & Nationwide Services in the field of U.S. Immigration & Nationality Law
Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸ ਐਂਡ ਵੇਵਰਸ
Come talk to an experienced immigration attorney
Toll Free No. 866-424-4000
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Languages SPOKEN Punjabi | Hindi | Urdu | Spanish & English



ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
41-48



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਕੈਪਟਨ ਵੱਲੋਂ ਨਵੀਂ ਸਿਆਸੀ ਪਾਰਟੀ ਬਣਾਉਣ ਦੇ ਚਰਚੇ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਭਵਿੱਖ ਦੀ ਸਿਆਸਤ ਦੇ ਪੱਤੇ ਖੋਲ੍ਹਦਿਆਂ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਕਾਂਗਰਸ ਛੱਡ ਰਹੇ ਹਨ ਪਰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਨਹੀਂ ਹੋ ਰਹੇ। ਕਾਂਗਰਸ ਹਾਈਕਮਾਨ ਵੱਲੋਂ ਅਪਮਾਨਿਤ ਮਹਿਸੂਸ ਕਰ ਰਹੇ ਕੈਪਟਨ ਦੀ ਦਲੀਲ ਹੈ ਕਿ ਬੇਭਰੋਸਗੀ ਦੇ ਆਲਮ ਦੌਰਾਨ ਪਾਰਟੀ ਵਿਚ ਰਹਿਣਾ ਵਾਜਬ ਨਹੀਂ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਛੇਤੀ ਹੀ ਆਪਣੀ ਨਵੀਂ ਪਾਰਟੀ ਦਾ ਐਲਾਨ ਕਰ ਸਕਦੇ ਹਨ। ਉਨ੍ਹਾਂ ਦੀ ਨਵੀਂ ਪਾਰਟੀ ਦਾ ਨਾਂ 'ਪੰਜਾਬ ਵਿਕਾਸ ਪਾਰਟੀ' ਹੋਵੇਗਾ। ਇਹ ਜਾਣਕਾਰੀ ਸੂਤਰਾਂ ਦੇ ਹਵਾਲੇ ਤੋਂ ਮਿਲੀ ਹੈ। ਅਮਰਿੰਦਰ ਸਿੰਘ ਨਵੀਂ ਪਾਰਟੀ ਦੇ ਗਠਨ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਅਗਲੇ ਕੁਝ ਦਿਨਾਂ 'ਚ ਆਪਣੇ ਨੇੜਲੇ ਆਗੂਆਂ ਨਾਲ ਮੀਟਿੰਗ ਕਰਨਗੇ। ਨਵੀਂ ਪਾਰਟੀ ਵਿੱਚ ਸਿੱਧੂ ਵਿਰੋਧੀ ਧੜੇ ਦੇ ਸਾਰੇ ਆਗੂਆਂ ਨੂੰ ਸ਼ਾਮਲ ਕੀਤਾ ਜਾਵੇਗਾ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਆਸੀ ਕਿਆਸਾਂ ਨੂੰ ਵਿਰਾਮ ਦਿੰਦੇ ਹੋਏ ਕਿਹਾ ਕਿ ਉਹ ਕਾਂਗਰਸ ਨੂੰ ਛੱਡ ਰਹੇ ਹਨ, ਪਰ ਭਾਜਪਾ ਵਿਚ ਸ਼ਾਮਲ ਨਹੀਂ ਹੋਣਗੇ। ਅਮਰਿੰਦਰ ਦਾ ਇਹ ਫੈਸਲਾ ਕਾਂਗਰਸ ਹਾਈਕਮਾਨ ਨੂੰ ਔਖ ਦੇ ਵਕਤ 'ਚ ਵੱਡਾ ਸਿਆਸੀ ਝਟਕਾ ਹੈ, ਜਿਸ ਨਾਲ ਕੇਂਦਰੀ ਲੀਡਰਸ਼ਿਪ 'ਤੇ ਨਵੇਂ ਸਵਾਲ ਉੱਠਣ ਦਾ ਰਾਹ ਮੋਕਲਾ ਹੋਵੇਗਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਤੋਂ ਇਕ ਦਿਨ ਮਗਰੋਂ ਅਮਰਿੰਦਰ ਸਿੰਘ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲੇ। ਇਹ ਮੀਟਿੰਗ ਅੱਧੇ ਘੰਟੇ ਦੇ ਕਰੀਬ ਚੱਲੀ ਤੇ ਡੋਵਾਲ ਮਗਰੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਚਲੇ ਗਏ। ਅਮਰਿੰਦਰ ਸਿੰਘ ਦੋ ਦਿਨ ਦੀ ਆਪਣੀ ਫੇਰੀ ਮਗਰੋਂ ਦਿੱਲੀ ਤੋਂ ਚੰਡੀਗੜ੍ਹ ਪਰਤ ਆਏ ਹਨ। ਇਸ ਦੌਰਾਨ ਅਮਰਿੰਦਰ ਨੇ ਆਪਣੇ ਟਵਿੱਟਰ ਖਾਤੇ ਤੋਂ 'ਕਾਂਗਰਸ' ਸ਼ਬਦ ਹਟਾ ਦਿੱਤਾ ਹੈ। ਉਨ੍ਹਾਂ ਆਪਣੇ ਆਪ ਨੂੰ ਸਾਬਕਾ ਫ਼ੌਜੀ ਅਤੇ ਸਾਬਕਾ ਮੁੱਖ ਮੰਤਰੀ ਦੱਸਿਆ ਹੈ। ਉਨ੍ਹਾਂ ਇਹ ਵੀ ਵਾਅਦਾ ਕੀਤਾ ਹੈ ਕਿ ਉਹ ਸੂਬੇ ਦੇ ਲੋਕਾਂ ਦੀ ਸੇਵਾ ਕਰਦੇ ਰਹਿਣਗੇ। ਸ਼ਾਹ ਤੇ ਡੋਵਾਲ ਨਾਲ ਮੀਟਿੰਗਾਂ ਮਗਰੋਂ ਅਮਰਿੰਦਰ ਸਿੰਘ ਦਾ ਕਾਂਗਰਸ ਨੂੰ ਅਲਵਿਦਾ ਕਹਿਣ ਦਾ ਫੈਸਲਾ ਜਿੱਥੇ ਆਮ ਲੋਕਾਂ 'ਚ ਕਈ ਤਰ੍ਹਾਂ ਸ਼ੰਕੇ ਖੜ੍ਹੇ ਕਰ ਰਿਹਾ ਹੈ, ਉਥੇ ਨਾਲੋ-ਨਾਲ ਕਾਂਗਰਸ ਲੀਡਰਸ਼ਿਪ ਨੂੰ ਹਲੂਣਾ ਦੇਣ ਵਾਲਾ ਹੈ। ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਅਮਰਿੰਦਰ ਦੀ ਗ੍ਰਹਿ ਮੰਤਰੀ ਨਾਲ ਮਿਲਣੀ ਸਿਆਸੀ ਨਜ਼ਰੀਏ ਤੋਂ ਕਾਫ਼ੀ ਅਹਿਮ ਦੱਸੀ ਜਾ ਰਹੀ ਹੈ।

ਸਿਆਸੀ ਅਟਕਲਾਂ ਹਨ ਕਿ ਭਾਜਪਾ ਵੱਲੋਂ ਅਮਰਿੰਦਰ ਸਿੰਘ ਨੂੰ ਨਵਾਂ ਸਿਆਸੀ ਖ਼ਾਕਾ ਵਾਹ ਕੇ ਦਿੱਤਾ ਗਿਆ ਹੈ। ਉੱਧਰ ਕਾਂਗਰਸ ਹਾਈਕਮਾਨ ਅਮਰਿੰਦਰ ਸਿੰਘ ਦੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਦੌਰਾਨ ਹੀ ਹਰਕਤ ਵਿਚ ਆ ਗਈ ਸੀ। ਕਾਂਗਰਸ 'ਚ ਇਸ ਵੇਲੇ ਕੌਮੀ ਪੱਧਰ 'ਤੇ ਸਿਆਸੀ ਉਬਾਲ ਉੱਠਿਆ ਹੋਇਆ ਹੈ। ਸੀਨੀਅਰ ਕਾਂਗਰਸੀ ਆਗੂ ਕਪਿਲ ਸਿੱਬਲ ਵੱਲੋਂ ਖੜ੍ਹੇ ਕੀਤੇ ਸਵਾਲਾਂ ਮਗਰੋਂ ਜੀ-23 ਗਰੁੱਪ ਦੀ ਸਰਗਰਮੀ ਵੀ ਵਧੀ ਹੈ ਅਤੇ ਹੁਣ ਅਮਰਿੰਦਰ ਸਿੰਘ ਨੇ ਵੀ ਕਪਿਲ ਸਿੱਬਲ ਦੀ ਹਮਾਇਤ 'ਚ 'ਹਾਅ ਦਾ ਨਾਅਰਾ' ਮਾਰਿਆ ਹੈ। ਕਾਂਗਰਸ ਹਾਈਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਦੇ ਗ਼ੁੱਸੇ ਨੂੰ ਠੰਢਾ ਕਰਨ ਲਈ ਸੀਨੀਅਰ ਆਗੂ ਕਮਲ ਨਾਥ ਅਤੇ ਅੰਬਿਕਾ ਸੋਨੀ ਦੀ ਡਿਊਟੀ ਲਗਾਈ ਹੈ। ਉਂਜ ਗ੍ਰਹਿ ਮੰਤਰੀ ਅਮਿਤ ਸਾਹ ਨਾਲ ਮੀਟਿੰਗ ਬਾਰੇ ਅਮਰਿੰਦਰ ਸਿੰਘ ਨੇ ਕਿਸਾਨੀ ਮਸਲਿਆਂ ਦਾ ਤਰਕ ਦਿੱਤਾ ਹੈ ਅਤੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੀਟਿੰਗ ਪਿੱਛੇ ਕੌਮੀ ਸੁਰੱਖਿਆ 'ਤੇ ਵਿਚਾਰ ਚਰਚਾ ਕੀਤੇ ਜਾਣ ਦੀ ਗੱਲ ਆਖੀ ਗਈ ਹੈ।

ਅਮਰਿੰਦਰ ਸਿੰਘ ਨੇ ਸਾਫ ਕੀਤਾ ਹੈ ਕਿ ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋ ਰਹੇ ਹਨ। ਕੈਪਟਨ ਨੇ ਹਾਲਾਂਕਿ ਭਾਜਪਾ ਪ੍ਰਤੀ ਆਪਣਾ ਰੁਖ਼ ਅਤਿ ਨਰਮ ਕਰ ਲਿਆ ਹੈ ਜਦੋਂ ਕਿ ਕਾਂਗਰਸ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ ਹੋਇਆ ਹੈ। ਇਥੋਂ ਤੱਕ ਕਿ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਵੀ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਪ੍ਰਤੀ ਸਖਤ ਲਫ਼ਜ਼ਾਂ ਦੀ ਵਰਤੋਂ ਨਹੀਂ ਕੀਤੀ ਹੈ। ਅਮਰਿੰਦਰ ਨੇ ਕਿਹਾ ਕਿ ਕਾਂਗਰਸ ਨੇ ਉਨ੍ਹਾਂ ਨੂੰ ਬੇਇੱਜ਼ਤ ਕੀਤਾ ਅਤੇ ਉਸ 'ਤੇ ਵਿਸ਼ਵਾਸ ਨਹੀਂ ਕੀਤਾ ਜਿਸ ਕਰਕੇ ਉਨ੍ਹਾਂ ਨੇ ਕਾਂਗਰਸ ਛੱਡਣ ਦਾ ਫੈਸਲਾ ਕੀਤਾ ਹੈ ਕਿਉਂਕਿ ਹੋਰ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਚੇਤੇ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਕਿਹਾ ਸੀ ਕਿ ਉਨ੍ਹਾਂ ਲਈ ਭਵਿੱਖ 'ਚ ਸਿਆਸੀ ਬਦਲ ਖੁੱਲ੍ਹੇ ਹਨ। ਹੁਣ ਚਰਚੇ ਜੋਰ ਫੜ ਗਏ ਹਨ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚ ਨਵੀਂ ਸਿਆਸੀ ਪਾਰਟੀ ਬਣਾ ਸਕਦੇ ਹਨ, ਪਰ ਅਮਰਿੰਦਰ ਸਿੰਘ ਨੇ ਇਸ ਦੇ ਜਵਾਬ ਵਿਚ ਏਨਾ ਹੀ ਕਿਹਾ ਕਿ 'ਜੋ ਕੁਝ ਅੱਗੇ ਹੋਵੇਗਾ, ਤੁਹਾਨੂੰ ਪਤਾ ਲੱਗ ਜਾਵੇਗਾ।" ਸੂਤਰ ਆਖਦੇ ਹਨ ਕਿ ਅਮਰਿੰਦਰ ਸਿੰਘ ਕੇਂਦਰੀ ਖੇਤੀ ਕਾਨੂੰਨਾਂ ਦੇ ਸੁਲਝਣ ਦਾ ਰੁਖ਼ ਦੇਖ ਰਹੇ ਹਨ।

## ਕੈਪਟਨ ਆਪਣੇ ਕੱਦ ਮੁਤਾਬਕ ਗੱਲ ਕਰਨ: ਰੰਧਾਵਾ

**ਡੇਰਾ ਬਾਬਾ ਨਾਨਕ:** ਉਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਹੁਦਾ ਸੰਭਾਲਣ ਮਗਰੋਂ ਆਪਣੇ ਹਲਕਾ ਡੇਰਾ ਬਾਬਾ ਨਾਨਕ ਵਿਖੇ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਕੱਦ ਮੁਤਾਬਕ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਕਾਂਗਰਸ ਪਾਰਟੀ ਵੱਲੋਂ ਉਨ੍ਹਾਂ ਨੂੰ ਬਹੁਤ ਮਾਣ-ਸਨਮਾਨ ਦਿੱਤਾ ਗਿਆ ਹੈ। ਸ੍ਰੀ ਰੰਧਾਵਾ ਨੇ ਕਿਹਾ ਕਿ ਸਰਕਾਰ ਘੱਟ ਸਮੇਂ ਅੰਦਰ ਲੋਕਾਂ ਦੇ ਮੁੱਖ ਮੁੱਦੇ ਹੱਲ ਕਰਨ ਲਈ ਪੂਰੀ ਵਾਹ ਲਾਏਗੀ। ਉਨ੍ਹਾਂ ਕਿਹਾ ਕਿ ਬਰਗਾੜੀ, ਬਹਿਬਲ ਕਲਾਂ, ਬਿਜਲੀ, ਨਸ਼ੇ ਤੇ ਟਰਾਂਸਪੋਰਟ ਆਦਿ ਅਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਸਰਕਾਰ ਦੀ ਤਰਜੀਹ ਹੈ।

# ਕੈਪਟਨ ਦੇ ਸਿਆਸੀ ਪੈਂਤੜਿਆਂ ਨੇ ਕਿਸਾਨ ਜਥੇਬੰਦੀਆਂ ਦਾ ਪਾਰਾ ਚਾੜ੍ਹਿਆ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਕੇ ਖੇਤੀ ਕਾਨੂੰਨ ਰੱਦ ਕਰਨ ਦੀ ਅਪੀਲ ਕਰਨ ਦੇ ਢੰਗ ਤਰੀਕੇ 'ਤੇ ਨਾਖੁਸ਼ੀ ਜ਼ਾਹਿਰ ਕੀਤੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਤੌਰ ਮੁੱਖ ਮੰਤਰੀ ਕੇਂਦਰ ਸਰਕਾਰ ਨਾਲ ਇਕ ਵਾਰ ਵੀ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਨਹੀਂ ਕੀਤੀ ਤੇ ਹੁਣ ਜਦੋਂ ਮੁੱਖ ਮੰਤਰੀ ਵਜੋਂ ਅਸਤੀਫ਼ਾ ਦੇ ਦਿੱਤਾ ਹੈ ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਨ੍ਹਾਂ ਲਈ ਸਾਰੀਆਂ ਰਾਜਸੀ ਪਾਰਟੀਆਂ ਇਕ ਬਰਾਬਰ ਹਨ। ਸੰਯੁਕਤ ਕਿਸਾਨ ਮੋਰਚੇ ਵੱਲੋਂ ਲੋਕਾਂ ਨੂੰ ਪਹਿਲੇ ਦਿਨ ਤੋਂ ਭਾਜਪਾ ਦਾ ਵਿਰੋਧ ਅਤੇ ਹੋਰਨਾਂ ਰਾਜਸੀ ਪਾਰਟੀਆਂ ਨੂੰ ਸਵਾਲ ਕਰਨ ਦੀ ਅਪੀਲ ਕੀਤੀ ਗਈ ਸੀ।

ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਅੰਦੋਲਨ ਚੱਲਦੇ ਨੂੰ ਇਕ ਸਾਲ ਹੋਣ ਵਾਲਾ ਹੈ, ਪਰ ਅੱਜ ਤੱਕ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਲਈ ਕੇਂਦਰ ਨਾਲ ਮੁਲਾਕਾਤ ਨਹੀਂ ਕੀਤੀ। ਅੱਜ ਉਹ ਬਿਨਾਂ ਕਿਸੇ ਅਹੁਦੇ ਤੋਂ ਮੁਲਾਕਾਤ ਕਰਕੇ ਕੀ ਸਾਬਤ ਕਰਨਾ ਚਾਹੁੰਦੇ ਹਨ। ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਦਿੱਲੀ ਦੀਆਂ ਬਰੂੰਹਾਂ 'ਤੇ ਚਲਦਿਆਂ 10 ਮਹੀਨੇ ਪੂਰੇ ਹੋ ਚੁੱਕੇ ਹਨ। ਅੱਜ ਜਦੋਂ ਕੇਂਦਰ ਸਰਕਾਰ ਕਿਸਾਨਾਂ ਦੇ ਏਕੇ ਅੱਗੇ ਬੇਵੱਸ ਹੋ ਚੁੱਕੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਦੇ ਸੰਘਰਸ਼ ਦਾ ਸਾਰਾ ਸਿਹਰਾ ਆਪਣੇ ਸਿਰ ਬੰਨ੍ਹਣਾ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ 'ਕੈਪਟਨ ਅਮਰਿੰਦਰ ਸਿੰਘ ਸਾਬਤ ਕੀ ਕਰਨਾ ਚਾਹੁੰਦੇ ਹਨ ਕਿ ਜਦੋਂ ਉਹ ਮੁੱਖ ਮੰਤਰੀ ਸੀ ਤਾਂ ਉਨ੍ਹਾਂ ਕੋਲ ਤਾਕਤ ਘੱਟ ਸੀ ਜਦੋਂ ਅੱਜ ਮੁੱਖ ਮੰਤਰੀ ਨਹੀਂ ਰਹੇ ਤਾਂ ਖੇਤੀ ਕਾਨੂੰਨ ਰੱਦ ਕਰਵਾਉਣ ਦੀ ਤਾਕਤ ਆ ਚੁੱਕੀ ਹੈ।' ਉਨ੍ਹਾਂ ਕਿਹਾ ਕਿ ਦੇਸ਼ ਦੇ ਸਾਰੇ ਰਾਜਸੀ ਆਗੂ ਕੁਰਸੀ ਬਚਾਉਣ ਖਾਤਰ ਕਿਸਾਨ ਹਮਾਇਤੀ ਹੋਣ ਦਾ ਡਰਾਮਾ ਕਰ ਰਹੇ ਹਨ, ਜਿਸ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਭਾਜਪਾ ਕੈਪਟਨ ਅਮਰਿੰਦਰ ਸਿੰਘ ਦਾ ਮੋਢਾ ਵਰਤ ਕੇ ਪੰਜਾਬ ਵਿਚ ਕਾਬਜ਼ ਹੋਣਾ ਚਾਹੁੰਦੀ ਹੈ, ਜੋ ਕਦੇ ਵੀ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਸੰਘਰਸ਼ ਕਰਦੇ ਨੂੰ 10 ਮਹੀਨੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਤੇ ਇਸ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਕੇਂਦਰ ਸਰਕਾਰ ਅਜੇ ਤੱਕ ਕਿਸਾਨਾਂ ਦੀਆਂ ਮੰਗਾਂ ਸੁਣਨ ਲਈ ਵੀ ਤਿਆਰ ਨਹੀਂ ਹੈ ਤਾਂ ਕੈਪਟਨ ਦੇ ਕਹੇ 'ਤੇ ਕਾਨੂੰਨ ਕਿਵੇਂ ਰੱਦ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਜਿਹੇ ਰਾਜਸੀ ਆਗੂਆਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।


ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਨਵਜੋਤ ਸਿੱਧੂ ਦੇ ਨਵੇਂ ਮੁੱਖ ਮੰਤਰੀ ਨਾਲ ਵੀ ਨਾ ਮਿਲੇ ਸੁਰ!

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਡੀ.ਜੀ.ਪੀ. ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਨੂੰ ਲੈ ਕੇ ਹੁਣ ਆਪਣੀ ਹੀ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਸਿੱਧੂ ਨੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਸੁਆਲ ਖੜ੍ਹੇ ਕੀਤੇ ਹਨ।

ਇਸ ਤੋਂ ਪਹਿਲਾਂ ਸਿੱਧੂ 18 ਨੁਕਾਤੀ ਏਜੰਡੇ ਨੂੰ ਲੈ ਕੇ ਕੈਪਟਨ ਸਰਕਾਰ ਨੂੰ ਘੇਰਦੇ ਆਏ ਸਨ। ਸਿੱਧੂ ਨੂੰ ਮਨਾਉਣ ਲਈ ਮੀਟਿੰਗ ਹੋਈ ਸੀ, ਜਿਸ ਵਿਚ ਤਿੰਨ ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਸੀ। ਉਧਰ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਪੱਸ਼ਟ ਕੀਤਾ ਹੈ ਕਿ ਨਵੇਂ ਡੀ.ਜੀ.ਪੀ. ਦੀ ਨਿਯੁਕਤੀ ਕਾਨੂੰਨ ਅਨੁਸਾਰ ਕੀਤੀ ਜਾਵੇਗੀ ਅਤੇ ਉਨ੍ਹਾਂ ਦੀ ਸਰਕਾਰ ਨੇ 30 ਸਾਲ ਤੋਂ ਵੱਧ ਸਰਵਿਸ ਵਾਲੇ ਸਾਰੇ ਅਫਸਰਾਂ ਦੇ ਨਾਮ ਕੇਂਦਰ ਨੂੰ ਭੇਜੇ ਹਨ।

ਉਨ੍ਹਾਂ ਕਿਹਾ ਕਿ ਉਹ ਕੇਂਦਰ ਵੱਲੋਂ ਭੇਜੇ ਜਾਣ ਵਾਲੇ ਤਿੰਨ ਅਫਸਰਾਂ ਦੇ ਪੈਨਲ ਦੀ ਉਡੀਕ ਕਰ ਰਹੇ ਹਨ। ਚੰਨੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨਾਲ ਰਾਏ ਕਰਕੇ ਡੀ.ਜੀ.ਪੀ. ਦਾ ਨਾਮ ਤੈਅ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਨੇ ਇਹ ਜਤਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਨਿਯੁਕਤੀਆਂ ਦੇ ਮਾਮਲੇ ਵਿਚ ਇਕੱਲੇ ਸਿੱਧੂ ਨਾਲ ਨਹੀਂ ਸਗੋਂ ਸਾਰਿਆਂ ਨਾਲ ਮਸ਼ਵਰੇ ਮਗਰੋਂ ਨਾਮ ਤੈਅ ਹੋਣਗੇ। ਉਧਰ, ਸਿੱਧੂ ਵੱਲੋਂ ਕੀਤੇ ਗਏ ਤਾਜ਼ਾ ਟਵੀਟ ਤੋਂ ਇੰਜ ਜਾਪਦਾ ਹੈ ਕਿ ਮੁੱਖ ਮੰਤਰੀ ਚਰਨਜੀਤ ਚੰਨੀ ਨਾਲ ਉਨ੍ਹਾਂ ਦੇ ਸੁਰ ਨਹੀਂ ਮਿਲੇ। ਹਾਲਾਂਕਿ ਪੰਜਾਬ ਸਰਕਾਰ ਨੇ ਨਵਾਂ ਡੀ.ਜੀ.ਪੀ. ਲਾਉਣ ਲਈ ਯੂ.ਪੀ.ਐਸ.ਸੀ. ਨੂੰ 10 ਨਾਮ ਭੇਜੇ ਹਨ। ਸਿੱਧੂ ਨੇ ਟਵੀਟ ਵਿਚ ਵਜ਼ਾਰਤ ਵਿਚ ਸ਼ਾਮਲ ਦਾਗੀ ਵਜ਼ੀਰਾਂ ਦੀ ਗੱਲ ਨਹੀਂ ਕੀਤੀ ਹੈ ਅਤੇ ਸਿਰਫ ਡੀ.ਜੀ.ਪੀ. ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ 'ਤੇ ਹੀ ਸਿਆਸੀ ਉਂਗਲ ਖੜ੍ਹੀ ਕੀਤੀ ਹੈ। ਉਨ੍ਹਾਂ ਟਵੀਟ ਕਰਕੇ ਕਿਹਾ ਹੈ ਕਿ ਬੇਅਦਬੀ ਅਤੇ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਵਿਚ ਨਿਆਂ ਦੀ ਗੱਲ ਕਰਦਿਆਂ ਕਾਂਗਰਸ ਸਰਕਾਰ 2017 ਵਿਚ ਬਣੀ ਸੀ। ਸਰਕਾਰ ਦੀ ਅਸਫਲਤਾ ਕਾਰਨ ਹੀ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਅਹੁਦੇ ਤੋਂ ਉਤਾਰ ਦਿੱਤਾ। ਹੁਣ ਡੀ.ਜੀ.ਪੀ. ਅਤੇ ਐਡਵੋਕੇਟ ਜਨਰਲ ਦੀਆਂ ਨਿਯੁਕਤੀਆਂ ਨੇ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ।

ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਹਰ ਸੂਰਤ ਵਿਚ ਬਦਲਣਾ ਪਵੇਗਾ, ਨਹੀਂ ਤਾਂ ਉਹ (ਕਾਂਗਰਸ) ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ। ਸਿੱਧੂ ਦੀ ਪ੍ਰਧਾਨਗੀ ਬਾਰੇ ਵੀ ਭੇਤ ਬਰਕਰਾਰ ਹੈ ਅਤੇ ਉਨ੍ਹਾਂ ਕਾਂਗਰਸ ਭਵਨ ਵਿਚ ਆਪਣੀ ਸਰਗਰਮੀ ਘਟਾ ਦਿੱਤੀ ਹੈ।

ਪੰਜਾਬ ਦੇ ਕਿਸਾਨ ਇਸ ਗੱਲੋਂ ਕਾਫੀ ਹੈਰਾਨ ਹਨ ਕਿ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਪਿਛਲੇ ਕੁਝ ਦਿਨਾਂ ਤੋਂ ਕਿਸਾਨਾਂ ਦੇ ਮੁੱਦਿਆਂ 'ਤੇ ਖਾਮੋਸ਼ ਕਿਉਂ ਹਨ। ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਨੇ ਫਸਲ ਤਬਾਹ ਕਰ ਦਿੱਤੀ ਹੈ ਅਤੇ ਇਸੇ ਕਰਕੇ ਦੋ ਹਫਤਿਆਂ ਵਿਚ ਅੱਧੀ ਦਰਜਨ ਕਿਸਾਨ ਖੁਦਕੁਸ਼ੀ ਵੀ ਕਰ ਚੁੱਕੇ ਹਨ। ਕਿਸਾਨਾਂ ਨੇ ਕਿਹਾ ਕਿ ਸਿੱਧੂ ਨੇ ਇਸ ਮਾਮਲੇ 'ਤੇ ਫੋਕਾ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ ਹੈ। ਇਸੇ ਤਰ੍ਹਾਂ ਫਸਲੀ ਖਰੀਦ ਮੁਲਤਵੀ ਕਰਨ ਦੇ ਮਾਮਲੇ 'ਤੇ ਵੀ ਉਹ ਇਕ ਟਵੀਟ ਵੀ ਨਹੀਂ ਕਰ ਸਕੇ।

## ਰਾਹੁਲ ਤੇ ਪ੍ਰਿਯੰਕਾ ਨਾਲ ਡਟ ਕੇ ਖੜ੍ਹਾਂਗਾ: ਸਿੱਧੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਚਾਨਕ ਅਸਤੀਫਾ ਦੇਣ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਕਿਹਾ ਹੈ ਕਿ ਉਸ ਕੋਲ ਕੋਈ ਅਹੁਦਾ ਹੋਵੇ ਜਾਂ ਨਹੀਂ, ਉਹ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਨਾਲ ਡਟ ਕੇ ਖੜ੍ਹਾ ਰਹੇਗਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਅਹੁਦਾ ਸੰਭਾਲਣ ਮਗਰੋਂ ਕੀਤੀਆਂ ਗਈਆਂ ਕੁਝ ਨਿਯੁਕਤੀਆਂ ਤੋਂ ਨਾਰਾਜ਼ ਸਿੱਧੂ ਨੇ ਪ੍ਰਦੇਸ਼ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਸਿੱਧੂ ਨੇ ਮਹਾਤਮਾ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੀ ਜੈਅੰਤੀ ਮੌਕੇ ਆਪਣੇ ਟਵਿੱਟਰ ਹੈਂਡਲ 'ਤੇ ਲਿਖਿਆ,"ਗਾਂਧੀ ਜੀ ਅਤੇ ਸ਼ਾਸਤਰੀ ਜੀ ਦੇ ਸਿਧਾਂਤਾਂ ਨੂੰ ਕਾਇਮ ਰੱਖਾਂਗਾ। ਕੋਈ ਅਹੁਦਾ ਹੋਵੇ ਜਾਂ ਨਾ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਨਾਲ ਹਮੇਸ਼ਾ ਖੜ੍ਹਾ ਰਹਾਂਗਾ।"

## ਅਕਾਲੀ ਦਲ ਵੱਲੋਂ ਪੰਜ ਹੋਰ ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਵਿਚ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜ ਹੋਰ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਪਾਰਟੀ ਆਗੂ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਹੀਰਾ ਸਿੰਘ ਗਾਬੜੀਆ ਲੁਧਿਆਣਾ (ਦੱਖਣੀ) ਤੋਂ ਅਤੇ ਵੀ.ਐੱਸ. ਲੋਪੋਕੇ ਅੰਮ੍ਰਿਤਸਰ ਜਿਲ੍ਹੇ ਵਿਚ ਪੈਂਦੀ ਰਾਜਾਸਾਂਸੀ ਸੀਟ ਤੋਂ ਪਾਰਟੀ ਦੇ ਉਮੀਦਵਾਰ ਹੋਣਗੇ। ਫਾਜ਼ਿਲਕਾ ਜਿਲ੍ਹੇ ਵਿਚ ਪੈਂਦੀ ਅਬੋਹਰ ਸੀਟ ਤੋਂ ਮੋਹਿੰਦਰਪਾਲ ਰਿਣਵਾ ਤੇ ਮਾਨਸਾ ਜਿਲ੍ਹੇ ਵਿਚ ਪੈਂਦੇ ਬੁਢਲਾਡਾ ਹਲਕੇ ਤੋਂ ਨਿਸ਼ਾਨ ਪਾਰਟੀ ਉਮੀਦਵਾਰ ਹੋਣਗੇ। ਇਸ ਤੋਂ ਇਲਾਵਾ ਬਲਦੇਵ ਸਿੰਘ ਮਾਣੂੰਕੇ ਮੋਗਾ ਦੀ ਨਿਹਾਲ ਸਿੰਘ ਵਾਲਾ ਸੀਟ ਤੋਂ ਪਾਰਟੀ ਦੀ ਟਿਕਟ ਉੱਤੇ ਚੋਣ ਲੜਨਗੇ।

# ਮੋਦੀ ਨੂੰ ਕਿਸਾਨ ਮੰਗਾਂ ਦੇ ਸਥਾਈ ਹੱਲ ਦੀ ਅਪੀਲ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਬੇਨਤੀ ਕੀਤੀ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਸਾਨਾਂ ਦੀਆਂ ਮੰਗਾਂ ਦਾ ਸਥਾਈ ਹੱਲ ਤਰਜੀਹੀ ਆਧਾਰ 'ਤੇ ਤਲਾਸ਼ਣ ਲਈ ਕਿਹਾ ਤੇ ਦੱਸਿਆ ਕਿ ਇਸ ਕਾਰਨ ਖੇਤੀਬਾੜੀ ਪ੍ਰਧਾਨ ਸੂਬੇ ਦੀ ਆਰਥਿਕਤਾ ਵਿਚ ਖੜੋਤ ਆਈ ਹੈ।



ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਨਾਲ ਤੁਰਤ ਸੰਵਾਦ ਦੀ ਪ੍ਰਕਿਰਿਆ ਮੁੜ ਸ਼ੁਰੂ ਕੀਤੇ ਜਾਣ ਦੀ ਲੋੜ ਹੈ ਤਾਂ ਜੋ ਖੇਤੀ ਕਾਨੂੰਨ ਦਾ ਮਸਲਾ ਹੱਲ ਕੀਤਾ ਜਾ ਸਕੇ। ਉਨ੍ਹਾਂ ਇਸ ਲਈ ਪ੍ਰਧਾਨ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਕੀਤੀ। ਚੰਨੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਵੀ ਇਹੀ ਚਾਹੁੰਦੇ ਹਨ ਤੇ ਇਸ ਲਈ ਕੰਮ ਕਰ ਰਹੇ ਹਨ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਜਾਣੂ ਕਰਵਾਇਆ ਕਿ ਪੰਜਾਬ ਦੀ ਆਰਥਿਕਤਾ ਖੇਤੀ ਅਧਾਰਿਤ ਹੈ ਤੇ ਸੂਬਾ ਤਾਂ ਹੀ ਤਰੱਕੀ ਕਰ ਸਕਦਾ ਹੈ ਜੇ ਕਿਸਾਨ ਤੇ ਖੇਤ ਮਜ਼ਦੂਰ ਖੁਸ਼ ਹਨ।

ਚੰਨੀ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਪੰਜਾਬ ਹਮੇਸ਼ਾ ਦੇਸ਼ ਲਈ ਮੋਹਰੀ ਹੋ ਕੇ ਲੜਿਆ ਹੈ, ਚਾਹੇ ਉਹ ਆਜ਼ਾਦੀ ਲਈ ਹੋਵੇ ਜਾਂ ਫਿਰ ਦੇਸ਼ ਦੀ ਅਖੰਡਤਾ ਲਈ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਮਸਲਾ ਛੇਤੀ ਨਿਬੇੜਨ ਦਾ ਭਰੋਸਾ ਦਿੱਤਾ ਹੈ।

## ਆਯੋਗ ਦੀ ਰਿਪੋਰਟ ਨੇ ਕਾਂਗਰਸ ਤੇ ਬਾਦਲਾਂ ਦੀ ਪੋਲ ਖੋਲ੍ਹੀ: ਚੀਮਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਨੀਤੀ ਆਯੋਗ ਦੀ ਕੌਮੀ ਰਿਪੋਰਟ ਨੇ ਪੰਜਾਬ ਦੇ ਨਿਘਰ ਚੁੱਕੇ ਸਰਕਾਰੀ ਸਿਹਤ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ, ਜਦਕਿ ਦਿੱਲੀ 'ਚ ਕੇਜਰੀਵਾਲ ਸਰਕਾਰ ਦੇ ਬਿਹਤਰੀਨ ਸਿਹਤ ਮਾਡਲ ਨੇ ਪੂਰੇ ਦੇਸ਼ 'ਚ ਲੋਹਾ ਮਨਵਾਇਆ ਹੈ। ਉਨ੍ਹਾਂ ਕਿਹਾ ਕਿ ਨੀਤੀ ਆਯੋਗ ਨੇ ਨਾ ਸਿਰਫ ਪੰਜਾਬ ਦੇ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ 'ਚ ਨਕਾਰਾ ਸਿਹਤ ਪ੍ਰਬੰਧਾਂ ਦੀ ਪੋਲ ਖੋਲ੍ਹੀ ਹੈ, ਸਗੋਂ ਦਹਾਕਿਆਂ ਤੋਂ ਵਾਰੀ ਬੰਨ੍ਹ ਕੇ ਰਾਜ ਕਰ ਰਹੀ ਕਾਂਗਰਸ, ਅਕਾਲੀ-ਭਾਜਪਾ ਗੱਠਜੋੜ ਦਾ ਚਿਹਰਾ ਵੀ ਸਾਹਮਣੇ ਲਿਆਂਦਾ ਹੈ, ਜਿਨ੍ਹਾਂ ਸੂਬੇ ਦੀ ਸਰਕਾਰੀ ਸਿਹਤ ਢਾਂਚੇ ਨੂੰ ਸਾਜ਼ਿਸ਼ ਤਹਿਤ ਬਰਬਾਦ ਕੀਤਾ ਹੈ।

ਉਨ੍ਹਾਂ ਕਿਹਾ ਪੰਜਾਬ ਦੇ ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ 'ਚ ਸਿਹਤ ਸੇਵਾਵਾਂ ਨਾਂ-ਮਾਤਰ ਹਨ, ਜਿਸ ਕਾਰਨ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।


A & I Transport Inc.
123 E Lee Rd, Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*
- Class A Driver. • Clean driving record • Ability to pass DOT drug test.

*We offer the following benefits of employment*
- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.*

For More Information Call (24 hours) Armando or Vicente, Ph: (831) 763-7805

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਸੁਪਰੀਮ ਕੋਰਟ ਨੂੰ ਕਿਸਾਨ ਜਥੇਬੰਦੀਆਂ ਦੇ ਰੋਸ ਪ੍ਰਦਰਸ਼ਨਾਂ 'ਤੇ ਇਤਰਾਜ਼

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਤਿੰਨੋਂ ਖੇਤੀ ਕਾਨੂੰਨਾਂ 'ਤੇ ਰੋਕ ਲੱਗੀ ਹੋਣ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਕੀਤੇ ਜਾਣ ਦੀ ਇਜਾਜ਼ਤ ਬਾਰੇ ਉਹ ਪੜਤਾਲ ਕਰਨਗੇ। ਜਥੇਬੰਦੀ 'ਕਿਸਾਨ ਮਹਾਪੰਚਾਇਤ' ਵੱਲੋਂ ਜੰਤਰ-ਮੰਤਰ 'ਤੇ ਸੱਤਿਆਗ੍ਰਹਿ ਕਰਨ ਦੀ ਮੰਗ ਸਬੰਧੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਬੈਂਚ ਨੇ ਕਿਹਾ ਕਿ ਜੇਕਰ ਖੇਤੀ ਕਾਨੂੰਨਾਂ 'ਤੇ ਰੋਕ ਲਗਾ ਦਿੱਤੀ ਗਈ ਹੈ ਤਾਂ ਕਿਸਾਨ ਜਥੇਬੰਦੀਆਂ ਕਿਸ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਹਨ।

ਜਸਟਿਸ ਏ ਐੱਮ ਖਾਨਵਿਲਕਰ ਅਤੇ ਜਸਟਿਸ ਸੀ.ਟੀ. ਰਵੀਕੁਮਾਰ ਦੇ ਬੈਂਚ ਨੇ ਜਥੇਬੰਦੀ ਨੂੰ ਇਹ ਵੀ ਸਵਾਲ ਕੀਤਾ ਕਿ ਜਦੋਂ ਖੇਤੀ ਕਾਨੂੰਨ ਲਾਗੂ ਨਹੀਂ ਹੋਏ ਹਨ ਤਾਂ ਫਿਰ ਉਹ ਪ੍ਰਦਰਸ਼ਨ ਕਿਉਂ ਕਰਨਾ ਚਾਹੁੰਦੇ ਹਨ। 'ਕਿਸਾਨ ਮਹਾਪੰਚਾਇਤ' ਨੇ ਰਾਜਸਥਾਨ ਹਾਈ ਕੋਰਟ 'ਚ ਖੇਤੀ ਕਾਨੂੰਨਾਂ ਦੀ ਵੈਧਤਾ ਨੂੰ ਚੁਣੌਤੀ ਦਿੱਤੀ ਹੋਈ ਹੈ। ਬੈਂਚ ਨੇ ਕਿਹਾ,"ਤੁਸੀਂ ਪ੍ਰਦਰਸ਼ਨ ਕਰਨਾ ਚਾਹੁੰਦੇ ਹੋ। ਕਿਸ ਗੱਲ ਦਾ ਪ੍ਰਦਰਸ਼ਨ? ਇਸ ਵੇਲੇ ਕੋਈ ਐਕਟ ਲਾਗੂ ਨਹੀਂ ਹੈ। ਇਸ ਅਦਾਲਤ ਨੇ ਪਹਿਲਾਂ ਹੀ ਇਸ 'ਤੇ ਰੋਕ ਲਗਾ ਦਿੱਤੀ ਹੈ। ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਉਹ ਖੇਤੀ ਕਾਨੂੰਨਾਂ ਨੂੰ ਲਾਗੂ ਨਹੀਂ ਕਰੇਗੀ ਤਾਂ ਫਿਰ ਪ੍ਰਦਰਸ਼ਨ ਕਿਸ ਗੱਲ ਦਾ ਹੋ ਰਿਹਾ ਹੈ।" ਵੇਣੂਗੋਪਾਲ ਨੇ ਕਿਹਾ,"ਉਹ ਦੋ ਘੋੜਿਆਂ 'ਤੇ ਇਕੋ ਵੇਲੇ ਸਵਾਰ ਨਹੀਂ ਹੋ ਸਕਦੇ ਹਨ।"

## ਹਿਊਸਟਨ ਡਾਕਖਾਨੇ ਦਾ ਨਾਂ ਡਿਪਟੀ ਸਨਦੀਪ ਸਿੰਘ ਧਾਲੀਵਾਲ ਦੇ ਨਾਂ 'ਤੇ ਰੱਖਿਆ

**ਹਿਊਸਟਨ (ਟੈਕਸਸ):** ਹਿਊਸਟਨ ਡਾਕਖਾਨੇ ਦਾ ਨਾਂ ਹੈਰਿਸ ਕਾਊਂਟੀ ਦੇ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਮੌਕੇ ਚੁਣੇ ਹੋਏ ਨੁਮਾਇੰਦੇ, ਸੁਰੱਖਿਆ ਸੇਵਾਵਾਂ ਨਾਲ ਸੰਬੰਧਤ ਕਰਮਚਾਰੀ ਅਤੇ ਹਿਊਸਟਨ ਭਾਈਚਾਰੇ ਨਾਲ



ਸੰਬੰਧਤ ਮੈਂਬਰ ਮੌਜੂਦ ਸਨ।

ਯਾਦ ਰਹੇ ਕਿ 27 ਸਤੰਬਰ 2019 ਨੂੰ ਸਨਦੀਪ ਸਿੰਘ ਧਾਲੀਵਾਲ ਦੀ ਹੱਤਿਆ ਕਰ ਦਿੱਤੀ ਗਈ ਸੀ। ਉਸ ਵਕਤ ਉਹ ਹੈਰਿਸ ਕਾਊਂਟੀ ਵਿਚ ਆਪਣੀ ਟਰੈਫਿਕ ਡਿਊਟੀ ਨਿਭਾਅ ਰਿਹਾ ਸੀ। ਸਨਦੀਪ ਸਿੰਘ ਧਾਲੀਵਾਲ ਦੇ ਨਾਂ 'ਤੇ ਡਾਕਖਾਨੇ (ਜੋ 315 ਐਡਿਕਸ ਹਾਵੇਲ ਰੋਡ 'ਤੇ ਪੈਂਦਾ ਹੈ) ਦਾ ਨਾਂ ਰੱਖਣ ਬਾਰੇ ਮਤਾ 21 ਦਸੰਬਰ 2020 ਨੂੰ ਪਾਇਆ ਗਿਆ ਸੀ। ਇਹ ਮਤਾ ਕਾਂਗਰਸ ਮੈਂਬਰ ਲਿਜ਼ੀ ਫਲੈਚਰ ਨੇ ਪੇਸ਼ ਕੀਤਾ ਸੀ ਅਤੇ ਇਸ ਨੂੰ ਸੈਨੇਟਰ ਟੈੱਡ ਕਰੂਜ਼ ਤੇ ਜੌਹਨ ਕਾਰਨਾਈਨ ਦੀ ਹਮਾਇਤ ਨਾਲ ਪਾਸ ਕਰ ਦਿੱਤਾ ਗਿਆ ਸੀ। ਇਹ ਮਤਾ ਤਿਆਰ ਕਰਨ ਵਿਚ 'ਸਿੱਖ ਕੁਲੀਸ਼ਨ' ਨੇ ਅਹਿਮ ਭੂਮਿਕਾ ਨਿਭਾਈ ਸੀ।

ਡਾਕਖਾਨਾ ਸਮਰਪਿਤ ਕਰਨ ਮੌਕੇ ਕਰਵਾਏ ਸਮਾਗਮ ਦੌਰਾਨ ਡਿਪਟੀ ਸਨਦੀਪ ਸਿੰਘ ਧਾਲੀਵਾਲ ਦੇ ਪਿਤਾ ਸ. ਪਿਆਰਾ ਸਿੰਘ ਧਾਲੀਵਾਲ ਨੇ ਕਿਹਾ, "ਅੰਨ੍ਹੀ ਨਫਰਤ ਵਾਲੀ ਹਿੰਸਾ ਨੇ ਮੇਰਾ ਪੁੱਤਰ ਸਾਡੇ ਕੋਲੋਂ ਖੋਹ ਲਿਆ ਸੀ ਪਰ ਹਿਊਸਟਨ ਭਾਈਚਾਰੇ ਨੇ ਦੁੱਖ ਦੀ ਘੜੀ ਵਿਚ ਸਾਡਾ ਪੂਰਾ ਸਾਥ ਦਿੱਤਾ। ਸਨਦੀਪ ਸਿੰਘ ਧਾਲੀਵਾਲ ਨੂੰ ਜੋ ਮਾਣ-ਸਤਿਕਾਰ ਦਿੱਤਾ ਗਿਆ ਹੈ, ਉਸ ਲਈ ਅਸੀਂ ਬਹੁਤ ਧੰਨਵਾਦੀ ਹਾਂ।" ਸਮਾਗਮ ਦੌਰਾਨ 'ਸਿੱਖ ਕੁਲੀਸ਼ਨ' ਮਨਪ੍ਰੀਤ ਕੇ. ਸਿੰਘ, ਕਾਂਗਰਸ ਮੈਂਬਰ ਲਿਜ਼ੀ ਫਲੈਚਰ ਅਤੇ ਹੋਰਾਂ ਨੇ ਹਿੱਸਾ ਲਿਆ ਅਤੇ ਡਿਪਟੀ ਸਨਦੀਪ ਸਿੰਘ ਧਾਲੀਵਾਲ ਵੱਲੋਂ ਨਿਭਾਈਆਂ ਸੇਵਾਵਾਂ ਲਈ ਪ੍ਰਸ਼ੰਸਾ ਕੀਤੀ।

ਡਿਪਟੀ ਸਨਦੀਪ ਸਿੰਘ ਧਾਲੀਵਾਲ ਨੇ ਹੈਰਿਸ ਕਾਊਂਟੀ ਸ਼ੈਰਿਫ ਦਫਤਰ ਵਿਚ ਡਿਊਟੀ 2009 ਨੂੰ ਸੰਭਾਲੀ ਸੀ। ਉਸ ਦੀ ਪਹਿਲਕਦਮੀ 'ਤੇ ਹੈਰਿਸ ਕਾਊਂਟੀ ਪੁਲਿਸ ਵਿਚ ਸਿੱਖਾਂ ਨੂੰ ਦਾੜ੍ਹੀ ਰੱਖਣ ਅਤੇ ਦਸਤਾਰ ਸਜਾਉਣ ਦੀ ਆਗਿਆ ਦੇਣ ਖਾਤਰ ਸੰਬੰਧਤ ਨੀਤੀ ਵਿਚ ਤਬਦੀਲੀ ਕੀਤੀ ਗਈ ਸੀ।

## ਆਮਦਨ ਕਰ ਵਿਭਾਗ ਨੂੰ ਵਿਦੇਸ਼ਾਂ 'ਚ ਛੁਪਾਏ ਕਾਲੇ ਧਨ ਦਾ ਪਤਾ ਚੱਲਿਆ: ਸੀ.ਬੀ.ਡੀ.ਟੀ.

**ਨਵੀਂ ਦਿੱਲੀ:** ਸੀ.ਬੀ.ਡੀ.ਟੀ. ਨੇ ਦਾਅਵਾ ਕੀਤਾ ਹੈ ਕਿ ਮੁੰਬਈ, ਨੋਇਡਾ ਅਤੇ ਹੋਰ ਥਾਵਾਂ 'ਤੇ ਵੱਖ-ਵੱਖ ਕਾਰੋਬਾਰੀ ਅਦਾਰਿਆਂ 'ਤੇ ਮਾਰੇ ਗਏ ਛਾਪੇ ਮਗਰੋਂ ਆਮਦਨ ਕਰ ਵਿਭਾਗ ਨੂੰ 'ਵੱਡੀ ਗਿਣਤੀ' ਛੁਪਾਏ ਗਏ ਵਿਦੇਸ਼ੀ ਬੈਂਕ ਖਾਤਿਆਂ ਅਤੇ ਸੰਪਤੀਆਂ ਦਾ ਪਤਾ ਚੱਲਿਆ ਹੈ। ਸੀ.ਬੀ.ਡੀ.ਟੀ. ਨੇ ਕਿਹਾ ਕਿ 30 ਸਤੰਬਰ ਨੂੰ ਕੇਬਲ ਬਣਾਉਣ, ਰਿਅਲ ਅਸਟੇਟ, ਕੱਪੜਾ, ਪ੍ਰਿੰਟਿੰਗ ਮਸ਼ੀਨਰੀ, ਹੋਟਲਜ, ਲੌਜਿਸਟਿਕਸ ਆਦਿ ਵੱਖ-ਵੱਖ ਕਾਰੋਬਾਰਾਂ ਨਾਲ ਜੁੜੇ ਗਰੁੱਪਾਂ ਅਤੇ ਲੋਕਾਂ ਦੇ ਮੁੰਬਈ, ਪੁਣੇ, ਨੋਇਡਾ ਅਤੇ ਬੰਗਲੌਰ ਵਿਚ ਸਥਿਤ 37 ਟਿਕਾਣਿਆਂ ਦੀ ਤਲਾਸ਼ੀ ਲਈ ਗਈ ਸੀ। ਕਈ ਇਤਰਾਜ਼ਯੋਗ ਦਸਤਾਵੇਜ਼, ਵਹੀ-ਖਾਤੇ, ਡਾਇਰੀਆਂ, ਈ-ਮੇਲਜ ਅਤੇ ਹੋਰ ਡਿਜੀਟਲ ਸਬੂਤ ਮਿਲੇ ਹਨ, ਜੋ ਵੱਡੀ ਗਿਣਤੀ ਵਿਚ ਵਿਦੇਸ਼ੀ ਬੈਂਕ ਖਾਤਿਆਂ ਅਤੇ ਅਚੱਲ ਜਾਇਦਾਦਾਂ ਦੀ ਮਾਲਕੀ ਵੱਲ ਇਸ਼ਾਰਾ ਕਰਦੇ ਹਨ। ਸੀ.ਬੀ.ਡੀ.ਟੀ. ਨੇ ਕਿਹਾ, "ਇਨ੍ਹਾਂ ਗਰੁੱਪਾਂ, ਵਿਅਕਤੀਆਂ ਨੇ ਦੁਬਈ ਸਥਿਤ ਇਕ ਵਿੱਤੀ ਸੇਵਾ ਮੁਹੱਈਆ ਕਰਵਾਉਣ ਵਾਲੀ ਕੰਪਨੀ ਦੀਆਂ ਸੇਵਾਵਾਂ ਵਿਦੇਸ਼ੀ ਕੰਪਨੀਆਂ ਤੇ ਟਰੱਸਟਾਂ ਦਾ ਇਕ ਸ਼ੱਕੀ ਅਤੇ ਗੁੰਝਲਦਾਰ ਜਾਲ ਬੁਣਨ ਲਈ ਕੀਤੀ ਹੈ, ਜੋ ਮੌਰੀਸ਼ਸ, ਯੂਏਈ, ਬ੍ਰਿਟਿਸ਼ ਵਰਜਨ ਆਇਲੈਂਡਜ, ਜਿਬਰਾਲਟਰ ਆਦਿ ਵਰਗੀਆਂ ਥਾਵਾਂ 'ਤੇ ਆਪਣੀ ਬੇਸ਼ੁਮਾਰ ਦੌਲਤ ਰੱਖਣ ਲਈ ਹਨ।"

# ਲਖੀਮਪੁਰ ਖੀਰੀ ਘਟਨਾ ਨਾਲ ਕਿਸਾਨ ਅੰਦੋਲਨ ਅਹਿਮ ਮੋੜ 'ਤੇ

*(ਸਫਾ ਇਕ ਦੀ ਬਾਕੀ)*

ਨਜ਼ਰ ਆ ਰਿਹਾ ਹੈ ਕਿ ਕਿਸਾਨ ਮੰਤਰੀ ਦੇ ਕਾਫਲੇ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਸ਼ਾਂਤੀਪੂਰਨ ਵਾਪਸ ਪਰਤ ਰਹੇ ਸਨ ਤੇ ਅਚਾਨਕ ਪਿੱਛੋਂ ਆਈਆਂ ਕੁਝ ਗੱਡੀਆਂ ਉਨ੍ਹਾਂ ਨੂੰ ਦਰੜਦੀਆਂ ਤੇਜ਼ੀ ਨਾਲ ਲੰਘ ਗਈਆਂ। ਕੁਝ ਦੂਰੀ ਉਤੇ ਕਿਸਾਨਾਂ ਨੇ ਗੱਡੀਆਂ ਨੂੰ ਘੇਰ ਲਿਆ ਤੇ ਆਸ਼ੀਸ਼ ਮਿਸ਼ਰਾ ਦੇ ਡਰਾਇਵਰ ਤੇ ਦੋ ਭਾਜਪਾ ਆਗੂਆਂ ਨੂੰ ਕੁੱਟ-ਕੁੱਟ ਮਾਰ ਮੁਕਾਇਆ। ਹਾਲਾਂਕਿ ਗੱਡੀਆਂ ਵਿਚ ਸਵਾਰ ਕੁਝ ਲੋਕ ਭੱਜਣ ਵਿਚ ਸਫਲ ਰਹੇ। ਇਨ੍ਹਾਂ ਵਿਚ ਆਸ਼ੀਸ਼ ਮਿਸ਼ਰਾ ਵੀ ਦੱਸਿਆ ਜਾ ਰਿਹਾ ਹੈ।

ਇਸ ਕਤਲਕਾਂਡ ਪਿੱਛੋਂ ਕਿਸਾਨਾਂ ਵਿਚ ਰੋਹ ਭੜਕ ਗਿਆ ਤੇ ਪੂਰੇ ਮੁਲਕ ਤੋਂ ਕਿਸਾਨਾਂ ਤੇ ਵਿਰੋਧੀ ਧਿਰਾਂ ਦੇ ਆਗੂਆਂ ਨੇ ਲਖੀਮਪੁਰ ਖੀਰੀ ਵੱਲ ਚਾਲੇ ਪਾ ਦਿੱਤੇ। ਘਬਰਾਈ ਸਰਕਾਰ ਨੇ ਸਾਰੇ ਇਲਾਕੇ ਵਿਚ ਇਕਦਮ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ। ਵਿਰੋਧੀ ਧਿਰਾਂ ਦੇ ਆਗੂਆਂ ਨੂੰ ਗ੍ਰਿਫਤਾਰ/ਨਜ਼ਰਬੰਦ ਕਰ ਦਿੱਤਾ ਗਿਆ। ਇਥੋਂ ਤੱਕ ਕਿ ਹੋਰਾਂ ਸੂਬਿਆਂ ਖਾਸ ਕਰਕੇ ਪੰਜਾਬ ਦੇ ਲੋਕਾਂ ਦੇ ਯੂ.ਪੀ. ਵਿਚ ਦਾਖਲੇ ਉਤੇ ਰੋਕ ਲਗਾ ਦਿੱਤੀ ਗਈ। ਯੂ.ਪੀ. ਜਾ ਰਹੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਵੱਡੀ ਗਿਣਤੀ ਵਿਧਾਇਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਸ ਘਟਨਾ ਦੇ ਇਕ ਦਿਨ ਬਾਅਦ ਪ੍ਰਧਾਨ ਮੰਤਰੀ ਦਾ ਲਖਨਊ ਦੌਰਾ ਸੀ। ਇਸ ਲਈ ਯੋਗੀ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਅੱਗੇ ਝੁਕਦੇ ਹੋਏ ਮਾਮਲੇ ਉਤੇ ਸਹਿਮਤੀ ਬਣਾ ਲਈ। ਸਮਝੌਤੇ ਮੁਤਾਬਕ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਤੇ ਸਾਥੀਆਂ ਖਿਲਾਫ ਧਾਰਾ 302 ਤਹਿਤ ਕੇਸ ਦਰਜ ਕਰਨ ਸਮੇਤ ਕਿਸਾਨਾਂ ਦੀਆਂ ਹੋਰ ਮੰਗਾਂ ਮੰਨ ਲਈਆਂ ਹਨ। ਇਸ ਪੂਰੇ ਮਾਮਲੇ ਦੀ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਤੋਂ ਜਾਂਚ ਕਰਵਾਈ ਜਾਵੇਗੀ। ਯੂ.ਪੀ. ਪੁਲਿਸ ਨੇ ਇਸ ਪੂਰੇ ਮਾਮਲੇ ਵਿਚ ਦੋ ਐਫ.ਆਈ.ਆਰ. ਦਰਜ ਕੀਤੀਆਂ ਹਨ ਜਿਨ੍ਹਾਂ ਵਿਚ ਆਸ਼ੀਸ਼ ਮਿਸ਼ਰਾ ਸਮੇਤ 15 ਵਿਅਕਤੀਆਂ ਦੇ ਨਾਂ ਸ਼ਾਮਲ ਹਨ।

ਸਮਝੌਤੇ ਦੀਆਂ ਹੋਰਨਾਂ ਸ਼ਰਤਾਂ ਵਿਚ ਹਿੰਸਾ ਦੌਰਾਨ ਮਾਰੇ ਗਏ ਚਾਰ ਕਿਸਾਨਾਂ ਦੇ ਪਰਿਵਾਰਾਂ ਨੂੰ 45-45 ਲੱਖ ਰੁਪਏ ਦੇ ਮੁਆਵਜ਼ੇ ਦੇ ਨਾਲ ਘਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣਾ ਵੀ ਸ਼ਾਮਲ ਹੈ। ਜ਼ਖਮੀਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਮਿਲੇਗਾ। ਸਮਝੌਤੇ ਮਗਰੋਂ ਕਿਸਾਨਾਂ ਨੇ ਆਪਣਾ ਅੰਦੋਲਨ ਭਾਵੇਂ ਵਾਪਸ ਲੈ ਲਿਆ ਪਰ ਸਥਾਨਕ ਲੋਕਾਂ ਵਿਚ ਸਰਕਾਰੀ ਬੁਰਛਾਗਰਦੀ ਖਿਲਾਫ ਰੋਹ ਹੈ।

ਵਿਰੋਧੀ ਧਿਰਾਂ ਸਰਕਾਰ ਨੂੰ ਘੇਰਨ ਲਈ ਬਜ਼ਿੱਦ ਹਨ। ਕਿਸਾਨਾਂ ਆਗੂਆਂ ਦਾ ਦੋਸ਼ ਹੈ ਕਿ ਇਹ ਸਭ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਇਸ਼ਾਰੇ ਉਤੇ ਹੋਇਆ ਹੈ। ਹਫਤਾ ਪਹਿਲਾਂ ਉਸ ਵੱਲੋਂ ਇਸ ਦੀ ਚਿਤਾਵਨੀ ਦੇ ਦਿੱਤੀ ਸੀ ਪਰ ਉਸ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਉਂਜ ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਭਾਜਪਾ ਆਗੂਆਂ ਨੇ ਆਪਣੇ ਫਿਰਕੂ ਬਿਆਨਾਂ ਨਾਲ ਕਿਸਾਨਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਲਖੀਮਪੁਰ ਖੀਰੀ ਕਤਲਕਾਂਡ ਵਾਲੇ ਦਿਨ ਹੀ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਇਕ ਵੀਡੀਓ ਵਾਇਰਲ ਹੋਈ ਸੀ।

ਚੰਡੀਗੜ੍ਹ ਸਥਿਤ ਆਪਣੀ ਸਰਕਾਰੀ ਰਿਹਾਇਸ਼ ਉਤੇ ਪ੍ਰਗਤੀਸ਼ੀਲ ਕਿਸਾਨਾਂ ਨਾਲ ਕੀਤੇ ਗਏ ਸਮਾਗਮ 'ਚ ਨਵੀਆਂ ਕਿਸਾਨ ਜਥੇਬੰਦੀਆਂ ਨੂੰ ਉਤਰ-ਪੱਛਮੀ ਹਰਿਆਣਾ ਦੇ ਹਰ ਜ਼ਿਲ੍ਹੇ 'ਚ 500, 700, 1000 ਕਿਸਾਨਾਂ ਦੇ ਵਾਲੰਟੀਅਰਾਂ ਨੂੰ ਡੰਡੇ ਲੈ ਕੇ ਤਿਆਰ ਕਰਨ ਦੀ ਗੱਲ ਆਖੀ ਜੋ 'ਜੈਸੇ ਕੋ ਤੈਸੇ' ਜਵਾਬ ਦੇ ਸਕਣ। ਮੁੱਖ ਮੰਤਰੀ ਇਹ ਵੀ ਆਖ ਰਿਹਾ ਹੈ ਕਿ ਜੇਕਰ ਅਜਿਹਾ ਕੰਮ ਕਰਕੇ ਦੋ-ਚਾਰ ਮਹੀਨੇ ਜੇਲ੍ਹ ਜਾਣਾ ਪੈ ਜਾਵੇ ਤਾਂ ਕੋਈ ਗੱਲ ਨਹੀਂ।

ਯਾਦ ਰਹੇ ਕਿ ਕਿਸਾਨ ਅੰਦੋਲਨ ਸ਼ੁਰੂ ਤੋਂ ਹੀ ਸ਼ਾਂਤਮਈ ਰਿਹਾ ਹੈ ਅਤੇ ਕਿਸਾਨਾਂ ਨੇ ਅਕਹਿ ਜ਼ਬਤ ਤੇ ਸੰਜਮ ਦਾ ਮੁਜ਼ਾਹਰਾ ਕੀਤਾ ਹੈ। ਸਰਕਾਰ ਨੇ ਹਰ ਵਾਰ ਇਸ ਅੰਦੋਲਨ ਨੂੰ ਹਿੰਸਕ ਰੂਪ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ। ਭਾਜਪਾ ਆਗੂਆਂ ਨੇ ਅੰਦੋਲਨ ਖਿਲਾਫ ਜ਼ਹਿਰ ਉਗਲ ਕੇ ਕਿਸਾਨਾਂ ਦਾ ਸਬਰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਹਰ ਵਾਰ ਮੂੰਹ ਦੀ ਖਾਣੀ ਪਈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਇਹ ਮਸਲਾ ਤੁਰਤ ਹੱਲ ਹੋ ਸਕਦਾ ਹੈ ਪਰ ਸਰਕਾਰ ਆਪਣੇ ਫੈਸਲੇ 'ਅਟੱਲ' ਹੋਣ ਦੇ ਭਰਮ ਨੂੰ ਟੁੱਟਣ ਨਹੀਂ ਦੇਣਾ ਚਾਹੁੰਦੀ।

ਸਰਕਾਰ ਨਾਲ ਕੁਝ ਦੌਰਾਂ ਦੀ ਗੱਲਬਾਤ ਤੋਂ ਬਾਅਦ ਕਈ ਮਹੀਨਿਆਂ ਤੋਂ ਦੋਵਾਂ ਦੀ ਆਪਸ ਵਿਚ ਮੁੜ ਗੱਲਬਾਤ ਸ਼ੁਰੂ ਨਹੀਂ ਹੋਈ। ਸਬੰਧਤ ਕਿਸਾਨ ਜਥੇਬੰਦੀਆਂ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਬਜ਼ਿੱਦ ਹਨ ਜਦੋਂ ਕਿ ਸਰਕਾਰ ਇਸ ਵਿਚ ਕੁਝ ਲੋੜੀਂਦੀਆਂ ਸੋਧਾਂ ਕਰਨ ਨੂੰ ਤਿਆਰ ਹੈ। ਇਥੋਂ ਤੱਕ ਕਿ ਉਸ ਨੇ ਡੇਢ ਸਾਲ ਤੱਕ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਨਾ ਕਰਨ ਲਈ ਵੀ ਕਿਹਾ ਸੀ ਪਰ ਕਿਸਾਨ ਜਥੇਬੰਦੀਆਂ ਨੂੰ ਇਹ ਵੀ ਮਨਜ਼ੂਰ ਨਹੀਂ ਹੈ।

ਕੇਂਦਰ ਸਰਕਾਰ ਤੇ ਕਿਸਾਨਾਂ ਵਿਚਾਲੇ ਗੱਲਬਾਤ ਵਿਚ ਆਈ ਖੜੋਤ ਨੇ ਕਿਸਾਨ ਵਰਗ ਵਿਚ ਗਿਲਾ ਅਤੇ ਗੁੱਸਾ ਵਧਾ ਦਿੱਤਾ ਹੈ। ਜਿਥੇ ਹਰਿਆਣਾ ਵਿਚ ਨਿੱਤ ਦਿਨ ਭਾਜਪਾ ਆਗੂਆਂ ਦੀ ਸਰਗਰਮੀ ਨੂੰ ਲੈ ਕੇ ਅਕਸਰ ਕਿਸਾਨਾਂ ਅਤੇ ਭਾਜਪਾ ਵਰਕਰਾਂ ਵਿਚਾਲੇ ਟਕਰਾਅ ਦੀ ਸਥਿਤੀ ਬਣ ਜਾਂਦੀ ਹੈ, ਉਥੇ ਪੰਜਾਬ ਵਿਚ ਕਿਸਾਨ ਜਥੇਬੰਦੀਆਂ ਭਾਜਪਾ ਆਗੂਆਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਦਾ ਤਾਂ ਵਿਰੋਧ ਕਰਦੀਆਂ ਹੀ ਹਨ ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਐਲਾਨ ਕੀਤਾ ਹੋਇਆ ਹੈ ਕਿ ਉਹ ਹੋਰ ਸਿਆਸੀ ਪਾਰਟੀਆਂ ਨੂੰ ਵੀ ਸਰਗਰਮੀਆਂ ਨਹੀਂ ਕਰਨ ਦੇਣਗੀਆਂ।

ਪੰਜਾਬ ਅਤੇ ਉਤਰ ਪ੍ਰਦੇਸ਼ ਦੀਆਂ ਚੋਣਾਂ ਆਉਂਦੇ ਮਹੀਨਿਆਂ ਵਿਚ ਹੋ ਰਹੀਆਂ ਹਨ। ਸਿਆਸੀ ਪਾਰਟੀਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ ਹੋਈਆਂ ਹਨ। ਇਸੇ ਲਈ ਅਕਸਰ ਸੂਬੇ ਵਿਚ ਆਪਸੀ ਟਕਰਾਅ ਦੀ ਸਥਿਤੀ ਬਣ ਜਾਂਦੀ ਹੈ। ਭਾਜਪਾ ਦੀ ਇਹੀ ਕੋਸ਼ਿਸ਼ ਹੈ ਕਿ ਸੰਵਿਧਾਨ ਵਿਚ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨ ਦੇ ਹੱਕ ਨੂੰ ਖੋਹਣ ਲਈ ਇਸ ਨੂੰ ਹਿੰਸਕ ਰੂਪ ਦਿੱਤਾ ਜਾਵੇ। ਮੌਜੂਦਾ ਘਟਨਾਵਾਂ ਸਰਕਾਰ ਦੀ ਇਸੇ ਸੋਚ ਦੀ ਦੇਣ ਹਨ।

## ਦੋ ਬੱਚਿਆਂ ਨੂੰ ਲੱਕ ਨਾਲ ਬੰਨ੍ਹ ਕੇ ਨਹਿਰ 'ਚ ਛਾਲ ਮਾਰੀ

**ਅੰਮ੍ਰਿਤਸਰ:** ਅੱਪਰਬਾਰੀ ਦੁਆਬ ਨਹਿਰ ਦੇ ਜੀਟੀ ਰੋਡ ਸਥਿਤ ਤਾਰਾਂ ਵਾਲੇ ਪੁਲ ਤੋਂ ਜਿਸ ਵਿਅਕਤੀ ਨੇ ਆਪਣੇ ਦੋ ਬੱਚਿਆਂ ਸਮੇਤ ਛਾਲ ਮਾਰ ਦਿੱਤੀ ਸੀ। ਉਨ੍ਹਾਂ ਤਿੰਨੇ ਪਿਓ-ਪੁੱਤਰਾਂ ਦੀਆਂ ਲਾਸ਼ਾਂ ਬਰਾਮਦ ਹੋ ਗਈਆਂ ਹਨ। ਮ੍ਰਿਤਕਾਂ ਦੀ ਪਛਾਣ ਸਥਾਨਕ ਖੰਡਵਾਲਾ ਦੀ ਕਲੋਨੀ ਮਾਡਲ ਟਾਊਨ ਦੇ ਵਸਨੀਕ ਮਨਦੀਪ ਸਿੰਘ (37) ਪੁੱਤਰ ਅਵਤਾਰ ਸਿੰਘ ਅਤੇ ਉਸ ਦੇ ਦੋ ਪੁੱਤਰਾਂ ਗੁਰਪ੍ਰੀਤ ਸਿੰਘ (7) ਤੇ ਰੋਬਨਪ੍ਰੀਤ ਸਿੰਘ (ਡੇਢ ਸਾਲ) ਵਜੋਂ ਹੋਈ ਹੈ।

ਪੁਲਿਸ ਨੂੰ ਮੌਕੇ ਤੋਂ ਕੋਈ ਖੁਦਕੁਸ਼ੀ ਨੋਟ ਨਹੀਂ ਮਿਲਿਆ ਹੈ ਤੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਮਨਦੀਪ ਸਿੰਘ ਦੇ ਲਾਪਤਾ ਹੋਣ ਦੀ ਸੂਚਨਾ ਦਿੱਤੀ ਸੀ ਜਿਸ ਮਗਰੋਂ ਉਸ ਦੀ ਭਾਲ ਆਰੰਭੀ ਗਈ। ਪੁਲਿਸ ਅਨੁਸਾਰ ਮਨਦੀਪ ਨੇ ਦਸਤਾਰ ਨਾਲ ਦੋਵੇਂ ਬੱਚਿਆਂ ਨੂੰ ਖੁਦ ਨਾਲ ਬੰਨ੍ਹਿਆ ਤੇ ਨਹਿਰ ਵਿਚ ਛਾਲ ਮਾਰ ਦਿੱਤੀ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਮਨਦੀਪ ਦੋਵੇਂ ਬੱਚਿਆਂ ਨੂੰ ਆਈਸਕਰੀਮ ਖਵਾਉਣ ਲਈ ਲੈ ਕੇ ਗਿਆ ਸੀ ਪਰ ਵਾਪਸ ਨਹੀਂ ਆਇਆ। ਪਰਿਵਾਰਕ ਮੈਂਬਰਾਂ ਨੇ ਇਹ ਵੀ ਕਿਹਾ ਕਿ ਪਰਿਵਾਰ ਵਿਚ ਕੋਈ ਵਿਵਾਦ ਨਹੀਂ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਝੋਨੇ ਦੀ ਖਰੀਦ ਦੇ ਮਾਮਲੇ 'ਤੇ ਕੇਂਦਰ ਨੇ ਕਿਸਾਨਾਂ ਦੇ ਰੋਹ ਅੱਗੇ ਗੋਡੇ ਟੇਕੇ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਕਿਸਾਨਾਂ ਦੇ ਰੋਹ ਅੱਗੇ ਗੋਡੇ ਟੇਕਦਿਆਂ ਝੋਨੇ ਦੀ ਖਰੀਦ ਵਿਚ ਦੇਰੀ ਵਾਲਾ ਫੈਸਲਾ ਵਾਪਸ ਲੈ ਲਿਆ ਹੈ। ਕੇਂਦਰ ਸਰਕਾਰ ਨੇ ਝੋਨੇ ਦੀ ਖਰੀਦ ਪਹਿਲੀ ਅਕਤੂਬਰ ਦੀ ਥਾਂ 11 ਅਕਤੂਬਰ ਤੋਂ ਕਰਨ ਦੇ ਫੈਸਲੇ ਵਿਚ ਸੋਧ ਕਰਦਿਆਂ ਸਾਉਣੀ ਦੀ ਇਸ ਪ੍ਰਮੁੱਖ ਫਸਲ ਦੀ ਖਰੀਦ 3 ਅਕਤੂਬਰ ਤੋਂ ਸ਼ੁਰੂ ਕਰ ਦਿੱਤੀ ਹੈ। ਕੇਂਦਰ ਦੇ ਫੈਸਲੇ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਦੌਰਾਨ ਝੋਨੇ ਦੀ ਖਰੀਦ ਤੁਰਤ ਕਰਨ ਦਾ ਮੁੱਦਾ ਉਠਾਇਆ ਸੀ। ਇਸੇ ਤਰ੍ਹਾਂ ਕਿਸਾਨ ਜਥੇਬੰਦੀਆਂ ਨੇ ਵੀ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ 11 ਅਕਤੂਬਰ ਤੋਂ ਕਰਨ ਦੇ ਐਲਾਨ ਦਾ ਵਿਰੋਧ ਕਰਦਿਆਂ ਸੂਬੇ ਭਰ 'ਚ ਪ੍ਰਦਰਸ਼ਨ ਕੀਤੇ ਸਨ।

ਕੇਂਦਰ ਸਰਕਾਰ ਵੱਲੋਂ ਝੋਨੇ ਦੀ ਸਰਕਾਰੀ ਖਰੀਦ 'ਚ ਦੇਰੀ ਦੇ ਫੈਸਲੇ ਕਾਰਨ ਕਿਸਾਨਾਂ 'ਚ ਰੋਸ ਪਾਇਆ ਜਾ ਰਿਹਾ ਸੀ। ਉਧਰ, ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਝੋਨੇ ਦੀ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿਚ 3 ਲੱਖ ਟਨ ਤੋਂ ਵਧ ਝੋਨੇ ਦੀ ਆਮਦ ਹੋ ਚੁੱਕੀ ਹੈ। ਮੌਸਮ ਖੁਸ਼ਗਵਾਰ ਹੋਣ ਕਰਕੇ ਮਾਝੇ 'ਚ ਝੋਨੇ ਦੀ ਫਸਲ ਦੀ ਕਟਾਈ ਵਿਚ ਤੇਜ਼ੀ ਆ ਗਈ ਹੈ ਅਤੇ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਵਜੋਂ ਜਾਣੀ ਜਾਂਦੀ ਖੰਨਾ ਮੰਡੀ ਸਮੇਤ ਮਾਲਵਾ ਖੇਤਰ ਦੀਆਂ ਹੋਰ ਮੰਡੀਆਂ ਵਿਚ ਵੀ ਝੋਨਾ ਆਉਣਾ ਸ਼ੁਰੂ ਹੋ ਗਿਆ ਹੈ। ਕੇਂਦਰੀ ਖੁਰਾਕ ਮੰਤਰਾਲੇ ਨੇ ਫੈਸਲੇ ਵਿਚ ਸੋਧ ਕਰਦਿਆਂ ਕਿਹਾ ਹੈ ਕਿ ਝੋਨੇ ਦੀ ਖਰੀਦ 3 ਅਕਤੂਬਰ ਤੋਂ ਸ਼ੁਰੂ ਕਰਨ ਦਾ ਫੈਸਲਾ ਪੰਜਾਬ ਅਤੇ ਹਰਿਆਣਾ ਦੇ ਵਿਸ਼ੇਸ਼ ਹਾਲਾਤ ਨੂੰ ਦੇਖਦਿਆਂ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਝੋਨੇ 'ਚ ਜ਼ਿਆਦਾ ਨਮੀ ਨੂੰ ਆਧਾਰ ਬਣਾ ਕੇ ਉਸ ਦੀ ਖਰੀਦ 10 ਦਿਨਾਂ ਲਈ ਟਾਲਣ ਦਾ ਐਲਾਨ ਕੀਤਾ ਸੀ। ਪੰਜਾਬ ਸਰਕਾਰ ਦਾ ਇਹ ਵੀ ਮੰਨਣਾ ਸੀ ਕਿ ਝੋਨੇ ਦੀ ਖਰੀਦ ਵਿਚ ਦੇਰੀ ਹੋਣ ਨਾਲ ਮੰਡੀਆਂ ਵਿਚ ਫਸਲ ਦੇ ਅੰਬਾਰ ਲੱਗ ਜਾਣਗੇ। ਇਸ ਕਰਕੇ ਫਸਲ ਦੀ ਖਰੀਦ ਵਿਚ ਹੀ ਦੇਰੀ ਨਹੀਂ ਹੋਵੇਗੀ ਸਗੋਂ ਕਿਸਾਨਾਂ ਦੀਆਂ ਪਰੇਸ਼ਾਨੀਆਂ ਵੀ ਵਧਣਗੀਆਂ।



ਪੰਜਾਬ ਦੀਆਂ ਮੰਡੀਆਂ ਵਿਚ 191 ਲੱਖ ਮੀਟ੍ਰਿਕ ਟਨ ਝੋਨਾ ਪੁੱਜਣ ਦੀ ਉਮੀਦ ਹੈ ਅਤੇ ਕੇਂਦਰ ਨੇ ਇਸ 'ਚੋਂ 171 ਲੱਖ ਮੀਟ੍ਰਿਕ ਟਨ ਝੋਨਾ ਖਰੀਦਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਵੀ ਕੇਂਦਰ ਸਰਕਾਰ ਨੇ ਝੋਨੇ ਦੀ ਖਰੀਦ ਲਈ ਜ਼ਮੀਨ ਦੀਆਂ ਫਰਦਾਂ, ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਜ਼ਰੂਰੀ ਕੀਤੇ ਹੋਏ ਹਨ। ਕੇਂਦਰ ਦੇ ਇਨ੍ਹਾਂ ਕਦਮਾਂ ਅਤੇ ਕਿਸਾਨੀ ਸੰਘਰਸ਼ ਕਾਰਨ ਝੋਨੇ ਦੀ ਖਰੀਦ ਸਬੰਧੀ ਤੌਖਲੇ ਵਧ ਗਏ ਸਨ। ਕੇਂਦਰ ਦੇ ਤਾਜ਼ਾ ਫੈਸਲੇ ਨੇ ਰਾਜ ਸਰਕਾਰ ਤੇ ਕਿਸਾਨਾਂ ਨੂੰ ਰਾਹਤ ਦਿੱਤੀ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

ਦੱਸ ਦਈਏ ਕਿ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਐਨ ਮੌਕੇ 'ਤੇ ਮੁਲਤਵੀ ਕੀਤੇ ਜਾਣ ਤੋਂ ਪੰਜਾਬ ਦੇ ਕਿਸਾਨਾਂ 'ਚ ਨਵੇਂ ਤੌਖਲੇ ਖੜ੍ਹੇ ਹੋ ਗਏ ਸਨ ਅਤੇ ਇਸ ਕੇਂਦਰੀ ਹਲੂਣੇ ਨਾਲ ਪੰਜਾਬ ਦਾ ਸਿਆਸੀ ਮਾਹੌਲ ਵੀ ਭਖ ਗਿਆ ਸੀ। ਕੇਂਦਰ ਸਰਕਾਰ ਨੇ ਮੌਸਮ ਦਾ ਬਹਾਨਾ ਬਣਾ ਕੇ ਪੰਜਾਬ ਅਤੇ ਹਰਿਆਣਾ 'ਚ ਝੋਨੇ ਦੀ ਖਰੀਦ 11 ਅਕਤੂਬਰ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਸੀ।

ਦੱਸਣਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਵਿਚ ਵੀ ਕਿਸਾਨ ਅੰਦੋਲਨ ਸਭ ਤੋਂ ਵੱਧ ਤਿੱਖਾ ਹੈ। ਕੇਂਦਰ ਸਰਕਾਰ ਨੇ ਪਹਿਲਾਂ ਪੱਤਰ ਜਾਰੀ ਕਰਕੇ ਪੰਜਾਬ ਵਿਚੋਂ 171 ਲੱਖ ਮੀਟਰਿਕ ਝੋਨਾ ਖਰੀਦ ਕਰਨ ਦਾ ਟੀਚਾ ਤੈਅ ਕੀਤਾ ਹੈ ਜਦੋਂ ਕਿ ਪੰਜਾਬ ਨੇ 191 ਲੱਖ ਮੀਟਰਿਕ ਝੋਨਾ ਮੰਡੀਆਂ ਵਿਚ ਪੁੱਜਣ ਦਾ ਅਨੁਮਾਨ ਲਾਇਆ ਹੈ। ਪੰਜਾਬ ਸਰਕਾਰ ਨੇ ਬਾਹਰੋਂ ਆਉਣ ਵਾਲੇ ਝੋਨੇ ਨੂੰ ਰੋਕਣ ਲਈ ਅੰਤਰਰਾਜੀ ਨਾਕੇ ਲਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਦੀ ਚਿੰਤਾ ਹੈ ਕਿ ਜੇ ਮੰਡੀਆਂ ਵਿਚ 171 ਲੱਖ ਮੀਟਰਿਕ ਟਨ ਤੋਂ ਜ਼ਿਆਦਾ ਝੋਨਾ ਪੁੱਜ ਗਿਆ ਤਾਂ ਉਸ ਲਈ ਫੰਡਾਂ ਦਾ ਪ੍ਰਬੰਧ ਕਿਥੋਂ ਹੋਵੇਗਾ।

## ਕਾਂਗਰਸ ਨੇ ਝੋਨੇ ਦੀ ਖਰੀਦ ਮੁਲਤਵੀ ਕਰਵਾਈ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਝੋਨੇ ਦੀ ਖਰੀਦ ਲਈ ਸਮੇਂ ਸਿਰ ਲੋੜੀਂਦੇ ਪ੍ਰਬੰਧ ਕਰਨ 'ਚ ਆਪਣੀ ਨਾਕਾਮੀ 'ਤੇ ਪਰਦਾ ਪਾਉਣ ਲਈ ਝੋਨੇ ਦੀ ਖਰੀਦ 10 ਦਿਨਾਂ ਲਈ ਮੁਲਤਵੀ ਕਰਵਾਈ ਸੀ। ਅਕਾਲੀ ਦਲ ਦੇ ਪ੍ਰਧਾਨ ਝੋਨੇ ਦੀ ਭਰੀ ਟਰਾਲੀ ਲੈ ਕੇ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਦੇ ਦਫਤਰ ਪਹੁੰਚੇ ਅਤੇ ਉਥੇ ਅਧਿਕਾਰੀਆਂ ਕੋਲੋਂ ਝੋਨੇ ਵਿਚ ਨਮੀ ਦੀ ਮਾਤਰਾ ਚੈੱਕ ਕਰਵਾਈ।

## ਭਾਜਪਾ ਨਾਲ ਮਿਲ ਕੇ ਸਾਜ਼ਿਸ਼ ਰਚ ਰਹੇ ਨੇ ਕੈਪਟਨ: ਪਰਗਟ

**ਜਲੰਧਰ:** ਪੰਜਾਬ ਦੇ ਕੈਬਨਿਟ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਪਰਗਟ ਸਿੰਘ ਨੇ ਝੋਨੇ ਦੀ ਖਰੀਦ ਅੱਗੇ ਪਾਉਣ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਭਾਜਪਾ ਨਾਲ ਮਿਲ ਕੇ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚ ਆਪਣੀ ਸਿਆਸੀ ਪਾਰਟੀ ਬਣਾਉਣਾ ਚਾਹੁੰਦੇ ਹਨ, ਇਸ ਲਈ ਜਿਥੇ ਭਾਜਪਾ ਉਨ੍ਹਾਂ ਦੀ ਪਿੱਠ 'ਤੇ ਖੜ੍ਹੀ ਹੈ ਉਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੀ ਉਨ੍ਹਾਂ ਨਾਲ ਰਲਿਆ ਹੋਇਆ ਹੈ। ਪਰਗਟ ਸਿੰਘ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਅੱਗੇ ਪਾਏ ਜਾਣ ਦੇ ਵਰਤਾਰੇ ਨੇ ਸਭ ਕੁਝ ਸਪੱਸ਼ਟ ਕਰ ਦਿੱਤਾ ਹੈ ਕਿ ਸਾਬਕਾ ਮੁੱਖ ਮੰਤਰੀ, ਭਾਜਪਾ ਦੇ ਇਸ਼ਾਰੇ 'ਤੇ ਚੱਲ ਰਹੇ ਹਨ ਤੇ ਕਿਸਾਨ ਵਿਰੋਧੀ ਫੈਸਲਿਆਂ ਦਾ ਹਿੱਸਾ ਹਨ।

# ਸੰਘਰਸ਼ ਦਾ ਇਕ ਵਰ੍ਹਾ ਮੁਕੰਮਲ; ਸਰਕਾਰੀ ਚਾਲਾਂ ਦਾ ਮੂੰਹ ਤੋੜ ਜਵਾਬ ਦੇਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਵਿੱਢੇ ਸੰਘਰਸ਼ ਨੂੰ ਇਕ ਸਾਲ ਮੁਕੰਮਲ ਹੋਣ 'ਤੇ ਕਿਸਾਨ ਬੁਲਾਰਿਆਂ ਨੇ ਮੋਦੀ ਸਰਕਾਰ ਖਿਲਾਫ ਚੱਲਦੇ ਇਸ ਅੰਦੋਲਨ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ। ਬੁਲਾਰਿਆਂ ਨੇ ਕਿਹਾ ਕਿ ਇਹ ਸੰਘਰਸ਼ ਬੇਰੋਕ ਚੱਲ ਰਿਹਾ ਹੈ ਅਤੇ ਪੰਜਾਬ ਤੋਂ ਸ਼ੁਰੂ ਹੋਏ ਕਿਸਾਨੀ ਸੰਘਰਸ਼ ਦੀ ਕੌਮੀ ਪੱਧਰ 'ਤੇ ਹੀ ਨਹੀਂ ਬਲਕਿ ਆਲਮੀ ਪੱਧਰ 'ਤੇ ਵੀ ਗੂੰਜ ਪਈ ਹੈ।

ਪੰਜਾਬ ਭਰ 'ਚ 108 ਥਾਵਾਂ- ਟੌਲ-ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਕਿਸਾਨੀ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਸਮੇਂ ਦੀਆਂ ਹਕੂਮਤਾਂ ਵਿਰੁੱਧ ਮੁਲਕ ਦੇ ਲੋਕ ਅੱਜ ਵੀ ਸ਼ਾਂਤਮਈ ਲੜਾਈ ਲੜਨ ਦਾ ਜੇਰਾ ਰੱਖਦੇ ਹਨ।

ਬੁਲਾਰਿਆਂ ਨੇ ਕਿਹਾ ਕਿ ਦੇਸ਼ ਦੀ ਸੰਸਦ ਵੱਲੋਂ ਜਦੋਂ ਸਤੰਬਰ 2020 ਵਿਚ ਤਿੰਨ ਖੇਤੀ ਕਾਨੂੰਨ ਪਾਸ ਕਰ ਦਿੱਤੇ ਸਨ ਤਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਹਿਲੀ ਅਕਤੂਬਰ ਤੋਂ ਅਣਮਿਥੇ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਸੀ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਇਸ ਅੰਦੋਲਨ ਦਾ ਮਹੱਤਵਪੂਰਨ ਪੱਖ ਇਹ ਹੈ ਕਿ ਕਿਸਾਨੀ ਸੰਘਰਸ਼ ਪੂਰੀ ਤਰ੍ਹਾਂ ਸ਼ਾਂਤਮਈ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ, ਭਾਰਤੀ ਜਨਤਾ ਪਾਰਟੀ ਅਤੇ ਮੀਡੀਆ ਦੇ ਇਕ ਵੱਡੇ ਹਿੱਸੇ ਨੇ ਕਿਸਾਨੀ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਚਾਲਾਂ ਚੱਲੀਆਂ ਅਤੇ ਏਜੰਸੀਆਂ ਦੇ ਬੰਦਿਆਂ ਰਾਹੀਂ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਭਾਰਤ ਦੇ ਸਾਰੇ ਕਿਸਾਨਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਚੁੱਕਾ ਹੈ। ਇਸ ਲਈ ਭਾਜਪਾ, ਕਾਰਪੋਰੇਟ ਘਰਾਣਿਆਂ ਅਤੇ ਭਾਰਤ ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਜਿੱਤ ਲਈ ਪੰਜਾਬ ਸਮੇਤ ਦੇਸ਼ ਦੇ ਕਿਸਾਨ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ।

ਬੁਲਾਰਿਆਂ ਨੇ ਬਿਜਲੀ ਦੇ ਸਮਾਰਟ ਮੀਟਰਾਂ ਦਾ ਮੁੱਦਾ ਵੀ ਉਠਾਇਆ। ਆਗੂਆਂ ਨੇ ਕਿਹਾ ਕਿ ਰਵਾਇਤੀ ਮੀਟਰਾਂ ਵਿਚ ਬਿੱਲ ਭਰਨ ਲਈ ਕੁਝ ਦਿਨਾਂ ਦੀ ਮੋਹਲਤ ਮਿਲ ਜਾਂਦੀ ਹੈ ਅਤੇ ਗਰੀਬ ਆਦਮੀ ਹੱਥ ਵਿਚ ਪੈਸੇ ਆਉਣ 'ਤੇ ਬਿਜਲੀ ਬਿੱਲ ਭਰ ਦਿੰਦਾ ਸੀ, ਪਰ ਸਮਾਰਟ ਮੀਟਰ ਲਈ ਪੈਸੇ ਅਗਾਊਂ ਭਰਨੇ ਪੈਣਗੇ।



ਬੁਲਾਰਿਆਂ ਨੇ ਪੰਜਾਬ ਦੀ ਸਿਆਸਤ ਵਿਚ ਆ ਰਹੇ ਉਤਰਾਅ ਚੜ੍ਹਾਅ ਅਤੇ ਇਸ ਨੂੰ ਕਿਸਾਨ ਅੰਦੋਲਨ ਨਾਲ ਜੋੜਨ ਦੀਆਂ ਕੋਝੀਆਂ ਚਾਲਾਂ ਦਾ ਗੰਭੀਰ ਨੋਟਿਸ ਲਿਆ। ਆਗੂਆਂ ਨੇ ਕਿਹਾ ਕਿ ਉਹ ਅੰਦੋਲਨ ਦੇ ਪਹਿਲੇ ਦਿਨ ਤੋਂ ਸਪੱਸ਼ਟ ਕਰਦੇ ਰਹੇ ਹਨ ਕਿ ਸਾਰੀਆਂ ਵੋਟਾਂ ਬਟੋਰੂ ਸਿਆਸੀ ਪਾਰਟੀਆਂ ਦੀਆਂ ਆਰਥਿਕ ਨੀਤੀਆਂ ਕਾਰਪੋਰੇਟ ਪੱਖੀ ਹਨ। ਜਿਸ ਨੀਤੀ ਤਹਿਤ ਖੇਤੀ ਕਾਨੂੰਨ ਲਿਆਂਦੇ ਗਏ ਹਨ, ਉਸ ਨੀਤੀ ਦੀ ਜਨਮ-ਦਾਤੀ ਕਾਂਗਰਸ ਪਾਰਟੀ ਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਲੋਕ-ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦੀ ਰਫਤਾਰ ਤੇਜ਼ ਕਰ ਦਿੱਤੀ। ਬੁਲਾਰਿਆਂ ਨੇ ਕੈਪਟਨ ਅਮਰਿੰਦਰ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਹੁਣ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਇਕ ਕਾਂਗਰਸ ਨੇਤਾ ਖੇਤੀ ਕਾਨੂੰਨ ਰੱਦ ਕਰਵਾਉਗਾ ਪਰ ਕਿਸਾਨ ਅਜਿਹੀਆਂ ਭਰਮਾਊ ਚਾਲਾਂ ਵਿਚ ਨਹੀਂ ਆਉਣਗੇ।

ਕਿਸਾਨ ਬੁਲਾਰਿਆਂ ਕਿਹਾ ਕਿ ਹਾਕਮ ਭਰਮ ਪਾਲੀ ਬੈਠੇ ਸਨ ਕਿ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਿਹਾ ਸੰਘਰਸ਼ ਆਪਣੀ ਮੌਤ ਆਪ ਹੀ ਮਰ ਜਾਵੇਗਾ ਪਰ ਪੰਜਾਬ ਵਿਚ ਇਸ ਸੰਘਰਸ਼ ਦੇ ਇਕ ਸਾਲ ਮੁਕੰਮਲ ਹੋਣ ਨੇ ਸਾਬਤ ਕਰ ਦਿੱਤਾ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਕਿਸਾਨ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਬੈਠੇ ਹਨ।

ਕਿਸਾਨ ਆਗੂਆਂ ਕਿਹਾ ਕਿ ਪਿਛਲੇ ਇਕ ਸਾਲ ਦੇ ਸਮੇਂ ਦੌਰਾਨ ਅੰਦੋਲਨ ਨੇ ਬਹੁਤ ਉਤਰਾਅ ਚੜ੍ਹਾਅ ਦੇਖੇ ਅਤੇ ਹਾਕਮਾਂ ਨੇ ਅੰਦੋਲਨ ਫੇਲ੍ਹ ਕਰਨ ਦੀਆਂ ਸਾਜ਼ਿਸ਼ਾਂ ਵੀ ਰਚੀਆਂ ਪਰ ਭਾਜਪਾ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਏਜੰਸੀਆਂ ਨੂੰ ਮੂੰਹ ਦੀ ਖਾਣੀ ਪਈ। ਉਨ੍ਹਾਂ ਸਮੁੱਚੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਵਿੱਢੇ ਸੰਘਰਸ਼ ਦੀ ਮਸ਼ਾਲ ਜਗਦੀ ਰੱਖਣ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇ ਕਿਉਂਕਿ ਇਹ ਲੜਾਈ ਮਹਿਜ਼ ਇਕ ਸਾਲ ਦੀ ਹੀ ਨਹੀਂ ਸੀ ਸਗੋਂ ਹੋਰ ਵੀ ਲੰਮੇਰੀ ਹੋ ਸਕਦੀ ਹੈ।

## ਕਿਸਾਨਾਂ ਨਾਲ ਮੁੜ ਗੱਲਬਾਤ ਲਈ ਸਰਕਾਰ ਰਾਜ਼ੀ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਕਿਸਾਨ ਜਥੇਬੰਦੀਆਂ ਨਾਲ ਖੇਤੀ ਕਾਨੂੰਨਾਂ 'ਚ ਅਸਹਿਮਤੀ ਵਾਲੇ ਨੁਕਤਿਆਂ 'ਤੇ ਗੱਲਬਾਤ ਲਈ ਸ਼ੁਰੂ ਤੋਂ ਹੀ ਰਾਜ਼ੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨਾਲ ਕਈ ਗੇੜ ਦੀ ਵਾਰਤਾ ਹੋਈ ਪਰ ਕੋਈ ਵੀ ਅਜੇ ਤੱਕ ਅਸਹਿਮਤੀ ਦਾ ਖਾਸ ਨੁਕਤਾ ਨਹੀਂ ਦੱਸ ਸਕਿਆ ਹੈ ਕਿ ਜਿਸ ਨੂੰ ਬਦਲਿਆ ਜਾਣਾ ਚਾਹੀਦਾ ਹੈ।'' ਰਸਾਲੇ 'ਓਪਨ' ਨੂੰ ਦਿੱਤੇ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਸਰਕਾਰ ਛੋਟੇ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ। ਵਿਰੋਧੀ ਧਿਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ,''ਜਿਹੜੇ ਲੋਕ ਕਿਸਾਨ ਪੱਖੀ ਸੁਧਾਰਾਂ ਦਾ ਅੱਜ ਵਿਰੋਧ ਕਰ ਰਹੇ ਹਨ, ਉਨ੍ਹਾਂ ਨੂੰ ਦੇਖਣ 'ਤੇ ਬੌਧਿਕ ਬੇਈਮਾਨੀ ਅਤੇ ਰਾਜਨੀਤਕ ਧੋਖਾਧੜੀ ਦਾ ਅਸਲ ਮਤਲਬ ਪਤਾ ਲੱਗੇਗਾ। ਇਹ ਉਹੀ ਲੋਕ ਹਨ ਜੋ ਮੁੱਖ ਮੰਤਰੀਆਂ ਨੂੰ ਚਿੱਠੀਆਂ ਲਿਖ ਕੇ ਉਹ ਫੈਸਲੇ ਲੈਣ ਲਈ ਆਖਦੇ ਸਨ ਜੋ ਸਾਡੀ ਸਰਕਾਰ ਨੇ ਕੀਤੇ ਹਨ।

# ਕਿਸਾਨਾਂ ਵੱਲੋਂ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੁੱਢੋਂ ਰੱਦ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਲੀਗਲ ਪੈਨਲ ਨੇ ਸੁਪਰੀਮ ਕੋਰਟ ਵੱਲੋਂ ਕਿਸਾਨਾਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪਟੀਸ਼ਨਾਂ ਦੇ ਦਾਇਰੇ ਨੂੰ ਬਿਨਾਂ ਵਜ੍ਹਾ ਵੱਡਾ ਕਰਦਿਆਂ ਚਲਾਕੀ ਭਰੇ ਤਰੀਕੇ ਨਾਲ ਮੋਰਚੇ ਨੂੰ ਖਾਹਮ-ਖਾਹ ਦੇ ਵਿਵਾਦ ਵਿਚ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।



ਲੀਗਲ ਪੈਨਲ ਦੇ ਆਗੂਆਂ ਪ੍ਰੇਮ ਸਿੰਘ ਭੰਗੂ ਅਤੇ ਰਮਿੰਦਰ ਪਟਿਆਲਾ ਨੇ ਕਿਹਾ ਕਿ ਹਰ ਤਬਕੇ ਦੀ ਮੋਰਚੇ ਨੂੰ ਜ਼ੋਰਦਾਰ ਹਮਾਇਤ ਨੇ ਮੋਦੀ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ, ''ਮੋਦੀ ਸਰਕਾਰ ਆਪਣੀ ਖੁੱਸੀ ਹੋਈ ਸਿਆਸੀ ਜਮੀਨ ਹਾਸਲ ਕਰਨ ਲਈ ਅਜਿਹੀਆਂ ਬੇਬੁਨਿਆਦ ਅਤੇ ਝੂਠੀਆਂ ਪਟੀਸ਼ਨਾਂ ਰਾਹੀਂ ਸੁਪਰੀਮ ਕੋਰਟ ਤੋਂ ਮਦਦ ਲੈਣ ਸਮੇਤ ਢਾਰਸ ਬਨ੍ਹਾਉਣਾ ਚਾਹੁੰਦੀ ਹੈ।''

ਉਨ੍ਹਾਂ ਸਪੱਸ਼ਟ ਕੀਤਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਸੁਪਰੀਮ ਕੋਰਟ ਵਿਚ ਕੋਈ ਵੀ ਪਟੀਸ਼ਨ ਨਹੀਂ ਪਾਈ ਹੈ ਅਤੇ ਨਾ ਹੀ ਮੋਰਚਾ ਕਿਸੇ ਪਟੀਸ਼ਨ ਵਿਚ ਧਿਰ ਬਣਿਆ ਹੈ। ਆਗੂਆਂ ਨੇ ਕਿਹਾ ਕਿ ਸੁਪਰੀਮ ਕੋਰਟ ਨੂੰ ਗੈਰ ਸੰਵਿਧਾਨਕ ਖੇਤੀ ਕਾਨੂੰਨਾਂ ਦਾ ਖੁਦ ਹੀ ਨੋਟਿਸ ਲੈ ਕੇ ਸੰਘਰਸ਼ਸ਼ੀਲ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ।

ਬੀ.ਕੇ.ਯੂ. ਡਕੌਂਦਾ ਦੇ ਆਗੂ ਜਗਮੋਹਨ ਸਿੰਘ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਘੱਟੋ ਘੱਟ ਸਮਰਥਨ ਮੁੱਲ ਦਾ ਕਾਨੂੰਨੀ ਹੱਕ ਲੈਣ ਤੱਕ ਸੰਘਰਸ਼ ਜਾਰੀ ਰੱਖਣ ਲਈ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਮੋਰਚਾ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਹੈ। ਮੋਰਚੇ ਦੇ ਲੀਗਲ ਪੈਨਲ ਨੇ ਚੀਫ ਜਸਟਿਸ ਤੋਂ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਉਸ ਜੱਜ ਦੀ ਜਵਾਬ-ਤਲਬੀ ਕੀਤੀ ਜਾਵੇ, ਜਿਸ ਨੇ ਸੰਘਰਸ਼ ਕਰ ਰਹੇ ਕਿਸਾਨਾਂ ਬਾਰੇ ਉਨ੍ਹਾਂ ਦਾ ਪੱਖ ਸੁਣੇ ਬਗੈਰ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ।

## ਪੰਜਾਬ 'ਚ ਦੂਜੇ ਰਾਜਾਂ ਤੋਂ ਆਉਂਦਾ ਝੋਨਾ ਰੋਕਣ ਲਈ ਸਖਤੀ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੁਲਿਸ ਵਿਭਾਗ ਨੂੰ ਸਖਤ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਦੂਜੇ ਰਾਜਾਂ ਤੋਂ ਚੌਲ ਅਤੇ ਝੋਨੇ ਦੀ ਗੈਰਕਨੂੰਨੀ ਆਮਦ ਨੂੰ ਰੋਕਣ ਲਈ ਸਖਤੀ ਕਰੇ। ਉਨ੍ਹਾਂ ਐਸ.ਐਸ.ਪੀਜ਼ ਨੂੰ ਚਿਤਾਵਨੀ ਦਿੱਤੀ ਕਿ ਉਹ ਸਾਰੇ ਮੁੱਖ ਮਾਰਗਾਂ ਅਤੇ ਲਿੰਕ ਸੜਕਾਂ 'ਤੇ ਦਿਨ ਰਾਤ ਨਾਕੇ ਲਗਾਉਣ ਅਤੇ ਪੰਜਾਬ ਦੇ ਨਾਲ ਲੱਗਦੇ ਸੂਬਿਆਂ ਦੀਆਂ ਸਰਹੱਦਾਂ ਰਾਹੀਂ ਦੀ ਆਮਦ ਨੂੰ ਰੋਕਣ ਲਈ ਵਾਹਨਾਂ ਦੀ ਸਖਤੀ ਨਾਲ ਜਾਂਚ ਕਰਨ। ਉਨ੍ਹਾਂ ਪ੍ਰਮੁੱਖ ਸਕੱਤਰ, ਗ੍ਰਹਿ ਅਤੇ ਡੀ.ਜੀ.ਪੀ. ਨੂੰ ਵੀ ਪੱਤਰ ਲਿਖਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਦੂਜੇ ਰਾਜਾਂ ਤੋਂ ਝੋਨੇ ਦੇ ਗੈਰਕਨੂੰਨੀ ਆਮਦ ਰੋਕਣ ਲਈ ਜ਼ਿਲ੍ਹਿਆਂ ਵਿਚ ਵਾਧੂ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣ।

## ਕਿਸਾਨਾਂ ਨੂੰ ਪਰੇਸ਼ਾਨ ਕਰ ਰਹੀਆਂ ਨੇ ਸਰਕਾਰਾਂ: ਭਗਵੰਤ

**ਸੰਗਰੂਰ:** ਕੇਂਦਰ ਸਰਕਾਰ ਦੇ ਫੈਸਲਿਆਂ ਨੂੰ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਬਦਲਾਖੋਰੀ ਦੀ ਭਾਵਨਾ ਨਾਲ ਚੁੱਕਿਆ ਨਾਦਰਸ਼ਾਹੀ ਕਦਮ ਕਰਾਰ ਦਿੱਤਾ ਹੈ। ਮਾਨ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅੰਨ ਦੀ ਪੂਰਤੀ ਲਈ ਪੰਜਾਬ ਕੋਲੋਂ ਇਕ ਬਲਦ ਵਾਂਗ ਕੰਮ ਲੈ ਕੇ ਹੁਣ ਉਸ ਨੂੰ ਲਾਵਾਰਸ ਛੱਡ ਰਹੀ ਹੈ, ਨਤੀਜੇ ਵਜੋਂ ਐਫ.ਸੀ.ਆਈ. ਨੇ ਤੁਰਤ ਪ੍ਰਭਾਵ ਤੋਂ ਸੂਬੇ 'ਚੋਂ ਝੋਨਾ ਖਰੀਦਣ ਤੋਂ ਹੱਥ ਪਿੱਛੇ ਖਿੱਚ ਲਿਆ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਤੇ ਇਸ ਦੀਆਂ ਖਰੀਦ ਏਜੰਸੀਆਂ ਮੰਡੀਆਂ 'ਚੋਂ ਗਾਇਬ ਹਨ।

# ਪੰਜਾਬ ਵਿਚ ਟਰਾਂਸਪੋਰਟ ਮਾਫੀਆ ਦੀ ਆਈ ਸ਼ਾਮਤ

**ਚੰਡੀਗੜ੍ਹ:** ਪੰਜਾਬ ਵਿਚ ਇਕ-ਇਕ ਪਰਮਿਟ 'ਤੇ ਚੱਲਦੀਆਂ ਚਾਰ-ਚਾਰ ਬੱਸਾਂ ਨੂੰ ਨਵੇਂ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਰੇਕਾਂ ਲਵਾ ਦਿੱਤੀਆਂ ਹਨ। ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਥੇ ਟਰਾਂਸਪੋਰਟ ਅਧਿਕਾਰੀ ਨੂੰ ਪਰਮਿਟ ਅਤੇ ਟੈਕਸ ਦੀ ਅਦਾਇਗੀ ਤੋਂ ਬਿਨਾਂ ਸੜਕਾਂ 'ਤੇ ਚੱਲਦੀਆਂ ਬੱਸਾਂ ਬੰਦ ਕਰਨ ਦੇ ਹੁਕਮ ਦਿੱਤੇ।



ਉਨ੍ਹਾਂ ਕਿਹਾ ਕਿ ਭਾਵੇਂ ਕੋਈ ਕਿੰਨਾ ਵੀ ਵੱਡਾ ਸਿਆਸੀ ਰਸੂਖ ਵਾਲਾ ਟਰਾਂਸਪੋਰਟਰ ਹੋਵੇ, ਬੇਖ਼ੌਫ ਕਾਰਵਾਈ ਕੀਤੀ ਜਾਵੇ। ਰਾਜਾ ਵੜਿੰਗ ਨੇ ਕਿਹਾ ਕਿ ਉਹ 15 ਦਿਨਾਂ ਦੇ ਅੰਦਰ-ਅੰਦਰ ਟਰਾਂਸਪੋਰਟ ਮਾਫੀਆ ਖਤਮ ਕਰ ਦੇਣਗੇ ਤੇ ਇਹ ਪਹਿਲੀ ਵਾਰ ਹੋਵੇਗਾ ਕਿ ਪੰਜਾਬ ਰੋਡਵੇਜ਼, ਪਨਬੱਸ ਤੇ ਪੀ.ਆਰ.ਟੀ.ਸੀ. ਟਰਾਂਸਪੋਰਟ ਮੁਨਾਫੇ 'ਚ ਚਲੀ ਜਾਵੇਗੀ।

ਰਾਜਾ ਵੜਿੰਗ ਦੇ ਹੁਕਮਾਂ ਮਗਰੋਂ ਰਿਜਨਲ ਟਰਾਂਸਪੋਰਟ ਅਥਾਰਟੀ ਅਤੇ ਪੁਲਿਸ ਪ੍ਰਸ਼ਾਸਨ ਨੇ 40 ਗੈਰਕਾਨੂੰਨੀ ਟੂਰਿਸਟ ਬੱਸਾਂ ਆਪਣੇ ਕਬਜ਼ੇ ਵਿਚ ਲੈ ਲਈਆਂ ਹਨ। ਲੁਧਿਆਣਾ ਵਿਚ ਸਫਾਈ ਮੁਹਿੰਮ ਦੀ ਸ਼ੁਰੂਆਤ ਕਰਨ ਪਹੁੰਚੇ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਰੋਡਵੇਜ਼, ਪਨਬੱਸ ਅਤੇ ਪੀ.ਆਰ.ਟੀ.ਸੀ. ਨੂੰ ਨੁਕਸਾਨ ਪਹੁੰਚਾਉਣ ਵਾਲੇ ਟਰਾਂਸਪੋਰਟ ਮਾਫੀਆ ਨੂੰ ਪੂਰੀ ਤਰ੍ਹਾਂ ਨਕੇਲ ਪਾਈ ਜਾਵੇਗੀ।

ਨਾਜਾਇਜ਼ ਪਰਮਿਟ ਅਤੇ ਟੈਕਸ ਨਾ ਦੇਣ ਵਾਲੀਆਂ ਬੱਸਾਂ ਨੂੰ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਇਕ ਵ੍ਹੱਟਸਐਪ ਨੰਬਰ ਜਾਰੀ ਕਰਨਗੇ, ਜਿਸ 'ਤੇ ਲੋਕ, ਟਰਾਂਸਪੋਰਟਰ ਅਤੇ ਮੁਲਾਜ਼ਮ ਆਪਣੀਆਂ ਮੁਸ਼ਕਲਾਂ ਦੱਸ ਸਕਦੇ ਹਨ।

ਨਵੇਂ ਬਣੇ ਟਰਾਂਸਪੋਰਟ ਮੰਤਰੀ ਵੱਲੋਂ ਵਿਭਾਗ ਦੇ ਅਧਿਕਾਰੀਆਂ ਨੂੰ ਨਾਜਾਇਜ਼ ਬੱਸਾਂ ਰੋਕਣ ਦੇ ਦਿੱਤੇ ਹੁਕਮਾਂ ਦੇ ਚੱਲਦਿਆਂ ਰੋਡਵੇਜ਼ ਦੇ ਜਨਰਲ ਮੈਨੇਜਰ ਖੁਦ ਬੱਸ ਅੱਡਿਆਂ 'ਤੇ ਪਹਿਰਾ ਦੇ ਰਹੇ ਹਨ। ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਲੰਮੇ ਸਮੇਂ ਤੋਂ ਮੰਗ ਕਰਦੀ ਆ ਰਹੀ ਸੀ ਕਿ ਨਾਜਾਇਜ਼ ਚੱਲਦੀਆਂ ਬੱਸਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਮੌਜੂਦਾ ਸੱਤਾਧਾਰੀ ਧਿਰ ਦੇ ਕਈ ਆਗੂਆਂ ਦੀਆਂ ਬੱਸਾਂ ਵੀ ਲੰਮੇ ਸਮੇਂ ਤੋਂ ਧੱਕੇ ਨਾਲ ਚੱਲ ਰਹੀਆਂ ਹਨ। ਵੱਡੇ ਟਰਾਂਸਪੋਰਟਰਾਂ ਵਿਚੋਂ ਜ਼ਿਆਦਾਤਰ ਕਾਂਗਰਸ ਤੇ ਅਕਾਲੀ ਦਲ ਦੇ ਆਗੂ ਹਨ। ਜਲੰਧਰ ਦਾ ਬੱਸ ਅੱਡਾ ਜਿਥੋਂ ਹਰ ਦੋ ਮਿੰਟ ਬਾਅਦ ਬੱਸ ਬਾਹਰ ਨਿਕਲਦੀ ਹੈ, ਉਥੇ 2007 ਤੋਂ 2017 ਤੱਕ ਇਨ੍ਹਾਂ ਟਰਾਂਸਪੋਰਟਰਾਂ ਦੀਆਂ ਬੱਸਾਂ ਦਾ ਹੀ ਰਾਜ ਰਿਹਾ ਹੈ। ਸਮਾਂ ਸਾਰਣੀ ਤਿਆਰ ਕਰਨ ਵੇਲੇ ਵੀ ਖਾਸ ਤੌਰ 'ਤੇ ਇਨ੍ਹਾਂ ਬੱਸਾਂ ਦਾ ਖਿਆਲ ਰੱਖਿਆ ਜਾਂਦਾ ਰਿਹਾ ਹੈ। ਜਲੰਧਰ ਵਿਚ ਬੱਸ ਅੱਡੇ ਸਮੇਤ ਇਥੋਂ ਦੇ ਪੀ.ਏ.ਪੀ. ਚੌਕ ਤੋਂ ਵੀ ਨਾਜਾਇਜ਼ ਬੱਸਾਂ ਚੱਲਦੀਆਂ ਸਨ ਤੇ ਅੰਮ੍ਰਿਤਸਰ, ਲੁਧਿਆਣਾ, ਮੁਹਾਲੀ ਤੇ ਹੋਰ ਸ਼ਹਿਰਾਂ ਨੂੰ ਜਾਣ ਵਾਲੀਆਂ ਨਿੱਜੀ ਬੱਸਾਂ ਹਰ ਵੇਲੇ ਇਥੇ ਮੌਜੂਦ ਹੁੰਦੀਆਂ ਸਨ। ਇਸੇ ਤਰ੍ਹਾਂ ਰਾਮਾਮੰਡੀ ਚੌਕ ਤੇ ਪਠਾਨਕੋਟ ਚੌਕ ਤੋਂ ਚੱਲਦੀਆਂ ਬੱਸਾਂ ਨੂੰ ਵੀ ਠੱਲ੍ਹ ਪਈ ਹੈ। ਜਾਣਕਾਰੀ ਅਨੁਸਾਰ ਜਿਹੜੀਆਂ ਨਾਜਾਇਜ਼ ਬੱਸਾਂ ਰੋਕੀਆਂ ਗਈਆਂ ਹਨ, ਉਨ੍ਹਾਂ ਵਿੱਚ ਵਿਰੋਧੀ ਧਿਰ ਦੇ ਨਾਲ-ਨਾਲ ਸੱਤਾਧਾਰੀ ਧਿਰ ਦੇ ਆਗੂਆਂ ਦੀਆਂ ਬੱਸਾਂ ਵੀ ਸ਼ਾਮਲ ਹਨ।

ਉਨ੍ਹਾਂ ਬਗੈਰ ਪਰਮਿਟ ਜਾਂ ਇਕੋ ਪਰਮਿਟ 'ਤੇ ਦੌੜਦੀਆਂ ਕਈ-ਕਈ ਬੱਸਾਂ ਅਤੇ ਬੱਸ ਤੋਂ ਬੱਸ ਦਰਮਿਆਨ ਰਵਾਨਗੀ ਦੇ ਟਾਈਮ ਨੂੰ ਛੇਤੀ ਹੀ ਤਰਕਸੰਗਤ ਬਣਾਏ ਜਾਣ ਦੀ ਗੱਲ ਵੀ ਕਹੀ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਵਿਭਾਗ ਨਾਲ ਧੋਖਾ ਕਰਨ ਵਾਲੇ ਕਿਸੇ ਵੀ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਤੋਂ ਪਹਿਲਾਂ ਟਰਾਂਸਪੋਰਟ ਮੰਤਰੀ ਦਾ ਗੈਸਟ ਹਾਊਸ ਵਿਚ ਪਹੁੰਚਣ 'ਤੇ ਪੀ.ਆਰ.ਟੀ.ਸੀ. ਦੇ ਜਨਰਲ ਮੈਨੇਜਰ ਰਮਨ ਸ਼ਰਮਾ ਅਤੇ ਖੇਤਰੀ ਟਰਾਂਸਪੋਰਟ ਅਫਸਰ ਬਠਿੰਡਾ ਨੇ ਸਵਾਗਤ ਕੀਤਾ।

## ਬੱਸ ਅੱਡਿਆਂ ਵਿਚੋਂ ਕਬਜ਼ੇ ਖਤਮ ਕਰਨ ਲਈ ਮੁਹਿੰਮ

**ਚੰਡੀਗੜ੍ਹ:** ਵੜਿੰਗ ਨੇ ਕਿਹਾ ਕਿ ਬੱਸ ਅੱਡਿਆਂ ਦੀ ਹਫਤੇ ਅੰਦਰ-ਅੰਦਰ ਦਿੱਖ ਬਦਲਣ ਲਈ ਵੱਡੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਰਾਜ ਦੇ ਬੱਸ ਅੱਡਿਆਂ 'ਚੋਂ ਨਾਜਾਇਜ਼ ਕਬਜ਼ੇ ਖਤਮ ਕਰਕੇ ਸਾਫ-ਸਫਾਈ ਵਾਲਾ ਚੰਗਾ ਮਾਹੌਲ ਸਿਰਜਣ ਦਾ ਵਾਅਦਾ ਵੀ ਕੀਤਾ। ਉਨ੍ਹਾਂ ਆਖਿਆ ਕਿ ਕੁਝ ਟਰਾਂਸਪੋਰਟਰ ਜਾਣ-ਬੁੱਝ ਕੇ ਟੈਕਸਾਂ ਦੀ ਅਦਾਇਗੀ ਨਹੀਂ ਕਰ ਰਹੇ, ਜਿਸ ਕਰਕੇ ਹੁਣ ਸਰਕਾਰ ਬਕਾਇਆ ਟੈਕਸ ਸਖਤੀ ਨਾਲ ਵਸੂਲੇਗੀ। ਉਨ੍ਹਾਂ ਕਿਹਾ ਕਿ ਟੈਕਸ ਨਾ ਭਰਨ ਵਾਲੇ ਟਰਾਂਸਪੋਰਟਰਾਂ ਦੀਆਂ ਬੱਸਾਂ ਬੰਦ ਕੀਤੀਆਂ ਜਾਣਗੀਆਂ ਅਤੇ ਵੱਡੇ-ਛੋਟੇ ਟਰਾਂਸਪੋਰਟਰਾਂ ਵਿਚਲਾ ਪਾੜਾ ਪੂਰਨ ਲਈ ਛੋਟੇ ਟਰਾਂਸਪੋਰਟਰਾਂ ਦੇ ਸੁਝਾਅ ਤੇ ਸ਼ਿਕਾਇਤਾਂ ਦੀ ਸੁਣਵਾਈ ਤਰਜੀਹੀ ਆਧਾਰ 'ਤੇ ਹੋਵੇਗੀ।

# ਲੋਕ ਰੋਹ ਦੇਖ ਭਾਜਪਾ ਨੇ ਪੰਜਾਬ 'ਚ ਚੋਣ ਪ੍ਰਚਾਰ ਦਾ ਢੰਗ ਬਦਲਿਆ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ 'ਚ ਸੂਬੇ ਦੀਆਂ ਹਿੰਦੂ ਬਹੁ-ਗਿਣਤੀ ਵਾਲੀਆਂ ਕਰੀਬ 45 ਸੀਟਾਂ 'ਤੇ ਜ਼ਿਆਦਾ ਧਿਆਨ ਦੇਣ ਦਾ ਮਨ ਬਣਾ ਚੁੱਕੀ ਭਾਜਪਾ ਨੇ ਹੁਣ ਕਿਸਾਨ ਯੂਨੀਅਨਾਂ ਵੱਲੋਂ ਲਗਾਤਾਰ ਹੋ ਰਹੇ ਵਿਰੋਧ ਦੇ ਚੱਲਦਿਆਂ ਪੰਜਾਬ 'ਚ ਚੋਣ ਪ੍ਰਚਾਰ ਕਰਨ ਦਾ ਢੰਗ ਵੀ ਬਦਲ ਲਿਆ ਹੈ। ਤਕਰੀਬਨ ਦੋ ਦਹਾਕੇ ਅਕਾਲੀ ਦਲ ਨਾਲ ਗਠਜੋੜ ਕਰ ਕੇ 23 ਸੀਟਾਂ 'ਤੇ ਚੋਣ ਲੜਨ ਵਾਲੀ ਭਾਜਪਾ ਇਸ ਵਾਰ ਸੂਬੇ ਦੀਆਂ ਸਾਰੀਆਂ 117 ਸੀਟਾਂ ਉਤੇ ਇਕੱਲਿਆਂ ਹੀ ਚੋਣ ਲੜਨ ਦਾ ਐਲਾਨ ਕਰ ਚੁੱਕੀ ਹੈ। ਬੇਸ਼ੱਕ ਪਾਰਟੀ ਨੇ ਅਜੇ ਕਿਸੇ ਵੀ ਸੀਟ 'ਤੇ ਆਪਣਾ ਕੋਈ ਉਮੀਦਵਾਰ ਨਹੀਂ ਐਲਾਨਿਆ ਤੇ ਨਾ ਹੀ ਪੂਰੇ ਸੂਬੇ 'ਚ ਅਜਿਹੀ ਕੋਈ ਪ੍ਰਕਿਰਿਆ ਸ਼ੁਰੂ ਕੀਤੀ ਹੈ।

ਕੁਝ ਸਮਾਂ ਪਹਿਲਾਂ 117 ਹਲਕਿਆਂ 'ਚ ਨਿਯੁਕਤ ਕੀਤੇ ਇੰਚਾਰਜਾਂ ਰਾਹੀਂ ਆਪਣੀਆਂ ਰਾਜਨੀਤਿਕ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ, ਪਰ ਸੂਬੇ 'ਚ ਕਿਸਾਨ ਯੂਨੀਅਨਾਂ ਵੱਲੋਂ ਭਾਜਪਾ ਦੇ ਲਗਾਤਾਰ ਕੀਤੇ ਜਾ ਰਹੇ ਵਿਰੋਧ ਦੇ ਚੱਲਦਿਆਂ ਪਾਰਟੀ ਨੂੰ ਆਪਣੀਆਂ ਰਾਜਨੀਤਿਕ ਸਰਗਰਮੀਆਂ ਨੂੰ ਵਧਾਉਣ 'ਚ ਵੱਡੀ ਮੁਸ਼ਕਲ ਆ ਰਹੀ ਹੈ ਕਿਉਂਕਿ ਸੂਬੇ 'ਚ ਅਨੇਕਾਂ ਥਾਵਾਂ ਉਤੇ ਭਾਜਪਾ ਦੇ ਸੀਨੀਅਰ ਆਗੂਆਂ ਦਾ ਘਿਰਾਓ ਹੋ ਚੁੱਕਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਪੈਦਾ ਹੋਈ ਸਥਿਤੀ 'ਚ ਭਾਜਪਾ ਆਗੂਆਂ ਨੂੰ ਜਨਤਕ ਮੀਟਿੰਗਾਂ ਕਰਨ ਦੀ ਬਜਾਏ ਛੋਟੀਆਂ ਤੇ ਘਰਾਂ ਵਿਚ ਜਾ ਕੇ ਹੀ ਮੀਟਿੰਗਾਂ ਕਰਨ ਲਈ ਕਿਹਾ ਗਿਆ ਹੈ।

ਵਿਧਾਨ ਸਭਾ ਹਲਕਿਆਂ ਲਈ ਨਿਯੁਕਤ ਕੀਤੇ ਇੰਚਾਰਜਾਂ ਨੂੰ ਹਰ ਬੂਥ 'ਤੇ 10 ਮੈਂਬਰਾਂ ਦੀ ਕਮੇਟੀ ਬਣਾਉਣ ਲਈ ਕਿਹਾ ਗਿਆ ਹੈ ਤੇ ਸੋਸ਼ਲ ਮੀਡੀਆ ਗਰੁੱਪ ਬਣਾਉਣ ਦੇ ਨਾਲ-ਨਾਲ ਆਰ.ਐਸ.ਐਸ. ਨਾਲ ਸਬੰਧਤ ਪਰਿਵਾਰਾਂ ਨਾਲ ਸੰਪਰਕ ਰੱਖਣ ਲਈ ਕਿਹਾ ਗਿਆ ਹੈ। ਇਸ ਸਬੰਧੀ ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਤੇ ਅਮਰਗੜ੍ਹ ਹਲਕੇ ਦੇ ਇੰਚਾਰਜ ਸੁਨੀਲ ਗੋਇਲ ਡਿੰਪਲ ਨੇ ਕਿਹਾ ਕਿ ਫਿਲਹਾਲ ਪਾਰਟੀ ਸ਼ਹਿਰਾਂ 'ਚ ਹੀ ਪ੍ਰਚਾਰ ਕਰ ਰਹੀ ਹੈ ਤੇ ਘਰ-ਘਰ ਜਾ ਕੇ ਛੋਟੀਆਂ ਬੈਠਕਾਂ ਕੀਤੀਆਂ ਜਾ ਰਹੀਆਂ ਹਨ। ਹਰ ਬੂਥ 'ਤੇ 10 ਮੈਂਬਰੀ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ, ਹਰ ਬੂਥ ਉਤੇ ਦਸ ਬੂਥ ਦਾ ਨਾਅਰਾ ਪਾਰਟੀ ਵੱਲੋਂ ਦਿੱਤਾ ਗਿਆ ਹੈ ਜੋ ਪੂਰਾ ਕੀਤਾ ਜਾ ਰਿਹਾ ਹੈ। ਦਸ ਬੂਥਾਂ ਪਿੱਛੇ ਇਕ ਸ਼ਕਤੀ ਕੇਂਦਰ ਬਣਾਇਆ ਜਾਵੇਗਾ।

# ਕੈਪਟਨ ਦੇ ਵਫਾਦਾਰਾਂ ਤੋਂ ਖੁੱਸੀਆਂ ਸਰਕਾਰੀ ਸਹੂਲਤਾਂ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰਾਂ ਅਤੇ ਵਿਸ਼ੇਸ਼ ਕਾਰਜ ਸਾਧਕ ਅਫਸਰਾਂ (ਓ.ਐਸ.ਡੀਜ਼.) ਨਾਲ ਤਾਇਨਾਤ ਸੁਰੱਖਿਆ ਕਰਮਚਾਰੀਆਂ ਨੂੰ ਤੁਰਤ ਵਾਪਸ ਬੁਲਾਉਣ ਦੇ ਹੁਕਮ ਦਿੱਤੇ ਗਏ ਹਨ। ਸਾਬਕਾ ਮੁੱਖ ਮੰਤਰੀ ਦੇ ਕਰੀਬੀਆਂ ਨੂੰ ਸਰਕਾਰੀ ਗੱਡੀਆਂ ਅਤੇ ਤੇਲ ਦੀ ਮੁਫਤ ਸਹੂਲਤ ਵੀ ਦਿੱਤੀ ਗਈ ਸੀ ਤੇ ਸਰਕਾਰ ਨੇ ਸੁਰੱਖਿਆ ਵਾਹਨ ਵੀ ਵਾਪਸ ਮੰਗਵਾਉਣ ਦੇ ਹੁਕਮ ਦਿੱਤੇ ਸਨ।

ਸੂਤਰਾਂ ਦਾ ਦੱਸਣਾ ਹੈ ਕਿ ਦੋ ਦਿਨ ਪਹਿਲਾਂ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਹੋਰਨਾਂ ਮੰਤਰੀਆਂ ਨੇ ਸੂਬੇ ਦੇ ਡੀ.ਜੀ.ਪੀ. ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਇਕ ਮੀਟਿੰਗ 'ਚ ਬੁਲਾ ਕੇ ਸਾਬਕਾ ਮੁੱਖ ਮੰਤਰੀ ਅਤੇ ਹੋਰਨਾਂ ਵਿਅਕਤੀਆਂ ਨਾਲ ਤਾਇਨਾਤ ਸੁਰੱਖਿਆ ਕਰਮਚਾਰੀ ਵਾਪਸ ਬੁਲਾਉਣ ਲਈ ਕਿਹਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨੇ ਆਪਣੀ ਖੁਦ ਦੀ ਸੁਰੱਖਿਆ ਵਿਚ ਤਾਇਨਾਤ ਕਰਮਚਾਰੀਆਂ ਦੀ ਗਿਣਤੀ ਘਟਾਉਣ ਲਈ ਵੀ ਡੀ.ਜੀ.ਪੀ. ਨੂੰ ਪੱਤਰ ਲਿਖਿਆ ਸੀ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਦੇ ਸਲਾਹਕਾਰਾਂ ਅਤੇ ਓ.ਐਸ.ਡੀਜ਼.



ਨਾਲ 500 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਸਨ। ਵਧੀਕ ਡੀ.ਜੀ.ਪੀ. (ਸੁਰੱਖਿਆ) ਵੱਲੋਂ ਇਹ ਪੱਤਰ ਡੀ.ਜੀ.ਪੀ. ਹੋਮ ਗਾਰਡ, ਪੁਲਿਸ ਕਮਿਸ਼ਨਰਾਂ, ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਅਤੇ ਹੋਰਨਾਂ ਸਬੰਧਤ ਅਧਿਕਾਰੀਆਂ ਨੂੰ ਲਿਖਿਆ ਗਿਆ ਹੈ। ਵਧੀਕ ਡੀ.ਜੀ.ਪੀ. (ਸੁਰੱਖਿਆ) ਵੱਲੋਂ ਜਿਹੜਾ ਪੱਤਰ ਜਾਰੀ ਕੀਤਾ ਗਿਆ ਹੈ, ਉਸ ਵਿਚ ਸਾਬਕਾ ਮੁੱਖ ਮੰਤਰੀ ਦੇ ਸੀਨੀਅਰ ਸਲਾਹਕਾਰ ਤੇ ਸਾਬਕਾ ਫੌਜੀ ਅਫਸਰ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਟੀ.ਐਸ. ਸ਼ੇਰਗਿੱਲ, ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਮੇਜਰ ਅਮਰਦੀਪ ਸਿੰਘ, ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ, ਸੰਦੀਪ ਸਿੰਘ ਬਰਾੜ, ਦਮਨਜੀਤ ਸਿੰਘ ਮੋਹੀ, ਸੰਦੀਪ ਸਿੰਘ ਸੰਧੂ, ਅੰਕਿਤ ਬਾਂਸਲ, ਜਗਦੀਪ ਸਿੰਘ ਸਿੱਧੂ, ਗੁਰਮੇਹਰ ਸਿੰਘ ਸੇਖੋਂ, ਹਨੀ ਸੇਖੋਂ, ਕਰਨਬੀਰ ਸਿੰਘ, ਨਰਿੰਦਰ ਭਾਂਬਰੀ, ਪਰਮਿੰਦਰ ਪਾਲ ਸਿੰਘ ਮਾਨ, ਵਿਮਲ ਸੁੰਬਲੀ, ਖੁਬੀ ਰਾਮ, ਜੀ.ਐਸ. ਸੋਢੀ, ਸੁਰੇਸ਼ ਕੁਮਾਰ ਅਤੇ ਭਰਤਇੰਦਰ ਸਿੰਘ ਚਹਿਲ ਦਾ ਨਾਮ ਸ਼ਾਮਲ ਹੈ। ਇਸ ਤਰ੍ਹਾਂ ਕੁੱਲ 20 ਵਿਅਕਤੀ ਹਨ। ਇਨ੍ਹਾਂ ਵਿਅਕਤੀਆਂ ਵਿਚੋਂ ਕੁਝ ਕੁ ਵਿਅਕਤੀਆਂ ਖਾਸ ਕਰ ਕੇ ਮੀਡੀਆ ਸਲਾਹਕਾਰ ਤੇ ਮੁੱਖ ਪ੍ਰਮੁੱਖ ਸਕੱਤਰ ਨੇ ਤਾਂ ਸੁਰੱਖਿਆ ਅਤੇ ਗੱਡੀਆਂ ਵਾਪਸ ਵੀ ਕਰ ਦਿੱਤੀਆਂ ਹਨ।

# ਦੀਪ ਸਿੱਧੂ ਵੱਲੋਂ ਹੁਣ ਨਵੀਂ ਜਥੇਬੰਦੀ 'ਵਾਰਿਸ ਪੰਜਾਬ ਦੇ' ਦਾ ਐਲਾਨ

**ਚੰਡੀਗੜ੍ਹ:** ਕਿਸਾਨ ਸੰਘਰਸ਼ ਦੌਰਾਨ ਵਿਵਾਦਾਂ 'ਚ ਘਿਰੇ ਅਦਾਕਾਰ ਅਤੇ ਨੌਜਵਾਨ ਕਾਰਕੁਨ ਦੀਪ ਸਿੱਧੂ ਨੇ ਚੰਡੀਗੜ੍ਹ ਵਿਚ ਪੰਜਾਬ ਦੇ ਹਿੱਤਾਂ ਲਈ ਪਹਿਰਾ ਦੇਣ ਦਾ ਹੋਕਾ ਦਿੰਦਿਆਂ ਨਵੀਂ ਜਥੇਬੰਦੀ 'ਵਾਰਿਸ ਪੰਜਾਬ ਦੇ' ਦਾ ਐਲਾਨ ਕੀਤਾ ਹੈ। ਉਸ ਨੇ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਲੋਕਾਂ ਨੂੰ ਧਰਮ ਅਤੇ ਜਾਤ ਦੇ ਆਧਾਰ 'ਤੇ ਵੰਡਣ ਲੱਗੀਆਂ ਹਨ ਜਦੋਂਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਰਾਜਨੀਤਕ ਨਾ ਹੋ ਕੇ ਪੰਜਾਬੀਆਂ ਦੇ ਹਿੱਤਾਂ ਲਈ ਸੰਘਰਸ਼ ਕਰੇਗੀ। ਉਨ੍ਹਾਂ ਇਸ਼ਾਰਾ ਕੀਤਾ ਕਿ ਜਥੇਬੰਦੀ ਵਿਧਾਨ ਸਭਾ ਚੋਣਾਂ ਵਿਚ ਕਿਸੇ ਪੰਜਾਬ ਪੱਖੀ ਪਾਰਟੀ ਦੀ ਹਮਾਇਤ ਕਰ ਸਕਦੀ ਹੈ। ਇਸ ਮੌਕੇ ਜੱਗੀ ਬਾਬਾ, ਜੁਗਰਾਜ ਸਿੰਘ, ਰਣਜੀਤ ਸਿੰਘ, ਗੁਰਸੇਵਕ ਸਿੰਘ ਭਾਣਾ, ਸੁਖਰਾਜ ਸਿੰਘ ਵੀ ਹਾਜ਼ਰ ਰਹੇ। ਸਿੱਧੂ ਨੇ ਕਿਹਾ ਕਿ ਸਿਆਸੀ ਪਾਰਟੀਆਂ ਆਪਣੇ ਨਿੱਜੀ ਹਿੱਤ ਪੂਰੇ ਕਰਨ ਲਈ ਲੋਕ ਵਿਰੋਧੀ ਕਾਨੂੰਨ ਤਿਆਰ ਕਰ ਰਹੀਆਂ ਹਨ, ਜਿਨ੍ਹਾਂ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਰਾਜਾਂ ਦੀ ਖੁਦਮੁਖਤਿਆਰੀ ਅਤੇ ਮੂਲ ਹੱਕਾਂ ਦੀ ਪ੍ਰਾਪਤੀ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਸਿੱਧੂ ਨੇ ਕਿਹਾ ਕਿ ਉਹ ਪਹਿਲੇ ਦਿਨ ਤੋਂ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਲੜਾਈ ਲੜ ਰਿਹਾ ਹੈ, ਭਵਿੱਖ ਵਿਚ ਵੀ ਇਹ ਲੜਾਈ ਜਾਰੀ ਰਹੇਗੀ।

# ਨਵੀਂ ਸਿਆਸੀ ਪਾਰਟੀ ਬਣਾ ਕੇ ਚੋਣਾਂ ਲੜਾਂਗੇ: ਚੜੂਨੀ

**ਘਨੌਰ:** ਇਥੋਂ ਨੇੜਲੇ ਪਿੰਡ ਮਰਦਾਂਪੁਰ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਭਾਰਤੀ ਕਿਸਾਨ ਯੂਨੀਅਨ ਹਰਿਆਣਾ (ਚੜੂਨੀ) ਨੇ ਗੱਲਬਾਤ ਕਰਦਿਆਂ ਕਿਹਾ ਕਿ ਪੂੰਜੀਪਤੀ ਘਰਾਣਿਆਂ ਪੱਖੀ ਖੇਤੀ ਕਾਨੂੰਨ ਬਣਾਉਣ ਵਾਲੀ ਰਵਾਇਤੀ ਸਿਆਸੀ ਪਾਰਟੀਆਂ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਮਿਸ਼ਨ ਪੰਜਾਬ 2022 ਤਹਿਤ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨਵੀਂ ਸਿਆਸੀ ਪਾਰਟੀ ਬਣਾ ਕੇ ਲੜੀਆਂ ਜਾਣਗੀਆਂ।



ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਲੋਕਾਂ ਦੀ ਸਰਕਾਰ ਬਣਾਈ ਜਾਵੇਗੀ, ਜੋ ਲੋਕ ਪੱਖੀ ਕਾਨੂੰਨ ਬਣਾਉਣ ਦੇ ਸਮਰਥ ਹੋਵੇ। ਸ੍ਰੀ ਚੜੂਨੀ ਆਪਣੇ ਜੱਦੀ ਪਿੰਡ ਮਰਦਾਂਪੁਰ ਵਿਚ ਇਕ ਸੋਗ ਸਭਾ ਵਿਚ ਸ਼ਾਮਲ ਹੋਣ ਆਏ ਸਨ। ਉਨ੍ਹਾਂ ਕਿਹਾ ਕਿ ਉਹ ਖੁਦ ਵਿਧਾਨ ਸਭਾ ਚੋਣ ਨਹੀਂ ਲੜਨਗੇ ਪਰ ਨਵੀਂ ਸਿਆਸੀ ਪਾਰਟੀ ਵਿਚ ਕਿਸੇ ਵੀ ਰਵਾਇਤੀ ਸਿਆਸੀ ਪਾਰਟੀ ਦੇ ਵੱਡੇ ਆਗੂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ ਅਤੇ ਵਰਕਰ ਭਾਵੇਂ ਕਿਸੇ ਵੀ ਪਾਰਟੀ ਦਾ ਹੋਵੇ, ਉਹ ਸ਼ਾਮਲ ਹੋ ਸਕੇਗਾ। ਕਿਸਾਨ ਆਗੂ ਨੇ ਕਿਹਾ ਕਿ ਨਵੀਂ ਸਿਆਸੀ ਪਾਰਟੀ ਲਈ ਹਰ ਖੇਤਰ ਦੇ ਲੋਕਾਂ ਨਾਲ ਸੰਪਰਕ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ 10 ਮਹੀਨੇ ਪਹਿਲਾਂ ਪੰਜਾਬ, ਹਰਿਆਣਾ ਤੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪਹੁੰਚ ਕੇ ਜਨ ਅੰਦੋਲਨ ਬਣ ਗਿਆ ਹੈ ਅਤੇ ਇਸ ਵਿਚ ਸ਼ਾਮਲ ਲੋਕਾਂ ਦੇ ਏਕੇ ਨਾਲ ਜਿੱਤ ਵੱਲ ਵਧ ਰਿਹਾ ਹੈ। ਕਿਸਾਨ ਆਗੂ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਜ਼ਮੀਨੀ ਹਕੀਕਤ ਸਮਝਦਿਆਂ ਤੁਰਤ ਖੇਤੀ ਕਾਨੂੰਨ ਰੱਦ ਕਰਨੇ ਚਾਹੀਦੇ ਹਨ।

# ਖੇਤ ਮਜ਼ਦੂਰਾਂ ਤੇ ਬੇਜ਼ਮੀਨਿਆਂ ਦੇ ਕਰਜ਼ੇ 'ਤੇ ਲੀਕ ਫੇਰੀ

**ਚੰਡੀਗੜ੍ਹ:** ਖੇਤ ਮਜ਼ਦੂਰਾਂ ਤੇ ਬੇਜ਼ਮੀਨਿਆਂ ਵੱਲੋਂ ਲਏ ਲਗਭਗ 520 ਕਰੋੜ ਦੇ ਕਰਜ਼ਿਆਂ 'ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਲੀਕ ਮਾਰ ਦਿੱਤੀ ਗਈ ਹੈ। ਇਸ ਮੌਕੇ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਪੰਜਾਬ ਭਰ 'ਚ ਬੇਜ਼ਮੀਨੇ ਤੇ ਖੇਤ ਮਜ਼ਦੂਰਾਂ ਨੇ 25 ਹਜ਼ਾਰ ਰੁਪਏ ਪ੍ਰਤੀ ਵਿਅਕਤੀ ਕਰਜ਼ਾ ਲਿਆ ਹੋਇਆ ਹੈ, ਜਿਸ ਦੀ ਰਕਮ ਸਮੇਤ ਵਿਆਜ ਲਗਭਗ 520 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਕਿਹਾ ਕਿ ਇਹ ਕਰਜ਼ੇ ਸਮੇਤ ਵਿਆਜ ਮੁਆਫ ਕੀਤਾ ਜਾਵੇਗਾ। ਹਲਕਾ ਸ੍ਰੀ ਚਮਕੌਰ ਸਾਹਿਬ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਦੇ 7445 ਖੇਤ ਮਜ਼ਦੂਰਾਂ ਤੇ ਬੇਜ਼ਮੀਨਿਆਂ ਨੂੰ ਲਗਭਗ 12 ਕਰੋੜ ਰੁਪਏ ਦੇ ਕਰਜ਼ਿਆਂ ਤੋਂ ਨਿਜਾਤ ਮਿਲੇਗੀ। ਉਨ੍ਹਾਂ ਵੱਲੋਂ 25 ਲਾਭਪਾਤਰੀਆਂ ਨੂੰ ਸਟੇਜ 'ਤੇ ਬੁਲਾ ਕੇ ਕਰਜ਼ਾ ਰਾਹਤ ਸਰਟੀਫਿਕੇਟ ਵੀ ਵੰਡੇ। ਉਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਜੋ ਸਰਕਾਰੀ ਮੁਲਾਜ਼ਮ 58 ਸਾਲ ਤੋਂ ਬਾਅਦ ਨੌਕਰੀ ਕਰ ਰਹੇ ਹਨ, ਉਨ੍ਹਾਂ ਨੂੰ ਫਾਰਗ ਕਰਕੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਰੂਪਨਗਰ ਜ਼ਿਲ੍ਹੇ ਦੇ 2 ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦੇ ਸਰਟੀਫਿਕੇਟ ਦੇ ਕੇ ਸ਼ੁਰੂਆਤ ਕੀਤੀ ਗਈ।

# ਬਹਿਬਲ: ਐਸ.ਐਸ.ਪੀ. ਵੱਲੋਂ ਸਵੈ-ਰੱਖਿਆ ਲਈ ਗੋਲੀ ਚਲਾਉਣ ਦਾ ਦਾਅਵਾ



**ਫਰੀਦਕੋਟ:** ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੇ ਪਹਿਲੀ ਵਾਰ ਮੀਡੀਆ ਸਾਹਮਣੇ ਆ ਕੇ ਦਾਅਵਾ ਕੀਤਾ ਹੈ ਕਿ ਬਹਿਬਲ ਵਿਚ ਪੁਲਿਸ ਵੱਲੋਂ ਸਵੈ-ਰੱਖਿਆ ਲਈ ਗੋਲੀ ਚਲਾਈ ਗਈ ਸੀ ਅਤੇ ਪੁਲਿਸ ਕਿਸੇ ਵੀ ਅੰਦੋਲਨਕਾਰੀ ਨੂੰ ਮਾਰਨਾ ਨਹੀਂ ਚਾਹੁੰਦੀ ਸੀ।

ਕਤਲ ਅਤੇ ਇਰਾਦਾ ਕਤਲ ਦੇ ਦੋਸ਼ਾਂ 'ਚ ਘਿਰੇ ਸਾਬਕਾ ਜਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਪੂਰੇ ਕਾਂਡ ਦੀ ਸਚਾਈ ਸਾਹਮਣੇ ਲਿਆਉਣ ਲਈ ਉਹ ਲਾਈ ਡਿਟੈਕਟਰ ਟੈਸਟ ਕਰਵਾਉਣ ਲਈ ਤਿਆਰ ਹਨ ਪਰ ਇਹ ਟੈਸਟ ਲਾਈਵ ਹੋਣਾ ਚਾਹੀਦਾ ਹੈ, ਜਿਸ ਨੂੰ ਸਾਰੇ ਲੋਕ ਦੇਖ ਸਕਣ। ਉਨ੍ਹਾਂ ਕਿਹਾ ਕਿ ਕਮਜ਼ੋਰ ਸਿਹਤ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਦਿਲ ਦੇ ਰੋਗ ਹੋਣ ਕਾਰਨ ਉਨ੍ਹਾਂ ਨੇ ਪਹਿਲਾਂ ਲਾਈ ਡਿਟੈਕਟਰ ਲਈ ਸਹਿਮਤੀ ਨਹੀਂ ਦਿੱਤੀ ਸੀ ਪਰ ਪੂਰੇ ਮਾਮਲੇ ਦੀ ਸਚਾਈ ਸਾਹਮਣੇ ਲਿਆਉਣ ਲਈ ਉਹ ਆਪਣੀ ਜਾਨ ਨੂੰ ਜੋਖਮ ਵਿਚ ਪਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਵੀ ਲਾਈ ਡਿਟੈਕਟਰ ਟੈਸਟ ਕਰਾਇਆ ਜਾਵੇ ਅਤੇ ਇਸ ਤੱਥ ਦੀ ਪੜਤਾਲ ਕੀਤੀ ਜਾਵੇ ਕਿ ਕੁੰਵਰ ਵਿਜੈ ਪ੍ਰਤਾਪ ਦੀ ਪੜਤਾਲ ਦੇ ਮਾਪਦੰਡ ਕੀ ਸਨ।

ਉਸ ਨੇ ਇਹ ਸਪੱਸ਼ਟ ਕੀਤਾ ਕਿ ਗੋਲੀ ਚਲਾਉਣ ਦੇ ਹੁਕਮ ਉਸ ਵੱਲੋਂ ਨਹੀਂ ਦਿੱਤੇ ਗਏ ਸਨ ਅਤੇ ਮੌਕੇ 'ਤੇ ਪੁਲਿਸ ਵਲੋਂ ਜੋ ਵੀ ਕਾਰਵਾਈ ਹੋਈ, ਉਹ ਸਵੈ ਰੱਖਿਆ ਤੌਰ 'ਤੇ ਹੋਈ। ਉਸ ਅਨੁਸਾਰ ਇਹ ਨੌਜਵਾਨ ਸਿਆਸਤ ਦੀ ਭੇਟ ਚੜ੍ਹ ਗਏ ਅਤੇ ਇਸ ਮਾਮਲੇ ਦੀ ਸਾਰੀ ਜਾਂਚ ਵੀ ਸਿਆਸੀ ਕਰਨ ਹੋਣ ਨਾਲ ਕਿਸੇ ਕੰਢੇ ਨਹੀਂ ਲੱਗ ਸਕੀ। ਉਨ੍ਹਾਂ ਕਿਹਾ ਕਿ ਮਾਮਲੇ ਵਿਚ ਕੁਝ ਅਫਸਰਾਂ ਨੂੰ ਹੀ ਨਿਸ਼ਾਨਾਂ ਬਣਾਇਆ ਗਿਆ ਜਦ ਕਿ ਮਾਮਲੇ ਨਾਲ ਸਬੰਧਤ ਹੋਰ ਅਫਸਰ ਜਿਨ੍ਹਾਂ ਵਿਚ ਤਤਕਾਲੀ ਆਈ.ਜੀ. ਬਠਿੰਡਾ ਅਤੇ ਐਸ.ਐਸ.ਪੀ. ਫਰੀਦਕੋਟ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਨੂੰ ਜਾਂਚ 'ਚ ਕਲੀਨ ਚਿੱਟ ਦੇ ਦਿੱਤੀ ਗਈ। ਉਨ੍ਹਾਂ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜਾਂਚ ਉਪਰ ਸੁਆਲ ਚੁੱਕਦਿਆਂ ਚੁਣੌਤੀ ਦਿੱਤੀ ਕਿ ਉਨ੍ਹਾਂ ਨਾਲ ਕੁੰਵਰ ਵਿਜੈ ਪ੍ਰਤਾਪ ਵੀ ਆਪਣੀ ਲਾਈ ਡਿਟੈਕਟਰ ਟੈਸਟ ਕਰਵਾਉਣ।

ਉਨ੍ਹਾਂ ਕਿਹਾ ਕਿ ਸਾਡੇ ਇਹ ਟੈਸਟ ਲਾਈਵ ਕੀਤੇ ਜਾਣ ਤਾਂ ਜੋ ਸੱਚ ਲੋਕਾਂ ਸਾਹਮਣੇ ਆ ਸਕੇ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਕੋਟਕਪੂਰਾ ਗੋਲੀਕਾਂਡ ਸਬੰਧੀ ਮੁਅੱਤਲ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਵੀ ਆਪਣਾ ਲਾਈ ਡਿਟੈਕਟਰ ਟੈਸਟ ਕਰਵਾਉਣ ਸਬੰਧੀ ਅਰਜ਼ੀ ਅਦਾਲਤ ਨੂੰ ਦਿੱਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਲਈ ਵੱਖ-ਵੱਖ ਵਿਸ਼ੇਸ਼ ਜਾਂਚ ਟੀਮਾਂ ਬਣਦੀਆਂ ਰਹੀਆਂ ਹਨ ਅਤੇ ਕਈ ਜਾਂਚ ਰਿਪੋਰਟਾਂ ਅਤੇ ਚਲਾਨ ਅਦਾਲਤ 'ਚ ਪੇਸ਼ ਕੀਤੇ ਗਏ ਹਨ ਪਰ ਫਿਰ ਵੀ ਇਨ੍ਹਾਂ ਮਾਮਲਿਆਂ ਵਿਚ ਲੋਕਾਂ ਨੂੰ ਇਨਸਾਫ ਨਹੀਂ ਮਿਲ ਸਕਿਆ ਹੈ।

## ਲੰਮੇ ਵਕਫੇ ਬਾਅਦ ਵੱਡੇ ਬਾਦਲ ਨੇ ਸੰਭਾਲਿਆ ਸਿਆਸੀ ਮੋਰਚਾ

**ਬਠਿੰਡਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੰਬੇ ਵਕਫ਼ੇ ਬਾਅਦ ਪੰਜਾਬ ਦੀ ਸਿਆਸੀ ਸਟੇਜ 'ਤੇ ਪਰਤੇ। ਉਨ੍ਹਾਂ ਦੋ ਸਾਲਾਂ ਤੋਂ ਵੱਧ ਸਮੇਂ ਬਾਅਦ ਬਠਿੰਡਾ ਦੇ ਥਰਮਲ ਗਰਾਊਂਡ ਵਿਚ ਸਿਆਸੀ ਰੈਲੀ ਨੂੰ ਸੰਬੋਧਨ ਕੀਤਾ। ਸ਼੍ਰੋਮਣੀ ਅਕਾਲੀ ਦਲ, ਜੋ ਚਾਰ ਸਾਲ ਵਿਰੋਧੀ ਧਿਰ ਵਿਚ ਬੈਠਣ ਤੋਂ ਬਾਅਦ ਮੁੜ ਸੱਤਾ ਵਿਚ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਵੱਲੋਂ ਇਸ ਰੈਲੀ ਦੌਰਾਨ ਕਿਸਾਨਾਂ ਨੂੰ ਸੰਬੋਧਨ ਕੀਤਾ ਗਿਆ।

ਇਹ ਰੈਲੀ ਪੰਜਾਬ ਦੇ ਮਾਲਵਾ ਖੇਤਰ ਵਿਚ ਕਪਾਹ ਦੀ ਫਸਲ ਦੇ ਖਰਾਬੇ ਦੇ ਵਿਰੋਧ ਵਜੋਂ ਕੀਤੀ ਗਈ। ਲੰਬੇ ਸਮੇਂ ਬਾਅਦ ਸਿਆਸੀ ਸਟੇਜ 'ਤੇ ਪਰਤੇ 93 ਸਾਲਾ ਵੱਡੇ ਬਾਦਲ ਕੋਲੋਂ ਉਨ੍ਹਾਂ ਦੇ ਭਾਸ਼ਣ ਦੇ ਸ਼ੁਰੂ ਵਿਚ ਹੀ ਗਲਤੀ ਹੋ ਗਈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ-ਬਸਪਾ ਵਰਕਰਾਂ ਦੀ ਥਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਵਰਕਰਾਂ ਦਾ ਜਿਕਰ ਕਰਦਿਆਂ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦਾ ਲੰਬੇ ਸਮੇਂ ਤੱਕ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਰਿਹਾ ਹੈ। ਦੋਹਾਂ ਪਾਰਟੀਆਂ ਦਾ ਇਹ ਗੱਠਜੋੜ ਪਿਛਲੇ ਸਾਲ ਖੇਤੀ ਕਾਨੂੰਨਾਂ ਕਾਰਨ ਟੁੱਟਿਆ ਸੀ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਬੋਧਨ 'ਚ ਕਿਹਾ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਨੇ ਤਿੰਨ ਖੇਤੀ ਆਰਡੀਨੈਂਸਾਂ ਨੂੰ ਕਾਨੂੰਨਾਂ ਵਿਚ ਬਦਲਣ ਤੋਂ ਪਹਿਲਾਂ ਕਿਸਾਨਾਂ ਨੂੰ ਭਰੋਸੇ ਵਿਚ ਲੈਣ ਦੇ ਕੀਤੇ ਵਾਅਦਿਆਂ 'ਤੇ ਉਨ੍ਹਾਂ ਨਾਲ ਤੇ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਕਿਹਾ, "ਜਦੋਂ ਸੰਸਦ ਵਿਚ ਬਿੱਲ ਲਿਆ ਕੇ ਇਨ੍ਹਾਂ ਨੂੰ ਕਾਨੂੰਨਾਂ ਵਿਚ ਬਦਲਣ ਦਾ ਯਤਨ ਕੀਤਾ ਗਿਆ ਤਾਂ ਮੈਂ ਠੱਗਿਆ ਮਹਿਸੂਸ ਕੀਤਾ ਅਤੇ ਬਹੁਤ ਤਕਲੀਫ ਹੋਈ। ਜਦੋਂ ਵਿਸ਼ਵਾਸਘਾਤ ਹੋਇਆ ਤਾਂ ਅਸੀਂ ਮੰਤਰੀ ਮੰਡਲ ਤੋਂ ਅਸਤੀਫਾ ਵੀ ਦਿੱਤਾ, ਭਾਜਪਾ ਨਾਲ ਗਠਜੋੜ ਵੀ ਤੋੜਿਆ ਅਤੇ ਮੈਂ ਆਪਣਾ ਪਦਮ ਵਿਭੂਸ਼ਣ ਵੀ ਮੋੜ ਦਿੱਤਾ।"

ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਕਿਸਾਨ ਅੰਦੋਲਨ ਦੀ ਪੁਰਜ਼ੋਰ ਹਮਾਇਤ ਕਰਦਾ ਹੈ ਅਤੇ ਕਿਸਾਨ ਯੂਨੀਅਨਾਂ ਨਾਲ ਡਟ ਕੇ ਖੜ੍ਹਾ ਹੈ। ਬੇਅਦਬੀ ਮਾਮਲੇ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੋ ਉਨ੍ਹਾਂ 'ਤੇ ਬੇਅਦਬੀ ਦੇ ਦੋਸ਼ ਲਾ ਰਹੇ ਹਨ, ਉਹ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੇ ਨਹੀਂ, ਬਲਕਿ ਇੰਦਰਾ ਗਾਂਧੀ ਦੇ ਸ਼ਰਧਾਲੂ ਹਨ, ਜਿਸ ਨੇ ਤਤਕਾਲੀ ਰਾਜਪਾਲ ਬੀਡੀ ਪਾਂਡੇ ਨੂੰ ਸ਼ਰੇਆਮ ਕਿਹਾ ਸੀ ਕਿ "ਮੈਂ ਸ੍ਰੀ ਹਰਿਮੰਦਰ ਸਾਹਿਬ 'ਤੇ ਬੰਬ ਸੁੱਟਣ ਲਈ ਤਿਆਰ ਹਾਂ।" ਉਨ੍ਹਾਂ ਸੰਕੇਤ ਦਿੱਤਾ ਕਿ ਉਹ ਆਉਂਦੇ ਦਿਨੀਂ ਜਨਤਕ ਜੀਵਨ ਵਿਚ ਹੋਰ ਸਰਗਰਮੀ ਨਾਲ ਸ਼ਾਮਲ ਹੋਣਗੇ।

## ਦਿੱਲੀ ਧਰਨਿਆਂ ਦੀ ਮਜ਼ਬੂਤੀ ਲਈ ਕਿਸਾਨਾਂ ਨੇ ਵਹੀਰਾਂ ਘੱਤੀਆਂ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਅਤੇ ਕਿਸਾਨਾਂ ਦੇ ਹਿੱਤਾਂ ਲਈ ਲੜਾਈ ਲੜ ਰਹੀਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸੂਬੇ 'ਚ ਝੋਨੇ ਦੀ ਫਸਲ ਦੀ ਖਰੀਦ ਸ਼ੁਰੂ ਹੋਣ ਤੋਂ ਬਾਅਦ ਦਿੱਲੀ ਦੀਆਂ ਬਰੂੰਹਾਂ 'ਤੇ ਚੱਲ ਰਹੇ ਧਰਨਿਆਂ ਦੀ ਮਜ਼ਬੂਤੀ ਲਈ ਵਹੀਰਾਂ ਘੱਤ ਲਈਆਂ ਹਨ।

ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਕਿਸਾਨਾਂ ਦੇ ਵੱਡੇ ਕਾਫਲੇ ਦਿੱਲੀ ਵੱਲ ਰਵਾਨਾ ਹੋਏ। ਇਸੇ ਤਰ੍ਹਾਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ 'ਚ ਕਾਰਪੋਰੇਟ ਘਰਾਣਿਆਂ, ਰੇਲਵੇ ਪਾਰਕਾਂ, ਟੌਲ ਪਲਾਜ਼ਿਆਂ, ਪੈਟਰੋਲ ਪੰਪਾਂ, ਭਾਜਪਾ ਆਗੂਆਂ ਦੇ ਘਰਾਂ ਅਤੇ ਦਫਤਰਾਂ ਸਾਹਮਣੇ ਧਰਨੇ ਜਾਰੀ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਅਤੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ 'ਚ ਵਾਪਰੀ ਘਟਨਾ ਦੀ ਨਿਖੇਧੀ ਕੀਤੀ।

ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਕਿਸਾਨਾਂ 'ਤੇ ਭਾਜਪਾ ਦੇ ਕੇਂਦਰੀ ਮੰਤਰੀ ਅਤੇ ਉਸ ਦੇ ਪੁੱਤਰ ਨਾਲ ਜੁੜੇ ਕਾਫਲੇ ਨੇ ਪ੍ਰਦਰਸ਼ਨਕਾਰੀਆਂ 'ਤੇ ਗੱਡੀ ਚੜ੍ਹਾ ਦਿੱਤੀ। ਇਸ ਦੌਰਾਨ 4 ਕਿਸਾਨਾਂ ਦੀ ਮੌਤ ਹੋ ਗਈ ਹੈ ਜਦਕਿ 10 ਦੇ ਕਰੀਬ ਜ਼ਖ਼ਮੀ ਹਨ। ਆਗੂਆਂ ਨੇ ਕਿਹਾ ਕਿ ਝੋਨੇ ਦੀ ਖਰੀਦ ਸਬੰਧੀ ਕੇਂਦਰ ਸਰਕਾਰ ਨੂੰ ਕਿਸਾਨ ਜਥੇਬੰਦੀਆਂ ਦੇ ਏਕੇ ਮੂਹਰੇ ਝੁਕਣਾ ਪਿਆ ਹੈ, ਜਿਸ ਤਹਿਤ 11 ਅਕਤੂਬਰ ਤੋਂ ਖਰੀਦ ਦੇ ਆਦੇਸ਼ਾਂ ਨੂੰ ਵਾਪਸ ਲੈਂਦਿਆਂ ਤਿੰਨ ਅਕਤੂਬਰ ਤੋਂ ਹੀ ਖਰੀਦ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੀ ਇਹ ਜਿੱਤ ਭਾਜਪਾ ਆਗੂਆਂ ਨੂੰ ਬਰਦਾਸ਼ਤ ਨਹੀਂ ਹੋ ਰਹੀ ਹੈ। ਦੇਸ਼ ਦਾ ਅੰਨਦਾਤਾ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਘਰ ਨਹੀਂ ਜਾਵੇਗਾ।

### ਮੋਦੀ ਖੇਤੀ ਕਾਨੂੰਨ ਰੱਦ ਕਰਕੇ ਐਮ.ਐਸ.ਪੀ. ਦੀ ਗਾਰੰਟੀ ਦੇਣ: ਭਗਵੰਤ

**ਚੰਡੀਗੜ੍ਹ:** 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁੜ ਖੇਤੀ ਕਾਨੂੰਨਾਂ ਦੀ ਵਕਾਲਤ ਕੀਤੇ ਜਾਣ ਨੂੰ ਤਾਨਾਸ਼ਾਹੀ ਤੇ ਜ਼ਿੱਦ ਕਰਾਰ ਦਿੱਤਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਮੰਗ ਕੀਤੀ ਹੈ ਕਿ ਦੇਸ਼ 'ਚ ਪੈਦਾ ਹੋਏ ਕਿਸਾਨੀ ਸੰਕਟ ਬਾਰੇ ਤੁਰਤ ਸਰਬ ਪਾਰਟੀ ਬੈਠਕ ਬੁਲਾਈ ਜਾਵੇ। ਇਸ ਤੋਂ ਬਾਅਦ ਸਰਬ ਪਾਰਟੀ ਵਫਦ ਇਕਸੁਰ ਹੋ ਕੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰੇ ਅਤੇ ਕੇਂਦਰੀ ਖੇਤੀ ਕਾਨੂੰਨ ਨੂੰ ਰੱਦ ਕਰਾਉਣ ਲਈ ਦਬਾਅ ਬਣਾਏ। ਉਨ੍ਹਾਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੰਨਦਾਤਾ ਦੇ ਹਿੱਤਾਂ ਦੀ ਰੱਖਿਆ ਲਈ ਖੇਤੀ ਕਾਨੂੰਨ ਵਾਪਸ ਲੈ ਲੈਂਦੇ ਹਨ ਤਾਂ ਇਸ ਨਾਲ ਉਨ੍ਹਾਂ ਦੀ ਸ਼ਾਨ ਨਹੀਂ ਘਟੇਗੀ।

## ਪੰਜਾਬ ਪੁਲਿਸ ਦੀ ਸਬ ਇੰਸਪੈਕਟਰਾਂ ਦੀ ਭਰਤੀ ਪ੍ਰੀਖਿਆ ਰੱਦ



**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀਆਂ ਹਦਾਇਤਾਂ 'ਤੇ ਪੰਜਾਬ ਪੁਲਿਸ ਨੇ ਸਬ-ਇੰਸਪੈਕਟਰਾਂ ਦੀਆਂ 560 ਅਸਾਮੀਆਂ ਭਰਨ ਲਈ ਲਈਆਂ ਗਈਆਂ ਪ੍ਰੀਖਿਆਵਾਂ ਨੂੰ ਰੱਦ ਕਰ ਦਿੱਤਾ ਹੈ।

ਪੰਜਾਬ ਪੁਲਿਸ ਦੇ ਚਾਰ ਕਾਡਰ/ਵਿੰਗਜ (ਇਨਵੈਸਟੀਗੇਸ਼ਨ, ਜ਼ਿਲ੍ਹਾ, ਆਰਮਡ ਪੁਲਿਸ ਅਤੇ ਇੰਟੈਲੀਜੈਂਸ) ਦੀਆਂ ਅਸਾਮੀਆਂ ਲਈ ਕੰਪਿਊਟਰ ਆਧਾਰਿਤ ਪ੍ਰੀਖਿਆਵਾਂ 17 ਤੋਂ 24 ਅਗਸਤ ਤੱਕ ਰਾਜ ਦੇ ਵੱਖ-ਵੱਖ ਕੇਂਦਰਾਂ 'ਚ ਕਰਵਾਈਆਂ ਗਈਆਂ ਸਨ। ਪੰਜਾਬ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਭਰਤੀ ਲਈ ਨਵੀਆਂ ਪ੍ਰੀਖਿਆਵਾਂ ਕਰਵਾਉਣ ਦੀਆਂ ਤਰੀਕਾਂ ਨੂੰ ਜਲਦੀ ਨੋਟੀਫਾਈ ਕਰ ਦਿੱਤਾ ਜਾਵੇਗਾ। ਸਬ-ਇੰਸਪੈਕਟਰਾਂ ਦੀ ਭਰਤੀ ਲਈ ਬਣੇ ਭਰਤੀ ਬੋਰਡ ਨੇ ਧੋਖਾਧੜੀ ਅਤੇ ਪ੍ਰੀਖਿਆ ਵਿਚ ਨਕਲ ਦੀਆਂ ਰਿਪੋਰਟਾਂ ਤੋਂ ਬਾਅਦ ਪ੍ਰੀਖਿਆਵਾਂ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ। ਡੀ.ਜੀ.ਪੀ. ਦਫਤਰ ਨੂੰ 27 ਸਤੰਬਰ ਨੂੰ ਰਿਪੋਰਟ ਮਿਲੀ ਸੀ ਅਤੇ ਡੀ.ਜੀ.ਪੀ. ਨੇ ਭਰਤੀ ਬੋਰਡ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਸੀ। ਬੁਲਾਰੇ ਨੇ ਦੱਸਿਆ ਕਿ ਧੋਖਾਧੜੀ ਅਤੇ ਨਕਲ ਸਬੰਧੀ ਸ਼ਿਕਾਇਤਾਂ ਦੇ ਆਧਾਰ 'ਤੇ ਪੰਜਾਬ ਪੁਲਿਸ ਵੱਲੋਂ ਪਹਿਲਾਂ ਹੀ ਤਿੰਨ ਐਫ.ਆਈ.ਆਰਜ. ਮੁਹਾਲੀ, ਪਟਿਆਲਾ ਅਤੇ ਖੰਨਾ ਜ਼ਿਲ੍ਹਿਆਂ 'ਚ ਦਰਜ ਕੀਤੀਆਂ ਜਾ ਚੁੱਕੀਆਂ ਹਨ। ਦਰਜ ਮਾਮਲਿਆਂ ਦੀ ਨਿਰਪੱਖ ਅਤੇ ਤੇਜ਼ੀ ਨਾਲ ਜਾਂਚ ਕਰਨ ਦੇ ਮੱਦੇਨਜਰ ਡੀ.ਜੀ.ਪੀ. ਵੱਲੋਂ 15 ਸਤੰਬਰ ਨੂੰ ਏ.ਡੀ.ਜੀ.ਪੀ. ਪ੍ਰਮੋਦ ਬਾਨ (ਵਿਸ਼ੇਸ਼ ਅਪਰਾਧ ਅਤੇ ਆਰਥਿਕ ਅਪਰਾਧ ਵਿੰਗ) ਦੀ ਅਗਵਾਈ ਵਿਚ ਇਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਵੀ ਕੀਤਾ ਗਿਆ ਸੀ। ਸਿਟ ਵੱਲੋਂ ਉਕਤ ਮਾਮਲਿਆਂ ਦੀ ਜਾਂਚ ਜਾਰੀ ਹੈ ਅਤੇ ਹੁਣ ਤੱਕ ਤਿੰਨ ਐਫ.ਆਈ.ਆਰਜ. ਤਹਿਤ 20 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

## ਭਾਜਪਾ 'ਚ ਸ਼ਾਮਲ ਹੋਏ ਅਕਾਲੀ ਆਗੂ ਦੇ ਘਰ ਗੋਹਾ ਲੈ ਕੇ ਪੁੱਜੇ ਕਿਸਾਨ

**ਸ਼ਹਿਣਾ:** ਇਥੇ ਕਰੀਬ 15 ਦਿਨ ਪਹਿਲਾਂ ਅਕਾਲੀ ਦਲ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸਾਬਕਾ ਜਿਲ੍ਹਾ ਪਰਿਸ਼ਦ ਮੈਂਬਰ ਹਰਿੰਦਰ ਦਾਸ ਤੋਤਾ ਦੇ ਘਰ ਬੱਸ ਸਟੈਂਡ ਰੋਡ ਅੱਗੇ ਕਿਸਾਨ ਜਥੇਬੰਦੀਆਂ ਦੇ ਕਾਰਕੁਨ ਗੋਹਾ ਅਤੇ ਕਾਲੇ ਝੰਡੇ ਲੈ ਕੇ ਪੁੱਜ ਗਏ ਅਤੇ ਦੇਰ ਰਾਤ ਤੱਕ ਰੋਸ ਪ੍ਰਦਰਸ਼ਨ ਕਰਦੇ ਰਹੇ।

ਭਾਕਿਯੂ ਏਕਤਾ (ਉਗਰਾਹਾਂ) ਦੇ ਇਕਾਈ ਪ੍ਰਧਾਨ ਗੁਰਪ੍ਰੀਤ ਸਿੰਘ ਅਤੇ ਭਾਕਿਯੂ ਲੱਖੋਵਾਲ ਦੇ ਜਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਨਾਮਧਾਰੀ ਨੇ ਦੱਸਿਆ ਕਿ ਸਾਬਕਾ ਜਿਲ੍ਹਾ ਪਰਿਸ਼ਦ ਮੈਂਬਰ ਨੂੰ ਕਿਸਾਨ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਉਹ ਜਾਂ ਦਸ ਦਿਨਾਂ ਵਿਚ ਭਾਜਪਾ ਛੱਡ ਦੇਵੇ ਜਾਂ ਫਿਰ ਪਿੰਡ ਛੱਡ ਦੇਵੇ ਪਰ ਭਾਜਪਾ ਵਿਚ ਸ਼ਾਮਲ ਹੋਏ ਹਰਿੰਦਰ ਦਾਸ ਨੇ ਦੋਵਾਂ ਵਿਚੋਂ ਕੁਝ ਵੀ ਨਹੀਂ ਕੀਤਾ। ਇਸ ਮੌਕੇ ਥਾਣਾ ਸ਼ਹਿਣਾ ਦੇ ਐਸ.ਐਚ.ਓ. ਨਰਦੇਵ ਸਿੰਘ ਵੀ ਪੁਲਿਸ ਪਾਰਟੀ ਸਮੇਤ ਪੁੱਜੇ ਅਤੇ ਕਰੀਬ ਚਾਰ ਘੰਟੇ ਤੱਕ ਬਹਿਸ ਹੁੰਦੀ ਰਹੀ। ਅਖੀਰ ਪੁਲਿਸ ਸਾਬਕਾ ਜਿਲ੍ਹਾ ਪਰਿਸ਼ਦ ਮੈਂਬਰ ਹਰਿੰਦਰ ਦਾਸ ਤੋਤਾ ਨੂੰ ਮਨਾਉਣ ਵਿਚ ਕਾਮਯਾਬ ਰਹੀ ਅਤੇ ਉਹ ਆਪਣੀ ਕਾਰ ਵਿਚ ਸ਼ਹਿਣਾ 'ਚੋਂ ਕਿਤੇ ਬਾਹਰ ਚਲੇ ਗਏ। ਕਿਸਾਨ ਆਗੂ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਭਾਜਪਾ ਨਾਲ ਸਬੰਧ ਰੱਖਣ ਵਾਲਾ ਹਰਿੰਦਰ ਤੋਤਾ ਫਿਰ ਤੋਂ ਸ਼ਹਿਣਾ ਵਿਚ ਆਇਆ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

## ਇਤਿਹਾਸਕ ਸਰੋਤਾਂ ਬਾਝੋਂ ਕੋਈ ਵੀ ਕੌਮ ਜ਼ਿੰਦਾ ਨਹੀਂ ਰਹਿ ਸਕਦੀ: ਜਥੇਦਾਰ

**ਤਲਵੰਡੀ ਸਾਬੋ:** ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈ ਗਈ ਪਹਿਲੀ ਦੋ ਰੋਜ਼ਾ ਸਿੱਖ ਇਤਿਹਾਸ ਕੌਮਾਂਤਰੀ ਕਾਨਫਰੰਸ ਸਿੱਖ ਇਤਿਹਾਸਕਾਰਾਂ ਤੇ ਵਿਦਵਾਨਾਂ ਨੂੰ ਆਪਣੇ ਇਤਿਹਾਸ ਦੇ ਮੌਲਿਕ ਸਰੋਤਾਂ ਦੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਨਾਲ ਵਿਸ਼ਵ ਪ੍ਰਸੰਗ ਵਿਚ ਵਿਆਖਿਆ ਕਰਨ ਦਾ ਸੱਦਾ ਦਿੰਦੀ ਹੋਈ ਸਮਾਪਤ ਹੋ ਗਈ। ਸਥਾਨਕ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਚ ਹੋਈ ਕਾਨਫਰੰਸ ਦੇ ਅਖੀਰਲੇ ਦਿਨ ਪਹੁੰਚੇ ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਪਣੇ ਮੌਲਿਕ ਇਤਿਹਾਸਕ ਸਰੋਤਾਂ ਨੂੰ ਖਤਮ ਕਰਕੇ ਕੋਈ ਵੀ ਕੌਮ ਬਹੁਤੀ ਦੇਰ ਜ਼ਿੰਦਾ ਨਹੀਂ ਰਹਿ ਸਕਦੀ। ਉਨ੍ਹਾਂ ਕਿਹਾ ਕਿ ਆਪਣੇ ਪੁਰਾਤਨ ਤੇ ਮੁਢਲੇ ਮੌਲਿਕ ਸਰੋਤਾਂ 'ਤੇ ਸ਼ੰਕੇ ਤੇ ਵਿਵਾਦ ਖੜ੍ਹੇ ਕਰਨ ਦੀ ਥਾਂ ਉਨ੍ਹਾਂ ਦੀਆਂ ਵਿਆਖਿਆ ਪ੍ਰਣਾਲੀਆਂ ਨੂੰ ਸਮਝ ਕੇ ਨਵੀਆਂ ਅੰਤਰ-ਦ੍ਰਿਸ਼ਟੀਆਂ ਨਾਲ ਅਜੋਕੇ ਵਿਸ਼ਵ ਪ੍ਰਸੰਗਾਂ ਵਿਚ ਉਨ੍ਹਾਂ ਨੂੰ ਸਾਹਮਣੇ ਲਿਆਉਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਕਿਸੇ ਕੌਮ ਤੇ ਫਲਸਫੇ ਨੂੰ ਅੱਜ ਤੋਪਾਂ, ਟੈਂਕਾਂ ਨਾਲ ਖਤਮ ਨਹੀਂ ਕੀਤਾ ਜਾਂਦਾ ਬਲਕਿ ਉਸ ਕੌਮ ਦੇ ਇਤਿਹਾਸਕਾਰਾਂ ਤੇ ਵਿਦਵਾਨਾਂ ਨੂੰ ਖਤਮ ਕੀਤਾ ਜਾਂਦਾ ਹੈ। ਉਨ੍ਹਾਂ ਸਿੱਖਾਂ ਦੇ ਮੁਢਲੇ ਇਤਿਹਾਸਕ ਸਰੋਤਾਂ ਨੂੰ ਮੌਲਿਕ ਰੂਪ 'ਚ ਸੁਰੱਖਿਅਤ ਰੱਖਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਆਖਿਆ ਕਿ ਅੱਜ ਸਮੇਂ ਮੁਤਾਬਕ ਆਪਣੇ ਸਰੋਤਾਂ ਨੂੰ ਡਿਜੀਟਲ ਕਰਨਾ ਸਭ ਤੋਂ ਤਰਜੀਹੀ ਕਾਰਜ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਸਾਡੇ ਇਤਿਹਾਸਕ ਸਰੋਤਾਂ 'ਚ ਕੁਝ ਗੱਲਾਂ ਸਿਧਾਂਤ ਨਾਲ ਮੇਲ ਨਹੀਂ ਖਾਂਦੀਆਂ, ਪਰ ਉਨ੍ਹਾਂ ਲਿਖਤਾਂ ਦੀ ਮੌਲਿਕਤਾ ਬਹਾਲ ਰੱਖਣ ਲਈ ਉਨ੍ਹਾਂ ਗੈਰ-ਸਿਧਾਂਤਕ ਗੱਲਾਂ ਨੂੰ ਬਾਹਰ ਕੱਢਣ ਦੀ ਬਜਾਏ ਸੰਵਾਦ ਰਾਹੀਂ ਉਨ੍ਹਾਂ ਦੇ ਖੰਡਨ ਦੀ ਰੀਤ ਪ੍ਰਫੁਲਿਤ ਕਰਨ ਦੀ ਲੋੜ ਹੈ।

ਕਾਨਫਰੰਸ ਵਿਚ ਡਾ. ਪਰਮਵੀਰ ਸਿੰਘ, ਡਾ. ਗੁਰਸ਼ਰਨ ਸਿੰਘ, ਡਾ. ਰਾਜਿੰਦਰ ਕੌਰ, ਡਾ. ਪਰਮਜੀਤ ਸਿੰਘ ਮਾਨਸਾ, ਡਾ. ਬਲਵਿੰਦਰਪਾਲ ਸਿੰਘ, ਹਰਿੰਦਰ ਸਿੰਘ ਖਾਲਸਾ, ਅਨੁਰਾਗ ਸਿੰਘ, ਸਈਅਦ ਸਿਮਰ ਸਿੰਘ ਨੇ ਪਰਚੇ ਪੜ੍ਹਦਿਆਂ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਸਿੱਖ ਇਤਿਹਾਸ ਦੀ ਸੁਰੱਖਿਆ ਅਤੇ ਸੰਭਾਲ ਦੇ ਕੀਤੇ ਜਾ ਰਹੇ ਇਸ ਵੱਡਮੁੱਲੇ ਕਾਰਜ ਦੀ ਸ਼ਲਾਘਾ ਕੀਤੀ। ਪਿਸ਼ੋਰਾ ਸਿੰਘ ਯੂ.ਐਸ.ਏ. ਅਤੇ ਗੁਰਿੰਦਰ ਸਿੰਘ ਮਾਨ ਇੰਗਲੈਂਡ ਨੇ ਆਨਲਾਈਨ ਜੁੜਦਿਆਂ ਆਪਣੇ ਪਰਚੇ ਪੜ੍ਹੇ। ਇਸ ਮੌਕੇ ਵਿਦਵਾਨਾਂ ਦੇ ਕੁੰਜੀਵਤ ਭਾਸ਼ਣ ਵਿਚੋਂ ਇਹ ਗੱਲ ਵੀ ਸਾਂਝੇ ਰੂਪ ਵਿਚ ਉਭਰੀ ਕਿ ਸਿੱਖ ਇਤਿਹਾਸ ਵਿਚੋਂ ਸ਼ਰਧਾ ਤੇ ਭਰੋਸੇ ਨੂੰ ਕਾਇਮ ਰੱਖੇ ਬਗੈਰ ਕੌਮ ਬੌਧਿਕ ਵਿਕਾਸ ਨਹੀਂ ਕਰ ਸਕੇਗੀ। ਗਿਆਨੀ ਹਰਪ੍ਰੀਤ ਸਿੰਘ ਨੇ ਵਿਦਵਾਨਾਂ ਦਾ ਸਨਮਾਨ ਕੀਤਾ।

## ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 10 ਨੂੰ ਹੋਵੇਗੀ ਮੁਕੰਮਲ

**ਅੰਮ੍ਰਿਤਸਰ:** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਬਦਲਦੇ ਮੌਸਮ ਨੂੰ ਧਿਆਨ 'ਚ ਰੱਖਦਿਆਂ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਲਈ 10 ਅਕਤੂਬਰ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ, ਜਿਸ ਕਾਰਨ ਸਾਲਾਨਾ ਯਾਤਰਾ ਵੀ 10 ਅਕਤੂਬਰ ਨੂੰ ਮੁਕੰਮਲ ਹੋ ਜਾਵੇਗੀ।

ਟਰੱਸਟ ਦੇ ਮੀਤ ਪ੍ਰਧਾਨ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸੰਗਤ ਦੀ ਮੰਗ ਅਨੁਸਾਰ ਟਰੱਸਟ ਇਸ ਯਾਤਰਾ ਦਾ ਸਮਾਂ ਹੋਰ ਵਧਾਉਣ ਦਾ ਇੱਛੁਕ ਸੀ ਪਰ ਬਦਲਦੇ ਮੌਸਮ ਨੂੰ ਦੇਖਦਿਆਂ ਅਤੇ ਯਾਤਰੂਆਂ ਦੀ ਸੁਰੱਖਿਆ ਦੇ ਮੱਦੇਨਜਰ ਗੁਰਦੁਆਰੇ ਦੇ ਕਿਵਾੜ 10 ਅਕਤੂਬਰ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦਿਨ ਪੰਥਕ ਰਵਾਇਤਾਂ ਅਨੁਸਾਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਬੰਦ ਹੋਣਗੇ। ਇਸ ਤੋਂ ਪਹਿਲਾਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸੁੱਖ-ਆਸਨ ਵਾਲੇ ਸਥਾਨ 'ਤੇ ਲਿਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇੰਨੀ ਉਚਾਈ 'ਤੇ ਠੰਢ ਵਧਣ ਲੱਗੀ ਹੈ ਅਤੇ ਆਉਂਦੇ ਕੁਝ ਦਿਨਾਂ ਤੱਕ ਜਦੋਂ ਉੱਪਰੀ ਚੋਟੀਆਂ 'ਤੇ ਬਰਫ ਪੈਣੀ ਸ਼ੁਰੂ ਹੋਵੇਗੀ ਤਾਂ ਪਾਈਪਾਂ ਵਿਚ ਪਾਣੀ ਵੀ ਜੰਮ ਜਾਵੇਗਾ, ਅਜਿਹੀ ਸਥਿਤੀ ਵਿਚ ਯਾਤਰੂਆਂ ਲਈ ਸਹੂਲਤਾਂ ਦਾ ਪ੍ਰਬੰਧ ਕਰਨਾ ਮੁਸ਼ਕਲ ਹੈ।

# ਭਵਾਨੀਪੁਰ ਜ਼ਿਮਨੀ ਚੋਣ ਵਿਚ ਮਮਤਾ ਬੈਨਰਜੀ ਨੇ ਸਿਰਜਿਆ ਇਤਿਹਾਸ

**ਕੋਲਕਾਤਾ:** ਪੱਛਮੀ ਬੰਗਾਲ ਅਸੈਂਬਲੀ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੂੰ ਸ਼ਾਨਦਾਰ ਜਿੱਤ ਦਿਵਾਉਣ ਤੋਂ ਪੰਜ ਮਹੀਨੇ ਮਗਰੋਂ ਪਾਰਟੀ ਸੁਪਰੀਮੋ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਵਾਨੀਪੁਰ ਹਲਕੇ ਦੀ ਜਿਮਨੀ ਚੋਣ ਰਿਕਾਰਡ ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ।



ਬੈਨਰਜੀ ਨੂੰ ਦੱਖਣੀ ਕੋਲਕਾਤਾ ਵਿਚ ਪੈਂਦੀ ਭਵਾਨੀਪੁਰ ਸੀਟ ਲਈ 85,253 ਵੋਟਾਂ ਪਈਆਂ ਤੇ ਉਨ੍ਹਾਂ ਆਪਣੀ ਨੇੜਲੀ ਵਿਰੋਧੀ ਭਾਜਪਾ ਦੀ ਪ੍ਰਿਯੰਕਾ ਟਿਬਰੇਵਾਲ ਨੂੰ 58,835 ਵੋਟਾਂ ਦੇ ਰਿਕਾਰਡ ਫਰਕ ਨਾਲ ਹਰਾਇਆ। ਇਸ ਦੌਰਾਨ ਮੁਰਸ਼ਿਦਾਬਾਦ ਦੀਆਂ ਦੋ ਸੀਟਾਂ ਸ਼ਮਸ਼ੇਰਗੰਜ ਤੇ ਜਾਂਗੀਪੁਰ 'ਤੇ ਵੀ ਸੱਤਾਧਾਰੀ ਟੀ.ਐਮ.ਸੀ. ਉਮੀਦਵਾਰਾਂ ਨੇ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ। ਜਾਕਿਰ ਹੁਸੈਨ ਨੇ 92,480 ਵੋਟਾਂ ਦੇ ਵੱਡੇ ਫਰਕ ਨਾਲ ਜਾਂਗੀਪੁਰ ਸੀਟ ਜਿੱਤ ਲਈ ਹੈ। ਹੁਸੈਨ ਨੂੰ 1,36,444 ਵੋਟਾਂ ਪਈਆਂ।


ਉਧਰ, ਸ਼ਮਸ਼ੇਰਗੰਜ ਤੋਂ ਟੀ.ਐਮ.ਸੀ. ਉਮੀਦਵਾਰ ਅਮੀਰੁਲ ਇਸਲਾਮ 26,379 ਵੋਟਾਂ ਦੇ ਫਰਕ ਨਾਲ ਜੇਤੂ ਰਿਹਾ। ਪੱਛਮੀ ਬੰਗਾਲ ਭਾਜਪਾ ਨੇ ਕਿਹਾ ਕਿ ਤਿੰਨ ਅਸੈਂਬਲੀ ਹਲਕਿਆਂ ਦੀ ਜਿਮਨੀ ਚੋਣ ਦੇ ਨਤੀਜੇ ਉਨ੍ਹਾਂ ਦੀ ਆਸ ਮੁਤਾਬਕ ਨਹੀਂ ਹਨ। ਪੰਜ ਮਹੀਨੇ ਪਹਿਲਾਂ ਨੰਦੀਗ੍ਰਾਮ ਹਲਕੇ ਤੋਂ ਆਪਣੇ ਪੁਰਾਣੇ ਸਾਥੀ ਤੇ ਹੁਣ ਭਾਜਪਾ ਵਿਚ ਸ਼ਾਮਲ ਸ਼ੁਵੇਂਦੂ ਅਧਿਕਾਰੀ ਤੋਂ ਮਿਲੀ ਹੈਰਾਨੀਜਨਕ ਹਾਰ ਮਗਰੋਂ ਭਵਾਨੀਪੁਰ ਸੀਟ 'ਤੇ ਮਮਤਾ ਦੀ ਜਿੱਤ ਨੂੰ ਯਕੀਨੀ ਮੰਨਿਆ ਜਾ ਰਿਹਾ ਸੀ, ਪਰ ਸਿਆਸੀ ਮਾਹਿਰ ਤੇ ਵੋਟਰ, ਬੈਨਰਜੀ ਦੇ ਜਿੱਤ ਦੇ ਫਰਕ ਨੂੰ ਬੜੀ ਨੀਝ ਨਾਲ ਵਾਚ ਰਹੇ ਸਨ।

ਚੋਣ ਕਮਿਸ਼ਨ ਨੇ ਕਿਹਾ ਕਿ ਬੈਨਰਜੀ ਨੂੰ ਕੁੱਲ 85,263 ਵੋਟਾਂ ਜਦੋਂਕਿ ਭਾਜਪਾ ਦੀ ਪ੍ਰਿਯੰਕਾ ਟਿਬਰੇਵਾਲ ਨੂੰ 26,428 ਤੇ ਸੀ.ਪੀ.ਐਮ. ਦੇ ਸ੍ਰੀਜਿਬ ਬਿਸਵਾਸ ਹਿੱਸੇ 4226 ਵੋਟਾਂ ਆਈਆਂ। ਜਿੱਤ ਮਗਰੋਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ, ''ਮੈਂ ਭਵਾਨੀਪੁਰ ਦੇ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ, ਜਿਨ੍ਹਾਂ ਨੂੰ ਬੇਸਬਰੀ ਨਾਲ ਨਤੀਜਿਆਂ ਦੀ ਉਡੀਕ ਸੀ। ਭਵਾਨੀਪੁਰ ਦੇ ਲੋਕਾਂ ਨੇ ਮੈਨੂੰ ਨੰਦੀਗ੍ਰਾਮ ਹਲਕੇ ਤੋਂ ਹਰਾਉਣ ਲਈ ਘੜੀ ਗਈ ਸਾਜਿਸ਼ ਦਾ ਢੁਕਵਾਂ ਜਵਾਬ ਦਿੱਤਾ ਹੈ। ਮਾਮਲਾ ਕੋਰਟ ਵਿਚ ਹੋਣ ਕਰਕੇ ਮੈਂ ਇਸ ਬਾਰੇ ਹੋਰ ਕੁਝ ਨਹੀਂ ਕਹਿਣਾ ਚਾਹੁੰਦੀ। ਗਿਣਤੀ ਮੁੱਕ ਗਈ ਹੈ ਤੇ ਅਸੀਂ ਸੀਟ ਜਿੱਤ ਲਈ ਹੈ।'' ਕਾਬਲੇਗੌਰ ਹੈ ਕਿ ਇਸ ਜਿੱਤ ਨਾਲ ਮਮਤਾ ਬੈਨਰਜੀ ਦੇ ਸੂਬੇ ਦੀ ਮੁੱਖ ਮੰਤਰੀ ਬਣੇ ਰਹਿਣ ਦਾ ਰਾਹ ਪੱਧਰਾ ਹੋ ਗਿਆ ਹੈ। ਬੈਨਰਜੀ ਨੇ ਨੰਦੀਗ੍ਰਾਮ ਹਲਕੇ ਤੋਂ ਮਿਲੀ ਹਾਰ ਦੇ ਬਾਵਜੂਦ ਪਾਰਟੀ ਵਿਧਾਇਕ ਦਲ ਦਾ ਆਗੂ ਚੁਣੇ ਜਾਣ ਮਗਰੋਂ ਮੁੱਖ ਮੰਤਰੀ ਵਜੋਂ ਹਲਫ ਲਿਆ ਸੀ, ਪਰ ਇਸ ਅਹੁਦੇ 'ਤੇ ਬਣੇ ਰਹਿਣ ਲਈ ਛੇ ਮਹੀਨਿਆਂ ਅੰਦਰ ਕਿਸੇ ਅਸੈਂਬਲੀ ਹਲਕੇ ਤੋਂ ਚੋਣ ਜਿੱਤਣੀ ਲਾਜ਼ਮੀ ਸੀ। ਸੂਬਾ ਸਰਕਾਰ 'ਚ ਮੰਤਰੀ ਸੋਵਨਦੇਬ ਚੱਟੋਪਾਧਿਆਏ ਨੇ ਬੈਨਰਜੀ ਲਈ ਇਹ ਸੀਟ ਖਾਲੀ ਕੀਤੀ ਸੀ।

## ਤ੍ਰਿਣਮੂਲ ਕਾਂਗਰਸ ਨੇ ਚੋਣਾਂ 'ਚ ਪ੍ਰਚਾਰ 'ਤੇ 154 ਕਰੋੜ ਖਰਚੇ

**ਨਵੀਂ ਦਿੱਲੀ:** ਪੱਛਮੀ ਬੰਗਾਲ ਵਿਚ ਭਾਰੀ ਬਹੁਮਤ ਨਾਲ ਮੁੜ ਸੱਤਾ 'ਚ ਆਈ ਤ੍ਰਿਣਮੂਲ ਕਾਂਗਰਸ ਵੱਲੋਂ ਇਸ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਪ੍ਰਚਾਰ 'ਤੇ 154.28 ਕਰੋੜ ਰੁਪਏ ਖਰਚੇ ਗਏ ਹਨ। ਚੋਣ ਕਮਿਸ਼ਨ ਨੇ ਪਾਰਟੀਆਂ ਵੱਲੋਂ ਦਿੱਤੀ ਚੋਣ ਖਰਚ ਦੀ ਜਾਣਕਾਰੀ ਮੁਤਾਬਕ ਦੱਸਿਆ ਕਿ ਤਾਮਿਲ ਨਾਡੂ 'ਚ ਅੰਨਾ ਡੀ.ਐਮ.ਕੇ. ਤੋਂ ਸੱਤਾ ਹਾਸਲ ਕਰਨ ਵਾਲੀ ਦ੍ਰਾਵਿੜ ਮੁਨੇਤਰ ਕੜਗਮ (ਡੀ.ਐਮ.ਕੇ.) ਵੱਲੋਂ ਸੂਬੇ ਦੇ ਨਾਲ-ਨਾਲ ਕੇਂਦਰੀ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ਵਿਚ ਚੋਣ ਪ੍ਰਚਾਰ 'ਤੇ 114.14 ਕਰੋੜ ਰੁਪਏ (1,14,14,08,525 ਰੁਪਏ) ਖਰਚ ਕੀਤੇ ਗਏ ਹਨ।

# ਮੁਸਲਮਾਨਾਂ ਦੀ ਦੇਸ਼ ਭਗਤੀ 'ਤੇ ਕੋਈ ਸ਼ੱਕ ਨਹੀਂ ਕਰ ਸਕਦਾ: ਰਾਜਨਾਥ



**ਕਾਵਾਰੱਤੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੁਨੀਆਂ ਦਾ ਕੋਈ ਵੀ ਵਿਅਕਤੀ ਲਕਸ਼ਦੀਪ ਦੇ ਮੁਸਲਮਾਨਾਂ ਜਾਂ ਹੋਰਨਾਂ ਟਾਪੂ ਵਾਸੀਆਂ ਦੀ ਦੇਸ਼ ਭਗਤੀ ਬਾਰੇ ਸਵਾਲ ਜਾਂ ਸ਼ੱਕ ਨਹੀਂ ਕਰ ਸਕਦਾ ਕਿਉਂਕਿ ਉਹ ਦੇਸ਼ ਵਿਰੋਧੀ ਤਾਕਤਾਂ ਨੂੰ ਸਮੱਸਿਆਵਾਂ ਖੜ੍ਹੀਆਂ ਕਰਨ ਜਾਂ ਦੇਸ਼ ਖਿਲਾਫ ਲੋਕਾਂ ਨੂੰ ਭੜਕਾਉਣ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਹਨ।

ਰੱਖਿਆ ਮੰਤਰੀ ਇੱਥੇ ਮਹਾਤਮਾ ਗਾਂਧੀ ਦੀ 152ਵੀਂ ਜੈਅੰਤੀ ਮੌਕੇ ਉਨ੍ਹਾਂ ਦੇ ਬੁੱਤ ਦਾ ਉਦਘਾਟਨ ਕਰਨ ਸਬੰਧੀ ਕਰਵਾਏ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਰਾਜਨਾਥ ਇਥੇ ਦੋ ਦਿਨ ਦੇ ਅਧਿਕਾਰਿਤ ਦੌਰੇ 'ਤੇ ਆਏ ਹੋਏ ਹਨ। ਇਸ ਤੋਂ ਪਹਿਲਾਂ ਲਕਸ਼ਦੀਪ ਦੇ ਪ੍ਰਸ਼ਾਸਕ ਪ੍ਰਫੁੱਲ ਪਟੇਲ ਨੇ ਅਗੱਤੀ ਹਵਾਈ ਅੱਡੇ 'ਤੇ ਉਨ੍ਹਾਂ ਦਾ ਸਵਾਗਤ ਕੀਤਾ। ਰੱਖਿਆ ਸੂਤਰਾਂ ਨੇ ਦੱਸਿਆ ਕਿ ਕਾਵਾਰੱਤੀ ਵਿਚ ਪਹੁੰਚਣ 'ਤੇ ਭਾਰਤੀ ਰਿਜਰਵ ਬਟਾਲੀਅਨ ਫੋਰਸ ਨੇ ਰਾਜਨਾਥ ਨੂੰ ਗਾਰਡ ਆਫ ਆਨਰ ਦਿੱਤਾ। ਉਨ੍ਹਾਂ ਦੇ ਸਵਾਗਤ ਲਈ ਕਲਾਕਾਰਾਂ ਦੇ ਇਕ ਗਰੁੱਪ ਵੱਲੋਂ ਰਵਾਇਤੀ ਲੋਕ ਨਾਚ ਵੀ ਪੇਸ਼ ਕੀਤਾ ਗਿਆ।

## ਕੇਂਦਰ ਲੋਕਾਂ ਦੀਆਂ ਭਾਵਨਾਵਾਂ ਦਾ ਨਿਰਾਦਰ ਕਰ ਰਿਹਾ: ਮਹਿਬੂਬਾ

**ਸ੍ਰੀਨਗਰ:** ਪੀ.ਡੀ.ਪੀ. ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਕੇਂਦਰ 'ਤੇ ਪੱਖਪਾਤ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸ੍ਰੀਨਗਰ ਵਿਚ ਲੋਕਾਂ ਨੂੰ ਮਸਜਿਦਾਂ ਸਣੇ ਹੋਰ ਧਾਰਮਿਕ ਸਥਾਨਾਂ ਵਿਚ ਸਿਜਦਾ ਕਰਨ ਤੋਂ ਰੋਕ ਕੇ ਭਾਰਤ ਸਰਕਾਰ ਬਹੁ ਗਿਣਤੀ ਵਾਲੇ ਫਿਰਕੇ ਦੀਆਂ ਭਾਵਨਾਵਾਂ ਦਾ ਨਿਰਾਦਰ ਕਰ ਰਹੀ ਹੈ। ਮਹਿਬੂਬਾ, ਕੋਵਿਡ-19 ਦੇ ਕੇਸਾਂ ਵਿਚ ਵਾਧੇ ਦੇ ਮੱਦੇਨਜਰ ਪਿਛਲੇ ਕੁਝ ਹਫਤਿਆਂ ਤੋਂ ਬੰਦ ਕੀਤੀਆਂ ਮਸਜਿਦਾਂ ਸਬੰਧੀ ਪ੍ਰਤੀਕਿਰਿਆ ਦੇ ਰਹੇ ਸਨ। ਪੀ.ਡੀ.ਪੀ. ਪ੍ਰਧਾਨ ਨੇ ਟਵਿੱਟਰ 'ਤੇ ਲਿਖਿਆ,'ਕਸ਼ਮੀਰ ਵਿਚ ਮਸਜਿਦਾਂ ਤੇ ਮੰਦਰਾਂ ਵਿਚ ਲੋਕਾਂ ਨੂੰ ਸਿਜਦਾ ਤੇ ਪੂਜਾ ਕਰਨ ਤੋਂ ਰੋਕ ਕੇ ਭਾਰਤ ਸਰਕਾਰ ਨੇ ਬਹੁ ਗਿਣਤੀ ਸਮੁਦਾਇ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਨਿਰਾਦਰ ਕੀਤਾ ਹੈ।

# ਆਸਟਰੇਲੀਆ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਰਾਹਤ

**ਨਵੀਂ ਦਿੱਲੀ:** ਆਸਟਰੇਲੀਆ ਨੇ ਭਾਰਤ ਵਿਚ ਸੀਰਮ ਇੰਸਟੀਚਿਊਟ ਵੱਲੋਂ ਬਣਾਏ ਕੋਵੀਸ਼ੀਲਡ ਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਥੋਂ ਦੇ ਸਿਖਰਲੇ ਮੈਡੀਕਲ ਰੈਗੂਲੇਟਰ ਨੇ ਦੱਸਿਆ ਕਿ ਆਸਟਰੇਲੀਆ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਨੂੰ ਭਾਰਤ ਵਿਚ ਬਣਿਆ ਇਹ ਟੀਕਾ ਲੱਗੇ ਹੋਣ ਉਤੇ ਮੁਲਕ ਵਿਚ ਦਾਖਲ ਹੋਣ ਦਿੱਤਾ ਜਾਵੇਗਾ।



ਇਸ ਕਦਮ ਨਾਲ ਹੁਣ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਦੇ ਆਸਟਰੇਲੀਆ ਪਰਤਣ ਦੀ ਉਮੀਦ ਬੱਝ ਗਈ ਹੈ। ਆਸਟਰੇਲਿਆਈ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਦੇ ਦਫਤਰ ਨੇ ਕਿਹਾ ਕਿ ਕਰੋਨਾਵੈਕ (ਸਾਇਨੋਵੈਕ) ਤੇ ਕੋਵੀਸ਼ੀਲਡ ਨੂੰ 'ਮਾਨਤਾ ਪ੍ਰਾਪਤ' ਕਰੋਨਾ ਟੀਕਿਆਂ ਦੀ ਸ਼੍ਰੇਣੀ ਵਿਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਆਸਟਰੇਲੀਆ ਸੁਰੱਖਿਅਤ ਹੋ ਕੇ ਸੰਸਾਰ ਵਾਸਤੇ ਖੁੱਲ੍ਹਣ ਲਈ ਤਿਆਰ ਹੈ।

ਕੌਮਾਂਤਰੀ ਸਰਹੱਦਾਂ ਬਾਰੇ ਤਬਦੀਲੀਆਂ ਜਲਦ ਅਮਲ ਵਿਚ ਆਉਣਗੀਆਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਬਾਰੇ ਯੋਜਨਾਬੰਦੀ ਕਰ ਰਹੀ ਹੈ। ਆਉਣ ਵਾਲੇ ਮਹੀਨਿਆਂ ਵਿਚ ਕੌਮਾਂਤਰੀ ਯਾਤਰਾ ਆਸਟਰੇਲੀਆ ਲਈ ਕਿਸ ਤਰ੍ਹਾਂ ਦੀ ਹੋਵੇਗੀ, ਜਲਦੀ ਹੀ ਦੱਸਿਆ ਜਾਵੇਗਾ। ਹਾਲੇ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਕੀ ਕੋਵੀਸ਼ੀਲਡ ਨੂੰ ਹੁਣ ਮਨਜ਼ੂਰੀ ਮਿਲਣ 'ਤੇ ਭਾਰਤੀ ਵਿਦਿਆਰਥੀ ਤੁਰਤ ਆਸਟਰੇਲੀਆ ਪਰਤ ਸਕਣਗੇ ਜਾਂ ਨਹੀਂ। ਹਜ਼ਾਰਾਂ ਵਿਦਿਆਰਥੀ ਆਸਟਰੇਲੀਆ ਪਰਤਣ ਦੀ ਉਡੀਕ ਕਰ ਰਹੇ ਹਨ।

ਆਸਟਰੇਲੀਆ ਨੇ ਕਿਹਾ ਕਿ ਉਸ ਦੇ ਚੋਟੀ ਦੇ ਮੈਡੀਕਲ ਰੈਗੂਲੇਟਰ ਵੱਲੋਂ ਦੇਸ਼ ਵਿਚ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਲਈ ਭਾਰਤੀ ਸੀਰਮ ਸੰਸਥਾ ਦੁਆਰਾ ਬਣਾਏ ਗਏ ਟੀਕੇ ਕੋਵੀਸ਼ੀਲਡ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਉਹ ਭਾਰਤੀ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਉਤਸ਼ਾਹਿਤ ਹੈ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰਿਸਨ ਦੇ ਦਫਤਰ ਨੇ ਕਿਹਾ ਕਿ ਥੈਰੋਪਿਓਐਟਿਕ ਗੁੱਡਜ ਐਡਮਿਨਸਟਰੇਸ਼ਨ (ਟੀ.ਜੀ.ਏ.) ਨੇ ਸਲਾਹ ਦਿੱਤੀ ਹੈ ਕਿ ਦੇਸ਼ ਵਿਚ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਲਈ ਕੋਵਿਡ ਵਿਰੋਧੀ ਵੈਕਸੀਨ ਕੋਰੋਨਾਵੈਕ (ਸਿਨੋਵੈਕ) ਤੇ ਕੋਵੀਸ਼ੀਲਡ ਨੂੰ ਮਾਨਤਾ ਪ੍ਰਾਪਤ ਟੀਕੇ ਦੇ ਰੂਪ ਵਿਚ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ। ਆਸਟਰੇਲਿਆਈ ਪ੍ਰਧਾਨ ਮੰਤਰੀ ਦਫਤਰ ਨੇ ਕਿਹਾ ਕਿ ਸਰਕਾਰ ਆਗਾਮੀ ਹਫਤਿਆਂ ਵਿਚ ਉਨ੍ਹਾਂ ਪ੍ਰਕਿਰਿਆਵਾਂ ਨੂੰ ਆਖਰੀ ਰੂਪ ਦੇਵੇਗੀ ਜਿਨ੍ਹਾਂ ਰਾਹੀਂ ਲੋਕ ਟੀ.ਜੀ.ਏ. ਵੱਲੋਂ ਪ੍ਰਮਾਣਿਤ ਟੀਕਿਆਂ ਦੀ ਖੁਰਾਕ ਲਗਵਾਏ ਜਾਣ ਦੀ ਸਥਿਤੀ ਸਪੱਸ਼ਟ ਕਰਨ ਦੇ ਸਮਰੱਥ ਹੋ ਸਕਣਗੇ।

# ਸਕੂਲ ਖੋਲ੍ਹਣ ਲਈ ਕੋਵਿਡ ਟੀਕਾਕਰਨ ਦੀ ਉਡੀਕ ਨਾ ਕਰੋ: ਵਿਸ਼ਵ ਬੈਂਕ

**ਨਵੀਂ ਦਿੱਲੀ:** ਆਲਮੀ ਬੈਂਕ ਨੇ ਆਪਣੇ ਇਕ ਨਵੇਂ ਨੀਤੀ ਐਲਾਨ ਵਿਚ ਕਿਹਾ ਹੈ ਕਿ ਮੁਲਕਾਂ ਨੂੰ ਮੁੜ ਤੋਂ ਸਕੂਲ ਖੋਲ੍ਹਣ ਤੋਂ ਪਹਿਲਾਂ ਕੋਵਿਡ-19 ਟੀਕਾਕਰਨ ਦੇ ਵਿਆਪਕ ਪਾਸਾਰ ਦੀ ਉਡੀਕ ਕਰਨ ਦੀ ਕੋਈ ਲੋੜ ਨਹੀਂ ਹੈ।




ਆਲਮੀ ਬੈਂਕ ਮੁਤਾਬਕ ਸੰਕੇਤਾਂ/ਲੱਛਣਾਂ ਤੋਂ ਸਾਫ ਹੈ ਕਿ ਬੱਚਿਆਂ ਨੂੰ ਕੋਵਿਡ-19 ਦੀ ਲਾਗ ਚਿੰਬੜਨ ਦੀ ਸੰਭਾਵਨਾ ਬਹੁਤ ਘੱਟ ਹੈ ਤੇ ਵੱਖ-ਵੱਖ ਮੁਲਕਾਂ ਵਿਚ ਵੈਕਸੀਨ ਵਿਕਸਤ ਕੀਤੇ ਜਾਣ ਤੋਂ ਪਹਿਲਾਂ ਸਕੂਲ ਮੁੜ ਖੋਲ੍ਹਣ ਦੇ 'ਸੁਰੱਖਿਅਤ' ਤਜਰਬੇ ਤੋਂ ਵੀ ਇਹੀ ਸੰਕੇਤ ਮਿਲਿਆ ਹੈ ਕਿ ਆਫਲਾਈਨ ਸਕੂਲਿੰਗ ਵੱਲ ਪਰਤਣ ਤੋਂ ਪਹਿਲਾਂ ਵਿਆਪਕ ਟੀਕਾਕਰਨ ਲਈ ਸਿੱਖਿਆ ਪ੍ਰਣਾਲੀ ਨੂੰ ਹੋਰ ਉਡੀਕ ਕਰਵਾਉਣ ਦੀ ਕੋਈ ਲੋੜ ਨਹੀਂ ਹੈ।

ਆਲਮੀ ਬੈਂਕ ਦੀ ਸਿੱਖਿਆ ਟੀਮ ਨੇ ਆਪਣੇ ਨਵੇਂ ਨੀਤੀ ਐਲਾਨ ਲਈ ਵੱਖ-ਵੱਖ ਮੁਲਕਾਂ ਦੇ ਤਜਰਬਿਆਂ ਨੂੰ ਆਧਾਰ ਬਣਾਇਆ ਹੈ। ਇਨ੍ਹਾਂ ਮੁਲਕਾਂ ਵਿਚ ਮੁੜ ਸਕੂਲ ਖੋਲ੍ਹਣ ਮਗਰੋਂ ਸਾਹਮਣੇ ਆਇਆ ਹੈ ਕਿ ਲੋੜੀਂਦੀ ਰਣਨੀਤੀ ਨਾਲ ਸਕੂਲਾਂ ਵਿਚ ਵਿਦਿਆਰਥੀਆਂ, ਸਟਾਫ ਤੇ ਭਾਈਚਾਰਿਆਂ ਵਿਚ ਰੋਗ ਦੇ ਫੈਲਾਅ ਦਾ ਬਹੁਤ ਘੱਟ ਜੋਖਮ ਰਹੇਗਾ। ਟੀਮ ਨੇ ਇਹ ਗੱਲ ਵੀ ਆਖੀ ਕਿ ਮਹਾਮਾਰੀ ਨੂੰ ਦਸਤਕ ਦਿੱਤਿਆਂ ਸਾਲ ਹੋ ਚੁੱਕਾ ਹੈ ਤੇ ਅਸੀਂ ਵਾਇਰਸ ਤੇ ਰੋਗ ਬਾਰੇ ਬਹੁਤ ਕੁਝ ਜਾਣ ਚੁੱਕੇ ਹਾਂ। ਡਬਲਿਊ.ਐਚ.ਓ. ਜਿਹੀਆਂ ਸਿਹਤ ਸੰਸਥਾਵਾਂ ਨੇ ਵੀ ਸਿਫਾਰਸ਼ ਕੀਤੀ ਹੈ ਕਿ ਸਕੂਲਾਂ ਨੂੰ ਸਿਰਫ 'ਆਖਰੀ ਉਪਾਅ' ਵਜੋਂ ਹੀ ਬੰਦ ਕੀਤਾ ਜਾਵੇ।

## ਅਫਗਾਨਿਸਤਾਨ ਦੇ ਮੁੱਦੇ 'ਤੇ ਭਾਰਤ ਜਰਮਨੀ ਇਕਸੁਰ: ਰਾਜਦੂਤ

**ਨਵੀਂ ਦਿੱਲੀ:** ਭਾਰਤ ਵਿਚ ਜਰਮਨੀ ਦੇ ਰਾਜਦੂਤ ਵਾਲਟਰ ਜੇ. ਲਿੰਡਨਰ ਨੇ ਕਿਹਾ ਕਿ ਭਾਰਤ ਤੇ ਜਰਮਨੀ ਅਫਗਾਨਿਸਤਾਨ ਨਾਲ ਜੁੜੇ ਮੁੱਦਿਆਂ ਉਤੇ ਪਹਿਲਾਂ ਹੀ ਇਕਸੁਰ ਹਨ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਇਸ ਮਾਮਲੇ 'ਤੇ ਆਉਣ ਵਾਲੇ ਸਮੇਂ ਵਿਚ ਨੇੜਿਓਂ ਤਾਲਮੇਲ ਕਰਨਗੇ।

ਲਿੰਡਨਰ ਨੇ ਕਿਹਾ ਕਿ ਭਾਰਤ ਦੀ ਭੂਮਿਕਾ ਅਫਗਾਨਿਸਤਾਨ ਵਿਚ ਅਹਿਮ ਹੈ। ਇਹ ਇਥੇ ਕਈ ਵਿਕਾਸ ਪ੍ਰੋਜੈਕਟ ਚਲਾ ਰਿਹਾ ਹੈ ਤੇ ਜਰਮਨੀ ਵੀ ਪਿਛਲੇ 20 ਸਾਲਾਂ ਤੋਂ ਸਰਗਰਮ ਹੈ। ਇਸ ਤਰ੍ਹਾਂ ਦੋਵੇਂ ਮੁਲਕ ਕਈ ਇਕੋ ਜਿਹੇ ਸਿਧਾਂਤਾਂ ਨੂੰ ਮੰਨਦੇ ਹਨ। ਜਰਮਨੀ ਦੇ ਰਲੇਵੇਂ ਦੀ 31ਵੀਂ ਵਰ੍ਹੇਗੰਢ ਮੌਕੇ ਰਾਜਦੂਤ ਨੇ ਕਿਹਾ ਕਿ ਦੋਵਾਂ ਮੁਲਕਾਂ ਨੇ ਅਫਗਾਨਿਸਤਾਨ ਵਿਚ ਪਿਛਲੀ ਸਰਕਾਰ ਦਾ ਸਮਰਥਨ ਕੀਤਾ ਸੀ, ਇਸ ਸਰਕਾਰ ਲਈ ਹਰ ਰਾਹ ਤਿਆਰ ਕੀਤਾ ਗਿਆ ਤਾਂ ਕਿ ਸਥਿਤੀ ਸੁਧਰ ਸਕੇ। ਖਾਸ ਕਰ ਕੇ ਔਰਤਾਂ ਨੂੰ ਕਈ ਹੱਕ ਦਿਵਾਏ ਗਏ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਤਾਲਿਬਾਨ ਵੱਲੋਂ ਐਨੀ ਛੇਤੀ ਕਬਜ਼ਾ ਕੀਤੇ ਜਾਣ ਤੋਂ ਹੈਰਾਨ ਹੈ।

ਰਾਜਦੂਤ ਨੇ ਕਿਹਾ ਕਿ ਭਾਰਤ ਤੇ ਜਰਮਨੀ ਭਵਿੱਖ ਵਿਚ ਆਰਥਿਕ, ਵਾਤਾਵਰਨ ਸੁਰੱਖਿਆ, ਸਾਫ-ਸੁਥਰੀ ਊਰਜਾ, ਵਿਗਿਆਨ ਤੇ ਤਕਨੀਕੀ ਖੇਤਰ ਵਿਚ ਤਾਲਮੇਲ ਵਧਾਉਣਗੇ। ਉਨ੍ਹਾਂ ਕਿਹਾ ਕਿ ਚੰਗਾ ਹੋਵੇਗਾ ਜੇਕਰ ਭਾਰਤ ਵੀ ਸੰਨ 2050 ਤੱਕ ਕਾਰਬਨ ਨਿਕਾਸੀ ਦੇ ਮਾਮਲੇ ਵਿਚ ਬਿਹਤਰ ਨਤੀਜੇ ਦੇਵੇ। ਜਲਵਾਯੂ ਤਬਦੀਲੀ ਰੋਕਣ ਲਈ ਇਹ ਜ਼ਰੂਰੀ ਹੈ।

## ਪੰਜਾਬ ਸਰਕਾਰ ਨੇ ਕਰੋਨਾ ਪਾਬੰਦੀਆਂ ਵਿਚ ਢਿੱਲ ਦਿੱਤੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੂਬੇ 'ਚ ਕਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ ਘਟਣ ਦੇ ਮੱਦੇਨਜਰ ਕਰੋਨਾ ਪਾਬੰਦੀਆਂ 'ਚ ਢਿੱਲ ਦਿੱਤੀ ਹੈ, ਜਿਸ ਨਾਲ ਅੰਦਰੂਨੀ ਇਕੱਠਾਂ 'ਚ ਹੁਣ 150 ਦੀ ਥਾਂ 300 ਅਤੇ ਬਾਹਰੀ ਇਕੱਠਾਂ 'ਚ 300 ਦੀ ਥਾਂ 500 ਲੋਕ ਇਕੱਠੇ ਹੋ ਸਕਣਗੇ। ਉਨ੍ਹਾਂ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਤਿਉਹਾਰਾਂ ਦੇ ਮੱਦੇਨਜ਼ਰ ਕਰੋਨਾ ਟੈਸਟ ਕਰਨ ਦੀ ਸਮਰੱਥਾ ਨੂੰ 50,000 ਪ੍ਰਤੀ ਦਿਨ ਕਰਨ ਦੇ ਹੁਕਮ ਵੀ ਦਿੱਤੇ ਹਨ। ਮੁੱਖ ਮੰਤਰੀ ਨੇ ਸਕੂਲ ਸਿੱਖਿਆ ਵਿਭਾਗ ਨੂੰ ਕਰੋਨਾ ਨਿਯਮਾਂ ਦੀ ਪਾਲਣਾ ਨਾਲ ਵਿਦਿਆਰਥੀਆਂ ਨੂੰ ਕਲਾਸਾਂ 'ਚ ਹਾਜ਼ਰ ਹੋਣ ਲਈ ਉਤਸ਼ਾਹਿਤ ਕਰਨ ਅਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਨੂੰ ਆਂਗਣਵਾੜੀ ਕੇਂਦਰਾਂ ਨੂੰ ਮੁੜ ਖੋਲ੍ਹਣ ਦੀ ਹਦਾਇਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰ ਸਮੇਂ ਮਾਸਕ ਪਹਿਨਣਾ ਅਤੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

# ਗੁਜਰਾਤ ਪਲਾਂਟ ਵੱਲੋਂ ਪੰਜਾਬ ਨੂੰ ਬਿਜਲੀ ਦੇਣੀ ਬੰਦ

**ਚੰਡੀਗੜ੍ਹ:** ਗੁਜਰਾਤ ਦੇ ਟਾਟਾ ਮੁੰਦਰਾ ਪਲਾਂਟ ਨੇ ਪੰਜਾਬ ਨੂੰ ਬਿਜਲੀ ਦੇਣੀ ਬੰਦ ਕਰ ਦਿੱਤੀ ਹੈ। ਕੁਝ ਅਰਸੇ ਤੋਂ ਇਹ ਪਲਾਂਟ ਪਾਵਰਕੌਮ ਨੂੰ ਘੱਟ ਮਾਤਰਾ 'ਚ ਬਿਜਲੀ ਸਪਲਾਈ ਦੇ ਰਿਹਾ ਸੀ। ਪਾਵਰਕੌਮ ਨੂੰ ਟਾਟਾ ਮੁੰਦਰਾ ਪਲਾਂਟ ਤੋਂ ਕਰੀਬ 2.90 ਰੁਪਏ ਪ੍ਰਤੀ ਯੂਨਿਟ ਬਿਜਲੀ ਮਿਲਦੀ ਸੀ ਜੋ ਕਾਫੀ ਸਸਤੀ ਪੈਂਦੀ ਸੀ। ਪਾਵਰਕੌਮ ਦਾ ਟਾਟਾ ਮੁੰਦਰਾ ਪਲਾਂਟ ਨਾਲ 475 ਮੈਗਾਵਾਟ ਦਾ ਬਿਜਲੀ ਸਮਝੌਤਾ ਹੈ।



ਪੰਜਾਬ ਵਿਚ ਨਿੱਜੀ ਤਾਪ ਬਿਜਲੀ ਘਰਾਂ ਨਾਲ ਮਹਿੰਗੇ ਬਿਜਲੀ ਸਮਝੌਤੇ ਹੋਣ ਦਾ ਰੌਲਾ ਪੈ ਰਿਹਾ ਹੈ ਅਤੇ ਵਿਰੋਧੀ ਧਿਰਾਂ ਵੱਲੋਂ ਬਿਜਲੀ ਸਮਝੌਤੇ ਤੋੜਨ ਦੀ ਗੱਲ ਕਹੀ ਜਾ ਰਹੀ ਹੈ। ਉਧਰ, ਗੁਜਰਾਤ ਦੀ ਟਾਟਾ ਮੁੰਦਰਾ ਨੇ ਖੁਦ ਹੀ ਪੰਜਾਬ ਨੂੰ ਬਿਜਲੀ ਦੇਣ ਦੀ ਕੀਤੇ ਸਮਝੌਤੇ ਨੂੰ ਇਕ ਤਰੀਕੇ ਨਾਲ ਤੋੜ ਦਿੱਤਾ ਹੈ। ਪਾਵਰਕੌਮ ਵੱਲੋਂ ਬਾਹਰੋਂ ਛੇ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਖ਼ਰੀਦੀ ਜਾ ਰਹੀ ਹੈ, ਜਿਸ ਕਰਕੇ ਇਸ ਪਲਾਂਟ ਤੋਂ ਬਿਜਲੀ ਸਪਲਾਈ ਬੰਦ ਹੋਣ ਕਰਕੇ ਕਰੋੜਾਂ ਰੁਪਏ ਦੀ ਵਿੱਤੀ ਸੱਟ ਵੱਜੀ ਹੈ।

ਗੁਜਰਾਤ ਵਿਚ ਅਡਾਨੀ ਤੇ ਟਾਟਾ ਦੇ ਬਿਜਲੀ ਪਲਾਂਟ ਹਨ। ਕੁਝ ਅਰਸਾ ਪਹਿਲਾਂ ਟਾਟਾ ਮੁੰਦਰਾ ਪਲਾਂਟ ਨੇ ਇਹ ਰੌਲਾ ਪਾ ਲਿਆ ਸੀ ਕਿ ਇੰਡੋਨੇਸ਼ੀਆ ਵਿਚ ਕੋਲਾ ਮਹਿੰਗਾ ਹੋ ਗਿਆ ਹੈ, ਜਿਸ ਕਰਕੇ ਉਨ੍ਹਾਂ ਨੂੰ ਬਿਜਲੀ ਉਤਪਾਦਨ ਮਹਿੰਗਾ ਪੈਂਦਾ ਹੈ। ਟਾਟਾ ਮੁੰਦਰਾ ਪਲਾਂਟ ਇਸੇ ਤਰਕ ਦੇ ਆਧਾਰ 'ਤੇ ਪੰਜਾਬ ਸਮੇਤ ਬਾਕੀ ਸੂਬਿਆਂ ਨੂੰ ਕੀਤੇ ਸਮਝੌਤੇ ਤੋਂ ਜ਼ਿਆਦਾ ਕੀਮਤ 'ਤੇ ਬਿਜਲੀ ਵੇਚਣਾ ਚਾਹੁੰਦਾ ਸੀ। ਪਾਵਰਕੌਮ ਨੇ ਇਸ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ ਸੀ। ਵੇਰਵਿਆਂ ਅਨੁਸਾਰ ਉਦੋਂ ਕੇਂਦਰ ਸਰਕਾਰ ਦੇ ਦਬਾਅ ਮਗਰੋਂ ਗੁਜਰਾਤ ਨੇ ਇਕ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਸੀ, ਜਿਸ 'ਤੇ ਟਾਟਾ ਤੇ ਅਡਾਨੀ ਦੇ ਪਲਾਂਟਾਂ ਦੇ ਬਿਜਲੀ ਦਰ ਵਧਾ ਦਿੱਤੀ ਗਈ ਸੀ।

ਇਨ੍ਹਾਂ ਪਲਾਂਟਾਂ ਤੋਂ ਸਪਲਾਈ ਲੈਣ ਵਾਲੇ ਸੂਬੇ ਪੰਜਾਬ, ਹਰਿਆਣਾ, ਮਹਾਰਾਸ਼ਟਰ ਅਤੇ ਰਾਜਸਥਾਨ ਨੇ ਮਹਿੰਗੀ ਬਿਜਲੀ ਲੈਣ ਲਈ ਸਹਿਮਤੀ ਨਾ ਦਿੱਤੀ ਅਤੇ ਗੁਜਰਾਤ ਨੇ ਇਸ ਲਈ ਹਾਮੀ ਭਰ ਦਿੱਤੀ ਸੀ। ਕੁੱਝ ਸਮੇਂ ਮਗਰੋਂ ਗੁਜਰਾਤ ਨੇ ਵੀ ਹੱਥ ਪਿਛਾਂਹ ਖਿੱਚ ਲਏ ਸਨ। ਪਤਾ ਲੱਗਾ ਹੈ ਕਿ ਹੁਣ ਟਾਟਾ ਮੁੰਦਰਾ ਆਪਣੀ ਬਿਜਲੀ ਸਪਲਾਈ ਕੌਮੀ ਐਕਸਚੇਂਜ ਵਿਚ ਮਹਿੰਗੇ ਭਾਅ 'ਤੇ ਵੇਚਣ ਦਾ ਇੱਛੁਕ ਹੈ, ਜਿੱਥੋਂ ਬਾਕੀ ਸੂਬਿਆਂ ਨੂੰ ਮਹਿੰਗੇ ਭਾਅ 'ਤੇ ਬਿਜਲੀ ਲੈਣੀ ਪਵੇਗੀ। ਇਹ ਸਕੀਮ ਨੇਪਰੇ ਚੜ੍ਹਨ ਬਾਰੇ ਕੋਈ ਪੁਸ਼ਟੀ ਨਹੀਂ ਹੋ ਸਕੀ ਹੈ।

# ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ 10 ਲੱਖ ਰੁਪਏ ਗ੍ਰਾਂਟ ਦੀ ਘੋਸ਼ਣਾ

**ਬਠਿੰਡਾ:** ਬਠਿੰਡਾ ਦੇ ਰੋਜ਼ ਗਾਰਡਨ ਵਿਖੇ ਸਥਿਤ ਬਲਵੰਤ ਗਾਰਗੀ ਓਪਨ ਏਅਰ ਥੀਏਟਰ ਵਿੱਚ ਚੱਲ ਰਹੇ 10ਵੇਂ ਕੌਮੀ ਨਾਟਿਅਮ ਰੰਗ-ਮੰਚ ਮੇਲੇ ਦੇ ਚੌਥੇ ਦਿਨ ਮੁੱਖ ਮਹਿਮਾਨ ਵਜੋਂ ਪਹੁੰਚੇ ਸੂਬੇ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਰਤੀ ਕਿਰਪਾਲ ਅਤੇ ਨਾਟਿਅਮ ਦੀ ਪੂਰੀ ਟੀਮ ਵੱਲੋਂ ਕਲਾ ਅਤੇ ਰੰਗ-ਮੰਚ ਨੂੰ ਪ੍ਰਫੁਲਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮਨਪ੍ਰੀਤ ਸਿੰਘ ਬਾਦਲ ਨੇ ਕਲਾ ਨੂੰ ਜੀਵਨ ਦਾ ਅਟੁੱਟ ਅੰਗ ਦੱਸਦੇ ਹੋਏ ਪੰਜਾਬ ਵਿੱਚ ਅਜਿਹੇ ਆਯੋਜਨਾ ਨੂੰ ਹੋਰ ਵੀ ਹੁਲਾਰਾ ਦੇਣ ਦੀ ਗੱਲ ਕਹੀ। ਵਿਤ ਮੰਤਰੀ ਨੇ ਨਾਟਿਅਮ ਟੀਮ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਜਾਰੀ ਰੱਖਣ ਲਈ 10 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਘੋਸ਼ਣਾ ਵੀ ਕੀਤੀ ਅਤੇ ਨਾਲ ਹੀ ਦਸਿਆ ਕਿ ਬਠਿੰਡਾ ਵਿੱਚ ਆਧੁਨਿਕ ਸਹੂਲਤਾਂ ਅਤੇ 2000 ਸੀਟਾਂ ਵਾਲਾ ਆਲਾ ਦਰਜੇ ਦੇ ਆਡੀਟੋਰੀਅਮ ਦੇ ਨਿਰਮਾਣ ਦਾ ਕੰਮ ਵੀ ਛੇਤੀ ਸ਼ੁਰੂ ਹੋਣ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕੇ ਕੇ ਅਗਰਵਾਲ, ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਰਾਜਨ ਗਰਗ, ਅਤੇ ਨਾਟਿਅਮ ਵੱਲੋਂ





ਚੇਅਰਮੈਨ ਡਾ. ਕਸ਼ਿਸ਼ ਗੁਪਤਾ, ਪ੍ਰਧਾਨ ਸੁਦਰਸ਼ਨ ਗੁਪਤਾ, ਤੇ ਡਾਇਰੈਕਟਰ ਕੀਰਤੀ ਕਿਰਪਾਲ ਵੀ ਮੌਜੂਦ ਸਨ।

ਨਾਟਕ ਦੌਰਾਨ ਵਿਸ਼ੇਸ਼ ਤੌਰ 'ਤੇ ਮੌਜੂਦ ਬੀਸੀਐਲ 'ਤੇ ਮਿੱਤਲ ਗਰੁੱਪ ਦੇ ਐਮ ਡੀ ਰਜਿੰਦਰ ਕੁਮਾਰ ਮਿੱਤਲ ਅਤੇ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਤੋਂ ਸੁਖਮੰਦਰ ਸਿੰਘ ਚੱਠਾ ਵੱਲੋਂ ਵੀ ਨਾਟਿਅਮ ਟੀਮ ਨੂੰ 10ਵੇਂ ਨਾਟਕ ਮੇਲੇ ਦੀ ਵਧਾਈ ਦਿੱਤੀ ਗਈ ਅਤੇ ਆਰਥਿਕ ਸਹਿਯੋਗ ਦੇਣ ਦਾ ਐਲਾਨ ਵੀ ਕੀਤਾ ਗਿਆ।

ਯਾਦ ਰਹੇ 10ਵੇਂ ਨਾਟਿਅਮ ਮੇਲੇ ਦੇ ਚੌਥੇ ਦਿਨ ਹਰਿਆਣਾ ਕਲਾ ਪ੍ਰੀਸ਼ਦ ਤੋਂ ਆਈ ਟੀਮ ਵੱਲੋਂ ਵਸੰਤ ਸਬਨੀਸ ਦਾ ਲਿਖਿਆ ਅਤੇ ਸੰਜੇ ਭਸੀਨ ਦਾ ਨਿਰਦੇਸ਼ਿਤ ਹਰਿਆਣਵੀ ਕਾਮੇਡੀ ਨਾਟਕ ਸਈਆਂ ਬਹੇ ਕੋਤਵਾਲ ਪੇਸ਼ ਕੀਤਾ ਗਿਆ, ਜਿਸਨੇ ਭ੍ਰਿਸ਼ਟਾਚਾਰ 'ਤੇ ਭਾਈ-ਭਤੀਜਾਵਾਦ ਨੂੰ ਦੱਬ ਕੇ ਰਗੜਾ ਲਾਉਂਦੇ ਹੋਏ ਹਾਸਿਆਂ ਨਾਲ ਦਰਸ਼ਕਾਂ ਦੇ ਢਿੱਡੀ ਪੀੜਾਂ ਪਾ ਦਿੱਤੀਆਂ।



## ਪ੍ਰਕਾਸ਼ ਪੁਰਬ: ਸੰਗਤ ਲਈ ਮੁਫਤ ਕਮਰੇ ਦੇਣਗੇ ਹੋਟਲ ਮਾਲਕ

**ਅੰਮ੍ਰਿਤਸਰ:** ਅੰਮ੍ਰਿਤਸਰ ਸ਼ਹਿਰ ਦੇ ਬਾਨੀ ਗੁਰੂ ਰਾਮਦਾਸ ਦੇ 22 ਅਕਤੂਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਮੌਕੇ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਸ਼ਹਿਰ ਦੇ ਹੋਟਲ ਮਾਲਕਾਂ ਵੱਲੋਂ ਵੱਧ ਤੋਂ ਵੱਧ ਕਮਰੇ ਮੁਫਤ ਦਿੱਤੇ ਜਾਣਗੇ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੀ ਰਿਹਾਇਸ਼ ਦੇ ਪ੍ਰਬੰਧਾਂ ਬਾਰੇ ਹੋਟਲਾਂ ਦੇ ਮਾਲਕਾਂ ਨਾਲ ਮੀਟਿੰਗ ਕੀਤੀ ਗਈ ਹੈ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵਡ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸ਼੍ਰੋਮਣੀ ਕਮੇਟੀ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਸ਼ਹਿਰ ਦੇ ਬਾਨੀ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਹਰ ਸਾਲ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਮੌਕੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸ਼ਰਧਾਲੂ ਇਥੇ ਪੁੱਜਦੇ ਹਨ, ਜਿਸ ਕਾਰਨ ਸੰਗਤ ਦੀ ਰਿਹਾਇਸ਼ ਸਬੰਧੀ ਮੁਸ਼ਕਲ ਪੇਸ਼ ਆਉਂਦੀ ਹੈ। ਸ੍ਰੀ ਭਿੱਟੇਵੱਡ ਤੇ ਐਡਵੋਕੇਟ ਸਿਆਲਕਾ ਨੇ ਹੋਟਲ ਮਾਲਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇਕ ਚੰਗੀ ਪਹਿਲ ਹੈ।

ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਤੇ ਓ.ਐਸ.ਡੀ. ਡਾ. ਅਮਰੀਕ ਸਿੰਘ ਲਤੀਫਪੁਰ ਨੇ ਕਿਹਾ ਕਿ ਹੋਟਲ ਮਾਲਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਗੁਰੂ ਰਾਮਦਾਸ ਦੇ ਜੀਵਨ ਇਤਿਹਾਸ ਦੇ ਕਿਤਾਬਚੇ ਮੁਹੱਈਆ ਕਰਵਾਏ ਜਾਣਗੇ, ਤਾਂ ਜੋ ਸੰਗਤ ਨੂੰ ਗੁਰੂ ਸਾਹਿਬ ਬਾਰੇ ਜਾਣਕਾਰੀ ਮਿਲ ਸਕੇ। ਅੰਮ੍ਰਿਤਸਰ ਹੋਟਲ ਤੇ ਗੈਸਟ ਹਾਊਸ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਹੋਟਲ ਮਾਲਕਾਂ ਵੱਲੋਂ ਵਿਸ਼ਵਾਸ ਦਿਵਾਇਆ ਕਿ ਹੋਟਲਾਂ ਵਿਚ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾਣ ਵਾਲੇ ਮੁਫ਼ਤ ਕਮਰਿਆਂ ਤੋਂ ਇਲਾਵਾ ਵੀ ਹੋਰ ਕਮਰੇ ਰਿਆਇਤੀ ਦਰਾਂ 'ਤੇ ਦਿੱਤੇ ਜਾਣਗੇ ਤੇ ਗੁਰਪੁਰਬ ਮੌਕੇ ਰੁਕਣ ਵਾਲੇ ਸ਼ਰਧਾਲੂਆਂ ਨੂੰ ਸਵੇਰ ਦਾ ਨਾਸ਼ਤਾ ਤੇ ਮਠਿਆਈ ਦੇ ਡੱਬੇ ਦਿੱਤੇ ਜਾਣਗੇ।

## ਚਰਨਜੀਤ ਸਿੰਘ ਪਨੂੰ ਦਾ ਪਾਕਿਸਤਾਨੀ ਸਫ਼ਰਨਾਮਾ 'ਮਿੱਟੀ ਦੀ ਮਹਿਕ'

ਪੰਜਾਬੀ ਸਾਹਿਤ ਵਿੱਚ ਜਾਣਿਆ ਪਛਾਣਿਆ ਨਾਂ ਹੈ। ਸ. ਚਰਨਜੀਤ ਸਿੰਘ ਪਨੂੰ, ਹੁਣ ਤੱਕ 8 ਸਫ਼ਰਨਾਮੇ ਸਹਿਤ ਜਗਤ ਦੀ ਝੋਲੀ ਪਾ ਚੁੱਕੇ ਹਨ।

ਪਨੂੰ ਸਾਹਿਬ 25 ਦੇ ਲਗਭਗ ਪੁਸਤਕਾਂ ਸਾਹਿਤ ਜਗਤ ਦੀ ਝੋਲੀ ਪਾ ਚੁਕੇ ਹਨ, ਜਿਨ੍ਹਾਂ ਵਿੱਚ ਨਾਵਲ, ਸਫ਼ਰਨਾਮਾ ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ, ਹਿੰਦੀ ਸਫ਼ਰਨਾਮਾ। ਲੇਖਕ ਕੇਵਲ ਬਾਹਰੀ ਅੱਖਾਂ ਨਾਲ ਹੀ ਨਹੀਂ ਦੇਖਦਾ ਤੇ ਦਿਮਾਗ ਨਾਲ ਹੀ ਨਹੀਂ ਸੋਚਦਾ, ਬਲਕਿ ਉਹ ਤਾਂ ਮਨ ਦੀਆਂ ਅੱਖਾਂ ਨਾਲ ਵੀ ਨੀਝ ਲਾ ਕੇ ਹਰ ਸ਼ੈਅ ਨੂੰ ਵੱਖਰੇ ਨਜ਼ਰੀਏ ਨਾਲ ਦੇਖਦਾ ਹੈ।




**ਅਰਵਿੰਦਰ ਕੌਰ ਸੰਧੂ**
**ਸਿਰਸਾ, ਹਰਿਆਣਾ।**

ਚਰਨਜੀਤ ਸਿੰਘ ਪਨੂੰ ਦੀ ਪਾਕਿਸਤਾਨ ਫੇਰੀ ਦਾ ਇਹ ਨਿਵੇਕਲਾ ਚਿਤਰਣ ਰੀਝ ਨਾਲ ਪੜ੍ਹਨ ਤੇ ਵਿਚਾਰਨਯੋਗ ਹੈ । ਇਸ ਵਿੱਚ 1947 ਦੀ ਭਾਰਤ ਪਾਕਿਸਤਾਨ ਵੰਡ ਦੌਰਾਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੇ ਵੇਰਵਿਆਂ ਨੂੰ ਦਰਸਾਇਆ ਗਿਆ ਹੈ।

1947 ਦੀ ਵੰਡ ਨੇ ਐਸੀ ਲਕੀਰ ਖਿੱਚੀ ਕਿ ਭਰਾਵਾਂ ਵਾਂਗੂੰ ਵੱਸਦੇ ਸੱਤ ਬੇਗਾਨੇ ਹੋ ਗਏ। ਹਕੂਮਤ ਨੇ ਪਾਕਿ-ਪਵਿੱਤਰ ਰਿਸ਼ਤਿਆਂ ਵਿਚੋਂ ਆਪਣੀਆਂ ਰੋਟੀਆਂ ਸੇਕੀਆਂ। ਬਹੁਤ ਸਾਰੇ ਬਜ਼ੁਰਗ ਆਪਣੀ ਜੰਮਣ ਭੋਇੰ ਨੂੰ ਵੇਖਣ ਤੋਂ ਤਰਸਦੇ ਹੀ ਰੁਖ਼ਸਤ ਹੋ ਗਏ।

ਦੇਸ਼ ਦੀ ਵੰਡ ਦਾ ਸਭ ਤੋਂ ਵੱਡਾ ਘਾਟਾ ਸਿੱਖਾਂ ਨੂੰ ਪਿਆ। ਜ਼ਿਆਦਾ ਤੀਰਥ ਅਸਥਾਨ ਪਾਕਿਸਤਾਨ ਵਿੱਚ ਰਹਿ ਗਏ ਜਦ ਕਿ ਸਿੱਖ ਭਾਰਤ ਆ ਗਏ।

ਸਿੱਖਾਂ ਦਾ ਇਤਿਹਾਸ, ਸੱਭਿਆਚਾਰ, ਅਮੀਰ ਵਿਰਸੇ ਦੀ ਜੜ੍ਹ ਪਾਕਿਸਤਾਨ ਵਿੱਚ ਹੈ । ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ, ਪੰਜਾ ਸਾਹਿਬ ਤੇ ਹੋਰ ਬਹੁਤ ਸਾਰੇ ਗੁਰਦੁਆਰੇ ਪਾਕਿਸਤਾਨ ਵਿੱਚ ਹਨ।




ਪੰਜਾਬੀ ਭਾਸ਼ਾ ਸਹਿਤ ਤੇ ਸੱਭਿਆਚਾਰ ਦਾ ਵਿਰਸਾ ਅਜੇ ਵੀ ਪਾਕਿਸਤਾਨ ਨੇ ਸੰਭਾਲ ਕੇ ਰੱਖਿਆ ਹੋਇਆ ਹੈ। ਲਾਹੌਰ ਕਿਸੇ ਸਮੇਂ ਸਰਕਾਰੇ ਖ਼ਾਲਸਾ ਦੀ ਰਾਜਧਾਨੀ ਰਿਹਾ ਹੈ। ਸਿੱਖ ਰਾਜ ਦੀ ਆਖਰੀ ਨਿਸ਼ਾਨੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਅੱਜ ਵੀ ਬਹੁਤ ਸੰਭਾਲ ਕੇ ਰਖਿਆ ਹੋਇਆ ਹੈ।

ਚਰਨਜੀਤ ਸਿੰਘ ਪਨੂੰ ਨੇ ਆਪਣੇ ਪਰਿਵਾਰ ਨਾਲ ਇਹ ਯਾਤਰਾ 15 ਦਸੰਬਰ ਤੋਂ 24 ਦਸੰਬਰ 2016 ਤਕ ਕੀਤੀ। ਆਪਣੀ ਮਾਤਾ ਜੀ ਨੂੰ ਲੈ ਕੇ ਪਾਕਿਸਤਾਨ ਗਏ, ਜੋ 2016 ਵਿੱਚ 93 ਵਰ੍ਹਿਆਂ ਦੇ ਸਨ ਉਨ੍ਹਾਂ ਨੂੰ ਪਿੰਡ ਸਖੀਰਾ ਵਿਖਾਉਣਾ ਸੀ, ਅਤੇ ਪੇਕਾ ਪਿੰਡ ਜਗਦੇਵ ਚੱਕ 41.

ਸਫ਼ਰਨਾਮੇ ਵਿੱਚ 10 ਚੈਪਟਰ ਹਨ, ਜਿਸ ਵਿੱਚ ਸਫ਼ਰ ਦਾ ਸਬੱਬ ਕਿਉਂ ਬਣਿਆ, ਗੁਰਦੁਆਰਾ ਬੇਰ ਸਾਹਿਬ , ਜਨਮ ਅਸਥਾਨ ਗੁਰੂ ਰਾਮਦਾਸ ਜੀ, ਗੁਰਦੁਆਰਾ ਲਾਲ ਖੂਹ, ਜਨਮ ਅਸਥਾਨ ਨਨਕਾਣਾ ਸਾਹਿਬ, ਵਾਹਗਾ ਬਾਰਡਰ ਵੱਲ ਤਿਆਰੀ, ਕਾਨਾ ਪਿੰਡ ਦੀ ਬੋਗੋ ਨਾਰ, ਛੱਜੂ ਦਾ ਚੁਬਾਰਾ, ਦਿੱਲੀ ਗੇਟ, ਸਮਾਧ ਮਹਾਰਾਜਾ ਰਣਜੀਤ ਸਿੰਘ, ਟੋਭਾ ਟੇਕ ਸਿੰਘ, ਬੁੱਲੇ ਸ਼ਾਹ, ਸ਼ਹੀਦ ਭਗਤ ਸਿੰਘ, ਸੰਧੂ ਹਵੇਲੀ ਬੰਗਾ, ਮਾਂ ਬੋਲੀ ਰਿਸਰਚ ਸੈਂਟਰ ਲਾਹੌਰ।

ਇਸ ਸਫ਼ਰਨਾਮਾ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਵਿਚਲੀ ਸਰਲ ਭਾਸ਼ਾ ਹੈ ਜੋ ਕਿ ਪਾਠਕ ਨੂੰ ਅੰਤ ਤੱਕ ਆਪਣੇ ਨਾਲ ਜੋੜੀ ਰੱਖਦੀ ਹੈ। ਇਸ ਤਰ੍ਹਾਂ 10 ਦਿਨਾਂ ਦੀ ਯਾਤਰਾ ਦੌਰਾਨ ਨਾ ਭੁੱਲਣਯੋਗ ਯਾਦਾਂ ਦਾ ਸਰਮਾਇਆ ਤੇ ਸੱਜਣਾਂ ਦੀ ਬੇਤਹਾਸ਼ਾ ਮੁਹੱਬਤ ਦਿਲਾਂ ਵਿੱਚ ਲੈ ਕੇ, ਫੇਰ ਮਿਲਣ ਦੀ ਤਾਂਘ ਨਾਲ ਲਹਿੰਦੇ ਪੰਜਾਬ ਤੋਂ ਚਰਨਜੀਤ ਸਿੰਘ ਪਨੂੰ ਹੁਣਾਂ ਵਿਦਾਇਗੀ ਲਈ।

ਦੁਆ ਕਰਦੀ ਹਾਂ ਚਰਨਜੀਤ ਸਿੰਘ ਪਨੂੰ ਦੀ ਕਲਮ ਨਿਰੰਤਰ ਕਾਰਜਸ਼ੀਲ ਰਹੇ ਅੰਤ ਵਿੱਚ ਸ਼ੁੱਭ-ਕਾਮਨਾਵਾਂ!

## ਜਗਜੀਤ ਸਿੰਘ ਥਿੰਦ ਨਹੀਂ ਰਹੇ

ਸੇਜਲ ਅੱਖਾਂ ਅਤੇ ਦੁਖੀ ਹਿਰਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਸਰਦਾਰ ਜਗਜੀਤ ਸਿੰਘ ਥਿੰਦ 2 ਅਕਤੂਬਰ 2021 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਹਨ।



ਪੰਜਾਬੀ ਭਾਈਚਾਰੇ ਨੂੰ ਉਨ੍ਹਾਂ ਦੇ ਤੁਰ ਜਾਣ ਦਾ ਡਾਢਾ ਦੁੱਖ ਹੋਇਆ ਹੈ, ਕਿਉਂਕਿ ਉਹ ਹਮੇਸ਼ਾ ਭਾਈਚਾਰੇ ਦੇ ਅੰਗ-ਸੰਗ ਰਹਿੰਦੇ ਹਨ। ਗਮੀ-ਖੁਸ਼ੀ ਦੇ ਸਮਾਗਮਾਂ ਵਿਚ ਸ਼ਿਰਕਤ ਕਰਦੇ ਸਨ ਅਤੇ ਲਗਾਤਾਰ ਸੰਪਰਕ ਬਣਾਈ ਰੱਖਦੇ ਸਨ।

ਸ. ਥਿੰਦ ਦੀ ਜੀਵਨ ਘਾਲਣਾ ਬੜੀ ਲੰਬੀ ਹੈ। ਅਮਰੀਕਾ ਆਉਣ ਤੋਂ ਪਹਿਲਾਂ ਉਨ੍ਹਾਂ ਦਾ ਆਪਣੇ ਜੱਦੀ ਪਿੰਡ ਨਾਲ ਗੂੜ੍ਹਾ ਨਾਤਾ ਸੀ। ਉਨ੍ਹਾਂ ਨੇ ਪਿੰਡ ਦੀ ਸਰਪੰਚੀ ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦ ਤਕ ਦੀਆਂ ਸੇਵਾਵਾਂ ਨਭਾਈਆਂ। ਆਪਣੇ ਅਸਰ ਰਸੂਖ ਸਦਕਾ ਪਿੰਡ ਦੀ ਭਲਾਈ ਦਾ ਹਰ ਕੰਮ ਨੇਪਰੇ ਚਾੜ੍ਹਿਆ। ਪਿੰਡ ਵਿਚ ਸਕੂਲ ਖੁਲ੍ਹਵਾਏ, ਸਲੋਤਰਖਾਨਾ ਬਣਵਾਇਆ, ਗਲੀਆਂ ਪੱਕੀਆਂ ਕਰਵਾਈਆਂ। ਸਭ ਤੋਂ ਵੱਡੀ ਦੇਣ ਪਿੰਡ ਵਿਚ ਪੰਜਾਬੀ ਲਾਇਬਰੇਰੀ ਦਾ ਖੋਲ੍ਹਣਾ ਸੀ। ਉਨ੍ਹਾਂ ਦੀ ਇਸੇ ਚੇਟਕ ਨੇ ਪਿੱਛਾ ਨਹੀਂ ਛੱਡਿਆ ਤੇ ਅਮਰੀਕਾ ਆ ਕੇ ਕੈਲੀਫੋਰਨੀਆ ਦੇ ਕਰਮਨ ਕਸਬੇ ਵਿਚ ਪੰਜਾਬੀ ਲਾਇਬਰੇਰੀ ਦੀ ਬ੍ਰਾਂਚ ਖੁਲ੍ਹਵਾਈ। ਇਹ ਲਾਇਬਰੇਰੀ ਕੇਵਲ ਕੈਲੀਫੋਰਨੀਆ ਵਿਚ ਹੀ ਨਹੀਂ, ਸਾਰੇ ਅਮਰੀਕਾ ਵਿਚ ਸਭ ਤੋਂ ਵੱਡੀ ਹੈ। ਅੱਜ ਇਸ ਲਾਇਬਰੇਰੀ ਵਿਚ ਪੰਜਾਬੀ ਦੇ ਸਮਕਾਲੀ ਲੇਖਕਾਂ ਅਤੇ ਕਲਾਸੀਕਲ ਸਿੱਖ ਸਾਹਿਤ ਦੀਆਂ ਹਜ਼ਾਰਾਂ ਪੁਸਤਕਾਂ ਹਨ, ਜੋ ਥਿੰਦ ਹੋਰਾਂ ਦੀ ਸਾਹਿਤ ਨਾਲ ਜਾਣ-ਪਹਿਚਾਣ ਸਦਕਾ ਪੰਜਾਬ ਤੋਂ ਮੰਗਵਾਈਆਂ ਗਈਆਂ ਸਨ। ਇਕ ਪ੍ਰਕਾਰ ਨਾਲ ਇਹ ਅਮਰੀਕਾ ਦੀ ਰੈਫਰੈਂਸ ਲਾਇਬਰੇਰੀ ਹੈ, ਜਿੱਥੇ ਬੈਠ ਕੇ ਖੋਜ ਕੀਤੀ ਜਾ ਸਕਦੀ ਹੈ।

ਨਿੱਜੀ ਤੌਰ 'ਤੇ ਮੈਂ ਉਨ੍ਹਾਂ ਦਾ ਬਹੁਤ ਰਿਣੀ ਹਾਂ, ਕਿਉਂਕਿ ਮੇਰੀ ਪੁਸਤਕ "ਗ਼ਦਰ ਦਾ ਦੂਜਾ ਪੱਖ: ਅਮਰੀਕਾ ਦੀ ਸ਼ਹਿਰੀਅਤ ਅਤੇ ਜਾਇਦਾਦ ਦਾ ਹੱਕ" ਉਨ੍ਹਾਂ ਦੀ ਬਦੌਲਤ ਲਿਖੀ ਜਾ ਸਕੀ ਸੀ। ਜੇ ਉਹ ਆਪਣੇ ਭਣੋਈਏ ਸ. ਬੱਗਾ ਸਿੰਘ ਤੋਂ ਗ਼ਦਰੀ ਬਾਬਿਆਂ ਦੇ ਕੰਮਾਂ-ਕਾਰਾਂ ਅਤੇ ਮੈਕਸੀਕਨ ਔਰਤਾਂ ਨਾਲ ਵਿਆਹ ਸ਼ਾਦੀਆਂ ਬਾਰੇ ਲਿਸਟ ਲਿਆ ਕੇ ਨਾ ਦਿੰਦੇ ਤਾਂ ਇਸ ਪੁਸਤਕ ਦੀ ਹੋਂਦ ਸੰਭਵ ਨਹੀਂ ਸੀ ਹੋਣੀ। ਪੰਜਾਬੀ ਭਾਈਚਾਰੇ ਨੂੰ ਅਜਿਹੇ ਗੁਣੀ ਬੰਦੇ ਦੀ ਦੇਣ ਦਾ ਰਿਣ ਤਾਰਨਾ ਚਾਹੀਦਾ ਹੈ। ਮੇਰੀ ਦਿਲੋਂ ਅਰਦਾਸ ਅਤੇ ਕਾਮਨਾ ਹੈ ਕਿ ਪਰਮਾਤਮਾ ਉਨ੍ਹਾਂ ਦੀ ਰੂਹ ਨੂੰ ਸਵਰਗ ਵਿਚ ਵਾਸਾ ਬਖਸ਼ੇ। ਅਜਿਹੇ ਨੇਕ ਬੰਦਿਆਂ ਦਾ ਤੁਰ ਜਾਣਾ, ਜੀਵਨ ਵਿਚ ਖਾਲੀਪਨ ਦਾ ਅਹਿਸਾਸ ਦੁਆਉਂਦਾ ਹੈ।

**-ਡਾ. ਗੁਰੂਮੇਲ ਸਿੱਧੂ**

## ਫਰਿਜ਼ਨੋ ਏਰੀਏ ਦੀ ਉੱਘੀ ਸ਼ਖਸੀਅਤ ਸਨ ਜਗਜੀਤ ਸਿੰਘ ਥਿੰਦ

**ਫਰਿਜ਼ਨੋ (ਕੈਲੀਫੋਰਨੀਆ):** ਫਰਿਜ਼ਨੋ ਏਰੀਏ ਦੀ ਉੱਘੀ ਸ਼ਖਸੀਅਤ ਬਾਪੂ ਜਗਜੀਤ ਸਿੰਘ ਥਿੰਦ 91 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਲੰਮਾ ਸਮਾਂ ਕਰਮਨ ਵਿਖੇ ਆਪਣੀ ਪੱਤਰਕਾਰਤਾ ਦੇ ਜ਼ਰੀਏ ਸੇਵਾਵਾਂ ਨਿਭਾਉਂਦਿਆਂ ਪੰਜਾਬੀ ਕਮਿਊਨਿਟੀ ਦੀ ਨਿੱਠ ਕੇ ਸੇਵਾ ਕੀਤੀ। ਉਨ੍ਹਾਂ ਨੇ 23 ਸਾਲ ਬਿੰਜਲ ਪਿੰਡ ਦੀ ਸਰਪੰਚੀ ਕੀਤੀ ਅਤੇ ਬਲਾਕ ਸੰਮਤੀ ਤੇ ਜਿਲਾ ਪ੍ਰੀਸ਼ਦ ਮੈਂਬਰ ਵੀ ਰਹੇ।

1931 ਵਿਚ ਜਨਮੇ ਬਾਪੂ ਜਗਜੀਤ ਸਿੰਘ ਥਿੰਦ ਨੇ ਉਨ੍ਹਾਂ ਸਮਿਆਂ ਵਿਚ ਉਚੇਰੀ ਵਿੱਦਿਆ ਹਾਸਲ ਕੀਤੀ, ਜਦੋਂ ਪੰਜਾਬ ਵਿਚ ਦੂਰ-ਦੁਰਾਡੇ ਤੱਕ ਸਕੂਲ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਸੀ। ਕਰਮਨ ਸ਼ਹਿਰ ਵਿਚ ਪੰਜਾਬੀ ਲਾਇਬ੍ਰੇਰੀ ਬਣਾਉਣ ਦਾ ਸਿਹਰਾ ਵੀ ਬਾਪੂ ਜਗਜੀਤ ਸਿੰਘ ਥਿੰਦ ਸਿਰ ਜਾਂਦਾ ਹੈ। ਬਾਪੂ ਜੀ ਬਹੁਤ ਮਿਲਾਪੜੇ ਸੁਭਾ ਦੇ ਇਨਸਾਨ ਸਨ।

ਸਵਰਗੀ ਜਗਜੀਤ ਸਿੰਘ ਥਿੰਦ ਦਾ ਸਸਕਾਰ 8 ਅਕਤੂਬਰ, ਸ਼ੁੱਕਰਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ, ਫਾਊਲਰ ਵਿਖੇ ਦੁਪਹਿਰ 11 ਤੋਂ 1 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਗੁਰਦੁਆਰਾ ਅਨੰਦਗੜ੍ਹ ਸਾਹਿਬ, ਕਰਮਨ ਵਿਖੇ ਪਵੇਗਾ। ਹੋਰ ਜਾਣਕਾਰੀ ਲਈ ਸੁਰਿੰਦਰ ਸਿੰਘ ਥਿੰਦ (ਪੁੱਤਰ) ਨਾਲ ਫੋਨ: 559-892-8354 ਜਾਂ ਮਹਿੰਦਰ ਸਿੰਘ ਬਦੇਸ਼ਾ (ਜਵਾਈ) ਨਾਲ ਫੋਨ: 559-755-4478 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜ਼ਨੋ ਨੇ ਥਿੰਦ ਪਰਿਵਾਰ ਨਾਲ ਸਵਰਗੀ ਜਗਜੀਤ ਸਿੰਘ ਥਿੰਦ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਫਰਿਜ਼ਨੋ ਏਰੀਏ ਦੇ ਸਾਰੇ ਪੰਜਾਬੀ ਭਾਈਚਾਰੇ ਨੂੰ ਬਾਪੂ ਜਗਜੀਤ ਸਿੰਘ ਥਿੰਦ ਦੇ ਤੁਰ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 9 ਅਕਤੂਬਰ 2021

## ਭਾਜਪਾ ਦੀ ਸਿਆਸਤ ਤੇ ਕਿਸਾਨ ਅੰਦੋਲਨ

ਉਤਰ ਪ੍ਰਦੇਸ਼ ਵਿਚ ਲਖੀਮਪੁਰ ਖੀਰੀ ਵਾਲੀ ਘਟਨਾ ਨੇ ਸਾਲ ਭਰ ਤੋਂ ਚੱਲ ਰਹੇ ਕਿਸਾਨ ਸੰਘਰਸ਼ ਬਾਰੇ ਨਵੇਂ ਸਿਰਿਓਂ ਚਰਚਾ ਛੇੜ ਦਿੱਤੀ ਹੈ। ਇਸ ਦੇ ਨਾਲ-ਨਾਲ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਜ਼ਹਿਰੀਲੀ ਸਿਆਸਤ ਬਾਰੇ ਚਰਚਾ ਨੇ ਵੀ ਗਤੀ ਫੜੀ ਹੈ। 2014 ਵਿਚ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਨੇ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਵਿਚ ਸੱਤਾ ਸੰਭਾਲੀ ਹੈ, ਉਦੋਂ ਤੋਂ ਹੀ ਇਹ ਪਾਰਟੀ ਸਮਾਜ ਅਤੇ ਮੁਲਕ ਵਿਚ ਵੰਡੀਆਂ ਪਾਉਣ ਦੇ ਰਾਹ ਤੁਰੀ ਹੋਈ ਹੈ ਅਤੇ ਇਸ ਮਾਮਲੇ ਵਿਚ ਇਹ ਬਹੁਤ ਹੱਦ ਤੱਕ ਕਾਮਯਾਬ ਵੀ ਹੋਈ ਹੈ। ਲਖੀਮਪੁਰ ਵਾਲੀ ਘਟਨਾ ਨੂੰ ਇਸ ਪ੍ਰਸੰਗ ਵਿਚ ਹੀ ਵਿਚਾਰਨਾ ਚਾਹੀਦਾ ਹੈ। ਇਹ ਘਟਨਾ ਸਿੱਧੇ ਰੂਪ ਵਿਚ ਕਿਸਾਨ ਅੰਦੋਲਨ ਨਾਲ ਜੁੜੀ ਹੋਈ ਹੈ। ਪਿਛਲੇ ਇਕ ਸਾਲ ਦੌਰਾਨ ਇਸ ਅੰਦੋਲਨ ਨੇ ਕਿਸਾਨ ਵਰਗ ਹੀ ਨਹੀਂ, ਸਮਾਜ ਦੇ ਹੋਰ ਤਬਕਿਆਂ ਨੂੰ ਵੀ ਸਰਕਾਰ ਦੀਆਂ ਨੀਤੀਆਂ ਬਾਰੇ ਚਾਨਣ ਕੀਤਾ ਹੈ। ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਕਾਮਯਾਬੀ ਇਹੀ ਗਿਣੀ ਜਾ ਰਹੀ ਹੈ ਕਿ ਇਸ ਨੇ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜ਼ਹਿਰੀਲੀ ਸਿਆਸਤ ਨੂੰ ਠੱਲ੍ਹ ਪਾਈ ਹੈ। ਪਹਿਲਾਂ ਇਸ ਕੱਟੜ ਪਾਰਟੀ ਨੇ ਮੁਲਕ ਭਰ ਵਿਚ ਘੱਟ-ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਖਿਲਾਫ ਦੁਰ-ਪ੍ਰਚਾਰ ਸ਼ੁਰੂ ਕੀਤਾ ਹੋਇਆ ਸੀ। ਹਜੂਮੀ ਹੱਤਿਆਵਾਂ ਦਾ ਦੌਰ ਚਲਾਇਆ ਗਿਆ ਸੀ। ਜਦੋਂ ਨਾਗਰਿਕਤਾ ਸੋਧ ਬਿੱਲ ਖਿਲਾਫ ਦਿੱਲੀ ਵਿਚ ਸ਼ਾਹੀਨ ਬਾਗ ਮੋਰਚਾ ਲੱਗਿਆ, ਤਦ ਵੀ ਇਸ ਪਾਰਟੀ ਨੇ ਇਸ ਮੋਰਚੇ ਅਤੇ ਇਸ ਦੀ ਹਮਾਇਤ ਕਰਨ ਵਾਲਿਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ ਮੋਰਚੇ ਦੀ ਹਮਾਇਤ ਕਰਨ ਵਾਲੇ ਵਿਦਿਆਰਥੀ ਕਾਰਕੁਨ ਅਤੇ ਹੋਰ ਲੋਕਾਂ ਨੂੰ ਝੂਠੇ ਇਲਜ਼ਾਮਾਂ ਤਹਿਤ ਅੱਜ ਵੀ ਜੇਲ੍ਹਾਂ ਅੰਦਰ ਸੁੱਟਿਆ ਹੋਇਆ ਹੈ ਪਰ ਜਦੋਂ ਦਾ ਕਿਸਾਨ ਅੰਦੋਲਨ ਸ਼ੁਰੂ ਹੋਇਆ ਹੈ, ਇਸ ਨਾਲ ਜੁੜੇ ਕਾਰਕੁਨ ਅਤੇ ਆਮ ਲੋਕ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਥਾਂ-ਥਾਂ ਨੂੰ ਘੇਰ ਰਹੇ ਹਨ।

ਇਹ ਕਿਸਾਨ ਅੰਦੋਲਨ ਸਭ ਤੋਂ ਪਹਿਲਾਂ ਪੰਜਾਬ ਵਿਚ ਸ਼ੁਰੂ ਹੋਇਆ, ਫਿਰ ਹਰਿਆਣਾ ਤੇ ਫਿਰ ਉਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਅਤੇ ਫਿਰ ਤਾਂ ਮੁਲਕ ਭਰ ਵਿਚ ਫੈਲ ਗਿਆ। ਪੰਜਾਬ ਵਿਚ ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਕਿਸੇ ਸਿਆਸੀ ਸਰਗਰਮੀ ਲਈ ਘਰੋਂ ਨਿੱਕਲਣਾ ਵੀ ਔਖਾ ਹੋਇਆ ਪਿਆ ਹੈ। ਹਰਿਆਣਾ ਵਿਚ ਵੀ ਇਹੀ ਹਾਲ ਹੈ ਅਤੇ ਹੁਣ ਉਤਰ ਪ੍ਰਦੇਸ਼ ਜਿਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਵਿਚ ਵੀ ਲੋਕ ਇਸ ਪਾਰਟੀ ਦੇ ਆਗੂਆਂ ਖਿਲਾਫ ਰੋਸ ਵਿਖਾਵੇ ਕਰਨ ਲੱਗੇ ਹਨ। ਦੂਜੇ ਬੰਨੇ ਕੇਂਦਰ ਸਰਕਾਰ ਆਪਣੇ ਥਾਂ ਅੜੀ ਹੋਈ ਹੈ। ਇਸ ਦੇ ਵੱਖ-ਵੱਖ ਆਗੂ ਅੱਜ ਵੀ ਤਿੰਨ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੇ ਫਾਇਦੇ ਵਾਲੇ ਦੱਸ ਰਹੇ ਹਨ ਹਾਲਾਂਕਿ ਕਿਸਾਨ ਜਥੇਬੰਦੀਆਂ ਨਾਲ 11 ਗੇੜਾਂ ਦੌਰਾਨ ਹੋਈ ਗੱਲਬਾਤ ਦੌਰਾਨ ਕਿਸਾਨ ਆਗੂ ਕੇਂਦਰੀ ਖੇਤੀ ਮੰਤਰੀ ਕੋਲ ਸਾਬਤ ਕਰ ਚੁੱਕੇ ਹਨ ਕਿ ਇਹ ਕਾਨੂੰਨ ਕਿਸ ਤਰ੍ਹਾਂ ਕਿਸਾਨਾਂ ਦੇ ਖਿਲਾਫ ਹਨ। ਅਸਲ ਵਿਚ ਇਹ ਖੇਤੀ ਕਾਨੂੰਨ ਸੰਸਾਰ ਭਰ ਵਿਚ ਲਾਗੂ ਆਰਥਿਕ ਨੀਤੀਆਂ ਦੇ ਹਿਸਾਬ ਨਾਲ ਬਣਾਏ ਗਏ ਹਨ ਜਿਸ ਪਿੱਛੇ ਖੇਤੀ ਦਾ ਸਮੁੱਚਾ ਧੰਦਾ ਕਾਰਪੋਰੇਟਾਂ ਨੂੰ ਸੌਂਪਣ ਦੀ ਨੀਤੀ ਕੰਮ ਕਰ ਰਹੀ ਹੈ। ਕਿਸਾਨ ਜਥੇਬੰਦੀਆਂ ਵਾਰ-ਵਾਰ ਇਸੇ ਨੁਕਤੇ ਉਤੇ ਧਿਆਨ ਕੇਂਦਰ ਕਰ ਰਹੀਆਂ ਹਨ ਅਤੇ ਸਰਕਾਰ ਨੂੰ ਸਵਾਲ-ਦਰ-ਸਵਾਲ ਕਰ ਰਹੀਆਂ ਹਨ। ਅਗਾਂਹ ਇਹੀ ਸਵਾਲ ਜਾਗਰੂਕ ਹੋਏ ਲੋਕ ਸੱਤਾਧਾਰੀਆਂ ਆਗੂਆਂ ਨੂੰ ਕਰ ਰਹੇ ਹਨ। ਲਖੀਮਪੁਰ ਵਿਚ ਕਿਸਾਨ ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਦੀ ਆਮਦ ਦੇ ਵਿਰੋਧ ਵਿਚ ਇਕੱਠੇ ਹੋਏ ਸਨ ਅਤੇ ਸ਼ਾਂਤੀਪੂਰਵਕ ਵਿਰੋਧ ਕਰ ਰਹੇ ਸਨ ਪਰ ਖਬਰਾਂ ਦੱਸਦੀਆਂ ਹਨ ਕਿ ਕੇਂਦਰੀ ਗ੍ਰਹਿ ਮੰਤਰੀ ਦੇ ਮੁੰਡੇ ਨੇ ਇਨ੍ਹਾਂ ਵਿਖਾਵਾਕਾਰੀਆਂ ਉਤੇ ਗੱਡੀ ਚੜ੍ਹਾ ਦਿੱਤੀ ਜਿਸ ਕਾਰਨ ਚਾਰ ਕਿਸਾਨਾਂ ਦੀ ਮੌਤ ਹੋ ਗਈ।

ਕਿਸਾਨ ਅੰਦੋਲਨ ਦੇ ਦਬਾਅ ਕਾਰਨ ਉਤਰ ਪ੍ਰਦੇਸ਼ ਦੀ ਸਰਕਾਰ ਨੇ ਭਾਵੇਂ ਕਿਸਾਨਾਂ ਦੀਆਂ ਤਕਰੀਬਨ ਸਾਰੀਆਂ ਮੰਗਾਂ ਮੰਨ ਲਈਆਂ ਹਨ; ਕੇਂਦਰੀ ਮੰਤਰੀ ਦੇ ਮੁੰਡੇ ਖਿਲਾਫ ਕੇਸ ਦਰਜ ਹੋ ਗਿਆ ਹੈ, ਫੌਤ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਤੇ ਇਕ ਜੀਅ ਨੂੰ ਨੌਕਰੀ ਦਾ ਐਲਾਨ ਹੋ ਗਿਆ ਹੈ। ਉਂਜ, ਹੁਣ ਕਿਸਾਨ ਅੰਦੋਲਨ ਚਲਾ ਰਹੇ ਆਗੂਆਂ ਅਤੇ ਜਥੇਬੰਦੀਆਂ ਲਈ ਇਹ ਅਜ਼ਮਾਇਸ਼ ਦੀਆਂ ਘੜੀਆਂ ਹਨ। ਹੁਣ ਤੱਕ ਕਿਸਾਨ ਆਗੂਆਂ ਐਲਾਨ ਕਰਦੇ ਰਹੇ ਹਨ ਕਿ ਉਨ੍ਹਾਂ ਦਾ ਅੰਦੋਲਨ ਗੈਰ-ਸਿਆਸੀ ਹੈ ਪਰ ਹੁਣ ਜਦੋਂ ਭਾਰਤੀ ਜਨਤਾ ਪਾਰਟੀ ਨੇ ਆਪਣੀ ਸਮੁੱਚੀ ਤਾਕਤ ਇਸ ਅੰਦੋਲਨ ਨੂੰ ਬਦਨਾਮ ਕਰਕੇ ਅਸਫਲ ਕਰਨ ਵਿਚ ਲਾਈ ਹੋਈ ਹੈ ਤਾਂ ਕਿਸਾਨ ਜਥੇਬੰਦੀਆਂ ਨੂੰ ਇਕ ਕਦਮ ਅਗਾਂਹ ਵਧਾਉਣਾ ਚਾਹੀਦਾ ਹੈ। ਵੱਖ-ਵੱਖ ਸੂਬਿਆਂ ਵਿਚ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕਰਨ ਦੇ ਫੈਸਲੇ ਨਾਲ ਕਿਸਾਨ ਆਗੂ ਭਾਵੇਂ ਇਕ ਕਦਮ ਅਗਾਂਹ ਵਧੇ ਹਨ ਪਰ ਮੁਲਕ ਅੰਦਰ ਜਿਸ ਤਰ੍ਹਾਂ ਦਾ ਮਾਹੌਲ ਹੈ, ਉਸ ਲਈ ਇਕਜੁਟ ਵਿਰੋਧੀ ਧਿਰ ਦਾ ਉਭਾਰ ਹੁਣ ਵਕਤ ਦੀ ਲੋੜ ਹੈ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੀ ਮਿਸਾਲੀ ਜਿੱਤ ਤੋਂ ਬਾਅਦ ਮੁਲਕ ਵਿਚ ਵਿਰੋਧੀ ਧਿਰ ਦੀ ਗੋਲਬੰਦੀ ਦਾ ਮੁੱਦਾ ਉਭਰਿਆ ਤਾਂ ਹੈ ਪਰ ਵਿਰੋਧੀ ਧਿਰਾਂ ਵਿਚਕਾਰ ਅਜੇ ਵੀ ਬਹੁਤ ਸਾਰੇ ਮੱਤਭੇਦ ਹਨ। ਕਿਸਾਨ ਲੀਡਰ ਅਤੇ ਜਥੇਬੰਦੀਆਂ ਇਨ੍ਹਾਂ ਮੱਤਭੇਦਾਂ ਨੂੰ ਘਟਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਹ ਸੱਚ ਹੈ ਕਿ ਮੋਰਚੇ ਨਾਲ ਜੁੜੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਚੋਣਾਂ ਵਾਲੇ ਮਸਲੇ 'ਤੇ ਇਕਸੁਰ ਨਹੀਂ। ਕਈ ਜਥੇਬੰਦੀਆਂ ਦੇ ਤਾਂ ਮੱਤਭੇਦ ਬਹੁਤ ਤਿੱਖੇ ਹਨ ਪਰ ਹੁਣ ਸਮੇਂ ਦੀ ਮੰਗ ਹੈ ਕਿ ਕਿਸਾਨ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂ ਚੋਣਾਂ ਬਾਰੇ ਕਿਸੇ ਰੇੜਕੇ ਵਿਚ ਪੈਣ ਦੀ ਥਾਂ ਭਾਰਤੀ ਜਨਤਾ ਪਾਰਟੀ ਦੀ ਜ਼ਹਿਰੀਲੀ ਸਿਆਸਤ ਨੂੰ ਠੱਲ੍ਹ ਪਾਉਣ ਵਿਚ ਆਪਣੀ ਭੂਮਿਕਾ ਨਿਭਾਉਣ। ਲਖੀਮਪੁਰ ਖੀਰੀ ਵਾਲੀ ਘਟਨਾ ਕਿਸਾਨ ਅੰਦੋਲਨ ਨੂੰ ਨਵੀਂ ਦਿਸ਼ਾ ਦੇਣ ਦਾ ਵੱਡਾ ਮੌਕਾ ਹੈ। ਇਹ ਮੌਕਾ ਗੁਆਇਆ ਨਹੀਂ ਜਾਣਾ ਚਾਹੀਦਾ। ਹੁਣ ਸਮੁੱਚੇ ਉਤਰ ਪ੍ਰਦੇਸ਼ ਵਿਚ ਕਿਸਾਨ ਅੰਦੋਲਨ ਦਾ ਪੰਜਾਬ ਅਤੇ ਹਰਿਆਣਾ ਵਾਲਾ ਰੰਗ ਦਿਸਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚੱਕੀ ਬਾਬੇ ਦੀ!

ਹਾਕਮ ਹੁੰਦਿਆਂ ਜਿਨ੍ਹਾਂ ਨੇ ਹਜ਼ਮ ਕੀਤੀ, ਸ਼ਬਦ-ਗੁਰੂ ਦੀ ਹੋਈ ਤੌਹੀਨ ਦੇਖੋ।
ਥਾਂ ਤੀਸਰੇ ਡਿਗਿਆਂ ਨੂੰ ਮਿਲੀ ਨਾਹੀਂ, ਪੈਰ ਰੱਖਣ ਲਈ ਹਾਲੇ 'ਜ਼ਮੀਨ' ਦੇਖੋ।
ਲੈ ਕੇ ਵੋਟਾਂ ਬੇਅਦਬੀ ਦੇ ਹਿਰਖਿਆਂ ਤੋਂ, ਹੁਣ 'ਗੈਰਾਂ' ਦਰ ਫਿਰਦੇ ਦਾ 'ਸੀਨ' ਦੇਖੋ।
ਏਸ ਮੁੱਦੇ 'ਤੇ ਜਿਨ੍ਹੇ ਵੀ ਕਪਟ ਕੀਤਾ, ਪੈਣੀ ਮੰਨਣੀ ਅੰਤ ਨੂੰ 'ਈਨ' ਦੇਖੋ।
ਕੁਦਰਤ ਜਦੋਂ ਨਿਆਂ ਹੈ ਆਪ ਕਰਦੀ, ਪਾਉਂਦੀ ਨੇੜੇ ਦੀ ਫੇਰ 'ਤਰੀਕ' ਯਾਰੋ।
'ਚੱਕੀ ਬਾਬੇ ਦੀ' ਚਲਦੀ ਬੇਸ਼ੱਕ ਹੌਲੀ, ਐਪਰ ਪੀਂਹਦੀ ਐ ਬਹੁਤ ਬਾਰੀਕ ਯਾਰੋ!

# ਪੰਜਾਬ ਦੀ ਲੀਡਰਸ਼ਿਪ ਅਤੇ ਸਿਆਸੀ ਜਮਾਤ

***ਪੰਜਾਬ ਦਾ 1966 ਵਿਚ ਮੁੜਗਠਨ ਹੋਣ ਦੇ ਵੇਲੇ ਤੋਂ ਹੀ ਸੂਬੇ ਦੀ ਸਿਆਸਤ ਵਿਚ ਤਕਰੀਬਨ ਪੂਰੀ ਤਰ੍ਹਾਂ ਜ਼ਮੀਨ ਦੇ ਮਾਲਕ ਜੱਟ ਸਿੱਖ ਭਾਈਚਾਰੇ ਦਾ ਕਬਜ਼ਾ ਰਿਹਾ ਹੈ। ਥੋੜ੍ਹੇ ਸਮੇਂ ਲਈ ਗੁਰਮੁਖ ਸਿੰਘ ਮੁਸਾਫਿਰ (ਨਵੰਬਰ 1966-ਮਾਰਚ 1967) ਅਤੇ ਗਿਆਨੀ ਜ਼ੈਲ ਸਿੰਘ (1972-77) ਦੇ ਅਪਵਾਦ ਨੂੰ ਛੱਡ ਕੇ ਬਾਕੀ ਸਾਰੇ ਹੀ ਮੁੱਖ ਮੰਤਰੀ ਜੱਟ ਸਿੱਖ ਹੋਏ ਹਨ। ਇਹ ਇਕ ਤਰ੍ਹਾਂ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਉਨ੍ਹਾਂ ਦੀ ਸਮੁੱਚੀ ਸਥਿਤੀ ਦਾ ਹੀ ਵਾਧਾ ਸੀ ਜਿਥੇ ਉਹ ਦੋਵੇਂ ਗਿਣਤੀ ਦੇ ਲਿਹਾਜ਼ ਨਾਲ ਵੀ ਤੇ ਆਪਣੇ ਮਾਲੀ ਰੁਤਬੇ ਕਾਰਨ ਵੀ ਮੋਹਰੀ ਤੇ ਪ੍ਰਭਾਵਸ਼ਾਲੀ ਜਾਤ ਭਾਈਚਾਰਾ ਸੀ।***

ਹੁਣ ਜਦੋਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਛੇ ਮਹੀਨੇ ਤੋਂ ਵੀ ਘੱਟ ਸਮਾਂ ਬਚਿਆ ਹੈ, ਤਾਂ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਉਤੇ ਮਕਬੂਲ ਮੀਡੀਆ ਅਤੇ ਸਿਆਸੀ ਜਮਾਤ ਵੱਲੋਂ ਕਾਫੀ ਅਸਾਧਾਰਨ ਪ੍ਰਤੀਕਿਰਿਆ ਜ਼ਾਹਰ ਕੀਤੀ ਗਈ ਹੈ। ਕੁਝ ਹਫਤੇ ਪਹਿਲਾਂ ਜਦੋਂ ਭਾਜਪਾ ਦੀ ਹਕੂਮਤ ਵਾਲੇ ਗੁਜਰਾਤ ਦਾ ਮੁੱਖ ਮੰਤਰੀ ਬਦਲਿਆ ਗਿਆ ਸੀ ਤਾਂ ਪ੍ਰਤੀਕਰਮ ਇਸ ਤੋਂ ਬਿਲਕੁਲ ਵੱਖਰੇ ਸਨ। ਟਿੱਪਣੀਕਾਰਾਂ ਨੇ ਨਵੇਂ ਮੁੱਖ ਮੰਤਰੀ ਦੇ ਬਹੁਤਾ ਜਾਣਿਆ-ਪਛਾਣਿਆ ਚਿਹਰਾ ਨਾ ਹੋਣ 'ਤੇ ਹੈਰਾਨੀ ਜ਼ਾਹਿਰ ਕੀਤੀ ਪਰ ਉਨ੍ਹਾਂ ਇਸ ਤੋਂ ਅਗਾਂਹ ਸ਼ਾਇਦ ਹੀ ਕੋਈ ਸਵਾਲ ਉਠਾਇਆ ਹੋਵੇ ਅਤੇ ਨਾਲ ਹੀ ਕੌਮੀ ਅਖਬਾਰਾਂ ਦੇ ਸੰਪਾਦਕੀ ਕਾਲਮਾਂ ਵਿਚ ਜਾਂ ਟੈਲੀਵਿਜ਼ਨ ਚੈਨਲਾਂ ਉਤੇ ਇਸ



ਬਾਰੇ ਕੋਈ ਵੀ ਡੂੰਘੀ ਚਰਚਾ ਨਹੀਂ ਕੀਤੀ ਗਈ। ਚੰਨੀ ਦੀ ਮੁੱਖ ਮੰਤਰੀ ਵਜੋਂ ਤਰੱਕੀ ਨੇ ਵੱਖਰੀ ਪੱਧਰ ਦੀ ਦਿਲਚਸਪੀ ਪੈਦਾ ਕੀਤੀ ਹੈ। ਇਸ ਨੇ ਹੋਰ ਵੀ ਬਹੁਤ ਸਾਰੇ

**ਸੁਰਿੰਦਰ ਐਸ ਜੋਧਕਾ**
ਫੋਨ: +91-98112-79898

ਸਵਾਲ ਖੜ੍ਹੇ ਕੀਤੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਅਹਿਮ ਉਨ੍ਹਾਂ ਦੀ ਜਾਤ ਅਤੇ ਪਛਾਣ ਨਾਲ ਸਬੰਧਤ ਮੁੱਦਿਆਂ ਬਾਰੇ ਹਨ। ਉਨ੍ਹਾਂ ਦਾ ਪਿਛੋਕੜ ਦਲਿਤ ਹੋਣ ਕਾਰਨ ਪੰਜਾਬ ਤੇ ਸਿੱਖਾਂ ਵਿਚ ਜਾਤ ਆਧਾਰਤ ਰਾਜਨੀਤੀ ਦਾ ਵਡੇਰਾ ਸਵਾਲ ਵੀ ਖੜ੍ਹਾ ਹੋਇਆ ਹੈ ਅਤੇ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਉਤੇ ਪੈ ਸਕਣ ਵਾਲੇ ਇਸ ਦੇ ਸੰਭਵ ਅਸਰਾਂ ਬਾਰੇ ਵੀ ਸਵਾਲ ਉਠੇ ਹਨ। ਹੋਰ ਵੀ ਬਹੁਤ ਸਾਰੇ ਸਵਾਲ ਉਭਰੇ ਹਨ।

ਪੰਜਾਬ ਦਾ 1966 ਵਿਚ ਮੁੜਗਠਨ ਹੋਣ ਦੇ ਵੇਲੇ ਤੋਂ ਹੀ ਸੂਬੇ ਦੀ ਸਿਆਸਤ ਵਿਚ ਤਕਰੀਬਨ ਪੂਰੀ ਤਰ੍ਹਾਂ ਜ਼ਮੀਨ ਦੇ ਮਾਲਕ ਜੱਟ ਸਿੱਖ ਭਾਈਚਾਰੇ ਦਾ ਕਬਜ਼ਾ ਰਿਹਾ ਹੈ। ਥੋੜ੍ਹੇ ਸਮੇਂ ਲਈ ਗੁਰਮੁਖ ਸਿੰਘ ਮੁਸਾਫਿਰ (ਨਵੰਬਰ 1966-ਮਾਰਚ 1967) ਅਤੇ ਗਿਆਨੀ ਜ਼ੈਲ ਸਿੰਘ (1972-77) ਦੇ ਅਪਵਾਦ ਨੂੰ ਛੱਡ ਕੇ ਬਾਕੀ ਸਾਰੇ ਹੀ ਮੁੱਖ ਮੰਤਰੀ ਜੱਟ ਸਿੱਖ ਹੋਏ ਹਨ। ਇਹ ਇਕ ਤਰ੍ਹਾਂ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਉਨ੍ਹਾਂ ਦੀ ਸਮੁੱਚੀ ਸਥਿਤੀ ਦਾ ਹੀ ਵਾਧਾ ਸੀ ਜਿਥੇ ਉਹ ਦੋਵੇਂ ਗਿਣਤੀ ਦੇ ਲਿਹਾਜ਼ ਨਾਲ ਵੀ ਤੇ ਆਪਣੇ ਮਾਲੀ ਰੁਤਬੇ ਕਾਰਨ ਵੀ ਮੋਹਰੀ ਤੇ ਪ੍ਰਭਾਵਸ਼ਾਲੀ ਜਾਤ ਭਾਈਚਾਰਾ ਸੀ। ਸੂਬੇ ਦੀ ਬਹੁਤੀ ਵਾਹੀਯੋਗ ਜ਼ਮੀਨ ਉਤੇ ਉਨ੍ਹਾਂ ਦਾ ਕਬਜ਼ਾ ਹੈ ਤੇ ਉਹੀ ਉਸ ਨੂੰ ਵਾਹੁੰਦੇ ਹਨ ਅਤੇ ਇਕੱਲੇ ਇਕ ਜਾਤ ਭਾਈਚਾਰੇ ਵਜੋਂ ਸ਼ਾਇਦ ਉਨ੍ਹਾਂ ਦੀ ਆਬਾਦੀ ਹੋਰ ਕਿਸੇ ਵੀ ਸਮਾਜਿਕ/ਜਾਤ ਸਮੂਹ ਤੋਂ ਵੱਡੀ ਹੈ। ਇਸ ਦੇ ਨਾਲ ਹੀ ਇਹ ਖੇਤਰੀ ਅਰਥਚਾਰੇ ਵਿਚ ਖੇਤੀ ਦੀ ਪ੍ਰਧਾਨਤਾ ਦਾ ਵੀ ਪ੍ਰਗਟਾਵਾ ਸੀ।

ਅਨੁਸੂਚਿਤ ਜਾਤਾਂ (ਐਸਸੀ) ਪੰਜਾਬ ਦੀ ਕੁੱਲ ਆਬਾਦੀ ਦੇ 32 ਫੀਸਦੀ ਹਿੱਸੇ ਤੋਂ ਵੀ ਵੱਧ ਬਣਦੀਆਂ ਹਨ। ਇਕੱਠਿਆਂ ਉਨ੍ਹਾਂ ਦੀ ਆਬਾਦੀ ਜੇ ਜੱਟਾਂ ਤੋਂ ਵੱਧ ਨਹੀਂ, ਤਾਂ ਵੀ ਉਨ੍ਹਾਂ ਦੇ ਬਰਾਬਰ ਜ਼ਰੂਰ ਹੋਵੇਗੀ ਪਰ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ 39 ਵੱਖੋ-ਵੱਖ ਜਾਤਾਂ ਨੂੰ ਮਿਲਾ ਕੇ ਬਣਦੀਆਂ ਹਨ। ਜਾਤ ਆਧਾਰਤ ਵਲਗਣਾਂ ਭਾਵੇਂ ਕੁਝ ਮਾਮਲਿਆਂ ਵਿਚ ਕਾਫੀ ਧੁੰਦਲੀਆਂ ਹਨ, ਜਿਵੇਂ ਮਜ਼੍ਹਬੀ ਤੇ ਵਾਲਮੀਕੀ ਭਾਈਚਾਰੇ ਦਰਮਿਆਨ ਜਾਂ ਆਦਿ-ਧਰਮੀਆਂ ਅਤੇ ਰਵਿਦਾਸੀਆਂ ਦਰਮਿਆਨ ਪਰ ਬਾਕੀ ਬਹੁਤੇ ਮਾਮਲਿਆਂ ਵਿਚ ਉਨ੍ਹਾਂ ਦੀਆਂ ਬਹੁਤ ਸਾਫ ਤੇ ਨਿਵੇਕਲੀਆਂ ਪਛਾਣਾਂ ਹਨ। ਇਸ ਦੇ ਨਾਲ ਹੀ ਉਨ੍ਹਾਂ ਦੇ ਵੱਖੋ-ਵੱਖਰੇ ਸਮਾਜਿਕ ਇਤਿਹਾਸ, ਕਿੱਤਾਮੁਖੀ ਰਵਾਇਤਾਂ ਹਨ ਅਤੇ ਆਪਣੇ ਮੂਲ ਬਾਰੇ ਵੀ ਵੱਖੋ-ਵੱਖਰੀਆਂ ਮਿੱਥਾਂ ਹਨ।

ਬਾਕੀ ਸਾਰੇ ਉਪ ਮਹਾਂਦੀਪ ਵਿਚ ਹੋਰਨਾਂ ਥਾਵਾਂ ਵਾਂਗ ਹੀ ਪ੍ਰਸ਼ਾਸਕੀ ਪਛਾਣਾਂ ਦੇ ਵੀ ਆਪਣੇ ਆਪ ਵਿਚ ਜੀਵਨ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਹਨ। ਉਨ੍ਹਾਂ ਦੀਆਂ ਜਨ-ਗਿਣਤੀਆਂ ਹਾਲ ਹੀ ਵਿਚ ਸੂਬੇ ਲਈ ਸਿਆਸੀ ਸੰਭਾਵਨਾਵਾਂ ਬਾਰੇ ਕੁਝ ਕੁ ਦਿਲਚਸਪ ਕਿਆਸਅਰਾਈਆਂ ਦਾ



ਸਰੋਤ ਬਣ ਗਈਆਂ ਹਨ। ਮਿਸਾਲ ਵਜੋਂ, ਭਾਜਪਾ ਨਾਲ ਸਿਆਸੀ ਤੋੜ-ਵਿਛੋੜੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਮਜ਼ਬੂਤ ਚੋਣ ਗਣਿਤ ਕਾਇਮ ਕਰਨ ਲਈ ਬਹੁਜਨ ਸਮਾਜ ਪਾਰਟੀ ਨਾਲ ਚੋਣ ਗੱਠਜੋੜ ਕੀਤਾ ਹੈ, ਇਸ ਉਮੀਦ ਨਾਲ ਕਿ ਉਹ ਪੰਜਾਬ ਵਿਧਾਨ ਸਭਾ ਜਿੱਤਣ ਲਈ ਲੋੜੀਂਦੀਆਂ ਦਲਿਤ ਵੋਟਾਂ ਹਾਸਲ ਕਰ ਸਕੇਗੀ। ਇਸ ਦੇ ਜਵਾਬ ਵਿਚ ਅਕਾਲੀ ਦਲ ਨੇ ਉਪ ਮੁੱਖ ਮੰਤਰੀ ਦਾ ਅਹੁਦਾ ਕਿਸੇ ਦਲਿਤ ਨੂੰ ਦੇਣ ਦਾ ਵਾਅਦਾ ਕੀਤਾ। ਸ਼ਾਇਦ ਇਸੇ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਕਿਉਂ ਬੀਬੀ ਮਾਇਆਵਤੀ ਉਨ੍ਹਾਂ ਪ੍ਰਮੁੱਖ ਸਿਆਸਤਦਾਨਾਂ ਵਿਚੋਂ ਮੋਹਰੀ ਸੀ ਜਿਨ੍ਹਾਂ ਨੇ ਇਕ ਸਾਥੀ ਦਲਿਤ ਦੀ ਮੁੱਖ ਮੰਤਰੀ ਦੇ ਅਹੁਦੇ ਉਤੇ ਤਰੱਕੀ ਨੂੰ ਮਹਿਜ਼ 'ਚੋਣ ਸਟੰਟ' ਆਖ ਕੇ ਨਿੰਦਿਆ।

ਭਾਜਪਾ ਵੀ ਸੂਬੇ ਵਿਚ ਦਲਿਤਾਂ ਨੂੰ ਸ਼ਹਿਰੀ ਹਿੰਦੂਆਂ ਦੇ ਆਪਣੇ ਰਵਾਇਤੀ ਚੋਣ ਆਧਾਰ ਨਾਲ ਜੋੜ ਕੇ ਬਦਲਵਾਂ ਫਿਰਕੂ ਗਣਿਤ ਸਿਰਜਣ ਦੇ ਵਿਚਾਰ ਉਤੇ ਕੰਮ ਕਰ ਰਹੀ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਭਾਈਚਾਰਿਆਂ ਦਾ ਅਜਿਹਾ ਗੱਠਜੋੜ ਸ਼ਾਇਦ ਇੰਨਾ ਕੁ ਮਜ਼ਬੂਤ ਹੋ ਜਾਵੇ ਕਿ ਉਹ ਪੰਜਾਬ ਦੇ ਚੋਣ ਗਣਿਤ ਵਿਚ ਜੱਟਾਂ ਜਾਂ ਇਥੋਂ ਤੱਕ ਕਿ ਕੁੱਲ ਮਿਲਾ ਕੇ ਸਿੱਖਾਂ ਨੂੰ ਹੀ ਬੇਮਤਲਬ ਬਣਾ ਦੇਵੇ। ਜੋ ਲੋਕ ਇਸ ਢੰਗ ਨਾਲ ਸੋਚਦੇ ਹਨ, ਉਹ ਸ਼ਾਇਦ ਕਾਂਗਰਸ ਦੇ ਪੰਜਾਬ ਵਿਚ ਇਸ ਕਦਮ ਨੂੰ 'ਇਕ ਸਿਆਸੀ ਮਾਸਟਰ-ਸਟਰੋਕ' ਵਜੋਂ ਦੇਖਦੇ ਹੋਣ।

ਹਾਲਾਂਕਿ ਇਸ ਤਰ੍ਹਾਂ ਦਾ ਅਧਿਐਨ ਆਖਰ ਸਰਪ੍ਰਸਤੀ ਦੀ ਸਿਆਸਤ ਦੇ ਪੁਰਾਣੇ ਸਿਧਾਂਤਾਂ ਉਤੇ ਪਰਤ ਆਉਂਦਾ ਹੈ, ਜਦੋਂ ਕਾਂਗਰਸ ਵਿਚ ਇਕ ਨਾਂ ਅਤੇ ਥਾਂ ਕਮਾ ਲੈਣ ਵਾਲੇ ਸਾਰੇ ਹੀ ਐਸਸੀ ਆਗੂ ਇਕ ਤਰ੍ਹਾਂ ਮਹਿਜ਼ ਮੋਹਰੇ ਹੀ ਹੁੰਦੇ ਸਨ ਅਤੇ ਇਨ੍ਹਾਂ ਨੂੰ ਉਚ ਜਾਤ ਤੇ ਕੁਲੀਨ ਵਰਗ ਨਾਲ ਸਬੰਧਤ ਸੀਨੀਅਰ ਕਾਂਗਰਸੀ ਆਗੂਆਂ ਵੱਲੋਂ ਆਪਣੀ ਸਹੂਲਤ ਮੁਤਾਬਕ ਚੁਣ ਅਤੇ ਆਪਣੇ ਫਾਇਦੇ ਮੁਤਾਬਕ ਵਰਤ ਲਿਆ ਜਾਂਦਾ ਸੀ। ਦਰਅਸਲ, ਇਹ ਹਕੀਕਤ ਹੋ ਸਕਦੀ ਹੈ ਕਿ ਸ੍ਰੀ ਚੰਨੀ ਆਪਣੇ ਤੌਰ 'ਤੇ ਕਦੇ ਵੀ ਪੰਜਾਬ ਵਿਧਾਨ ਸਭਾ ਦੇ ਆਗੂ ਨਹੀਂ ਸਨ ਚੁਣੇ ਜਾ ਸਕਦੇ ਅਤੇ ਉਨ੍ਹਾਂ ਦੀ ਇਹ ਤਰੱਕੀ ਮੁੱਖ ਤੌਰ 'ਤੇ ਕਾਂਗਰਸ ਪਾਰਟੀ ਦੇ ਅੰਦਰ ਜਾਰੀ ਧੜੇਬੰਦਕ ਸਿਆਸਤ ਦਾ ਸਿੱਟਾ ਹੈ, ਜਿਥੇ ਉਹ ਸਭ ਨੂੰ ਮੁਆਫਕ ਜਾਪਦੇ ਹਨ ਅਤੇ ਸੰਭਵ ਤੌਰ 'ਤੇ ਉਹ ਕਾਂਗਰਸ ਦੇ 'ਨਾਈਟ ਵਾਚਮੈਨ' ਹੋ ਸਕਦੇ ਹਨ। ਇਸ ਦੇ ਬਾਵਜੂਦ ਇਹ ਸਿਰਫ ਪੰਜਾਬ ਦੀ ਜਾਤ ਜਨ-ਗਿਣਤੀ ਦਾ ਪ੍ਰਤੀਬਿੰਬ ਨਹੀਂ ਹੈ। ਸ੍ਰੀ ਚੰਨੀ ਦਾ ਦਲਿਤ ਹੋਣਾ ਹੀ ਇਸ ਖਾਸ ਤਰ੍ਹਾਂ ਦੇ ਹਾਲਾਤ ਵਿਚ ਉਨ੍ਹਾਂ ਲਈ ਸਭ ਤੋਂ ਢੁਕਵਾਂ ਉਮੀਦਵਾਰ ਬਣ ਕੇ ਉਭਰਨ ਵਿਚ ਸਹਾਈ ਹੋਇਆ ਹੋਵੇਗਾ ਪਰ ਇਸ ਦੇ ਬਾਵਜੂਦ, ਇਸ ਨੂੰ 'ਸਿਰਫ ਤੇ ਸਿਰਫ ਚੋਣ ਸਟੰਟ' ਕਰਾਰ ਦੇਣਾ ਗ਼ਲਤ ਹੋਵੇਗਾ।

ਪੰਜਾਬ ਦੀਆਂ ਜਾਤ ਹਕੀਕਤਾਂ ਵਿਚ ਬੀਤੇ ਚਾਰ ਜਾਂ ਪੰਜ ਦਹਾਕਿਆਂ ਦੌਰਾਨ ਵਿਆਪਕ ਤਬਦੀਲੀਆਂ ਆਈਆਂ ਹਨ। ਹਰੇ ਇਨਕਲਾਬ ਕਾਰਨ ਆਈਆਂ ਤਬਦੀਲੀਆਂ ਦੇ ਸਿੱਟੇ ਵਜੋਂ, ਪਹਿਲਾਂ ਮੌਜੂਦ ਰਹੇ ਨਿਰਭਰਤਾ ਤੇ ਸਰਪ੍ਰਸਤੀ ਵਾਲੇ ਸਬੰਧ ਇਕ ਤਰ੍ਹਾਂ ਬਿਲਕੁਲ ਖਤਮ ਹੋ ਗਏ ਹਨ। ਅੱਜ ਪੰਜਾਬ ਦੇ ਦਲਿਤ ਭਾਵੇਂ ਆਪਣੇ ਸਾਥੀ ਜੱਟਾਂ ਨਾਲੋਂ ਬਹੁਤ ਜ਼ਿਆਦਾ ਗਰੀਬ ਹਨ ਤੇ ਸ਼ਾਇਦ ਹੀ ਉਨ੍ਹਾਂ ਕੋਲ ਕੋਈ ਖੇਤੀਬਾੜੀ ਜ਼ਮੀਨ ਹੋਵੇ ਪਰ ਤਾਂ ਵੀ ਉਹ ਖੁਦਮੁਖਤਾਰ ਸਿਆਸੀ ਕਾਰਕੁਨਾਂ ਵਜੋਂ ਉਭਰ ਕੇ ਸਾਹਮਣੇ ਆਏ ਹਨ ਜਿਥੇ ਉਨ੍ਹਾਂ ਦੀ ਆਪਣੀ ਹੋਂਦ ਹੈ। ਸ੍ਰੀ ਚੰਨੀ ਖੁਦ ਵੀ ਇਕ ਆਪ ਉਭਰੇ ਸਿਆਸੀ ਆਗੂ ਹਨ ਜੋ ਪੰਜਾਬ ਦੀ ਇਸ ਹਕੀਕਤ ਨੂੰ ਜ਼ਾਹਿਰ ਕਰਦੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਵਜ਼ਾਰਤ ਵਿਚ ਮੰਤਰੀ ਹੋਣ ਦੇ ਬਾਵਜੂਦ ਉਨ੍ਹਾਂ ਕੈਪਟਨ ਖਿਲਾਫ ਬਗ਼ਾਵਤ ਕਰਨ ਵਾਸਤੇ ਨਵਜੋਤ ਸਿੰਘ ਸਿੱਧੂ ਨਾਲ ਹੱਥ ਮਿਲਾਉਣ ਦਾ ਹੌਸਲਾ ਤੇ ਭਰੋਸਾ ਦਿਖਾਇਆ। ਉਹ ਖਿੱਤੇ ਦੇ ਬਾਬੂ ਕਾਂਸ਼ੀ ਰਾਮ ਤੋਂ ਬਾਅਦ ਵਾਲੀ ਦਲਿਤ ਸਿਆਸਤਦਾਨਾਂ ਦੀ ਪੀੜ੍ਹੀ (ਹਿੱਸੇਦਾਰੀ ਪੀੜ੍ਹੀ) ਦੇ ਨੁਮਾਇੰਦੇ ਹਨ।

ਸ਼ਾਇਦ ਇਹੋ ਕਾਰਨ ਹੈ ਕਿ ਉਨ੍ਹਾਂ ਦੀ ਤਰੱਕੀ ਨੇ ਸਿਆਸੀ ਪਾਰਟੀਆਂ ਅਤੇ ਮਕਬੂਲ ਮੀਡੀਆ ਵਿਚਲੀ ਸਿਆਸੀ ਜਮਾਤ ਲਈ ਇੰਨਾ ਜ਼ਿਆਦਾ ਉਤਸ਼ਾਹ, ਚਿੰਤਾ ਤੇ ਬੇਯਕੀਨੀ ਪੈਦਾ ਕਰ ਦਿੱਤੀ ਹੈ। ਕਿਸੇ ਦਲਿਤ ਸਿੱਖ ਦਾ ਮੁੱਖ ਮੰਤਰੀ ਬਣਨਾ ਇੰਨਾ ਅਹਿਮ ਹੈ ਕਿ ਇਸ ਨੂੰ ਮਹਿਜ਼ 'ਪ੍ਰਤੀਕਵਾਦ' ਨਹੀਂ ਮੰਨਿਆ ਜਾ ਸਕਦਾ। ਇਸ ਮੌਕੇ 'ਤੇ ਇਸ ਦੀ 'ਪ੍ਰਤੀਕਾਤਮਕ' ਕੀਮਤ ਹੋਰ ਕਿਸੇ ਵੀ ਚੀਜ਼ ਤੋਂ ਵੱਧ ਹੈ ਪਰ 'ਪ੍ਰਤੀਕਾਤਮਕ' ਨੂੰ ਬਿਨਾ ਕਿਸੇ ਠੋਸ ਸਿੱਟੇ ਤੋਂ ਨਹੀਂ ਪੜ੍ਹਿਆ ਜਾਣਾ ਚਾਹੀਦਾ। ਰਾਜਨੀਤੀ ਦੇ ਨਿਰਮਾਣ ਕਾਰਜ ਵਿਚ ਪ੍ਰਤੀਕ ਹਮੇਸ਼ਾ ਹੀ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੀ ਰਚਨਾ ਕਰਦੇ ਰਹੇ ਹਨ। ਇਕ ਦਲਿਤ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਵੀਕਾਰ ਕੀਤੇ ਜਾਣ ਨੂੰ ਵੀ ਪੰਜਾਬੀ ਸਮਾਜ ਦੇ ਸਮਾਜਿਕ ਤੇ ਮਾਲੀ ਢਾਂਚੇ ਵਿਚ ਉਪਰ ਦੱਸੀਆਂ ਗਈਆਂ ਤਬਦੀਲੀਆਂ ਦੇ ਪ੍ਰਤੀਬਿੰਬ ਦੇ ਰੂਪ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ।

ਹਾਲ ਦੀ ਘੜੀ ਭਾਵੇਂ ਇਹ ਗੱਲ ਬੜੀ ਦੂਰ ਦਾ ਮਾਮਲਾ ਜਾਪ ਸਕਦੀ ਹੈ ਪਰ ਮੌਜੂਦਾ ਕਿਸਾਨ ਅੰਦੋਲਨ ਅਤੇ ਸ੍ਰੀ ਚੰਨੀ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਦਰਮਿਆਨ ਦਿਲਚਸਪ ਸਬੰਧ ਹੈ। 'ਸੜਕਾਂ' ਉਤੇ ਕਿਸਾਨ ਅੰਦੋਲਨ ਵਿਚ ਮੁੱਖ ਤੌਰ 'ਤੇ ਜੱਟ ਭਾਈਚਾਰਾ ਜੂਝ ਰਿਹਾ ਹੈ, ਇਸ ਦੇ ਬਾਵਜੂਦ ਉਹ ਮਜ਼ਦੂਰ ਜਮਾਤ ਨਾਲ ਸਬੰਧਤ ਦਲਿਤਾਂ ਨਾਲ ਗੱਠਜੋੜ ਸਿਰਜਣ ਦੇ ਚਾਹਵਾਨ ਹਨ; ਇਸ ਤਰ੍ਹਾਂ ਕਿਸਾਨ-ਮਜ਼ਦੂਰ ਏਕਤਾ ਦੀ ਤਾਂਘ ਆਪਣੇ ਆਪ ਹੀ ਜਾਤ ਆਧਾਰਤ ਸਿਆਸਤ ਵਿਚ ਬਰਾਬਰੀ ਦੇ ਇਕ ਨਵੇਂ ਦੌਰ ਅਤੇ 'ਸਾਰਿਆਂ ਨੂੰ ਨਾਲ ਲੈ ਕੇ ਚੱਲਣ' ਦੀ ਨਵੀਂ ਰਾਜਨੀਤੀ ਦੀ ਗੱਲ ਕਰਦੀ ਹੈ ਜੋ ਸ਼ਾਇਦ ਪਹਿਲਾਂ ਜਾਰੀ ਸਰਦਾਰੀ ਆਧਾਰਤ ਦਬਦਬੇ ਵਾਲੀ ਸਿਆਸਤ ਦੀ ਥਾਂ ਲੈ ਰਹੀ ਹੈ।

# ਕਾਂਗਰਸ ਦੀ ਹਾਈਕਮਾਨ ਅਤੇ ਪੰਜਾਬ ਦੇ ਆਗੂ



**ਅਭੈ ਕੁਮਾਰ ਦੂਬੇ**

ਕਾਂਗਰਸ ਅਤੇ ਉਸ ਦੇ ਸਮਰਥਕਾਂ ਦੀ ਅਕਸਰ ਸ਼ਿਕਾਇਤ ਰਹਿੰਦੀ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਉਸ ਦਾ ਪ੍ਰਚਾਰ ਤੰਤਰ ਗਾਂਧੀ ਪਰਿਵਾਰ ਖਾਸ ਤੌਰ 'ਤੇ ਰਾਹੁਲ ਗਾਂਧੀ ਦਾ ਅਕਸ ਖਰਾਬ ਕਰਨ ਦੀ ਮੁਹਿੰਮ ਚਲਾਉਂਦੇ ਰਹਿੰਦੇ ਹਨ। ਰਾਹੁਲ ਗਾਂਧੀ ਨੂੰ ਗੈਰ-ਗੰਭੀਰ ਹੀ ਨਹੀਂ ਕੁਝ ਘੱਟ ਬੁੱਧੀਮਾਨ ਅਤੇ 'ਪਾਰਟ-ਟਾਈਮ' ਰਾਜਨੇਤਾ ਸਾਬਤ ਕਰਨ ਲਈ ਭਾਜਪਾ ਕਈ ਤਰ੍ਹਾਂ ਦੀਆਂ ਤਰਕੀਬਾਂ ਬਣਾਉਂਦੀ ਰਹਿੰਦੀ ਹੈ। ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਉਨ੍ਹਾਂ ਦੇ ਕੱਦ ਨੂੰ ਘਟਾ ਕੇ ਉਸ ਦੇ ਮੁਕਾਬਲੇ ਨਰਿੰਦਰ ਮੋਦੀ ਦੇ ਕੱਦ ਨੂੰ ਵੱਡਾ ਦਿਖਾਏ ਜਾਣ ਲਈ ਹਰ ਤਰੀਕਾ ਅਪਣਾਇਆ ਜਾਂਦਾ ਹੈ।

ਮੋਟੇ ਤੌਰ 'ਤੇ ਕਾਂਗਰਸ ਦੀ ਇਹ ਸ਼ਿਕਾਇਤ ਸਹੀ ਹੈ ਪਰ ਪੰਜਾਬ ਦਾ ਰਾਜਨੀਤਕ ਘਟਨਾਕ੍ਰਮ ਦੱਸਦਾ ਹੈ ਕਿ ਖੁਦ ਗਾਂਧੀ ਪਰਿਵਾਰ (ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਭੈਣ ਪ੍ਰਿਅੰਕਾ ਗਾਂਧੀ ਅਤੇ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ) ਭਾਜਪਾ ਵਲੋਂ ਉਨ੍ਹਾਂ ਖਿਲਾਫ ਕਹੀ ਗਈ ਇਕ-ਇਕ ਗੱਲ ਨੂੰ ਸਹੀ ਸਾਬਤ ਕਰਨ 'ਚ ਲੱਗਾ ਹੋਇਆ ਹੈ। ਪੰਜਾਬ ਦੀਆਂ ਘਟਨਾਵਾਂ ਬਿਨਾ ਕਿਸੇ ਸ਼ੱਕ ਦੇ ਕਹਿ ਰਹੀਆਂ ਹਨ ਕਿ ਰਾਹੁਲ ਅਤੇ ਪ੍ਰਿਅੰਕਾ ਨੂੰ ਰਾਜਨੀਤੀ 'ਚ ਸਹੀ ਮੋਹਰੇ ਚੁਣਨ, ਸਹੀ ਦਾਅ ਚੱਲਣ ਅਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਕਰਨ ਲਈ ਰਣਨੀਤੀ ਬਣਾਉਣ ਦਾ ਨਾ ਤਾਂ ਤਜਰਬਾ ਹੈ ਅਤੇ ਨਾ ਹੀ ਉਨ੍ਹਾਂ ਕੋਲ ਅਜਿਹੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਹੀ ਸਲਾਹਕਾਰ ਹਨ। ਜਿੱਥੋਂ ਤੱਕ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਦਾ ਸਵਾਲ ਹੈ, ਉਹ ਤਜਰਬੇਕਾਰ ਹਨ ਅਤੇ ਇਸ ਸਦੀ ਦੇ ਪਹਿਲੇ ਦਹਾਕੇ 'ਚ ਉਹ ਆਪਣੀ ਰਾਜਨੀਤਕ ਕੁਸ਼ਲਤਾ ਬਾਰੇ ਜਾਣੂੰ ਕਰਵਾ ਚੁੱਕੇ ਹਨ ਪਰ ਅਜਿਹਾ ਲਗਦਾ ਹੈ ਕਿ ਜਾਂ ਤਾਂ ਰਾਹੁਲ-ਪ੍ਰਿਅੰਕਾ ਉਨ੍ਹਾਂ ਦੀ ਗੱਲ ਮੰਨ ਨਹੀਂ ਰਹੇ ਜਾਂ ਫਿਰ ਖਰਾਬ ਸਿਹਤ ਅਤੇ ਵਧਦੀ ਉਮਰ ਦੇ ਕਾਰਨ ਉਨ੍ਹਾਂ ਨੇ ਆਪਣੀ ਸੰਤਾਨ ਦੇ ਜ਼ਿੱਦੀ ਰਵੱਈਏ ਸਾਹਮਣੇ ਗੋਡੇ ਟੇਕ ਦਿੱਤੇ ਹਨ।

ਭਾਰਤੀ ਲੋਕਤੰਤਰ ਦੇ ਇਤਿਹਾਸ ਅਤੇ ਖਾਸ ਤੌਰ 'ਤੇ ਕਾਂਗਰਸ ਦੇ ਇਤਿਹਾਸ 'ਚ ਪੰਜਾਬ ਦੇ ਘਟਨਾਕ੍ਰਮ ਨੂੰ ਸਦਾ ਚੇਤੇ ਰੱਖਿਆ ਜਾਏਗਾ। ਨਵਜੋਤ ਸਿੰਘ ਸਿੱਧੂ ਦੀ ਕਾਂਗਰਸ 'ਚ ਆਉਣ ਨਾਲ ਪਹਿਲਾਂ ਭੂਮਿਕਾ ਅਤੇ ਹੈਸੀਅਤ ਕੀ ਸੀ? ਭਾਜਪਾ 'ਚ ਉਹ ਅੰਮ੍ਰਿਤਸਰ ਤੋਂ ਜਿੱਤਣ ਵਾਲੇ ਇਕ ਅਜਿਹੇ ਸੰਸਦ ਮੈਂਬਰ ਸਨ, ਜਿਨ੍ਹਾਂ ਦੀ ਪਿੱਠ 'ਤੇ ਅਰੁਣ ਜੇਤਲੀ ਦਾ ਹੱਥ ਸੀ।

ਜਿਉਂ ਹੀ ਜੇਤਲੀ ਨੂੰ 2014 ਦੀਆਂ ਚੋਣਾਂ ਸਮੇਂ ਅੰਮ੍ਰਿਤਸਰ ਤੋਂ ਟਿਕਟ ਮਿਲੀ, ਉਦੋਂ ਹੀ ਸਿੱਧੂ ਉਸ ਇਨਸਾਨ ਦੇ ਖਿਲਾਫ ਹੋ ਗਏ ਜਿਸ ਨੂੰ ਉਹ ਆਪਣਾ ਰਾਜਨੀਤਕ ਗੁਰੂ ਕਹਿੰਦੇ ਸਨ। ਉਨ੍ਹਾਂ ਨੇ ਭਾਜਪਾ ਛੱਡੀ ਅਤੇ ਆਮ ਆਦਮੀ ਪਾਰਟੀ ਨਾਲ ਸੌਦੇਬਾਜ਼ੀ ਕਰਨ ਲੱਗੇ। ਉਨ੍ਹਾਂ ਦੀਆਂ ਵਧੀਆਂ ਮੰਗਾਂ ਨਾਲ ਅਰਵਿੰਦ ਕੇਜਰੀਵਾਲ ਨੂੰ ਵੀ ਕੋਈ ਸ਼ੱਕ ਹੋਵੇਗਾ, ਇਸ ਲਈ ਸਿੱਧੂ ਦੀ ਦਾਲ ਉੱਥੇ ਨਹੀਂ ਗਲੀ। ਇਸ ਲਈ ਉਹ ਕਾਂਗਰਸ 'ਚ ਆ ਗਏ ਅਤੇ ਦੇਖਦੇ-ਦੇਖਦੇ ਕੁਝ ਹੀ ਸਮੇਂ 'ਚ ਪ੍ਰਿਅੰਕਾ-ਰਾਹੁਲ ਦੀ ਜੋੜੀ ਨੇ ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਹੈਸੀਅਤ ਘੱਟ ਕਰਨ ਲਈ ਮੋਹਰੇ ਦੇ ਤੌਰ 'ਤੇ ਚੁਣ ਲਿਆ। ਸਿੱਧੂ ਪਹਿਲਾਂ ਤੋਂ ਹੀ ਉਤਸ਼ਾਹੀ ਸਨ। ਭੈਣ-ਭਰਾ ਦੀ ਆਪਣੇ 'ਤੇ ਨਿਰਭਰਤਾ ਨੂੰ ਦੇਖਦਿਆਂ ਉਨ੍ਹਾਂ ਨੇ ਇਨ੍ਹਾਂ ਦੋਵਾਂ ਦੀ ਜੰਮ ਕੇ ਵਰਤੋਂ ਕੀਤੀ।

ਇਥੇ ਪੁੱਛਿਆ ਜਾ ਸਕਦਾ ਹੈ ਕਿ ਪ੍ਰਿਅੰਕਾ-ਰਾਹੁਲ ਸਿੱਧੂ 'ਤੇ ਨਿਰਭਰ ਕਿਉਂ ਸਨ? ਇਸ ਲਈ ਕਿ ਉਹ ਕੈਪਟਨ ਅਮਰਿੰਦਰ ਸਿੰਘ ਦਾ ਪੰਜਾਬ ਕਾਂਗਰਸ 'ਚ ਦਬਦਬਾ ਖਤਮ ਕਰਨਾ ਚਾਹੁੰਦੇ ਸਨ। ਪਹਿਲਾਂ ਉਨ੍ਹਾਂ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਪਾਰਟੀ ਪ੍ਰਧਾਨ ਦੇ ਰੂਪ 'ਚ ਅਜ਼ਮਾ ਕੇ ਇਹੀ ਕੰਮ ਕਰਵਾਉਣਾ ਚਾਹਿਆ ਸੀ ਪਰ ਅਮਰਿੰਦਰ ਦੇ ਸਾਹਮਣੇ ਬਾਜਵਾ ਦੀ ਇਕ ਨਾ ਚੱਲੀ। ਆਖਿਰ ਉਨ੍ਹਾਂ ਨੂੰ ਸਿੱਧੂ ਦੀ ਨਾਟਕੀ ਸ਼ਖਸੀਅਤ ਅਤੇ ਜ਼ਿੱਦੀ ਰਵੱਈਏ 'ਚ ਅਜਿਹਾ ਵਿਅਕਤੀ ਮਿਲ ਗਿਆ ਜੋ ਅਮਰਿੰਦਰ ਦਾ ਸਿਆਸੀ ਜੀਵਨ ਖਤਮ ਕਰ ਸਕਦਾ ਸੀ। ਇਥੇ ਦੂਜਾ ਸਵਾਲ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਹ ਦੋਵੇਂ ਅਮਰਿੰਦਰ ਸਿੰਘ ਨੂੰ ਪਾਸੇ ਕਿਉਂ ਕਰਨਾ ਚਾਹੁੰਦੇ ਸਨ? ਆਖਿਰਕਾਰ ਅਮਰਿੰਦਰ ਸਿੰਘ ਹਮੇਸ਼ਾ ਸੋਨੀਆ ਗਾਂਧੀ ਦੀ ਗੱਲ ਮੰਨਦੇ ਰਹੇ ਸਨ। 2014 'ਚ ਉਹ ਲੋਕ ਸਭਾ ਦੀ ਚੋਣ ਨਹੀਂ ਸਨ ਲੜਨਾ ਚਾਹੁੰਦੇ ਪਰ ਜਿਵੇਂ ਹੀ ਸੋਨੀਆ ਨੇ ਉਨ੍ਹਾਂ ਨੂੰ ਕਿਹਾ ਤਾਂ ਉਹ ਜੇਤਲੀ ਖਿਲਾਫ ਟਿਕਟ ਲੈਣ ਲਈ ਤਿਆਰ ਹੋ ਗਏ।

ਉਂਜ, ਅਮਰਿੰਦਰ ਨੂੰ ਨਹੀਂ ਸੀ ਪਤਾ ਕਿ ਪ੍ਰਿਅੰਕਾ-ਰਾਹੁਲ ਨੂੰ ਉਨ੍ਹਾਂ ਦੀ ਵਫਾਦਾਰੀ ਦੀ ਇਹ ਡਿਗਰੀ ਨਾਕਾਫੀ ਲੱਗ ਰਹੀ ਹੈ। ਪ੍ਰਿਅੰਕਾ-ਰਾਹੁਲ ਇਸ ਗੱਲ ਤੋਂ ਵੀ ਨਾਰਾਜ਼ ਸਨ ਕਿ ਵਿਧਾਨ ਸਭਾ ਚੋਣ ਦੀ ਕਮਾਨ ਆਪਣੇ ਹੱਥ 'ਚ ਲੈਣ ਅਤੇ ਮੁੱਖ ਮੰਤਰੀ ਦੇ ਚਿਹਰੇ ਦੇ ਰੂਪ 'ਚ ਆਪਣੇ ਨਾਂ ਦੇ ਐਲਾਨ 'ਚ ਦੇਰੀ ਹੋਣ ਨਾਲ ਨਾਰਾਜ਼ ਹੋ ਕੇ ਅਮਰਿੰਦਰ ਨੇ ਅਲੱਗ ਪਾਰਟੀ ਬਣਾ ਲੈਣ ਦੀ ਧਮਕੀ ਦਿੱਤੀ ਸੀ। ਅਸਲ ਵਿਚ ਅਮਰਿੰਦਰ ਖੁਦ ਨੂੰ ਕਾਂਗਰਸ ਦੇ ਉਨ੍ਹਾਂ ਖੇਤਰੀ ਲੀਡਰਾਂ ਵਾਂਗ ਦੇਖਦੇ ਸਨ ਜਿਨ੍ਹਾਂ ਦੀ ਹੈਸੀਅਤ ਨਹਿਰੂ ਦੇ ਜ਼ਮਾਨੇ 'ਚ ਹਾਈਕਮਾਨ ਤੋਂ ਸੁਤੰਤਰ ਅਤੇ ਵੱਖਰੀ ਸੀ। ਇਸ ਲਈ ਅਮਰਿੰਦਰ ਹਾਈਕਮਾਨ ਦੁਆਰਾ ਦਿੱਲੀ ਤਲਬ ਕੀਤੇ ਜਾਣ 'ਤੇ ਜਾਣ ਤੋਂ ਇਨਕਾਰ ਕਰਨ ਦੀ ਹਿੰਮਤ ਵੀ ਰੱਖਦੇ ਸਨ। ਲਗਦਾ ਹੈ ਕਿ ਉਨ੍ਹਾਂ ਦੇ ਇਸ ਰਵੱਈਏ ਨੂੰ ਵੀ ਪ੍ਰਿਅੰਕਾ-ਰਾਹੁਲ ਦੇ ਰਾਜਨੀਤਕ ਸ਼ਬਦ-ਕੋਸ਼ 'ਚ 'ਨਾਫਰਮਾਨੀ' ਮੰਨਿਆ ਗਿਆ।

ਫਿਲਹਾਲ ਤੱਥ ਇਹ ਹੈ ਕਿ ਭੈਣ-ਭਰਾ ਦੀ ਜੋੜੀ ਨੇ ਸਿੱਧੂ ਨੂੰ ਚੁਣਿਆ। ਉਨ੍ਹਾਂ ਰਾਹੀਂ ਅਮਰਿੰਦਰ ਸਿੰਘ ਖਿਲਾਫ ਕਾਂਗਰਸ ਵਿਧਾਇਕ ਦਲ 'ਚ 'ਬਾਗ਼ੀ ਧੜਾ' ਖੜ੍ਹਾ ਕੀਤਾ ਗਿਆ। ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਇਸ 'ਚ ਸ਼ਾਮਿਲ ਸਨ। ਫਿਰ ਅਮਰਿੰਦਰ ਸਿੰਘ ਦੀਆਂ ਭਾਵਨਾਵਾਂ, ਰਾਜਨੀਤਕ ਮਾਣ ਅਤੇ ਸੇਵਾਵਾਂ ਦੀ ਕਦਰ ਨਾ ਕਰਦੇ ਹੋਏ ਹਾਈਕਮਾਨ ਵਲੋਂ ਦੋ ਅਜਿਹੇ ਕਦਮ ਚੁੱਕੇ ਗਏ ਜਿਸ ਨਾਲ ਸਾਫ ਹੋ ਗਿਆ ਕਿ ਮੁੱਖ ਮੰਤਰੀ ਦੇ ਦਿਨ ਹੁਣ ਗਿਣਤੀ ਦੇ ਰਹਿ ਗਏ ਹਨ। ਪਹਿਲਾਂ ਸਿੱਧੂ ਨੂੰ ਜ਼ਬਰਦਸਤੀ ਪੰਜਾਬ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਠਾਇਆ ਗਿਆ, ਫਿਰ ਵਿਧਾਇਕ ਦਲ ਦੀ ਬੈਠਕ ਬੁਲਾ ਕੇ ਨਿਰਦੇਸ਼ ਦਿੱਤੇ ਗਏ ਕਿ ਵਿਧਾਇਕ ਸਿੱਧੇ ਕਾਂਗਰਸ ਭਵਨ ਹੀ ਪੁੱਜਣ ਅਤੇ ਅਮਰਿੰਦਰ ਸਿੰਘ ਵਲੋਂ ਆਪਣੇ ਫਾਰਮ ਹਾਊਸ 'ਤੇ ਬੁਲਾਈ ਗਈ ਬੈਠਕ 'ਚ ਨਾ ਜਾਣ। ਸੁਨੇਹਾ ਸਾਫ ਸੀ। ਹਾਈਕਮਾਨ ਅਮਰਿੰਦਰ ਸਿੰਘ ਨੂੰ ਆਪਣੇ ਸਮਰਥਨ 'ਚ ਵਿਧਾਇਕ ਲਾਮਬੰਦ ਕਰਨ ਦਾ ਕੋਈ ਵੀ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਨਤੀਜਾ ਇਹ ਹੋਇਆ ਕਿ ਮੁੱਖ ਮੰਤਰੀ ਨੂੰ ਅਸਤੀਫਾ ਦੇਣਾ ਪਿਆ।

ਜਦੋਂ ਸਾਰੇ ਲੋਕ ਇਸ ਅਸਤੀਫੇ ਨੂੰ ਅਮਰਿੰਦਰ ਸਿੰਘ ਦੀ ਹਾਰ ਦੇ ਰੂਪ 'ਚ ਦੇਖ ਰਹੇ ਸਨ, ਉਦੋਂ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਸ ਨੇ ਬਾਜ਼ੀ ਪਲਟ ਦਿੱਤੀ। ਪ੍ਰਿਅੰਕਾ-ਰਾਹੁਲ ਨੇ ਗਲਤੀਆਂ ਦਾ ਇਕ ਸਿਲਸਿਲਾ ਸ਼ੁਰੂ ਕਰ ਦਿੱਤਾ। ਸਿੱਧੂ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ। ਇਹ ਦੇਖ ਕੇ ਅਮਰਿੰਦਰ ਸਿੰਘ ਨੇ ਸਾਫ ਕਰ ਦਿੱਤਾ ਕਿ ਜੇ ਉਨ੍ਹਾਂ ਦੇ ਧੜੇ ਦਾ ਕੋਈ ਵਿਅਕਤੀ ਮੁੱਖ ਮੰਤਰੀ ਨਹੀਂ ਬਣਿਆ ਤਾਂ ਉਹ ਖੁੱਲ੍ਹਾ ਵਿਰੋਧ ਕਰਨ ਦੀ ਹੱਦ ਤੱਕ ਚੱਲੇ ਜਾਣਗੇ। ਇਸ ਨਾਲ ਭੈਣ-ਭਰਾ ਦੀ ਹਾਈਕਮਾਨ ਦਬਾਅ 'ਚ ਆ ਗਈ। ਉਨ੍ਹਾਂ ਘਬਰਾ ਕੇ ਅੰਬਿਕਾ ਸੋਨੀ ਨੂੰ ਦਿੱਲੀ ਤੋਂ ਭੇਜ ਕੇ ਸਾਂਝਾ ਮੁੱਖ ਮੰਤਰੀ ਬਣਾਉਣਾ ਚਾਹਿਆ ਪਰ ਅੰਬਿਕਾ ਸੋਨੀ ਕੰਡਿਆਂ ਦਾ ਇਹ ਤਾਜ ਪਹਿਨਣ ਲਈ ਤਿਆਰ ਨਾ ਹੋਈ। ਉਹ ਦੂਜੀ ਸੁਸ਼ਮਾ ਸਵਰਾਜ ਨਹੀਂ ਸੀ ਬਣਨਾ ਚਾਹੁੰਦੀ। ਦਿੱਲੀ 'ਚ ਭਾਜਪਾ ਨੇ ਸਾਹਿਬ ਸਿੰਘ ਵਰਮਾ ਨੂੰ ਹਟਾਉਣ ਤੋਂ ਬਾਅਦ ਛੇ ਮਹੀਨੇ ਪਹਿਲਾਂ ਸੁਸ਼ਮਾ ਸਵਰਾਜ ਨੂੰ ਮੁੱਖ ਮੰਤਰੀ ਬਣਾਇਆ ਸੀ। ਚੇਤੇ ਰਹੇ ਕਿ ਉਸ ਤੋਂ ਬਾਅਦ ਭਾਜਪਾ ਦਿੱਲੀ 'ਚ ਲਗਾਤਾਰ ਛੇ ਚੋਣਾਂ ਹਾਰ ਚੁੱਕੀ ਹੈ। ਫਿਰ ਕਿਸੇ ਹਿੰਦੂ (ਸੁਨੀਲ ਜਾਖੜ) ਨੂੰ ਬਣਾਉਣ ਦੀ ਗੱਲ ਚੱਲੀ। ਉਨ੍ਹਾਂ ਦਾ ਸਿੱਖ ਨੇਤਾਵਾਂ ਵਲੋਂ ਵਿਰੋਧ ਕੀਤਾ ਗਿਆ। ਫਿਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਮੁੱਖ ਮੰਤਰੀ ਬਣਾਉਣ ਦੀ ਕੋਸ਼ਿਸ਼ ਹੋਈ। ਉਨ੍ਹਾਂ ਨੂੰ ਸਿੱਧੂ ਨੇ ਨਹੀਂ ਬਣਨ ਦਿੱਤਾ। ਅੰਤ 'ਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ। ਦਲਿਤ ਹੋਣ ਦੇ ਨਾਂ 'ਤੇ ਸ਼ੁਰੂ 'ਚ ਕਿਸੇ ਨੇ ਉਨ੍ਹਾਂ ਦਾ ਖੁੱਲ੍ਹ ਕੇ ਵਿਰੋਧ ਨਹੀਂ ਕੀਤਾ। ਇਹ ਵੀ ਕਿਹਾ ਜਾਣ ਲੱਗਾ ਕਿ 'ਮਾਸਟਰ ਸਟ੍ਰੋਕ' ਹੈ।

ਹੁਣ ਕਾਂਗਰਸ ਨੂੰ ਅੰਦਰੂਨੀ ਕਲੇਸ਼ ਦੇ ਕਾਰਨ ਆਪਣੀ ਗੁਆਚੀ ਜ਼ਮੀਨ ਸਿੱਖ-ਹਿੰਦੂ-ਦਲਿਤ ਵੋਟਾਂ ਦੇ ਸਮੀਕਰਨ ਦੇ ਰੂਪ 'ਚ ਫਿਰ ਤੋਂ ਮਿਲ ਜਾਵੇਗੀ ਪਰ ਕਿਸੇ ਨੂੰ ਨਹੀਂ ਸੀ ਅੰਦਾਜ਼ਾ ਕਿ ਸਿੱਧੂ ਫਿਰ ਹਮਲਾ ਕਰਨ ਦੀ ਫਿਰਾਕ 'ਚ ਹੈ। ਜਿਸ ਹਾਈਕਮਾਨ ਨੇ ਉਨ੍ਹਾਂ ਨੂੰ ਪ੍ਰਧਾਨ ਦੀ ਹੈਸੀਅਤ ਦਿੱਤੀ ਸੀ, ਸਿੱਧੂ ਨੇ ਉਸੇ ਹੈਸੀਅਤ ਨੂੰ ਘਟਾਉਂਦਿਆਂ ਆਰ-ਪਾਰ ਦੀ ਰਾਜਨੀਤੀ ਕਰਨੀ ਸ਼ੁਰੂ ਕਰ ਦਿੱਤੀ ਪਰ ਪ੍ਰਿਅੰਕਾ-ਰਾਹੁਲ ਕੋਲ ਉਨ੍ਹਾਂ ਨੂੰ ਕਾਬੂ ਕਰਨ ਜਾਂ ਆਪਣੀ ਗਤੀ 'ਤੇ ਪਹੁੰਚਾਉਣ ਦੀ ਸਮਰੱਥਾ ਉਨ੍ਹਾਂ 'ਚ ਨਹੀਂ ਹੈ। ਸਪਸ਼ਟ ਹੈ ਕਿ ਪ੍ਰਿਅੰਕਾ-ਰਾਹੁਲ ਦੀ ਮੈਂਬਰੀ ਵਾਲੀ ਹਾਈਕਮਾਨ ਦੀ ਹੁਣ ਕੋਈ ਸਾਖ ਨਹੀਂ ਰਹਿ ਗਈ। ਕਾਂਗਰਸ ਨੇ ਇਸ ਘਟਨਾਕ੍ਰਮ 'ਚ ਜੋ ਗੁਆਇਆ ਹੈ, ਉਸ ਦਾ ਬਹੁਤ ਵੱਡਾ ਘਾਟਾ ਉਸ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਝੱਲਣਾ ਪਵੇਗਾ। ਇਹ ਵਿਧਾਨ ਸਭਾ ਚੋਣਾਂ ਜਿਸ ਨੂੰ ਉਹ ਬਿਨਾ ਕਿਸੇ ਮੁਸ਼ਕਿਲ ਦੇ ਜਿੱਤ ਸਕਦੀ ਸੀ ਪਰ ਹਾਈਕਮਾਨ ਦੀਆਂ ਗਲਤੀਆਂ ਕਾਰਨ ਉਹੀ ਕਾਂਗਰਸ ਅੱਜ ਪੰਜਾਬ 'ਚ ਵੰਡੀ ਹੋਈ ਦਿਖਾਈ ਦੇ ਰਹੀ ਹੈ।

# ਫੌਜ ਵਿਚ ਭਰਤੀ ਲਈ ਪੰਜਾਬੀ ਕਿਉਂ ਪਛੜੇ?

**ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ**

ਭਾਰਤੀ ਹਾਕੀ ਟੀਮ ਨੇ ਟੋਕੀਓ ਓਲੰਪਿਕ ਵਿਚ ਦ੍ਰਿੜਤਾ, ਨਿਸ਼ਚੇ, ਬੁਲੰਦ ਹੌਸਲੇ, ਟੀਮ ਜਜ਼ਬੇ ਨਾਲ ਰੋਮਾਂਚਕ ਮੈਚ 'ਚ ਜਰਮਨੀ ਨੂੰ ਹਰਾ ਕੇ ਕਾਂਸੀ ਦਾ ਤਗਮਾ ਜਿੱਤ ਕੇ ਆਪਣੀ ਯੋਗਤਾ ਸਿੱਧ ਕੀਤੀ। ਟੀਮ ਵਿਚ ਪੰਜਾਬ ਦੇ 11 ਖਿਡਾਰੀਆਂ ਦੀ ਰਿਕਾਰਡ ਚੋਣ ਤੇ ਭੂਮਿਕਾ ਸਿੱਧ ਕਰਦੀ ਹੈ ਕਿ ਪੰਜਾਬ ਦੇ ਗੱਭਰੂ ਹਰ ਪੱਖੋਂ ਮੁਲਕ ਅਤੇ ਸੂਬੇ ਦਾ ਨਾਂ ਰੌਸ਼ਨ ਕਰਨ ਵਿਚ ਸਮਰੱਥ ਹਨ ਪਰ ਫੌਜ ਵਿਚ ਪੰਜਾਬੀਆਂ ਦੀ ਪ੍ਰਤੀਨਿਧਤਾ ਕਿਉਂ ਘਟ ਰਹੀ ਹੈ?

ਰਾਜਸਥਾਨ ਦੇ ਰਾਜ ਸਭਾ ਮੈਂਬਰ ਨੀਰਜ ਡਾਂਗੀ ਵੱਲੋਂ ਫੌਜ ਵਿਚ ਵੱਖ-ਵੱਖ ਰਾਜਾਂ ਦੇ ਜਵਾਨਾਂ ਤੇ ਅਫਸਰਾਂ ਬਾਰੇ ਪੁੱਛੇ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਰੱਖਿਆ ਮੰਤਰਾਲੇ ਨੇ ਦਰਜ ਕੀਤਾ ਕਿ ਜਵਾਨਾਂ ਤੇ ਜੇ.ਸੀ.ਓ. ਰੈਂਕ ਤੱਕ 90,640 ਥਾਵਾਂ ਖਾਲੀ ਹਨ; ਹਵਾਈ ਸੈਨਾ ਵਿਚ 7104 ਅਤੇ ਸਮੁੰਦਰੀ ਫੌਜ ਵਿਚ 11,927 ਦੀ ਘਾਟ ਹੈ। ਰਾਜ ਸਭਾ ਵਿਚ ਪੇਸ਼ ਵੇਰਵਿਆਂ ਅਨੁਸਾਰ, ਬੀਤੇ ਤਿੰਨ ਸਾਲਾਂ ਦੌਰਾਨ ਹਰਿਆਣਾ ਵਿਚੋਂ 4,073 ਏਅਰਮੈਨ ਭਰਤੀ ਹੋਏ ਪਰ ਪੰਜਾਬ ਵਿਚੋਂ ਕੇਵਲ 247 ਹੀ ਸਨ। ਨੇਵੀ ਵਿਚ ਹਰਿਆਣਾ ਦੇ 1900 ਬਤੌਰ ਸੇਲਰ ਚੁਣੇ ਗਏ, ਪੰਜਾਬ ਦੀ ਗਿਣਤੀ 294 ਹੈ। ਫੌਜ ਵਿਚ ਭਰਤੀ ਬਾਰੇ ਹਾਲਤ ਕੋਈ ਬਿਹਤਰ ਨਹੀਂ। ਸਵਾਲ ਹੈ ਕਿ ਪੰਜਾਬ ਦੀ ਵਸੋਂ ਅਤੇ ਖੇਤਰ ਹਰਿਆਣਾ ਨਾਲੋਂ ਵੱਧ ਹੈ, ਫਿਰ ਘਾਟ ਕਾਹਦੀ ਹੈ?

ਅਫਸਰਾਂ ਦੀ ਘਾਟ ਦਾ ਜ਼ਿਕਰ ਕਰਦਿਆਂ ਰੱਖਿਆ ਰਾਜ ਮੰਤਰੀ ਨੇ ਦੱਸਿਆ ਕਿ ਥਲ ਸੈਨਾ 'ਚ 7912, ਹਵਾਈ ਸੈਨਾ 'ਚ 610, ਸਮੁੰਦਰੀ ਫੌਜ ਵਿਚ 1190, ਫੌਜੀ ਮੈਡੀਕਲ ਤੇ ਡੈਂਟਰ ਕੋਰ ਵਿਚ 444 ਡਾਕਟਰਾਂ ਦੀ ਘਾਟ ਹੈ ਤੇ ਨਰਸਿੰਗ ਸੇਵਾ ਵਿਚ 693 ਅਹੁਦੇ ਖਾਲੀ ਹਨ। ਇੱਥੇ ਇਹ ਦੱਸਣਾ ਵਾਜਿਬ ਹੋਵੇਗਾ ਕਿ ਅਫਸਰਾਂ ਦੀ ਚੋਣ ਮੈਰਿਟ ਦੇ ਆਧਾਰ ਤੇ ਹੁੰਦੀ ਹੈ, ਵਸੋਂ ਦੇ ਹਿਸਾਬ ਨਾਲ ਨਹੀਂ। 12 ਜੂਨ ਨੂੰ ਇੰਡੀਅਨ ਮਿਲਟਰੀ ਅਕੈਡਮੀ ਤੋਂ ਭਾਰਤ ਦੇ ਕੁੱਲ 341 ਜੈਂਟਲਮੈਨ ਕੈਡਿਟਸ ਨੇ ਕਮਿਸ਼ਨ ਹਾਸਲ ਕੀਤਾ। ਉਨ੍ਹਾਂ ਵਿਚ ਉੱਤਰ ਪ੍ਰਦੇਸ਼ ਦੇ 66, ਹਰਿਆਣਾ ਦੇ 38, ਉੱਤਰਾਖੰਡ ਦੇ 37, ਪੰਜਾਬ ਦੇ 32 ਅਤੇ ਬਾਕੀ ਹੋ ਸੂਬਿਆਂ ਦੇ ਸਨ। ਸਵਾਲ ਹੈ, ਜੇ ਪੰਜਾਬ ਦੇ 32 ਕੈਡਿਟ ਪਾਸ ਆਊਟ ਹੋਏ, ਉਨ੍ਹਾਂ ਵਿਚੋਂ 12 ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਇੰਸਟੀਚਿਊਟ (ਏ.ਐਫ.ਪੀ.ਆਈ.) ਮੁਹਾਲੀ ਦੇ ਸਨ ਤਾਂ ਬਾਕੀ ਪੰਜਾਬ ਦੇ ਹਿੱਸੇ ਤਾਂ 20 ਹੀ ਆਏ!

12 ਦਸੰਬਰ, 2020 ਨੂੰ 395 ਕੈਡਿਟ ਆਈ.ਐਮ.ਏ. ਤੋਂ ਪਾਸ ਆਊਟ ਹੋਏ ਜਿਨ੍ਹਾਂ ਵਿਚ 70 ਮਿੱਤਰ ਮੁਲਕਾਂ ਦੇ ਵੀ ਸਨ। ਜਿਨ੍ਹਾਂ ਨੌਜਵਾਨਾਂ ਦੇ ਮੋਢਿਆਂ ਤੇ 2 ਸਟਾਰ ਸਜਾ ਕੇ ਲੈਫਟੀਨੈਂਟ ਦਾ ਰੈਂਕ ਦਿੱਤਾ ਗਿਆ, ਉਨ੍ਹਾਂ ਵਿਚ ਪਹਿਲਾ ਵਾਂਗ ਸਭ ਤੋਂ ਵੱਧ 50 ਉੱਤਰ ਪ੍ਰਦੇਸ਼, ਹਰਿਆਣਾ ਦੇ 45, ਪੰਜਾਬ ਤੇ ਕੇਰਲ ਦੇ ਬਰਾਬਰ 15-15, ਹਿਮਾਚਲ ਦੇ 10 ਤੇ ਬਾਕੀ ਦੂਜੇ ਰਾਜਾਂ ਨਾਲ ਸਬੰਧਤ ਸਨ। ਇਸੇ ਤਰ੍ਹਾਂ 13 ਜੂਨ, 2020 ਨੂੰ ਭਾਰਤੀ ਮੂਲ ਦੇ 333 ਕੈਡਿਟਾਂ ਨੇ ਕਮਿਸ਼ਨ ਪ੍ਰਾਪਤ ਕੀਤਾ ਜਿਨ੍ਹਾਂ ਵਿਚ 66 ਉੱਤਰ ਪ੍ਰਦੇਸ਼ ਦੇ, 39 ਹਰਿਆਣਾ, ਪੰਜਾਬ ਦੇ 25 ਅਤੇ ਬਾਕੀ ਦੂਜੇ ਰਾਜਾਂ ਤੋਂ ਸਨ। 7 ਦਸੰਬਰ, 2019 ਨੂੰ ਆਈ.ਐਮ.ਏ. ਵਿਚੋਂ 427 ਕੈਡਿਟਾਂ ਨੇ ਕਮਿਸ਼ਨ ਹਾਸਲ ਕੀਤਾ ਸੀ। ਮਿੱਤਰ ਮੁਲਕਾਂ ਦੇ 80 ਕੈਡਿਟ ਛੱਡ ਕੇ ਬਾਕੀਆਂ ਵਿਚੋਂ ਫਿਰ ਸਭ ਤੋਂ ਵੱਧ 53 ਉੱਤਰ ਪ੍ਰਦੇਸ਼ ਦੇ, ਹਰਿਆਣਾ 51, ਬਿਹਾਰ 36 ਅੰਕੜੇ ਨਾਲ ਵੀ ਪੰਜਾਬ ਤੋਂ ਅੱਗੇ, 25 ਦਿੱਲੀ, ਮਹਾਰਾਸ਼ਟਰ 20, ਹਿਮਾਚਲ ਦੇ 15 ਅਤੇ ਪੰਜਾਬ ਦੇ ਕੇਵਲ 14 ਨੌਜਵਾਨਾਂ ਨੇ ਕਮਿਸ਼ਨ ਪ੍ਰਾਪਤ ਕੀਤਾ।

ਜਨਵਰੀ 2016 ਵਿਚ ਜੋ 520 ਕੈਡਿਟ ਪਾਸ ਆਊਟ ਹੋਏ, ਉਨ੍ਹਾਂ ਵਿਚੋਂ ਫਿਰ ਵੱਡੀ ਲੀਡ ਨਾਲ ਯੂ.ਪੀ. ਦੇ 98, ਹਰਿਆਣਾ ਨੇ ਵੀ ਆਪਣੀ ਲੀਡ ਬਰਕਰਾਰ ਰੱਖਦਿਆਂ 60 ਨੌਜਵਾਨਾਂ ਨੇ ਕਮਿਸ਼ਨ ਹਾਸਲ ਕੀਤਾ। ਉੱਤਰਾਖੰਡ ਦੇ 52 ਕੈਡਿਟ ਸਨ ਜਦਕਿ ਪੰਜਾਬ ਕੇਵਲ 29 ਨਾਲ ਫਿਰ ਫਾਡੀ ਰਿਹਾ। ਅੱਠ ਦਸੰਬਰ, 2012 ਨੂੰ ਆਈ.ਐਮ.ਏ. ਤੋਂ 615 ਕੈਡਿਟ ਪਾਸ ਆਊਟ ਹੋਏ। ਵਿਦੇਸ਼ੀਆਂ ਨੂੰ ਛੱਡ ਕੇ ਬਾਕੀਆਂ ਵਿਚੋਂ ਸਿਰਫ 20 ਪੰਜਾਬੀ ਸਨ; ਹਰਿਆਣਾ ਦੇ 50 ਅਤੇ ਹਿਮਾਚਲ ਦੇ 22 ਗੱਭਰੂਆਂ ਨੇ ਕਮਿਸ਼ਨ ਪ੍ਰਾਪਤ ਕੀਤਾ।

ਹਰਿਆਣਾ ਤੇ ਹਿਮਾਚਲ ਤੋਂ ਇਲਾਵਾ ਉੱਤਰ ਪ੍ਰਦੇਸ਼, ਬਿਹਾਰ, ਉੱਤਰਾਖੰਡ ਤੇ ਬਾਕੀ ਸੂਬਿਆਂ ਤੋਂ ਵੀ ਨੌਜਵਾਨ ਫੌਜ ਦੇ ਅਫਸਰ ਬਣਨ ਲਈ ਅੱਗੇ ਆ ਰਹੇ ਹਨ ਪਰ ਪੰਜਾਬ ਕਿਉਂ ਪਛੜ ਰਿਹਾ ਹੈ? ਜੇ ਪੰਜਾਬ ਦੇ ਤਿੰਨ ਜੁਝਾਰੂਆਂ-ਤਰਨ ਤਾਰਨ ਜ਼ਿਲ੍ਹੇ ਦੇ ਲੈਫ. ਅਕਾਸ਼ਦੀਪ ਸਿੰਘ ਢਿੱਲੋਂ ਨੂੰ ਜੂਨ 2020 ਵਿਚ, ਲੈਫ. ਵਤਨਦੀਪ ਸਿੰਘ ਸਿੱਧੂ ਨੂੰ ਦਸੰਬਰ 2020 ਅਤੇ ਰੂਪਨਗਰ ਦੇ ਲੈਫ. ਹਰਪ੍ਰੀਤ ਸਿੰਘ ਨੂੰ ਅਫਸਰ ਟਰੇਨਿੰਗ ਅਕੈਡਮੀ ਤੋਂ ਮਾਰਚ ਵਿਚ 'ਸਵੋਰਡ ਆਫ ਆਨਰ' ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ ਤਾਂ ਫਿਰ ਪੰਜਾਬ ਦਾ ਸਮੁੱਚਾ ਅਨੁਪਾਤ ਕਿਉਂ ਘਟ ਰਿਹਾ ਹੈ? ਕੁੱਲ ਹਿੰਦ ਕਮਿਸ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵਿਚੋਂ ਹਰਿਆਣਾ ਦੇ ਨੌਜਵਾਨਾਂ ਦਾ ਫੌਜ ਵਿਚ ਅਫਸਰੀ ਸਿਲੈਕਸ਼ਨ ਰੇਟ 10% ਤੱਕ ਪਹੁੰਚ ਗਿਆ ਹੈ ਪਰ ਪੰਜਾਬ ਦਾ ਗ੍ਰਾਫ 3.5% ਤੱਕ ਸੀਮਤ ਕਿਉਂ?

ਇਨ੍ਹਾਂ ਵੇਰਵਿਆਂ ਤੋਂ ਸਪਸ਼ਟ ਹੈ ਕਿ 2012 ਵਿਚ ਕਮਿਸ਼ਨ ਹਾਸਲ ਕਰਨ ਵਾਲਿਆਂ ਦੀ ਗਿਣਤੀ 615 ਕੈਡਿਟਾਂ ਵਿਚੋਂ 20 ਪੰਜਾਬੀ ਸਨ ਅਤੇ ਅੱਠ ਸਾਲਾਂ ਬਾਅਦ, ਭਾਵ 12 ਦਸੰਬਰ, 2020 ਨੂੰ 325 ਭਾਰਤੀਆਂ ਵਿਚੋਂ ਵੀ 15 ਪੰਜਾਬੀ ਸਨ, ਫਿਰ ਵਾਧੇ ਵਾਲੀ ਸੂਚੀ ਕਿਉਂ ਅਟਕੀ ਰਹੀ? ਇਹੋ ਹਾਲਤ ਏਅਰ ਫੋਰਸ ਤੇ ਨੇਵੀ ਵਿਚ ਅਫਸਰ ਤੋਂ ਹੇਠਲੇ ਰੈਂਕ ਵਾਲਿਆਂ ਦੀ ਹੈ।

ਕੀ ਪੰਜਾਬ ਦੇ ਹਾਕਮਾਂ ਨੂੰ ਨੌਜਵਾਨਾਂ ਦੇ ਭਵਿੱਖ ਬਾਰੇ ਕੋਈ ਚਿੰਤਾ ਨਹੀਂ? ਨੌਜਵਾਨਾਂ ਦੀ ਪੰਜਾਬ ਵਿਚ ਘਾਟ ਨਹੀਂ, ਘਾਟ ਤਾਂ ਉਨ੍ਹਾਂ ਨੂੰ ਉਤਸ਼ਾਹਿਤ ਕਰਕੇ ਸਹੀ ਦਿਸ਼ਾ ਦੇਣ ਦੀ ਹੈ। ਜੇ ਸਿਆਸੀ ਨੇਤਾ ਪਰਿਵਾਰਵਾਦ, ਦੌਲਤਵਾਦ ਤੋਂ ਉਪਰ ਉਠ ਕੇ ਨੌਜਵਾਨਾਂ ਦੇ ਉੱਜਲ ਭਵਿੱਖ ਬਾਰੇ ਕਿਸੇ ਠੋਸ ਨੀਤੀ ਤਹਿਤ ਕੋਈ ਯੋਗ ਕਾਰਵਾਈ ਕਰਨਗੇ ਤਾਂ ਹੀ ਫੌਜ ਤੇ ਸਿਵਲ ਸਰਵਿਸਿਜ਼ ਵਿਚ ਪੰਜਾਬੀਆਂ ਦੀ ਗਿਣਤੀ ਵਧੇਗੀ। ਪੰਜਾਬ 'ਚ ਯੂਨੀਵਰਸਿਟੀਆਂ ਦੀ ਕੋਈ ਘਾਟ ਨਹੀਂ, ਅਣਗਿਣਤ ਕਾਲਜ ਤੇ ਪਬਲਿਕ ਸਕੂਲ ਵੀ ਹਨ ਜਿਨ੍ਹਾਂ ਵਿਚੋਂ ਕੁਝ ਸੰਸਥਾਵਾਂ ਕੋਲ ਐੱਨਸੀਸੀ ਸੰਚਾਲਨ ਵੀ ਹੈ।

ਇਸ ਤੋਂ ਇਲਾਵਾ ਸੈਨਿਕ ਸਕੂਲ ਕਪੂਰਥਲਾ, ਇਰਦ-ਗਿਰਦ ਮਿਲਟਰੀ ਸਕੂਲਾਂ ਦੀ ਘਾਟ ਨਹੀਂ। ਫਿਰ ਮੁਹਾਲੀ, ਫਤਹਿਗੜ੍ਹ ਸਾਹਿਬ, ਖਡੂਰ ਸਾਹਿਬ ਤੇ ਹੋਰ ਅਨੇਕਾਂ ਅਰਧ ਸਰਕਾਰੀ ਪ੍ਰਾਈਵੇਟ ਕੋਚਿੰਗ ਸੈਂਟਰ, ਅਕਾਦਮੀਆਂ ਨੌਜਵਾਨਾਂ ਨੂੰ ਕਮਿਸ਼ਨ ਦੀ ਤਿਆਰੀ ਕਰਵਾਉਣ ਵਿਚ ਰੁੱਝੀਆਂ ਹੋਈਆਂ ਹਨ। ਐੱਨਸੀਸੀ ਡਾਇਰੈਕਟੋਰੇਟ ਸਮੇਤ ਸਾਰੀਆਂ ਸੰਸਥਾਵਾਂ ਇਸ਼ਤਿਹਾਰਾਂ ਜਾਂ ਖ਼ਬਰਾਂ ਜ਼ਰੀਏ ਆਪਣੀਆਂ ਉਪਲਬਧੀਆਂ ਗਿਣਾਉਂਦੀਆਂ ਥੱਕਦੀਆਂ ਨਹੀਂ ਪਰ ਅੰਕੜੇ ਚਿੰਤਾਜਨਕ ਦ੍ਰਿਸ਼ ਪੇਸ਼ ਕਰਦੇ ਹਨ।

ਫੌਜ ਵਿਚ ਨਾਮਵਰ ਖਿਡਾਰੀਆਂ ਵਾਸਤੇ ਸਿੱਧਾ ਨਾਇਬ ਸੂਬੇਦਾਰ ਅਤੇ ਹਵਾਲਦਾਰ ਦੀ ਭਰਤੀ ਵਾਸਤੇ ਨਿਰਧਾਰਤ ਸ਼ਰਤਾਂ ਤਹਿਤ ਦੋ ਫੀਸਦੀ ਕੋਟਾ ਹੈ ਜਿਸ ਦੇ ਤਹਿਤ ਨੀਰਜ ਚੋਪੜਾ ਸਿੱਧਾ ਜੇ.ਸੀ.ਓ. ਭਰਤੀ ਕੀਤਾ ਗਿਆ। ਫਿਰ ਪੰਜਾਬੀਆਂ ਨੂੰ ਇਸ ਪੱਖੋਂ ਕਿਉਂ ਨਹੀਂ ਪ੍ਰੇਰਿਆ ਜਾ ਰਿਹਾ?

ਨਸ਼ਿਆਂ ਦੇ ਫੈਲਾਓ ਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਰੁਖ ਕਰ ਰਹੀ ਹੈ। ਰਾਜਸੀ ਨੇਤਾ ਡੰਗ ਟਪਾਊ ਨੀਤੀ ਅਪਣਾ ਕੇ ਨਸ਼ਿਆਂ ਨੂੰ ਠੱਲ੍ਹ ਨਾ ਪਾ ਸਕੇ। ਇਸ ਸਮੇਂ ਸੂਬਾ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਗਾਰਡੀਅਨ ਆਫ ਗਵਰਨੈਂਸ ਵਿਚ ਤਜਰਬਾਕਾਰ ਉੱਚ ਕੋਟੀ ਦੇ ਅਫਸਰ ਹਨ। ਲੋੜ ਹੈ, ਉਨ੍ਹਾਂ ਨੂੰ ਨੌਜਵਾਨਾਂ ਨੂੰ ਪ੍ਰੇਰਨ ਅਤੇ ਸਿਖਲਾਈ ਦੇਣ ਦੇ ਕਾਰਜ ਵੀ ਸੌਂਪੇ ਜਾਣ। ਇਸ ਨਾਲ ਸੂਬੇ, ਨੌਜਵਾਨਾਂ ਅਤੇ ਫੌਜ ਦੀ ਭਲਾਈ ਹੋਵੇਗੀ।

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

# ਦਿੱਲੀ ਦੀ ਚਾਟੀ 'ਚ ਮਧਾਣੀ ਦਾ ਨਤੀਜਾ ਜਾਪਦੀਆਂ ਹਨ ਪੰਜਾਬ ਵਿਚ ਵਾਪਰੀਆਂ ਘਟਨਾਵਾਂ

ਪੰਜਾਬ ਦੇ ਮੁੱਖ ਮੰਤਰੀ ਵਾਲੇ ਅਹੁਦੇ ਤੋਂ ਅਸਤੀਫਾ ਦੇਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ ਆਮ ਲੋਕਾਂ ਦੀ ਵਿਚਾਰ ਦੇ ਮੁੱਖ ਮੁੱਦਿਆਂ ਵਾਲੇ ਏਜੰਡੇ ਤੋਂ ਬਾਹਰ ਹੋ ਚੁਕਾ ਹੈ। ਦੂਸਰੇ ਲੋਕ ਇਸ ਏਜੰਡੇ ਲਈ ਏਨੀ ਘੜਮੱਸ ਪਾਈ ਫਿਰਦੇ ਹਨ ਕਿ ਉਨ੍ਹਾਂ ਵਿਚੋਂ ਚੋਣਵੇਂ ਮੁੱਦੇ ਬਣਨ ਵਾਲਿਆਂ ਦੇ ਨਾਂ ਚੁਣਨੇ ਔਖੇ ਹਨ। ਲੰਮਾ ਸਮਾਂ ਚੁੱਪ ਵੱਟੀ ਰੱਖਣ ਪਿੱਛੋਂ ਮਸਾਂ-ਮਸਾਂ ਚੁੱਪ ਤੋੜਨ ਪਿੱਛੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੰਭਾਲਣ ਤੱਕ ਜਿਹੜਾ ਨਵਜੋਤ ਸਿੰਘ ਸਿੱਧੂ ਲੋਕਾਂ ਲਈ ਹੀਰੋ ਬਣ ਕੇ ਖਬਰਾਂ ਵਿਚ ਛਾਇਆ ਪਿਆ ਸੀ, ਉਹ ਆਪਣੀਆਂ ਦੋ-ਚਾਰ ਤਿਕੜਮੀ ਚਾਲਾਂ ਨਾਲ ਵਿਚਾਰਨ ਯੋਗ ਲੀਡਰਾਂ ਦੀ ਲਿਸਟ ਤੋਂ ਬਾਹਰ ਨਿਕਲਦਾ ਜਾਂਦਾ ਦਿਖਾਈ ਦਿੰਦਾ ਹੈ। ਉਸ ਦੀ ਕੁਝ ਕਾਹਲ-ਕਦਮੀ ਅਤੇ ਕੁਝ ਅਹੁਦਾ ਹੱਥੋਂ ਨਿਕਲ ਜਾਣ ਦੀ ਕੁੜੱਤਣ ਦਾ ਪ੍ਰਭਾਵ ਆਮ ਲੋਕਾਂ ਵਿਚ ਏਨੀ ਤੇਜ਼ੀ ਨਾਲ ਫੈਲਿਆ ਹੈ ਕਿ ਉਸ ਬਾਰੇ ਕੋਈ ਗੱਲ ਕਰਨ ਵੇਲੇ ਉਸ ਦੇ ਮਿੱਤਰ ਵੀ ਕੱਚਾ ਜਿਹਾ ਹਾਸਾ ਹੱਸ ਕੇ ਮੌਕਾ ਟਾਲਣ ਲਈ ਕਿਸੇ ਦੂਸਰੀ ਚਰਚਾ ਵੱਲ ਮੁੜ ਜਾਂਦੇ ਹਨ। ਨਵਾਂ ਬਣਾਇਆ ਮੁੱਖ ਮੰਤਰੀ ਅਜੇ ਕਿੰਨੀ ਦੇਰ ਤੱਕ ਹੋਰ ਨਵਾਂ ਰਹਿਣਾ ਹੈ ਅਤੇ ਉਸ ਨੂੰ ਅਹੁਦੇ ਦੇ ਹਾਣ ਦਾ ਹੋਣ ਵਿਚ ਕਿੰਨਾ ਚਿਰ ਹੋਰ ਲੱਗਣਾ ਹੈ, ਇਹ ਗੱਲ ਖੁਦ ਉਸ ਨੇ ਤੈਅ ਕਰਨੀ ਹੈ, ਪਰ ਉਹ ਚੁਫੇਰਿਓਂ ਦਬਾਅ ਹੇਠ ਘਿਰਿਆ ਪਿਆ ਹੈ। ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਲਈ ਪਿੜ ਖਾਲੀ ਜਿਹਾ ਜਾਪ ਰਿਹਾ ਹੈ, ਪਰ ਉਹ ਰਾਜਸੀ ਪੱਖੋਂ ਗੰਭੀਰਤਾ ਵਿਖਾਉਣ ਤੋਂ ਵੱਧ ਜਨਤਕ ਰੈਲੀ ਦਾ ਠੁੱਕ ਬੰਨ੍ਹਣ ਵਾਲਾ ਬੁਲਾਰਾ ਬਣਨ ਨੂੰ ਪਹਿਲ ਦਿੰਦਾ ਅਤੇ ਏਦਾਂ ਦੀਆਂ ਗੱਲਾਂ ਕਰਦਾ ਹੈ ਕਿ ਬਣਿਆ ਪ੍ਰਭਾਵ ਵੀ ਨਹੀਂ ਸੰਭਾਲ ਸਕਦਾ। ਆਮ ਆਦਮੀ ਪਾਰਟੀ ਨੂੰ ਉਸ ਦਾ ਕਨਵੀਨਰ ਕੇਜਰੀਵਾਲ ਬੁਲੰਦੀਆਂ ਤੱਕ ਚੁੱਕਣ ਦੇ ਯਤਨ ਸਿਰਫ ਚੋਣਾਂ ਜਿੱਤਣ ਤੋਂ ਬਾਅਦ ਦੀਆਂ ਗਾਰੰਟੀਆਂ ਦੇਣ ਤੱਕ ਸੀਮਤ ਕਰੀ ਜਾਂਦਾ ਹੈ। ਜਿਸ ਟੀਮ ਨੂੰ ਅੱਗੇ ਲਾ ਕੇ ਚੋਣ ਲੜਨ ਲਈ ਲੋਕਾਂ ਦੇ ਅੱਗੇ ਪੇਸ਼ ਕਰਨਾ ਹੈ, ਉਸ ਦਾ ਨਕਸ਼ਾ ਡੌਲਣ ਦੀ ਥਾਂ ਹਰ ਵਾਰੀ ਪੰਜਾਬ ਵਿਚ ਆਣ ਕੇ 'ਮੈਂ ਹੀ ਮੈਂ' ਨਾਲ ਏਦਾਂ ਦਾ ਪ੍ਰਭਾਵ ਬਣਾਈ ਜਾਂਦਾ ਹੈ, ਜਿਹੜਾ ਇੱਕ ਹੱਦ ਤੋਂ ਵੱਧ ਚੱਲਣ ਵਾਲਾ ਨਹੀਂ।

ਇਹੋ ਜਿਹੇ ਰਾਜਸੀ ਮਾਹੌਲ ਵਿਚ ਉਲਝੇ ਜਾਪ ਰਹੇ ਪੰਜਾਬ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਨਾਲ ਜੁੜੀ ਟੀਮ ਦੇ ਧਨੰਤਰਾਂ ਦੀ ਬਾਜ ਅੱਖ ਪੂਰੀ ਤਰ੍ਹਾਂ ਟਿਕੀ ਹੋਈ ਹੈ। ਪੰਜਾਬ ਦੀਆਂ ਰਾਜਸੀ ਪਾਰਟੀਆਂ ਅਤੇ ਲੀਡਰਾਂ ਵਿਚ ਅਗਲੇ ਏਜੰਡੇ ਬਾਰੇ ਗੰਭੀਰਤਾ ਦੀ ਜਿੰਨੀ ਘਾਟ ਹੈ, ਉਸ ਤੋਂ ਉਲਟ ਦਿੱਲੀ ਦੇ ਅਵਾੜੇ ਦੱਸਦੇ ਹਨ ਕਿ ਉਥੋਂ ਪੰਜਾਬ ਵੱਲ ਝਾਕਣ ਵਾਲਿਆਂ ਦੇ ਏਜੰਡੇ ਉੱਤੇ ਇਹ ਅੱਜ ਕੱਲ੍ਹ ਆਈਟਮ ਨੰਬਰ ਵੰਨ ਬਣਿਆ ਪਿਆ ਹੈ। ਭਾਰਤ ਦੇ ਕੁਝ ਚੋਣਵੇਂ ਰਾਜ ਸਮੁੱਚੇ ਦੇਸ਼ ਦੀ ਰਾਜਨੀਤੀ ਵਿਚ ਖਾਸ ਥਾਂ ਰੱਖਦੇ ਹਨ ਅਤੇ ਇਨ੍ਹਾਂ ਖਾਸ ਰਾਜਾਂ ਵਿਚ ਉੱਤਰ ਪ੍ਰਦੇਸ਼ ਦਾ ਨਾਂ ਉਥੋਂ ਦੀਆਂ ਅੱਸੀ ਪਾਰਲੀਮੈਂਟ ਸੀਟਾਂ ਕਰ ਕੇ ਹੈ, ਉਸ ਦਾ ਰਾਜਸੀ ਮਹੱਤਵ ਓਨਾ ਨਹੀਂ, ਜਿੰਨਾ ਪੱਛਮੀ ਬੰਗਾਲ, ਪੰਜਾਬ, ਕੇਰਲਾ ਜਾਂ ਗੁਜਰਾਤ ਵਰਗੇ ਰੁਝਾਨ ਤੈਅ ਕਰਨ ਵਾਲੇ ਰਾਜਾਂ ਦਾ ਹੁੰਦਾ ਹੈ। ਗੁਜਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਨਾਲ ਜੁੜੀ ਟੀਮ ਪਹਿਲਾਂ ਆਪਣੀ ਜੇਬ ਵਿਚ ਪਾ ਕੇ ਤੁਰੀ ਸੀ, ਹਿੰਦੀ ਭਾਸ਼ੀ ਰਾਜਾਂ ਵਿਚ ਲਗਾਤਾਰ ਜਿੱਤਾਂ ਦਾ ਡੰਕਾ ਵਜਾਉਂਦੀ ਰਹੀ, ਪਰ ਵਡੇਰੇ ਰਾਜਸੀ ਮਹੱਤਵ ਵਾਲੇ ਰਾਜਾਂ-ਪੱਛਮੀ ਬੰਗਾਲ, ਕੇਰਲਾ ਤੇ ਪੰਜਾਬ ਵਿਚ ਛੱਤੀ ਪਾਪੜ ਵੇਲ ਕੇ ਵੀ ਇਸ ਟੀਮ ਦੇ ਪੈਰ ਅਜੇ ਤੱਕ ਨਹੀਂ ਲੱਗ ਸਕੇ। ਜਿਹੜਾ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਇੰਦਰਾ ਗਾਂਧੀ ਦੀ ਚੜ੍ਹਤ ਵੇਲੇ ਜਿੰਨੇ ਰਾਜਾਂ ਵਿਚ ਕਾਂਗਰਸ ਪਾਰਟੀ ਦੀ ਪਕੜ ਸੀ, ਉਸ ਤੋਂ ਵੱਧ ਰਾਜਾਂ ਵਿਚ ਇਸ ਵਕਤ ਭਾਜਪਾ ਦੀ ਚੜ੍ਹਤ ਹੈ, ਇਨ੍ਹਾਂ ਤਿੰਨ ਅਹਿਮ ਰਾਜਾਂ ਵਿਚ ਜਦੋਂ ਪੈਰ ਨਹੀਂ ਲੱਗ ਰਹੇ ਤਾਂ ਉਸ ਦੀ ਰਾਤਾਂ ਦੀ ਨੀਂਦ ਖਰਾਬ ਹੋਣ ਦਾ ਇੱਕ ਵੱਡਾ ਕਾਰਨ ਪੈਦਾ ਹੋ ਜਾਂਦਾ ਹੈ। ਦੁਨੀਆਂ ਭਰ ਵਿਚ ਆਪਣੀ ਧੁੰਮ ਪੈਂਦੀ ਦਾ ਇੰਡੈਕਸ ਰੋਜ਼ ਤੜਕੇ ਉੱਠ ਕੇ ਵੇਖਣ ਦਾ ਸ਼ੌਕੀਨ ਆਗੂ ਅਮਰੀਕਾ ਵਿਚ 'ਹਾਊਡੀ ਮੋਦੀ' ਦੀ ਗੂੰਜ ਦੇ ਬਾਅਦ ਆਪਣੇ ਦੇਸ਼ ਵਿਚ ਇਸ ਤਰ੍ਹਾਂ ਪਛੜਨਾ ਪਸੰਦ ਨਹੀਂ ਕਰੇਗਾ।



ਅਮਿਤ ਸ਼ਾਹ ਨਾਲ ਕੈਪਟਨ ਅਮਰਿੰਦਰ ਸਿੰਘ

ਪਿਛਲੇ ਕੁਝ ਹਫਤਿਆਂ ਦੇ ਪੰਜਾਬ ਦੇ ਘਟਨਾ-ਚੱਕਰ, ਜਿਸ ਵਿਚ ਪਹਿਲਾਂ ਕਾਂਗਰਸ ਦੀ ਪ੍ਰਧਾਨਗੀ ਨਵਜੋਤ ਸਿੰਘ ਸਿੱਧੂ ਨੂੰ ਸੌਂਪੇ ਜਾਣ ਦੇ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਹਾਰ ਹੋਈ ਤੇ ਫਿਰ ਉਸ ਕੋਲੋਂ ਮੁੱਖ ਮੰਤਰੀ ਦੀ ਕੁਰਸੀ ਛੁਡਾ ਲੈਣ ਦੇ ਹਾਲਾਤ ਬਣਾਏ ਗਏ ਸਨ, ਇਸ ਖੇਡ ਦੀ ਸਕਰਿਪਟ ਕਿਸੇ ਸਾਧਾਰਨ ਆਗੂ ਨੇ ਨਹੀਂ ਲਿਖੀ। ਕੇਂਦਰ ਸਰਕਾਰ ਕੋਲ ਏਦਾਂ ਦੇ ਧਨੰਤਰ ਬੈਠੇ ਹਨ, ਜਿਹੜੇ ਸੰਸਾਰ ਭਰ ਦੀ ਰਾਜਨੀਤੀ ਦੀਆਂ ਤਿਕੜਮਾਂ ਨੂੰ ਕਿਸੇ ਵੀ ਹੋਰ ਤੋਂ ਵੱਧ ਘੋਖਣ ਦੇ ਮਾਹਰ ਹਨ। ਕਿਸੇ ਸਿਆਸੀ ਧਿਰ ਵਿਚ ਬੈਠਾ ਕੌਣ ਆਗੂ ਕੀ ਖਾਹਿਸ਼ਾਂ ਰੱਖਦਾ ਹੈ ਅਤੇ ਡਿੱਗਣ ਲੱਗ ਪਵੇ ਤਾਂ ਕਿੰਨਾ ਕੁ ਡਿੱਗ ਸਕਦਾ ਹੈ, ਇਸ ਦੀ ਸਮਝ ਕਿਸੇ ਵੀ ਹੋਰ ਤੋਂ ਵੱਧ ਉਨ੍ਹਾਂ ਨੂੰ ਹੈ। ਪਿਛਲੇ ਹਫਤਿਆਂ ਦੌਰਾਨ ਕਾਂਗਰਸ ਦੀ ਕੇਂਦਰੀ ਕਮਾਨ ਦੀ ਕਮਜ਼ੋਰੀ ਕਾਰਨ ਪੰਜਾਬ ਵਿਚ ਹਰ ਨਵੇਂ ਦਿਨ ਨਵੀਂ ਉਲਝਣ ਪੈਂਦੀ ਵੇਲੇ ਉਹ ਚੁੱਪ ਬਹਿਣ ਤੇ ਘਟਨਾਵਾਂ ਦਾ ਵਹਿਣ ਵੇਖਣ ਤੱਕ ਸੀਮਤ ਨਹੀਂ ਸਨ। ਉਹ ਇਸ ਵਹਿਣ ਦੌਰਾਨ ਵੀ ਰਾਜਸੀ ਕਿਸ਼ਤੀ ਨੂੰ ਕਿਸੇ ਨਾ ਕਿਸੇ ਚੱਪੂ ਦੀ ਹੁੱਝ ਮਾਰ ਕੇ ਆਪਣੀ ਮਰਜ਼ੀ ਦੀ ਧਾਰਾ ਵੱਲ ਚਲਾਉਣ ਦਾ ਯਤਨ ਕਰਦੇ ਰਹੇ ਹੋਣਗੇ ਤੇ ਜਦੋਂ ਪੰਜਾਬ ਵਿਚ ਪਹਿਲੇ ਲੀਡਰ ਨੂੰ ਹਟਾ ਕੇ ਦੂਸਰੇ ਦੀ ਸਰਕਾਰ ਬਣੀ ਹੈ ਤਾਂ ਉਸ ਦੇ ਚੰਗੇ-ਮਾੜੇ ਦਾ ਲੇਖਾ ਵੀ ਅਗਾਊਂ ਲਾ ਚੁੱਕੇ ਹੋਣਗੇ।

ਜਦੋਂ ਸਾਡੇ ਵਰਗੇ ਪੱਤਰਕਾਰ ਇਨ੍ਹਾਂ ਬੀਤੀਆਂ ਘਟਨਾਵਾਂ ਦਾ ਕਚਰਾ ਫੋਲਣ ਰੁੱਝੇ ਸਨ, ਉਦੋਂ ਗੱਦੀ ਛੱਡ ਚੁੱਕੇ ਮੁੱਖ ਮੰਤਰੀ ਦਾ ਅਚਾਨਕ ਦਿੱਲੀ ਨੂੰ ਉਡਾਰੀ ਲਾਉਣਾ, ਉਥੇ ਦੇਸ਼ ਦੇ ਗ੍ਰਹਿ ਮੰਤਰੀ ਨੂੰ ਮਿਲਣਾ ਤੇ ਫਿਰ ਪੰਜਾਬ ਸਰਹੱਦੀ ਸੂਬਾ ਹੋਣ ਦਾ ਰਾਗ ਅਲਾਪਣਾ ਕੋਈ ਸਹਿਜ ਵਿਹਾਰ ਨਹੀਂ ਸੀ। ਦਿੱਲੀ ਦੀ ਚਾਟੀ ਕਦੀ ਵਿਹਲੀ ਨਹੀਂ ਰਹਿੰਦੀ, ਹਮੇਸ਼ਾ ਕੁਝ ਨਾ ਕੁਝ ਰਿੜਕਦੀ ਰਹਿੰਦੀ ਹੈ। ਕਦੀ ਉਹ ਮਹਾਰਾਸ਼ਟਰ ਦੀ ਰਾਜਨੀਤੀ ਨੂੰ ਮਧਾਣੀ ਨਾਲ ਹਿਲਾਉਂਦੀ ਤੇ ਸ਼ਿਵ ਸੈਨਾ ਦੇ ਮੁਖੀ ਉਧਵ ਠਾਕਰੇ ਦੇ ਕਣਾਂ ਨੂੰ ਟੋਂਹਦੀ ਹੈ, ਕਦੀ ਰਾਜਸਥਾਨ ਜਾਂ ਛੱਤੀਸਗੜ੍ਹ ਅਤੇ ਝਾਰਖੰਡ ਵਿਚਲੇ ਕੁਚੱਜਿਆਂ ਦੇ ਕੋੜਮੇ ਨੂੰ ਘੁਮਾਣੀ ਮਾਰਦੀ ਹੈ ਤੇ ਪਿਛਲੇ ਦਿਨੀਂ ਉਸ ਨੇ ਤਵਾ ਗਰਮ ਵੇਖ ਕੇ ਪੰਜਾਬ ਦੀ ਰਾਜਨੀਤੀ ਵਿਚੋਂ ਆਪਣੀ ਲੋੜ ਦੇ ਨਤੀਜੇ ਕੱਢਣ ਦਾ ਯਤਨ ਕੀਤਾ ਜਾਪਦਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਨਵਾਂ ਰੌਂਅ ਉਸ ਦਿੱਲੀ ਵਾਲੀ ਚਾਟੀ ਵਿਚ ਫਿਰਦੀ ਮਧਾਣੀ ਦੀ ਖੇਚਲ ਜਾਪਦੀ ਹੈ। ਇਹ ਖੇਚਲ ਅਗਲੇ ਸਾਲ ਤੱਕ ਪੰਜਾਬ ਨੂੰ ਨਵਾਂ ਰੰਗ ਦੇ ਸਕਦੀ ਹੈ। ਦਿੱਲੀ ਬਹੁਤ ਤੇਜ਼ ਹੈ, ਏਨੀ ਤੇਜ਼ ਕਿ ਜਦੋਂ ਇਹ ਰਾਜਨੀਤੀ ਦੀ ਸ਼ਤਰੰਜ ਉੱਤੇ ਆਪਣੀਆਂ ਚਾਲਾਂ ਚੱਲਦੀ ਹੈ, ਜਿਹੜੇ ਸੱਜਣਾਂ ਨੂੰ ਜਿੱਤਣ ਦਾ ਭਰਮ ਹੁੰਦਾ ਹੈ, ਕਈ ਸਾਲ ਬਾਅਦ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਹ ਜਿੱਤੇ ਨਹੀਂ ਸਨ, ਕਿਸੇ ਹੋਰ ਦੀ ਲੋੜ ਪੂਰਤੀ ਦਾ ਵਸੀਲਾ ਬਣਨ ਵਾਲੇ ਪਿਆਦੇ ਬਣੇ ਖੇਡਦੇ ਪਏ ਸਨ। ਇਹ ਕੁਝ ਪਹਿਲਾਂ ਵੀ ਬੜੀ ਵਾਰ ਹੋਇਆ ਹੈ ਅਤੇ ਇਤਿਹਾਸ ਇੱਕ ਵਾਰ ਫਿਰ ਆਪਣੇ ਆਪ ਨੂੰ ਦੁਹਰਾਉਂਦਾ ਜਾਪਦਾ ਹੈ। ਸਮਝਣ ਵਾਲੇ ਲੋਕ ਸਮਝ ਕੇ ਵੀ ਬੋਲਣ ਦੀ ਥਾਂ ਚੁੱਪ ਹਨ।

# ਸਿੱਧੂ ਨੂੰ 'ਠੰਢਾ' ਕਰਨ ਲਈ ਚੰਨੀ ਸਰਕਾਰ ਨੇ ਚੁਣਿਆ ਵਿਚਕਾਰਲਾ ਰਾਹ

## ਰਾਜਵਿੰਦਰ ਸਿੰਘ ਬੈਂਸ ਨੂੰ ਵਿਸ਼ੇਸ਼ ਪਬਲਿਕ ਪ੍ਰਾਸੀਕਿਊਟਰ ਲਾਇਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵੱਲੋਂ ਐਡਵੋਕੇਟ ਜਨਰਲ ਨੂੰ ਹਟਾਏ ਜਾਣ ਦੇ ਮੁੱਦੇ 'ਤੇ ਠੰਢਾ ਛਿੜਕ ਦਿੱਤਾ ਹੈ। ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੂੰ ਬੇਅਦਬੀ ਤੇ ਗੋਲੀਕਾਂਡ ਦੇ ਕੇਸਾਂ ਵਿਚ ਤੇਜੀ ਨਾਲ ਕਾਰਵਾਈ ਲਈ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਨਿਯੁਕਤ ਕੀਤਾ ਹੈ।

ਇਸ ਨਿਯੁਕਤੀ ਤੋਂ ਇਹ ਜਾਪਦਾ ਹੈ ਕਿ ਹੁਣ ਐਡਵੋਕੇਟ ਜਨਰਲ ਨੂੰ ਬਦਲਣ ਦਾ ਮਾਮਲਾ ਮੱਠਾ ਪੈ ਗਿਆ ਹੈ। ਮੁੱਖ ਮੰਤਰੀ ਚਰਨਜੀਤ ਚੰਨੀ, ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਹਰੀਸ਼ ਚੌਧਰੀ ਦਰਮਿਆਨ ਸਮਝੌਤਾ ਮੀਟਿੰਗ ਹੋਈ ਸੀ ਜਿਸ 'ਚ ਤਾਲਮੇਲ ਕਮੇਟੀ ਬਣਾਈ ਗਈ। ਮੀਟਿੰਗ ਮਗਰੋਂ ਪੰਜਾਬ ਸਰਕਾਰ ਵੱਲੋਂ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਗਿਆ ਹੈ ਅਤੇ ਨਾ ਹੀ ਹਾਈ ਕਮਾਂਡ ਨੇ ਇਸ ਮਾਮਲੇ 'ਤੇ ਜ਼ੁਬਾਨ ਖੋਲ੍ਹੀ ਹੈ। ਨਵਜੋਤ ਸਿੱਧੂ ਵੀ ਮੀਟਿੰਗ ਮਗਰੋਂ ਚੁੱਪ ਹਨ। ਭਾਵੇਂ ਨਵਜੋਤ ਸਿੱਧੂ ਦੇ ਕਾਂਗਰਸ ਦੇ ਪ੍ਰਧਾਨ ਬਣੇ ਰਹਿਣ 'ਤੇ ਕੋਈ ਸ਼ੱਕ ਨਹੀਂ ਰਿਹਾ ਪਰ ਸਿੱਧੂ ਵੱਲੋਂ ਉਠਾਏ ਮੁੱਦਿਆਂ ਦਾ ਕੀ ਬਣਿਆ, ਉਸ ਬਾਰੇ ਭੇਤ ਹੀ ਬਣਿਆ ਹੋਇਆ ਹੈ। ਸੂਤਰ ਆਖਦੇ ਹਨ ਕਿ ਬੇਅਦਬੀ ਤੇ ਗੋਲੀ ਕਾਂਡ ਮਾਮਲਿਆਂ ਦੇ ਕੇਸਾਂ ਲਈ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਲਾਏ ਜਾਣ ਤੋਂ ਐਡਵੋਕੇਟ ਜਨਰਲ ਬਦਲੇ ਜਾਣ ਦਾ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ ਜਾਪਦਾ ਹੈ। ਨਵਜੋਤ ਸਿੱਧੂ ਵੱਲੋਂ ਡੀ.ਜੀ.ਪੀ. ਇਕਬਾਲ ਪ੍ਰੀਤ ਸਿੰਘ ਸਹੋਤਾ ਦੇ ਉਠਾਏ ਮਾਮਲੇ 'ਤੇ ਪੰਜਾਬ ਸਰਕਾਰ ਨੇ ਯੂ.ਪੀ.ਐਸ.ਸੀ. ਨੂੰ 10 ਨਾਵਾਂ ਦਾ ਪੈਨਲ ਭੇਜ ਦਿੱਤਾ ਗਿਆ ਸੀ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਸ੍ਰੀ ਬੈਂਸ ਨੂੰ ਥਾਣਾ ਬਾਜਾਖਾਨਾ ਅਤੇ ਸਿਟੀ ਕੋਟਕਪੂਰਾ ਵਿਚ ਵੱਖ-ਵੱਖ ਤਰੀਕਾਂ ਨੂੰ ਦਰਜ ਚਾਰ ਕੇਸਾਂ ਵਿਚ ਟਰਾਇਲ ਕੋਰਟ/ਕੋਰਟਾਂ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸੂਬਾ ਸਰਕਾਰ ਤਰਫ਼ੋਂ ਪੈਰਵੀ ਕਰਨ ਲਈ ਸੀ.ਆਰ.ਪੀ.ਸੀ., 1973 ਦੀ ਧਾਰਾ 24 (8) ਅਧੀਨ ਨਿਯੁਕਤ ਕੀਤਾ ਗਿਆ ਹੈ। ਗ੍ਰਹਿ ਮੰਤਰੀ ਰੰਧਾਵਾ ਨੇ ਕਿਹਾ ਕਿ ਫ਼ਰੀਦਕੋਟ ਦੇ ਥਾਣਾ ਬਾਜਾਖਾਨਾ 'ਚ 14 ਅਕਤੂਬਰ 2015 ਨੂੰ ਧਾਰਾ 307, 435, 332, 333, 283, 186, 380, 188, 148, 149 ਅਤੇ ਅਸਲਾ ਐਕਟ 1959 ਦੀ ਧਾਰਾ 25, 27 ਅਤੇ ਪ੍ਰੀਵੈਨਸ਼ਨਜ ਆਫ ਡੈਮੇਜ ਆਫ ਪਬਲਿਕ ਪ੍ਰਾਪਰਟੀ ਐਕਟ, 1984 ਦੀ ਧਾਰਾ 34 ਤਹਿਤ ਦਰਜ ਮੁਕੱਦਮਾ ਨੰਬਰ 129 ਅਤੇ ਇਸੇ ਤਰੀਕ ਨੂੰ ਥਾਣਾ ਸਿਟੀ ਕੋਟਕਪੂਰਾ ਵਿੱਚ ਆਈ.ਪੀ.ਸੀ. ਦੀ ਧਾਰਾ 409, 467, 195 ਅਤੇ 120-ਬੀ ਤਹਿਤ ਦਰਜ ਮੁਕੱਦਮਾ ਨੰਬਰ 192 ਵਿਚ ਨਵੇਂ ਨਿਯੁਕਤ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਸੂਬਾ ਸਰਕਾਰ ਦੀ ਪੈਰਵੀ ਕਰਨਗੇ। ਰੰਧਾਵਾ ਨੇ ਦੱਸਿਆ ਕਿ ਦੋ ਹੋਰ ਕੇਸਾਂ ਵਿਚ ਸ੍ਰੀ ਬੈਂਸ ਪੈਰਵੀ ਕਰਨਗੇ ਜਿਨ੍ਹਾਂ ਵਿਚ 21 ਅਕਤੂਬਰ 2015 ਨੂੰ ਥਾਣਾ ਬਾਜਾਖਾਨਾ ਤੇ 7 ਅਗਸਤ 2018 ਨੂੰ ਥਾਣਾ ਸਿਟੀ ਕੋਟਕਪੂਰਾ ਵਿਚ ਦਰਜ ਮੁਕੱਦਮਾ ਨੰਬਰ 129 ਸ਼ਾਮਲ ਹਨ।

## ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਨੂੰਨ ਲਿਆਵਾਂਗੇ: ਚੰਨੀ

**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਦਿਵਾਉਣ ਲਈ ਵਚਨਬੱਧਤਾ ਦੁਹਰਾਉਂਦਿਆਂ ਐਲਾਨ ਕੀਤਾ ਕਿ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਕਤਲ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਨ ਲਈ ਛੇਤੀ ਹੀ ਨਵਾਂ ਕਾਨੂੰਨ ਲਿਆਂਦਾ ਜਾਵੇਗਾ। ਮੁੱਖ ਮੰਤਰੀ ਨੇ ਇਹ ਭਰੋਸਾ ਇਥੇ ਧਾਰਮਿਕ ਜਥੇਬੰਦੀ 'ਅੱਠੇ ਪਹਿਰ ਟਹਿਲ ਸੇਵਾ ਲਹਿਰ' ਦੇ ਉਚ ਪੱਧਰੀ ਵਫ਼ਦ ਨੂੰ ਦਿੱਤਾ। ਸੰਸਥਾ ਦੇ ਸੰਸਥਾਪਕ ਭਾਈ ਗੁਰਪ੍ਰੀਤ ਸਿੰਘ ਖਾਲਸਾ ਦੀ ਅਗਵਾਈ ਵਾਲੇ ਵਫ਼ਦ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਸਬੰਧੀ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੀ ਮੌਜੂਦ ਸਨ।

## ਡੇਰਾ ਮੁਖੀ ਨੂੰ ਕਲੀਨ ਚਿੱਟ ਨਹੀਂ: ਪੰਜਾਬ ਪੁਲਿਸ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਅਧਿਕਾਰਤ ਬੁਲਾਰੇ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਜਾਂ ਕਿਸੇ ਹੋਰ ਵਿਅਕਤੀ ਨੂੰ ਕੋਈ ਕਲੀਨ ਚਿੱਟ ਨਹੀਂ ਦਿੱਤੀ ਗਈ। 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਕਲੀਨ ਚਿੱਟ ਦੇਣ ਦੀਆਂ ਖਬਰਾਂ ਨੂੰ ਖਾਰਜ ਕਰ ਦਿੱਤਾ। ਪੰਜਾਬ ਪੁਲਿਸ ਦੇ ਮੁਖੀ ਦਾ ਵਾਧੂ ਚਾਰਜ ਸੰਭਾਲ ਰਹੇ ਇਕਬਾਲਪ੍ਰੀਤ ਸਿੰਘ ਸਹੋਤਾ ਦਾ ਜਿਕਰ ਕਰਦੇ ਹੋਏ ਆਈਆਂ ਕੁਝ ਖਬਰਾਂ ਵਿਚਾਲੇ ਇਹ ਬਿਆਨ ਜਾਰੀ ਹੋਇਆ ਹੈ। ਖਬਰਾਂ ਵਿਚ ਦੋਸ਼ ਲਗਾਇਆ ਗਿਆ ਹੈ ਕਿ ਉਨ੍ਹਾਂ ਨੇ 2015 ਦੇ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕਰਦੇ ਹੋਈ ਰਾਮ ਰਹੀਮ ਨੂੰ ਕਲੀਨ ਚਿੱਟ ਦੇ ਦਿੱਤੀ ਸੀ।

## ਆਈ.ਐਸ.ਆਈ.ਐਸ-ਕੇ ਨੇ ਸਿੱਖ ਹਕੀਮ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ

**ਪੇਸ਼ਾਵਰ:** ਇਸਲਾਮਿਕ ਸਟੇਟ ਖੁਰਾਸਾਨ (ਆਈ.ਐਸ.ਆਈ.ਐਸ-ਕੇ) ਨੇ ਪੇਸ਼ਾਵਰ ਸ਼ਹਿਰ ਵਿਚ ਮਸ਼ਹੂਰ ਸਿੱਖ ਹਕੀਮ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ। ਇਹ ਸਮੂਹ ਇਸਲਾਮਿਕ ਸਟੇਟ ਅਫਗਾਨਿਸਤਾਨ ਨਾਲ ਸਬੰਧਤ ਹੈ। ਪੁਲਿਸ ਨੇ ਕਿਹਾ ਕਿ ਹਕੀਮ ਸਤਿਨਾਮ ਸਿੰਘ (ਖਾਲਸਾ) ਆਪਣੇ ਕਲੀਨਿਕ ਵਿਚ ਸੀ। ਇਸੇ ਦੌਰਾਨ ਅਣਪਛਾਤੇ ਬੰਦੂਕਧਾਰੀ ਉਨ੍ਹਾਂ ਦੇ ਕਮਰੇ ਵਿਚ ਵੜੇ ਅਤੇ ਉਨ੍ਹਾਂ ਉਪਰ ਗੋਲੀਆਂ ਚਲਾ ਦਿੱਤੀਆਂ। ਉਸ ਪਿਛੋਂ ਹਮਲਾਵਰ ਉਥੋਂ ਫਰਾਰ ਹੋ ਗਏ। ਪੁਲਿਸ ਨੇ ਕਿਹਾ ਕਿ ਯੂਨਾਨੀ ਹਕੀਮ ਨੂੰ ਚਾਰ ਗੋਲੀਆਂ ਲੱਗੀਆਂ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

# 'ਸਿੱਖ ਭਾਈਚਾਰੇ ਵਿਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਵੱਧ'

**ਅੰਮ੍ਰਿਤਸਰ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਨਵ-ਨਿਯੁਕਤ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਿੱਖ ਭਾਈਚਾਰੇ 'ਚ ਵਧ ਰਹੀ ਬੇਰੁਜ਼ਗਾਰੀ ਦੀ ਦਰ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਨੌਜਵਾਨਾਂ ਨੂੰ ਕੇਂਦਰ ਵੱਲੋਂ ਘੱਟ ਗਿਣਤੀ ਭਾਈਚਾਰੇ ਲਈ ਸਿੱਖਿਆ, ਰੁਜ਼ਗਾਰ ਤੇ ਹੁਨਰਮੰਦ ਸਿੱਖਿਆ ਦੀਆਂ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਲੈਣ ਲਈ ਪ੍ਰੇਰਿਆ। ਉਨ੍ਹਾਂ ਇਸ ਨਿਯੁਕਤੀ ਤੋਂ ਬਾਅਦ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ।

ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਉਨ੍ਹਾਂ ਦੱਸਿਆ ਕਿ ਅੰਕੜੇ ਦੱਸਦੇ ਹਨ ਕਿ ਦੇਸ਼ ਦੀ ਸਮੁੱਚੀ ਬੇਰੁਜ਼ਗਾਰੀ ਦਰ 4.6 ਫੀਸਦ ਹੈ, ਜਦਕਿ ਸਿੱਖਾਂ ਵਿਚ ਇਹ ਦਰ 6.4 ਫੀਸਦ 'ਤੇ ਪੁੱਜ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਖੁਦਕੁਸ਼ੀਆਂ ਦਾ ਰੁਝਾਨ ਵੀ ਇਸੇ ਕਾਰਨ ਵੱਧ ਹੈ। ਉਨ੍ਹਾਂ ਮੀਟਿੰਗ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਅਧਿਕਾਰੀਆਂ, ਚੀਫ਼ ਖਾਲਸਾ ਦੀਵਾਨ ਤੇ ਖਾਲਸਾ ਕਾਲਜ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਵੱਲੋਂ ਘੱਟੋ ਗਿਣਤੀ ਭਾਈਚਾਰੇ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਸਿੱਖ ਭਾਈਚਾਰੇ ਨੂੰ ਦਿਵਾਉਣ। ਇਸ ਮੌਕੇ ਸ੍ਰੀ ਭੂਰਾਕੋਹਨਾ ਨੇ ਵੱਖ-ਵੱਖ ਪ੍ਰਵੇਸ਼ ਪ੍ਰੀਖਿਆਵਾਂ ਵਿਚ ਸਿੱਖ ਵਿਦਿਆਰਥੀਆਂ ਦੇ ਕਕਾਰਾਂ ਨੂੰ ਇਮਤਿਹਾਨ ਹਾਲ ਵਿਚੋਂ ਬਾਹਰ ਰਖਵਾਉਣ ਅਤੇ ਪੱਗਾਂ ਦੀ ਤਲਾਸ਼ੀ ਲੈਣ ਵਰਗੇ ਗੰਭੀਰ ਮੁੱਦੇ ਜ਼ੋਰ ਨਾਲ ਉਠਾਏ। ਇਸ ਮੌਕੇ ਸ੍ਰੀ ਲਾਲਪੁਰਾ ਨੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਸਖਤੀ ਨਾਲ ਰੋਕਣ ਦਾ ਭਰੋਸਾ ਦਿੱਤਾ।

# ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੀ ਫਰੇਬੀ ਜੰਗ-3

***ਨਸ਼ਿਆਂ ਦਾ ਮੁੱਦਾ ਪੰਜਾਬ ਵਿਚ ਚੋਣਾਂ 'ਚ ਮੁੱਖ ਮੁੱਦਾ ਚਲਿਆ ਆ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀਆਂ ਚੋਣਾਂ ਤੋਂ ਪਹਿਲਾਂ ਗੁਟਕੇ ਦੀ ਸਹੁੰ ਖਾ ਕੇ 'ਇਕ ਮਹੀਨੇ ਵਿਚ ਨਸ਼ੇ ਖਤਮ ਕਰਨ' ਦਾ ਵਾਅਦਾ ਕਰਕੇ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਵੋਟਾਂ 'ਚ ਢਾਲਿਆ ਸੀ। ਨਸ਼ਿਆਂ ਵਿਰੁੱਧ ਹੁਕਮਰਾਨਾਂ ਦੀ ਝੂਠੀ ਜੰਗ ਦੀ ਅਸਲੀਅਤ ਕੀ ਹੈ, 'ਕਾਰਵਾਂ' ਮੈਗਜ਼ੀਨ ਦੇ ਖੋਜੀ ਪੱਤਰਕਾਰਾਂ ਪ੍ਰਭਜੀਤ ਸਿੰਘ ਅਤੇ ਜਤਿੰਦਰ ਕੌਰ ਤੁੜ ਵੱਲੋਂ ਡੂੰਘਾਈ 'ਚ ਕੀਤੀ ਛਾਣਬੀਣ ਅੱਖਾਂ ਖੋਲ੍ਹਣ ਵਾਲੇ ਖੁਲਾਸੇ ਕਰਦੀ ਹੈ। ਇਸ ਰਿਪੋਰਟ ਦਾ ਅਨੁਵਾਦ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ, ਇਸ ਦੀ ਤੀਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਵਿਸ਼ੇਸ਼ ਰਿਪੋਰਟ

ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਨਸ਼ਿਆਂ ਦੇ ਵਪਾਰ ਬਾਰੇ ਅਤੇ ਨਾਲ ਹੀ ਇਸ ਦੀ ਹਮਾਇਤ ਕਰਨ ਵਾਲੇ ਰਾਜਨੀਤਕ ਅਤੇ ਪੁਲਿਸ ਗੱਠਜੋੜ ਖਿਲਾਫ ਜਨਹਿਤ ਪਟੀਸ਼ਨ 2013 ਤੋਂ ਵਿਚਾਰ ਅਧੀਨ ਹੈ ਪਰ, ਮਸਲੇ ਦੀ ਪੇਚੀਦਗੀ ਦੇ ਮੱਦੇਨਜ਼ਰ ਇਸ ਨੇ ਸ਼ੁਰੂ 'ਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਮੁਕੱਦਮੇ 'ਚ ਸ਼ਾਮਲ ਕੀਤਾ ਸੀ, ਇਸ ਨੇ ਈ.ਡੀ., ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਕੇਂਦਰੀ ਵਿੱਤ ਮੰਤਰਾਲੇ ਨੂੰ ਵੀ ਨੋਟਿਸ ਜਾਰੀ ਕੀਤੇ। ਜਨਹਿਤ ਪਟੀਸ਼ਨ ਨੂੰ ਦਸੰਬਰ 2013 ਵਿਚ ਦਖਲਅੰਦਾਜ਼ੀ ਦੀ ਅਰਜ਼ੀ ਰਾਹੀਂ ਅੱਗੇ ਤੋਰਿਆ ਗਿਆ ਸੀ ਜੋ ਲੌਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੀ ਤਰਫੋਂ ਐਡਵੋਕੇਟ ਨਵਕਿਰਨ ਸਿੰਘ ਦੁਆਰਾ ਦਾਇਰ ਕੀਤੀ ਗਈ ਸੀ। ਇਸ ਦੇ ਨਤੀਜੇ ਵਜੋਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਨਸ਼ਿਆਂ ਦੇ ਖਤਰੇ

**ਪ੍ਰਭਜੀਤ ਸਿੰਘ**
**ਜਤਿੰਦਰ ਕੌਰ ਤੁੜ**
**ਅਨੁਵਾਦ: ਬੂਟਾ ਸਿੰਘ**

ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ ਨਾਲ ਨਜਿੱਠਣ ਵਾਲੇ ਬੈਂਚਾਂ ਵੱਲੋਂ ਬਹੁਤ ਸਾਰੇ ਆਦੇਸ਼ ਦਿੱਤੇ ਗਏ। 21 ਜੁਲਾਈ 2014 ਨੂੰ ਹਾਈਕੋਰਟ ਨੇ "ਗ੍ਰਿਫਤਾਰ ਵਿਅਕਤੀਆਂ ਦੀ ਗਿਣਤੀ", "ਗ੍ਰਿਫਤਾਰ ਨਸ਼ੇੜੀਆਂ ਦੀ ਗਿਣਤੀ" ਅਤੇ "ਕੀ ਵਿਦੇਸ਼ਾਂ ਵਿਚਲੇ ਅਪਰਾਧੀਆਂ ਦੀ ਹਵਾਲਗੀ ਲਈ ਕੋਈ ਕਦਮ ਚੁੱਕੇ ਹਨ ਜਾਂ ਨਹੀਂ, ਤੇ ਜੇ ਚੁੱਕੇ ਗਏ ਸਨ ਤਾਂ ਕਿਸ ਹੱਦ ਤੱਕ" ਦੇ ਸੰਬੰਧ ਵਿਚ ਪੰਜਾਬ ਸਰਕਾਰ ਤੋਂ ਹਲਫਨਾਮਾ ਮੰਗਿਆ ਸੀ।

2015 ਵਿਚ ਸੁਪਰੀਮ ਕੋਰਟ ਨੇ ਹਾਈਕੋਰਟ ਨੂੰ ਨਸ਼ੀਲੇ ਪਦਾਰਥਾਂ ਨਾਲ ਜੁੜੇ ਸਾਰੇ ਮਾਮਲਿਆਂ ਦੀ ਸੁਣਵਾਈ ਲਈ ਵਿਸ਼ੇਸ਼ ਡਿਵੀਜ਼ਨ ਬੈਂਚ ਬਣਾਉਣ ਦਾ ਨਿਰਦੇਸ਼ ਦਿੱਤਾ ਸੀ ਪਰ ਜਾਂਚ ਨੂੰ ਅੱਗੇ ਕਿਵੇਂ ਵਧਾਇਆ ਜਾਵੇ, ਇਸ ਬਾਰੇ ਸੰਘਰਸ਼ ਜਾਰੀ ਰਿਹਾ, ਖਾਸ ਕਰਕੇ ਈ.ਡੀ. ਵਿਚ।

16 ਜਨਵਰੀ ਨੂੰ ਮਜੀਠੀਆ ਤੋਂ ਪੁੱਛਗਿੱਛ ਦੇ ਤੁਰੰਤ ਬਾਅਦ ਈ.ਡੀ. ਅਫਸਰ ਨਿਰੰਜਨ ਸਿੰਘ ਦਾ ਤਬਾਦਲਾ ਈ.ਡੀ. ਦੇ ਕੋਲਕਾਤਾ ਦਫਤਰ ਵਿਚ ਕਰ ਦਿੱਤਾ ਗਿਆ। ਥੋੜ੍ਹੇ ਦਿਨ ਬਾਅਦ ਹਾਈ ਕੋਰਟ ਨੇ ਉਸ ਦੇ ਤਬਾਦਲੇ 'ਤੇ ਰੋਕ ਲਗਾ ਦਿੱਤੀ। ਅਦਾਲਤ ਦੇ ਨਿਰਦੇਸ਼ ਲੌਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੀ ਤਰਫੋਂ ਨਵਕਿਰਨ ਸਿੰਘ ਦੁਆਰਾ ਦਾਇਰ ਜਨਹਿਤ ਪਟੀਸ਼ਨ ਦੇ ਜਵਾਬ ਵਿਚ ਆਏ ਹਨ, ਜਿਸ ਵਿਚ ਕਿਹਾ ਗਿਆ ਹੈ ਕਿ ਨਿਰੰਜਨ ਦੀ ਭੂਮਿਕਾ ਜਾਂਚ ਲਈ ਜ਼ਰੂਰੀ ਸੀ। ਹਾਲਾਂਕਿ, ਜਾਂਚ ਇਸ ਨੁਕਤੇ ਤੋਂ ਬਹੁਤੀ ਅੱਗੇ ਨਹੀਂ ਤੁਰੀ।

ਜਦੋਂ ਅਸੀਂ ਨਵਕਿਰਨ ਸਿੰਘ ਨਾਲ ਗੱਲ ਕੀਤੀ ਤਾਂ ਉਹ ਨਿਰੰਜਨ ਸਿੰਘ 'ਤੇ ਵਰ੍ਹਿਆ। ਉਸ ਨੇ ਕਿਹਾ, "ਨਿਰੰਜਨ ਸਿੰਘ ਨੇ ਬਿਕਰਮ ਸਿੰਘ ਮਜੀਠੀਆ ਨੂੰ ਸਿਰਫ ਇਕ ਵਾਰ ਤਲਬ ਕੀਤਾ ਅਤੇ ਕੋਲਕਾਤਾ ਤਬਾਦਲਾ ਕੀਤੇ ਜਾਣ 'ਤੇ ਮੈਂ ਉਸ ਦੇ ਤਬਾਦਲੇ ਨੂੰ ਰੋਕਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ। ਨਿਰੰਜਨ ਸਿੰਘ ਆਪਣੀ ਬਦਲੀ 'ਤੇ ਰੋਕ ਲਗਾਉਣ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਦੇ ਸੰਬੰਧ ਵਿਚ ਆਪਣੀ ਜਾਂਚ ਨੂੰ ਅੱਗੇ ਨਹੀਂ ਵਧਾ ਸਕਿਆ; ਤੇ ਕਾਰਨ ਤਾਂ ਸਿਰਫ ਉਹੀ ਬਿਹਤਰ ਜਾਣਦਾ ਹੈ।"

ਅਗਲੇ ਸਾਲ 24 ਜੂਨ 2016 ਨੂੰ ਮਜੀਠੀਆ ਨੂੰ ਦੁਬਾਰਾ ਈ.ਡੀ. ਦਫਤਰ ਬੁਲਾਇਆ ਗਿਆ ਪਰ ਉਹ ਪੇਸ਼ ਨਹੀਂ ਹੋਇਆ। ਥੋੜ੍ਹੇ ਮਹੀਨਿਆਂ ਬਾਅਦ ਨਿਰੰਜਨ ਸਿੰਘ ਨੂੰ ਡਿਪਟੀ ਡਾਇਰੈਕਟਰ ਵਜੋਂ ਤਰੱਕੀ ਦਿੱਤੀ ਗਈ। ਅਪਰੈਲ 2017 ਵਿਚ ਈ.ਡੀ. ਨੇ ਹਾਈਕੋਰਟ ਵਿਚ ਅਰਜ਼ੀ ਦਾਇਰ ਕਰਕੇ ਉਸ ਦੀ ਜਗ੍ਹਾ ਨਵਾਂ ਜਾਂਚ ਅਫਸਰ ਨਿਯੁਕਤ ਕਰਨ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਈ.ਡੀ. ਨੂੰ ਇਸ ਭੂਮਿਕਾ ਲਈ ਦੋ ਸਹਾਇਕ ਨਿਰਦੇਸ਼ਕ ਨਿਯੁਕਤ ਕਰਨ ਦੀ ਇਜਾਜ਼ਤ ਦੇ ਦਿੱਤੀ ਪਰ ਹੁਕਮ ਦਿੱਤਾ ਕਿ ਨਿਰੰਜਨ ਸਿੰਘ ਨੂੰ ਜਾਂਚ ਦੀ ਨਜ਼ਰਸਾਨੀ ਅਤੇ ਨਿਗਰਾਨੀ ਕਰਨੀ ਚਾਹੀਦੀ ਹੈ। ਮਾਰਚ 2015 ਅਤੇ ਜੁਲਾਈ 2017 ਦਰਮਿਆਨ ਨਿਰੰਜਨ ਨੇ 68 ਦੋਸ਼ੀਆਂ ਖਿਲਾਫ ਸੱਤ ਚਲਾਨ ਦਾਇਰ ਕੀਤੇ ਸਨ। ਉਦੋਂ ਤੋਂ ਨਵੇਂ ਜਾਂਚ ਅਫਸਰਾਂ ਵੱਲੋਂ ਕੋਈ ਨਵਾਂ ਚਲਾਨ ਦਾਖਲ ਨਹੀਂ ਕੀਤਾ ਗਿਆ।

ਦੀਪਕ ਚੌਹਾਨ ਨੇ 8 ਜਨਵਰੀ 2018 ਨੂੰ ਰਸਮੀ ਤੌਰ 'ਤੇ ਭੋਲਾ ਡਰੱਗ ਕੇਸ ਹੱਥ 'ਚ ਲਿਆ ਪਰ ਲੰਮੀ ਛੁੱਟੀ 'ਤੇ ਜਾਣਾ ਜਾਰੀ ਰੱਖਿਆ। ਇਸ ਸਮੇਂ ਤੱਕ ਹਰਪ੍ਰੀਤ ਸਿੱਧੂ ਦੀ ਅਗਵਾਈ ਵਾਲੀ ਐਸ.ਟੀ.ਐਫ. ਨੇ ਆਪਣੀ ਰਿਪੋਰਟ ਸੌਂਪ ਦਿੱਤੀ ਸੀ ਅਤੇ ਕਿਹਾ ਸੀ ਕਿ ਈ.ਡੀ. ਦੁਆਰਾ ਦਰਜ ਕੀਤੇ ਬਿਆਨਾਂ ਅਤੇ ਇਸ ਦੁਆਰਾ ਕੀਤੀ ਕਾਰਵਾਈ ਦੇ ਆਧਾਰ 'ਤੇ ਇਹ ਸਪਸ਼ਟ ਸੀ ਕਿ ਸੱਤਾ, ਲਾਡੀ, ਪਿੰਡੀ ਨਸ਼ਿਆਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਵਿਚ ਸ਼ਾਮਲ ਸਨ। ਐਸ.ਟੀ.ਐਫ. ਨੇ ਇਹ ਦਾਅਵਾ ਵੀ ਕੀਤਾ ਕਿ ਮਜੀਠੀਆ ਵੱਲੋਂ ਸੱਤੇ ਅਤੇ ਪਿੰਡੀ ਦੀ ਕੀਤੀ ਗਈ ਮਦਦ ਅਤੇ ਸਹਿਯੋਗ ਬਾਰ ਹੋਰ ਜਾਂਚ ਦੀ ਲੋੜ ਹੈ।

ਉਸੇ ਸਾਲ ਮਾਰਚ ਵਿਚ ਨਿਰੰਜਨ ਸਿੰਘ ਨੇ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਈ.ਡੀ. ਵਿਚ ਉਸ ਦੇ ਸੀਨੀਅਰ ਉਸ ਵੱਲੋਂ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਕਾਰਨ ਉਸ ਨੂੰ ਮੁਅੱਤਲ ਕਰਨ ਦੀ ਧਮਕੀ ਦੇ ਰਹੇ ਸਨ। ਉਸ ਨੇ ਸੀਲਬੰਦ ਲਿਫਾਫੇ ਵਿਚ ਸਟੇਟਸ ਰਿਪੋਰਟ ਦਾਇਰ ਕੀਤੀ ਅਤੇ ਅਦਾਲਤ ਨੂੰ ਸੂਚਿਤ ਕੀਤਾ ਕਿ ਮਨੀ ਲਾਂਡਰਿੰਗ ਦੇ ਕੇਸ, ਕਾਨੂੰਨ ਅਨੁਸਾਰ ਜਾਰੀ ਹਨ ਅਤੇ ਹੋਰ ਸਬੂਤ ਇਕੱਠੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹਾਈਕੋਰਟ ਨੇ ਕੇਂਦਰੀ ਗ੍ਰਹਿ ਅਤੇ ਵਿਦੇਸ਼ ਮਾਮਲਿਆਂ ਦੇ ਮੰਤਰਾਲਿਆਂ ਤੋਂ ਸੀਲਬੰਦ ਲਿਫਾਫੇ 'ਚ ਇਸ ਕੇਸ ਨਾਲ ਸੰਬੰਧਤ ਇੰਟਰਪੋਲ ਦੇ ਨੋਟਿਸਾਂ ਬਾਰੇ ਸਥਿਤੀ ਰਿਪੋਰਟਾਂ ਵੀ ਮੰਗੀਆਂ। ਇਸ ਨੇ ਮੰਤਰਾਲਿਆਂ ਨੂੰ ਉਨ੍ਹਾਂ ਲੋਕਾਂ ਦੀ ਹਵਾਲਗੀ ਵਿਚ ਤੇਜ਼ੀ ਲਿਆਉਣ ਲਈ ਵੀ ਕਿਹਾ ਜਿਨ੍ਹਾਂ ਦੇ ਵੇਰਵੇ ਪੰਜਾਬ ਪੁਲਿਸ ਨੇ ਅੱਗੇ ਭੇਜੇ ਗਏ ਸਨ।

23 ਮਈ 2018 ਨੂੰ ਪੰਜਾਬ ਸਰਕਾਰ ਨੇ ਛੋਟੇ ਹਲਫਨਾਮੇ ਨਾਲ ਸੀਲਬੰਦ ਲਿਫਾਫੇ 'ਚ ਐਸ.ਟੀ.ਐਫ. ਦੀ ਰਿਪੋਰਟ 'ਤੇ ਆਪਣੀ ਸਥਿਤੀ ਦਾਇਰ ਕੀਤੀ। ਉਸ ਦਿਨ ਜਾਰੀ ਕੀਤੇ ਆਦੇਸ਼ ਵਿਚ ਜੱਜਾਂ ਸੂਰਿਆਕਾਂਤ ਅਤੇ ਸ਼ੇਖਰ ਧਵਨ ਦੇ ਹਾਈ ਕੋਰਟ ਬੈਂਚ ਨੇ ਕਿਹਾ ਕਿ ਉਹ 'ਸਿਟ' ਦੀਆਂ ਰਿਪੋਰਟਾਂ ਦੀ ਡੂੰਘਾਈ ਨਾਲ ਜਾਂਚ ਕਰੇਗਾ: "ਇਨ੍ਹਾਂ ਰਿਪੋਰਟਾਂ ਉਪਰ ਸਾਡੇ ਵੱਲੋਂ ਡੂੰਘਾਈ ਨਾਲ ਵਿਚਾਰ ਕਰਨ ਲਈ ਰਜਿਸਟਰਾਰ ਜੁਡੀਸ਼ੀਅਲ ਉਸ ਦਿਨ ਅਤੇ ਉਸ ਵਕਤ ਸਾਡੇ ਅੱਗੇ ਸੀਲਬੰਦ ਰਿਪੋਰਟਾਂ/ਸਮੁੱਚਾ ਰਿਕਾਰਡ ਪੇਸ਼ ਕਰੇਗਾ ਜਿਸ ਬਾਬਤ ਉਸ ਨੂੰ ਵੱਖਰੇ ਤੌਰ 'ਤੇ ਸੂਚਿਤ ਕੀਤਾ ਜਾਵੇਗਾ।"

ਰਾਜ ਸਰਕਾਰ ਦੀ ਰਿਪੋਰਟ ਅਤੇ ਹਲਫਨਾਮਾ ਰਿਕਾਰਡ 'ਤੇ ਲਿਆ ਗਿਆ ਸੀ ਅਤੇ ਰਜਿਸਟਰਾਰ ਜੁਡੀਸ਼ੀਅਲ ਵੱਲੋਂ ਇਹ ਅਤੇ ਹੋਰ ਰਿਕਾਰਡ ਅਦਾਲਤ ਸਾਹਮਣੇ ਪੇਸ਼ ਕੀਤੇ ਸੀਲਬੰਦ ਲਿਫਾਫੇ 'ਚ ਪਏ ਹਨ। ਉਦੋਂ ਤੋਂ ਕੋਈ ਠੋਸ ਆਦੇਸ਼ ਨਹੀਂ ਦਿੱਤਾ ਗਿਆ ਹੈ।

ਅਕਤੂਬਰ 2018 ਵਿਚ ਇੰਦਰਜੀਤ ਸਿੰਘ ਦਾ ਕੇਸ (ਜਿਸ ਤੋਂ ਐਸ.ਟੀ.ਐਫ. ਨੇ ਪਿਛਲੇ ਸਾਲ ਨਸ਼ੀਲੇ ਪਦਾਰਥ, ਹਥਿਆਰ ਅਤੇ ਨਕਦੀ ਬਰਾਮਦ ਕੀਤੀ ਸੀ) ਨਿਰੰਜਨ ਤੋਂ ਲੈ ਕੇ ਤਬਦੀਲ ਕਰ ਦਿੱਤਾ ਗਿਆ ਸੀ। ਅਗਲੇ ਦਿਨ ਨਿਰੰਜਨ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਥੋੜ੍ਹੇ ਦਿਨ ਬਾਅਦ 11 ਅਕਤੂਬਰ ਨੂੰ ਉਸ ਨੇ ਹਾਈ ਕੋਰਟ ਅਤੇ ਨਸ਼ਿਆਂ ਦੇ ਮਾਮਲਿਆਂ ਵਿਚ ਜਨਹਿਤ ਪਟੀਸ਼ਨ ਵਿਚ ਪੇਸ਼ ਹੋਏ ਵਕੀਲਾਂ ਦੀ ਇੱਛਾ ਦੇ ਮੱਦੇਨਜ਼ਰ ਆਪਣਾ ਅਸਤੀਫਾ ਵਾਪਸ ਲੈ ਲਿਆ।

21 ਜਨਵਰੀ 2019 ਨੂੰ ਲੌਇਰਜ਼ ਫਾਰ ਹਿਊਮਨ ਰਾਈਟਸ ਨੇ 2013 ਦੇ ਡਰੱਗਜ਼ ਕੇਸ ਦਾ ਸੰਖੇਪ ਰੂਪ ਰਿਕਾਰਡ ਉਪਰ ਲਿਆਉਣ ਦੀ ਮੰਗ ਕਰਦਿਆਂ ਇਕ ਹੋਰ ਅਰਜ਼ੀ ਦਾਇਰ ਕੀਤੀ ਤਾਂ ਜੋ ਇਸ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਿਆ ਜਾ ਸਕੇ। ਉਦੋਂ ਤੋਂ ਇਹ ਮਾਮਲਾ ਮੁਲਤਵੀ ਹੋ ਰਿਹਾ ਹੈ। 2020 ਵਿਚ ਦੇਰੀ ਕੋਵਿਡ-19 ਮਹਾਮਾਰੀ ਕਾਰਨ ਹੋਈ ਸੀ। ਇਸ ਸਾਲ 16 ਅਪਰੈਲ ਨੂੰ ਨਵਕਿਰਨ ਸਿੰਘ ਨੇ ਲੌਇਰਜ਼ ਫਾਰ ਹਿਊਮਨ ਰਾਈਟਸ ਦੀ ਤਰਫੋਂ ਹਾਈ ਕੋਰਟ 'ਚ ਦੋ ਹੋਰ ਅਰਜ਼ੀਆਂ ਦਿੱਤੀਆਂ। ਇਨ੍ਹਾਂ ਵਿਚੋਂ ਇਕ ਨੇ ਪੁੱਛਿਆ ਕਿ ਹਾਈ ਕੋਰਟ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਰਿਪੋਰਟ ਨੂੰ ਖੋਲ੍ਹੇ। ਦੂਜੀ ਅਰਜ਼ੀ ਵਿਚ ਅਦਾਲਤ ਨੂੰ ਬੇਨਤੀ ਕੀਤੀ ਕਿ ਨਸ਼ੀਲੇ ਪਦਾਰਥਾਂ ਦੇ ਕੌਮਾਂਤਰੀ ਕਾਰੋਬਾਰ ਵਿਚ ਸ਼ਾਮਲ 13 ਭਗੌੜਿਆਂ ਦੀ ਹਵਾਲਗੀ ਬਾਰੇ ਵਿਦੇਸ਼ ਮੰਤਰਾਲੇ ਤੋਂ ਸਟੇਟਸ ਰਿਪੋਰਟ ਮੰਗੀ ਜਾਵੇ। ਇਸ ਮਾਮਲੇ 'ਤੇ ਕੈਨੇਡੀਅਨ ਸਰਕਾਰ ਅਜੇ ਵੀ ਵਿਚਾਰ ਕਰ ਰਹੀ ਹੈ।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚਾਟੀਵਿੰਡ ਲੇਹਲ ਦੇ ਸਰਪੰਚ ਨੇ ਕਿਹਾ, "ਜੇ ਤੁਸੀਂ ਸੱਚਮੁੱਚ ਇਸ ਨਸ਼ੇ ਦੇ ਕਾਰਨਾਂ ਦਾ ਪਤਾ ਲਗਾਉਣਾ ਚਾਹੁੰਦੇ ਹੋ ਤਾਂ ਤੁਸੀਂ ਵੱਡੇ ਸਿਆਸਤਦਾਨਾਂ ਅਤੇ ਪੁਲਿਸ ਨਾਲ ਗੱਲ ਕਰੋ।" 2019 ਵਿਚ ਸਿਆਲ ਦਾ ਠੰਢਾ ਦਿਨ ਸੀ ਅਤੇ ਪਿੰਡ ਨਸ਼ੇ ਦੀ ਓਵਰਡੋਜ਼ ਕਾਰਨ ਦੋ ਲੋਕਾਂ ਦੀ ਮੌਤ ਉੱਪਰ ਸੋਗ ਮਨਾ ਰਿਹਾ ਸੀ। ਉਨ੍ਹਾਂ ਦੀਆਂ ਲਾਸ਼ਾਂ ਜ਼ਮੀਨ ਉਪਰ ਆਲੇ ਦੁਆਲੇ ਖਿੱਲਰੀਆਂ ਹੋਈਆਂ ਸਰਿੰਜਾਂ ਦਰਮਿਆਨ ਮਿਲੀਆਂ ਸਨ। ਉਨ੍ਹਾਂ ਦੀ ਮੌਤ ਦੀ ਖਬਰ ਅਖਬਾਰ ਵਿਚ ਛਪੀ ਸੀ। ਐਸ.ਟੀ.ਐਫ. ਦੇ ਮੈਂਬਰ ਉਨ੍ਹਾਂ ਦੀ ਮੌਤ ਦਰਜ ਕਰਨ ਆਏ ਸਨ ਪਰ ਦੁਖੀ ਪਰਿਵਾਰਾਂ ਨੇ ਉਨ੍ਹਾਂ ਨੂੰ ਬਿਨਾ ਕੋਈ ਬਿਆਨ ਦਿੱਤੇ ਵਾਪਸ ਮੋੜ ਦਿੱਤਾ। ਮ੍ਰਿਤਕ ਦੇ ਭਰਾ ਨੇ ਕਿਹਾ ਕਿ ਪੋਸਟਮਾਰਟਮ "ਸਾਨੂੰ ਹੋਰ ਪੇਚੀਦਗੀਆਂ ਵੱਲ ਲਿਜਾ ਸਕਦਾ ਸੀ। ਅਸੀਂ ਗਰੀਬ ਲੋਕ ਹਾਂ ਅਤੇ ਇਸ ਝਮੇਲੇ 'ਚ ਨਹੀਂ ਪੈਣਾ ਚਾਹੁੰਦੇ।"

ਸਰਪੰਚ ਨੇ ਸਮਝਾਇਆ ਕਿ ਪਰਿਵਾਰ ਨੂੰ ਸੰਭਾਵੀ ਤੌਰ 'ਤੇ ਕਿਹੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਏਗਾ। ਪੁਲਿਸ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦੇਵੇਗੀ ਕਿ ਮ੍ਰਿਤਕ ਨੇ ਕਿੱਥੋਂ ਨਸ਼ੀਲੇ ਪਦਾਰਥ ਕਿੱਥੋਂ ਲਏ ਸਨ ਅਤੇ ਐਸੇ ਹੋਰ ਸਵਾਲ ਪੁੱਛੇ ਜਾਣਗੇ। ਚਿੱਟੇ ਦੀ ਸਪਲਾਈ ਲਈ ਇਲਾਕੇ ਦੇ ਲੋਕ ਪਹਿਲਾਂ ਹੀ ਇਕ ਦੂਜੇ ਦੇ ਪਿੰਡਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਜੋ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਲਈ ਵਰਤਿਆ ਜਾਂਦਾ ਗਾਲਨੁਮਾ ਸ਼ਬਦ ਹੈ। ਸਰਪੰਚ ਨੇ ਕਿਹਾ, "ਰਾਏਪੁਰ ਕਲਾਂ ਚਲੇ ਜਾਓ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕੌਣ ਸਪਲਾਈ ਕਰਦਾ ਹੈ।"

ਨਸ਼ੀਲੇ ਪਦਾਰਥਾਂ ਦੇ ਖਪਤਕਾਰਾਂ ਦੇ ਅਪਰਾਧੀਕਰਨ ਦੇ ਮੱਦੇਨਜ਼ਰ ਸਾਵਧਾਨੀ ਜਾਇਜ਼ ਜਾਪਦੀ ਸੀ। ਮਾਨਸਾ ਵਿਚ 20 ਸਾਲਾ ਧਰਮਪ੍ਰੀਤ ਸਿੰਘ ਦੀ ਮੌਤ ਤੋਂ ਬਾਅਦ ਪੁਲਿਸ ਨੇ ਉਸ ਦੇ ਤਿੰਨ ਦੋਸਤਾਂ ਵਿਰੁਧ ਐਫ.ਆਈ.ਆਰ. ਦਰਜ ਕੀਤੀ ਜਿਨ੍ਹਾਂ ਨਾਲ ਉਹ ਕਥਿਤ ਤੌਰ 'ਤੇ ਹੈਰੋਇਨ ਲੈ ਰਿਹਾ ਸੀ। ਧਰਮਪ੍ਰੀਤ ਦੀ ਮਾਂ ਨੇ ਉਸ ਦੇ ਪੁੱਤਰ ਦੇ ਦੋਸਤਾਂ ਨੂੰ ਉਸ ਦੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ। ਉਸ ਨੇ ਐਫ.ਆਈ.ਆਰ. ਵਿਚ ਕਿਹਾ, "ਇਹ ਤਿੰਨ ਮੁੰਡੇ ਮੇਰੇ ਪੁੱਤਰ ਨੂੰ ਨਸ਼ਾ ਕਰਨ ਲਈ ਲੈ ਜਾਂਦੇ ਸਨ ਅਤੇ ਉਹ ਉਸ ਨੂੰ ਬੇਹੋਸ਼ ਕਰਕੇ ਘਰ ਵਾਪਸ ਲੈ ਆਏ ਸਨ। ਤਿੰਨਾਂ ਜਣਿਆਂ ਜਿਨ੍ਹਾਂ ਦੀ ਉਮਰ ਵੀਹ ਸਾਲ ਦੀ ਸੀ, ਵਿਰੁਧ ਭਾਰਤੀ ਦੰਡਾਵਲੀ ਦੀ ਧਾਰਾ 304 ਦੇ ਤਹਿਤ ਦੋਸ਼ ਲਗਾਏ ਗਏ ਸਨ - ਇਹ ਗੈਰ ਇਰਾਦਾ ਹੱਤਿਆ ਕਤਲ ਨਹੀਂ ਮੰਨੀ ਜਾਂਦੀ।

ਮਾਨਸਾ ਵਿਚ ਓਵਰਡੋਜ਼ ਨਾਲ ਇਕ ਹੋਰ ਮੌਤ ਤੋਂ ਬਾਅਦ ਸੋਗ 'ਚ ਡੁੱਬੇ ਪਰਿਵਾਰ ਮੈਂਬਰਾਂ ਨੇ ਇਕ ਸਥਾਨਕ ਪੁਲਿਸ ਮੁਲਾਜ਼ਮ ਦਾ ਨਾਂ ਲੈਂਦਿਆਂ ਕਿਹਾ ਕਿ 22 ਸਾਲਾ ਮ੍ਰਿਤਕ ਸੁਨੀਲ ਨੂੰ "ਸਿਟੀ 2 ਪੁਲਿਸ ਸਟੇਸ਼ਨ ਤੋਂ ਚਿੱਟਾ ਸਪਲਾਈ" ਕੀਤਾ ਜਾਂਦਾ ਸੀ। ਇਕ ਰਿਸ਼ਤੇਦਾਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕਰਦਿਆਂ ਕਿਹਾ, "ਮੇਰਾ ਭਰਾ ਪੁਲਸੀਏ ਤੋਂ ਜੋ ਨਸ਼ਾ ਲੈਂਦਾ ਸੀ, ਉਸ ਨੂੰ ਆਪ ਵੀ ਖਾਂਦਾ ਸੀ ਅਤੇ ਵੇਚਦਾ ਵੀ ਸੀ।

ਸੈੱਲ ਫੋਨਾਂ ਦੀ ਵਰਤੋਂ ਕਰਦੇ ਹੋਏ ਜੇਲ੍ਹਾਂ ਦੇ ਅੰਦਰੋਂ ਵਿਚਾਰ ਅਧੀਨ ਕੈਦੀਆਂ ਵੱਲੋਂ ਨਸ਼ੀਲੇ ਪਦਾਰਥਾਂ ਦੇ ਲੈਣ-ਦੇਣ ਦੀਆਂ ਕਈ ਰਿਪੋਰਟਾਂ ਆਈਆਂ ਹਨ। 2018 ਵਿਚ ਰੂਪਨਗਰ ਪੁਲਿਸ ਨੇ ਜਸਪਾਲ ਸਿੰਘ ਵਿਰੁਧ ਐਨ.ਡੀ.ਪੀ.ਐਸ. ਐਕਟ ਤਹਿਤ ਦੋ ਐਫ.ਆਈ.ਆਰ. ਦਰਜ ਕੀਤੀਆਂ ਜੋ ਪਹਿਲਾਂ ਹੀ ਕਪੂਰਥਲਾ ਕੇਂਦਰੀ ਜੇਲ੍ਹ ਵਿਚ ਬੰਦ ਸੀ। ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਜੋ ਚਾਰ ਨਸ਼ਾ ਤਸਕਰਾਂ ਦੀ ਗ੍ਰਿਫਤਾਰੀ ਕੀਤੀ ਗਈ ਸੀ, ਉਹ 250 ਗ੍ਰਾਮ ਤੋਂ ਵੱਧ ਹੈਰੋਇਨ ਸਮੇਤ ਫੜੇ ਜਾਣ ਦੇ ਕੇਸ ਸਨ। ਚਾਰੇ ਸੌਦਾਗਰਾਂ ਨੇ ਜਸਪਾਲ ਦੇ ਨਿਰਦੇਸ਼ਾਂ 'ਤੇ ਨਸ਼ੀਲੇ ਪਦਾਰਥ ਖਰੀਦਣ ਦਾ ਦਾਅਵਾ ਕੀਤਾ ਹੈ।



ਐਸੇ ਕੇਸਾਂ ਦੇ ਮੱਦੇਨਜ਼ਰ ਐਸ.ਟੀ.ਐਫ. ਨੇ ਜੇਲ੍ਹਾਂ ਵਿਚ ਸਿਗਨਲ ਜੈਮਰ ਲਗਾਉਣ ਲਈ ਕਿਹਾ। ਇਹ ਪ੍ਰਸਤਾਵ ਅਜੇ ਵੀ ਗ੍ਰਹਿ ਵਿਭਾਗ ਕੋਲ ਵਿਚਾਰ ਅਧੀਨ ਹੈ। ਜੇਲ੍ਹਾਂ ਲਈ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ ਪ੍ਰਵੀਨ ਕੁਮਾਰ ਸਿਨਹਾ ਨੇ ਕਿਹਾ ਕਿ ਦੋ ਕੇਂਦਰੀ ਪਬਲਿਕ ਸੈਕਟਰ ਦੀਆਂ ਏਜੰਸੀਆਂ ਨੂੰ "4 ਜੀ ਜੈਮਰ" ਲਗਾਉਣ ਲਈ ਤਿਆਰ ਕੀਤਾ ਗਿਆ ਹੈ ਪਰ "ਫੰਡਾਂ ਦੀ ਘਾਟ" ਕਾਰਨ ਇਹ ਕਵਾਇਦ ਰੋਕ ਦਿੱਤਾ ਗਈ ਸੀ। ਸਿਨਹਾ ਨੇ ਕਿਹਾ, "ਸਾਡੀਆਂ ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ੇੜੀਆਂ ਦੀ ਤੀਹ ਫੀਸਦੀ ਤੱਕ ਬਹੁਤ ਬੜੀ ਗਿਣਤੀ ਹੈ ਅਤੇ ਲੱਗਭੱਗ ਪੰਜਾਹ ਫੀਸਦੀ ਐਨ.ਡੀ.ਪੀ.ਐਸ. ਕੇਸਾਂ ਅਧੀਨ ਗ੍ਰਿਫਤਾਰ ਕੀਤੇ ਗਏ ਕੈਦੀ ਹਨ। ਜੇਲ੍ਹਾਂ ਅੰਡਰ ਟ੍ਰਾਇਲਾਂ ਨਾਲ ਭਰੀਆਂ ਹੋਈਆਂ ਹਨ।"

ਜਿੱਥੇ ਪੁਲਿਸ ਅਕਸਰ ਹੀ ਖੁਦ ਨਸ਼ੇ ਕਰਨ ਵਾਲੀ ਹੋਵੇ ਤਾਂ ਹਾਲਤ ਹੋਰ ਪੇਚੀਦਾ ਹੋ ਜਾਂਦੀ ਹੈ। ਜਦੋਂ ਦਸੰਬਰ 2019 'ਚ ਅਸੀਂ ਅੰਮ੍ਰਿਤਸਰ ਵਿਚ ਐਂਟੀ-ਨਾਰਕੋਟਿਕਸ ਸੈੱਲ ਦੀ ਇਕ ਚੌਕੀ ਦਾ ਦੌਰਾ ਕੀਤਾ ਤਾਂ ਗੇਟ ਅੰਦਰੋਂ ਬੰਦ ਕੀਤੇ ਹੋਏ ਸਨ। ਸਾਡੇ ਲਗਾਤਾਰ ਖੜਕਾਉਣ ਦੇ ਬਾਵਜੂਦ ਨਸ਼ਾ ਕਰਨ ਵਾਲਾ ਇਕ ਪੁਲਿਸ ਮੁਲਾਜ਼ਮ ਅੰਦਰ ਨਸ਼ੇ ਦੀ ਲੋਰ 'ਚ ਸੁੱਤਾ ਰਿਹਾ। ਆਪਣੇ ਸਾਥੀ ਮੁਲਾਜ਼ਮ ਦੇ ਪਹੁੰਚਣ ਤੋਂ ਬਾਅਦ ਹੀ ਅੰਦਰਲੇ ਪੁਲਿਸ ਮੁਲਾਜ਼ਮ ਨੇ ਲੋਹੇ ਦਾ ਗੇਟ ਖੋਲ੍ਹਣ ਲਈ ਸੰਘਰਸ਼ ਕੀਤਾ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੱਤਰਕਾਰ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਬਾਰੇ ਸਟੋਰੀ 'ਤੇ ਕੰਮ ਕਰ ਰਹੇ ਹਨ, ਉਦੋਂ ਉਨ੍ਹਾਂ ਨੇ ਥੋੜ੍ਹਾ ਧਿਆਨ ਦੇਣਾ ਸ਼ੁਰੂ ਕੀਤਾ।

ਡਿਊਟੀ 'ਤੇ ਤਾਇਨਾਤ ਹੈੱਡ ਕਾਂਸਟੇਬਲ ਠੀਕ ਤਰ੍ਹਾਂ ਬੋਲਣ ਤੋਂ ਅਸਮਰੱਥ ਸੀ। ਉਸ ਨੂੰ ਭੇਤ ਖੁੱਲ੍ਹ ਜਾਣ ਦਾ ਕੋਈ ਡਰ ਨਹੀਂ ਸੀ। ਅਗਲੇ ਦਿਨ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੇ ਫੋਨ 'ਤੇ ਕਿਹਾ, "ਤੁਸੀਂ ਕੱਲ੍ਹ ਰਾਤ ਹੀ ਮੈਨੂੰ ਫੋਨ ਕਿਉਂ ਨਹੀਂ ਕੀਤਾ ਤਾਂ ਜੋ ਅਸੀਂ ਉਸ ਦਾ ਡੋਪ ਟੈਸਟ ਕਰ ਸਕਦੇ। ਮੈਂ ਮਾਮਲੇ ਦੀ ਜਾਂਚ ਕਰਾਂਗਾ। ਆਦਮੀ ਦਾ ਪਹਿਲਾਂ ਡਾਕਟਰੀ ਮੁਆਇਨਾ ਹੋਣਾ ਚਾਹੀਦਾ ਹੈ।"

ਇਸ ਫੇਰੀ ਤੋਂ ਕੁਝ ਮਹੀਨੇ ਪਹਿਲਾਂ ਖਬਰ ਏਜੰਸੀ ਪੀ.ਟੀ.ਆਈ. ਨੇ 'ਅੰਮ੍ਰਿਤਸਰ ਵਿਚ 15 ਪੁਲਿਸ ਕਰਮਚਾਰੀ ਡੋਪ ਟੈਸਟ ਵਿਚ ਫੇਲ੍ਹ ਹੋਏ' ਸਿਰਲੇਖ ਵਾਲੀ ਸਟੋਰੀ ਨਸ਼ਰ ਕੀਤੀ ਸੀ। ਲੱਗਭੱਗ ਉਸੇ ਸਮੇਂ ਤਰਨ ਤਾਰਨ ਜ਼ਿਲ੍ਹਾ ਪੁਲਿਸ ਦੇ 38 ਪੁਲਿਸ ਮੁਲਾਜ਼ਮਾਂ ਦੇ ਡੋਪ ਟੈਸਟ ਹੋਏ ਜਿਨ੍ਹਾਂ ਵਿਚੋਂ 26 ਫੇਲ੍ਹ ਹੋਏ। ਇਕ ਸੀਨੀਅਰ ਪੁਲਿਸ ਅਫਸਰ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਦੋ ਨੂੰ ਉਨ੍ਹਾਂ ਦੀ 'ਨਸ਼ਾ ਤਸਕਰੀ ਵਿਚ ਭੂਮਿਕਾ' ਕਾਰਨ ਬਰਖਾਸਤ ਕਰ ਦਿੱਤਾ ਗਿਆ ਸੀ।

ਇਸ ਵਕਤ ਅਮਰਿੰਦਰ ਸਿੰਘ (ਤਤਕਾਲੀ ਮੁੱਖ ਮੰਤਰੀ) ਮਹੱਤਵਪੂਰਨ ਕਾਰਗੁਜ਼ਾਰੀ ਦਾ ਦਾਅਵਾ ਕਰ ਰਹੇ ਸਨ। ਉਨ੍ਹਾਂ 4 ਦਸੰਬਰ 2019 ਨੂੰ 'ਟਾਈਮਜ਼ ਆਫ ਇੰਡੀਆ' ਵਿਚ ਲਿਖਿਆ: "ਢਾਈ ਸਾਲਾਂ ਤੋਂ ਵੱਧ ਸਮੇਂ ਤੋਂ ਜਦੋਂ ਤੋਂ ਮੇਰੀ ਸਰਕਾਰ ਨੇ ਸਾਡੇ ਨੌਜਵਾਨਾਂ ਨੂੰ ਇਸ ਤਬਾਹੀ ਤੋਂ ਬਚਾਉਣ ਦੀ ਸਹੁੰ ਖਾ ਕੇ ਰਾਜ ਦੀ ਵਾਗਡੋਰ ਸੰਭਾਲੀ ਹੈ, ਅਸੀਂ ਅਤੀਤ ਦੇ ਲਾਚਾਰ ਤਮਾਸ਼ਬੀਨ ਨਹੀਂ ਹਾਂ। ਅਸੀਂ ਇਸ ਡਰਾਉਣੇ ਸੁਫਨੇ ਦੇ ਸੌਦਾਗਰਾਂ ਵਿਰੁਧ ਪੂਰੀ ਤਾਕਤ ਨਾਲ ਡਟੇ ਹੋਏ ਹਾਂ।"

ਅਮਰਿੰਦਰ ਸਿੰਘ ਨੇ ਲਿਖਿਆ ਕਿ ਉਹ ਇਸ ਲੜਾਈ ਨੂੰ ਆਪਣੇ ਸਾਰਥਕ ਅੰਜਾਮ 'ਤੇ ਲਿਜਾਣ ਲਈ ਵਚਨਬੱਧ ਹੈ। ਪੰਜਾਬ ਸਰਕਾਰ ਨੇਂ ਨਸ਼ਿਆਂ ਵਿਰੁਧ ਲੜਨ ਲਈ ਕੀ ਕੀਤਾ, ਇਸ ਦੀ ਉਨ੍ਹਾਂ ਨੇ ਲੰਮੀ ਸੂਚੀ ਮੁਹੱਈਆ ਕਰਵਾਈ। ਇਸ ਤਸਵੀਰ ਵਿਚ ਜੋ ਗਾਇਬ ਸੀ, ਉਹ ਸੀ ਪੁਲਿਸ ਦੀ ਭਾਈਵਾਲੀ ਅਤੇ ਸਿਆਸੀ ਸਰਪ੍ਰਸਤੀ ਵਿਰੁੱਧ ਚੁੱਕੇ ਕਦਮਾਂ ਦਾ ਜ਼ਿਕਰ।

ਪੰਜਾਬ ਦੇ ਸਾਬਕਾ ਡੀ.ਜੀ.ਪੀ. ਸਰਬਦੀਪ ਸਿੰਘ ਵਿਰਕ ਨੇ 2006 ਦੀ ਇਕ ਘਟਨਾ ਚੇਤੇ ਕੀਤੀ। ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਨਵਾਂਸ਼ਹਿਰ ਵਿਚ ਇਕ ਸੀਨੀਅਰ ਪੁਲਿਸ ਸੁਪਰਡੈਂਟ ਦਾ ਨਾਂ ਨਸ਼ਿਆਂ ਦੇ ਮਾਮਲੇ ਵਿਚ ਸਾਹਮਣੇ ਆਇਆ ਸੀ। ਵਿਰਕ ਨੇ ਕਿਹਾ, "ਮੈਂ ਉਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਸੀ ਕਿ ਰਾਜਾ ਨਿਆਂ ਕਰਨ ਸਮੇਂ ਰਿਸ਼ਤੇਦਾਰੀ ਨਹੀਂ ਦੇਖਦਾ।" (ਅਮਰਿੰਦਰ ਸਿੰਘ 2002 ਤੋਂ 2007 ਦਰਮਿਆਨ ਵੀ ਮੁੱਖ ਮੰਤਰੀ ਰਹੇ ਸਨ) ਵਿਰਕ ਨੇ ਐਸ.ਐਸ.ਪੀ. ਦੀ ਭੂਮਿਕਾ ਦੀ ਜਾਂਚ ਦੀ ਵਕਾਲਤ ਕੀਤੀ ਪਰ ਅਮਰਿੰਦਰ ਸਿੰਘ ਨੇ "ਵੱਡੇ ਸ਼ਾਹੀ ਦਿਲ ਵਾਲਾ ਹੋਣ ਕਰਕੇ ਮੈਨੂੰ ਅਜਿਹਾ ਕਰਨ ਤੋਂ ਵਰਜਿਆ।" ਵਿਰਕ ਨੇ ਕਿਹਾ ਕਿ ਐਸ.ਐਸ.ਪੀ. ਨੂੰ ਇਸ ਲਈ ਛੱਡ ਦਿੱਤਾ ਗਿਆ ਕਿਉਂਕਿ ਉਸ ਨੇ ਉਸ ਵਕਤ ਬਾਦਲਾਂ 'ਤੇ ਸ਼ਿਕੰਜਾ ਕੱਸਦਿਆਂ ਕਾਂਗਰਸ ਸਰਕਾਰ ਨੂੰ ਖੁਸ਼ ਕੀਤਾ ਸੀ।

ਫਿਰ ਵੀ ਵਿਰਕ ਨੇ ਕਿਹਾ ਕਿ ਉਹ ਮੁੱਖ ਮੰਤਰੀ 'ਤੇ ਸਥਿਤੀ ਦੀ ਗੰਭੀਰਤਾ ਦਾ ਪ੍ਰਭਾਵ ਪਾਉਣ ਦੇ ਯੋਗ ਸੀ ਅਤੇ ਉਹ "ਐਨ.ਡੀ.ਪੀ.ਐਸ. ਐਕਟ ਵਿਚ ਗੈਰਕਨੂੰਨੀ ਆਵਾਜਾਈ ਦੀ ਰੋਕਥਾਮ ਤਹਿਤ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਤੀਹ ਤੋਂ ਚਾਲੀ ਦੇ ਕਰੀਬ ਵੱਡੀਆਂ ਮੱਛੀਆਂ ਨੂੰ ਹਿਰਾਸਤ ਵਿਚ ਲੈਣ ਵਿਚ ਕਾਮਯਾਬ ਰਿਹਾ। ਨਸ਼ਿਆਂ ਦੇ ਕਾਰੋਬਾਰ ਨੂੰ ਸਿਰ ਚੁੱਕਦੇ ਹੀ ਨੱਪਣ ਲਈ ਉਨ੍ਹਾਂ ਦੀ ਗੁਪਤ ਮੁਹਿੰਮ ਦੌਰਾਨ ਹੀ ਭੋਲੇ ਦਾ ਨਾਂ ਸਾਹਮਣੇ ਆਇਆ।"

ਭੋਲੇ ਨੂੰ ਆਖਰੀ ਪਲ 'ਤੇ ਸੂਹ ਮਿਲ ਗਈ ਅਤੇ ਉਹ ਫਰਾਰ ਹੋ ਗਿਆ। ਵਿਰਕ ਨੇ ਕਿਹਾ ਕਿ ਉਸ ਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਇਕ ਵਧੀਕ ਪੁਲਿਸ ਡਾਇਰੈਕਟਰ ਜਨਰਲ ਸੀ "ਜਿਸ ਨੇ ਭੋਲਾ ਨੂੰ ਉਸ ਨੂੰ ਹਿਰਾਸਤ 'ਚ ਲਏ ਦੀ ਸੂਹ ਦਿੱਤੀ ਸੀ।" ਇਸ ਤੋਂ ਤੁਰੰਤ ਬਾਅਦ ਵਿਰਕ ਨੇ ਮਹਾਰਾਸ਼ਟਰ ਪੁਲਿਸ ਦਾ ਚਾਰਜ ਸੰਭਾਲ ਲਿਆ। ਬਾਅਦ ਵਿਚ ਉਸ ਨੂੰ ਰਾਜ ਦੇ ਖੁਫੀਆ ਤੰਤਰ

*(ਬਾਕੀ ਸਫਾ 18 'ਤੇ)*

# ਹਰਮਿੰਦਰ ਸਿੰਘ ਸੰਧੂ ਦਾ ਕਤਲ, ਸਿੱਖ ਸੰਘਰਸ਼ ਅਤੇ ਪੰਜਾਬ ਦੀਆਂ ਭਵਿਖੀ ਚੁਣੌਤੀਆਂ

## ਤੱਥ ਵਿਹੂਣੇ ਇਤਿਹਾਸਕਾਰ ਦੇ ਕੋਝੇ ਸਿਧਾਂਤਾਂ ਦਾ ਟੀਰ

***ਖਾੜਕੂ ਸੰਘਰਸ਼ ਨਾਲ ਜੁੜੇ ਕਾਫੀ ਤੱਥ ਲਗਾਤਾਰ ਸਾਹਮਣੇ ਆ ਰਹੇ ਹਨ। ਕੁਝ ਧਿਰਾਂ ਇਸ ਨੂੰ ਸਦਾ ਵਾਂਗ ਖਾਸ ਰੰਗਤ ਦੇਣ ਦਾ ਯਤਨ ਕਰਦੀਆਂ ਰਹੀਆਂ ਹਨ। ਪਿੱਛੇ ਜਿਹੇ ਹਰਮਿੰਦਰ ਸਿੰਘ ਸੰਧੂ ਦੇ ਕਤਲ ਬਾਰੇ ਸ਼ੁਰੂ ਹੋਇਆ ਵਿਵਾਦ ਕਈ ਕਾਰਨਾਂ ਕਰਕੇ ਭਖ ਗਿਆ ਹੈ। ਹਰਚਰਨ ਸਿੰਘ ਪਰਹਾਰ ਨੇ ਇਨ੍ਹਾਂ ਘਟਨਾਵਾਂ ਦੇ ਪਿਛੋਕੜ ਅਤੇ ਕੁਝ ਵਿਦਵਾਨਾਂ ਦੇ ਹਵਾਲੇ ਨਾਲ ਵੱਖ-ਵੱਖ ਧਿਰਾਂ ਦੀ ਪਹੁੰਚ ਦੀ ਪੁਣਛਾਣ ਆਪਣੇ ਇਸ ਲੰਮੇ ਲੇਖ ਵਿਚ ਕੀਤੀ ਹੈ।***

'ਖਾਲਿਸਤਾਨ ਦਾ ਸੰਕਲਪ ਪਹਿਲੇ ਦਿਨ ਤੋਂ ਹੀ ਗੈਰ-ਸਿੱਖਾਂ ਦੀ ਸਿੱਖਾਂ ਵਿਰੁੱਧ ਵਰਤਣ ਲਈ ਘੜੀ ਗਈ ਘਾੜਤ ਸੀ। ਇਸ ਦੀਆਂ ਜੜ੍ਹਾਂ 1945 ਤੱਕ ਕਾਂਗਰਸ ਪਾਰਟੀ ਦੇ ਦਸਤਾਵੇਜ਼ਾਂ ਅਤੇ ਮਹਾਸ਼ਾ ਅਖਬਾਰਾਂ ਦੇ ਨੀਤੀ-ਲੇਖਾਂ ਤੱਕ ਪਹੁੰਚਦੀਆਂ ਹਨ। ਸਿੱਖਾਂ ਮੁਸਲਮਾਨਾਂ ਦੇ ਆਪਸੀ ਡੂੰਘੇ ਵੈਰ ਪਵਾ ਕੇ ਪੰਜਾਬ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਇਸ ਨੂੰ 1947 ਤੋਂ ਪਹਿਲਾਂ ਵਰਤਿਆ ਜਾ ਚੁੱਕਾ ਸੀ। ਉਸ ਤੋਂ ਬਾਅਦ ਇਹ ਸਿੱਖਾਂ ਅਤੇ ਪੰਜਾਬ ਨੂੰ ਬਣਦੇ ਹੱਕਾਂ ਤੋਂ ਵਾਂਝੇ ਰੱਖਣ ਲਈ ਉਸੇ ਤਰ੍ਹਾਂ ਵਰਤਿਆ ਗਿਆ ਸੀ, ਜਿਵੇਂ ਪਾਕਿਸਤਾਨ ਦੇ ਸੰਕਲਪ ਨੂੰ ਮੁਸਲਮਾਨਾਂ ਨੂੰ ਹਿੰਦ ਵਿਚ ਥਾਂ ਸਿਰ ਰੱਖਣ ਲਈ ਵਰਤਿਆ ਗਿਆ ਸੀ। 1984 ਤੋਂ ਬਾਅਦ ਸਿੱਖਾਂ ਦੇ ਅਥਾਹ ਰੋਸ ਤੇ ਜੋਸ਼ ਨੂੰ ਕੁਰਾਹੇ ਪਾਉਣ ਲਈ ਫੇਰ ਇਹੀ 'ਖਾਲਿਸਤਾਨ' ਦਾ ਲਫਜ਼ ਵਰਤਿਆ ਗਿਆ। ਜੂਨ 1984 ਵਿਚ ਦੋ ਪੱਤਰਕਾਰ ਪੇਸ਼ ਕੀਤੇ ਗਏ ਜਿਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਨੂੰ ਆਖਰੀ ਸਮੇਂ ਮਿਲਣ ਦਾ ਝੂਠਾ ਦਾਅਵਾ ਕੀਤਾ ਅਤੇ ਸੰਤਾਂ ਦੇ ਏਸ ਸਬੰਧੀ ਆਪੇ ਘੜੇ ਬਿਆਨ ਜਾਰੀ ਕੀਤੇ। ਕੁਝ ਸਮੇਂ ਬਾਅਦ ਸੰਤ ਜੀ ਦੀ ਏਸ ਸਬੰਧੀ ਗੁੱਸੇ ਵਿਚ ਕੀਤੀ ਇੱਕ ਛੋਟੀ ਜਿਹੀ ਟਿੱਪਣੀ ਲੱਭ ਲਈ ਗਈ



**ਹਰਚਰਨ ਸਿੰਘ ਪਰਹਾਰ**
**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ: 403-681-8689**
**ਈਮੇਲ:** hp8689@gmail.com

(ਜਿਸ ਦਿਨ ਅਕਾਲ ਤਖਤ 'ਤੇ ਹਮਲਾ ਹੋਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ) ਅਤੇ ਫਿਰ ਇਸ ਨੂੰ ਸਿੱਖ ਕੌਮੀ ਰਾਜਨੀਤੀ ਦੇ ਧੁਰੇ ਦਾ ਦਰਜਾ ਦੇ ਕੇ ਪ੍ਰਚਾਰਨਾ ਸ਼ੁਰੂ ਕੀਤਾ ਗਿਆ। ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ ਝੰਬੀ ਸਿੱਖ ਮਾਨਸਿਕਤਾ ਦੇ ਮੁਢਲੇ ਖਾੜਕੂ ਆਗੂਆਂ ਨੇ ਖਾਲਿਸਤਾਨ ਨੂੰ ਸੁਤੇ ਸਿਧ, ਸੱਚੇ ਮਨ ਨਾਲ ਗੱਲਵੱਕੜੀ ਪਾ ਲਈ। ਉਹ ਗੁਰਸਿੱਖੀ ਰੀਤ ਅਨੁਸਾਰ ਸਿਰ ਤਲੀ ਉਤੇ ਰੱਖ ਕੇ ਜੂਝ ਗਏ।'

'ਇਸ ਰੀਤ ਨੂੰ ਗਾਡੀ ਰਾਹ ਬਣਨ ਤੋਂ ਰੋਕਣ ਦਾ ਇੰਤਜ਼ਾਮ ਪਹਿਲਾਂ ਹੀ ਹੋ ਚੁੱਕਾ ਸੀ। ਸਿੱਖਾਂ ਵਿਰੁੱਧ ਨਫਰਤ ਭਰਿਆ, ਹਿੰਦੂਆਂ ਨੂੰ ਡਰਾਉਣ ਵਾਲਾ, ਦੁਸ਼-ਪ੍ਰਚਾਰ ਇਸ ਦਾ ਇੱਕ ਅੰਗ ਸੀ। ਖਾੜਕੂ ਭੇਸ ਵਿਚ ਪੁਲਿਸ ਮੁਖਬਰ, ਅੰਡਰਗਰਾਊਂਡ ਪੁਲਿਸ ਧਾੜਾਂ ਅਤੇ ਬੇਗਾਨੇ ਦੇਸ਼ਾਂ ਵਿਚ ਮਰਨ-ਮਾਰਨ ਨੂੰ ਤੂਲ ਦੇਣ ਵਾਲੇ ਸਰਕਾਰ ਦੇ ਹਾਮੀ ਵੱਡੀ ਗਿਣਤੀ ਵਿਚ ਭਰਤੀ ਕੀਤੇ ਗਏ। ਮਣਾਂ-ਮੂੰਹੀਂ ਧਨ ਲੁਟਾਇਆ ਗਿਆ। ਇਸ ਹਰਚੰਦਿਓਰੀ ਦੇ ਦਰਸ਼ਨ ਕਰਵਾਉਂਦਿਆਂ ਦੇਸ਼-ਵਿਦੇਸ਼ ਵਿਚ ਸਿੱਖਾਂ ਨੂੰ ਗੁਰਦੁਆਰਿਆ ਰਾਹੀਂ ਲੁੱਟਿਆ ਗਿਆ, ਬੇਦੋਸ਼ਿਆਂ ਦਾ ਮਣਾਂ-ਮੂੰਹੀਂ ਖੂਨ ਇਸ ਬਹਾਨੇ (ਖਾਲਿਸਤਾਨੀ ਲਹਿਰ ਰਾਹੀਂ) ਬਹਾਇਆ ਗਿਆ। ਇਸ ਵਿਉਂਤਬੰਦੀ ਦਾ ਆਖਰੀ ਨਿਸ਼ਾਨਾ ਸੀ, ਸਿੱਖ ਵਿਰੋਧੀ ਅਨਸਰਾਂ ਨੂੰ ਖਾੜਕੂ ਪ੍ਰਚਾਰ ਕੇ, ਗੈਰ-ਰਸਮੀ ਸਿੱਖ ਸਿਆਸਤ ਉਤੇ ਕਾਬਜ਼ ਕਰਵਾ ਕੇ, ਸਰਕਾਰੀ ਮੰਤਵ ਹੱਲ ਕਰਨਾ। ਇਸ ਤਰ੍ਹਾਂ ਸਿਰਜੇ ਮਾਹੌਲ ਵਿਚ ਭਰਾ-ਮਾਰੂ ਜੰਗ ਦਾ ਰੁਝਾਨ ਚਲਾ ਕੇ ਅਤੇ ਕੌਮ ਦੇ ਅਸਲ ਹਿੱਤਾਂ ਨੂੰ ਨਾਕਾਰ ਕੇ ਸਿੱਖੀ ਨੂੰ ਆਗੂ ਰਹਿਤ ਕਰਨ ਦਾ ਕੰਮ ਆਰੰਭ ਹੋਇਆ। ਇਸ ਵਿਚ ਚਿਰਾਂ ਤੋਂ ਚੱਲੇ ਆਉਂਦੇ ਸਥਾਪਿਤ ਸਿੱਖ ਆਗੂਆਂ, ਸਿਆਸੀ ਜਮਾਤਾਂ, ਵਿਦੇਸ਼ੀਂ ਵੱਸਦੇ ਸਰਦੇ-ਪੁੱਜਦੇ ਸਿੱਖਾਂ ਆਦਿ ਨੇ ਵੱਡਾ ਹਿੱਸਾ ਪਾਇਆ। ਕਹਿੰਦੇ-ਕਹਾਉਂਦੇ ਆਗੂਆਂ ਨੇ ਨਕਲੀ ਖਾੜਕੂ ਪਾਲੇ ਅਤੇ ਉਨ੍ਹਾਂ ਕੋਲੋਂ ਮਨਭਾਉਂਦੇ ਕੰਮ ਕਰਵਾਏ, ਜਿਹੋ-ਜਿਹੇ ਕੰਮ ਅੱਜ-ਕੱਲ੍ਹ ਦੇ ਦੌਰ ਵਿਚ ਗੈਂਗਸਟਰ ਆਖ ਕੇ ਬਦਨਾਮ ਕੀਤੇ ਨੌਜਵਾਨਾਂ ਤੋਂ ਕਰਵਾਏ ਜਾ ਰਹੇ ਹਨ? ਇਸ ਤਰ੍ਹਾਂ ਸਿੱਖੀ ਅਤੇ ਪੰਜਾਬ ਦੇ ਅਸਲ ਨਿਸ਼ਾਨਿਆਂ ਨੂੰ ਹਾਸਿਲ ਕਰਨ ਲਈ ਚੱਲੀ ਤਹਿਰੀਕ ਨੂੰ ਕੁਰਾਹੇ ਪਾਇਆ ਗਿਆ?'

ਉਪਰਲੇ ਵਿਚਾਰ ਕਿਸੇ ਕਾਮਰੇਡ, ਕਾਂਗਰਸੀ, ਭਾਜਪਈ, ਆਰ.ਐਸ.ਐਸ ਦੇ ਕਿਸੇ ਲੀਡਰ ਜਾਂ ਵਿਦਵਾਨ ਦੇ ਨਹੀਂ ਸਗੋਂ ਸਿੱਖਾਂ ਵਿਚ ਪਿਛਲੇ 40 ਕੁ ਸਾਲਾਂ ਤੋਂ ਸਥਾਪਿਤ ਟਕਸਾਲੀ ਸਿੱਖ ਵਿਦਵਾਨ, ਹਿਸਟੋਰੀਅਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਭ ਤੋਂ ਪਿਆਰੇ ਸਾਥੀ ਤੇ ਖਾਸ ਸਲਾਹਕਾਰ, ਸ਼੍ਰੋਮਣੀ ਕਮੇਟੀ ਤੋਂ 'ਪ੍ਰੋਫੈਸਰ ਆਫ ਸਿੱਖਇਜ਼ਮ' ਦੀ ਉਪਾਧੀ ਨਾਲ ਸਨਮਾਨਿਤ ਤੇ ਸਿੱਖ ਕੌਮ ਤੇ ਹੋ ਰਹੇ ਧੱਕਿਆਂ ਖਿਲਾਫ ਜੂਝਣ ਲਈ ਆਈ.ਏ.ਐਸ. ਦੀ ਵੱਕਾਰੀ ਨੌਕਰੀ ਤਿਆਗਣ ਵਾਲੇ ਸਿਰਦਾਰ ਗੁਰਤੇਜ ਸਿੰਘ ਦੇ ਹਨ ਜੋ ਉਨ੍ਹਾਂ ਨੇ ਆਪਣੇ ਫੇਸਬੁੱਕ ਪੇਜ਼ 'ਤੇ 3 ਸਤੰਬਰ, 2021 ਨੂੰ ਲਿਖੇ ਲੇਖ 'ਤੱਥ ਵਿਹੂਣੇ ਇਤਿਹਾਸਕਾਰ ਦੇ ਕੋਝੇ ਸਿਧਾਂਤਾਂ ਦਾ ਤੀਰ' ਵਿਚ ਪ੍ਰਗਟ ਕੀਤੇ ਹਨ। ਗੁਰਤੇਜ ਸਿੰਘ ਦੀਆਂ ਸਿੱਖ ਸੰਘਰਸ਼ ਬਾਰੇ ਇਹ ਟਿੱਪਣੀਆਂ ਸਿੱਖ ਚਿੰਤਕ ਤੇ ਖਾਲਿਸਤਾਨ ਦੇ ਸੰਕਲਪ ਦੇ ਸਿਧਾਂਤਕ ਵਿਆਖਿਆਕਾਰ ਅਜਮੇਰ ਸਿੰਘ ਵਲੋਂ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਯੂਟਿਊਬ ਚੈਨਲ 'ਸਿੱਖ ਵਿਊ ਪੁਆਇੰਟ' ਰਾਹੀਂ ਸੰਘਰਸ਼ ਬਾਰੇ ਸਿਰਜੇ ਜਾ ਰਹੇ ਬਿਰਤਾਂਤਾਂ, ਖਾਸਕਰ ਡਾ. ਸੋਹਣ ਸਿੰਘ ਦੀ ਅਗਵਾਈ ਵਾਲੀ ਪੰਥਕ ਕਮੇਟੀ ਅਧੀਨ ਕੰਮ ਕਰਦੀਆਂ ਪੰਜ ਖਾੜਕੂ ਜਥੇਬੰਦੀਆਂ ਵਲੋਂ ਸੰਤ ਭਿੰਡਰਾਂਵਾਲਿਆਂ ਦੇ ਖਾਸਮ-ਖਾਸ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੂੰ ਗਦਾਰ ਕਹਿ ਕੇ ਕੀਤੇ ਕਤਲ ਨੂੰ 30 ਸਾਲ ਬਾਅਦ ਜਾਇਜ਼ ਠਹਿਰਾਉਣ ਦੇ ਪ੍ਰਤੀਕਰਮ ਵਿਚ ਆਈਆਂ ਹਨ। ਜਿਥੇ ਅਜਮੇਰ ਸਿੰਘ ਖਾੜਕੂ ਸੰਘਰਸ਼ ਨੂੰ ਉਚੀਆਂ-ਸੁੱਚੀਆਂ ਤੇ ਇਲਾਹੀ ਸੋਚ ਵਿਚ ਲਬਰੇਜ ਕਦਰਾਂ-ਕੀਮਤਾਂ ਦਾ ਨਾਮੂਨਾ ਪੇਸ਼ ਕਰਦਾ ਹੈ, ਉਥੇ ਗੁਰਤੇਜ ਸਿੰਘ ਜੋ ਇਸ ਸੰਘਰਸ਼ ਵਿਚ ਸੰਤ ਭਿੰਡਰਾਂਵਾਲਿਆਂ ਨਾਲ ਸ਼ੁਰੂ ਤੋਂ ਜੁੜੇ ਰਹੇ ਹਨ, ਵੱਖਰੇ ਨਜ਼ਰੀਏ ਤੋਂ ਦੇਖ ਰਹੇ ਹਨ ਤੇ ਕਹਿ ਰਹੇ ਹਨ ਕਿ ਖਾਲਿਸਤਾਨ ਦਾ ਐਲਾਨ ਕਰਵਾ ਕੇ ਸਰਕਾਰੀ ਏਜੰਟਾਂ ਤੇ ਕੁਝ ਪੰਥ ਦੋਖੀ ਧਿਰਾਂ ਵਲੋਂ ਸਿੱਖਾਂ ਨੂੰ ਸਵੈ-ਘਾਤੀ ਹਿੰਸਕ ਖਾਲਿਸਤਾਨੀ ਸੰਘਰਸ਼ ਦੇ ਰਾਹ ਪਾਇਆ ਗਿਆ ਸੀ। ਜੇ ਗੁਰਤੇਜ ਸਿੰਘ ਦੀਆਂ ਉਪਰਲੀਆਂ ਗੱਲਾਂ ਨੂੰ ਬਿਨਾ ਕਿਸੇ ਟਿੱਪਣੀ ਦੇ ਸੱਚ ਮੰਨੀਏ ਤਾਂ ਸਪਸ਼ਟ ਹੁੰਦਾ ਹੈ ਕਿ 'ਖਾਲਿਸਤਾਨ' ਦੀ ਮੰਗ ਸਿੱਖਾਂ ਦੀ ਨਹੀਂ ਸੀ, ਇਸ ਨੂੰ ਸਿੱਖਾਂ ਸਿਰ ਮੜ੍ਹਿਆ ਗਿਆ ਸੀ; ਦੂਜਾ 1984 ਤੋਂ ਬਾਅਦ ਸ਼ੁਰੂ ਹੋਇਆ ਖਾੜਕੂਵਾਦ ਦਾ ਦੌਰ ਸਿੱਖ ਵਿਰੋਧੀਆਂ ਵਲੋਂ ਜੂਨ 84 ਦੇ ਹਮਲੇ ਤੋਂ ਬਾਅਦ ਪੈਦਾ ਹੋਏ ਰੋਸ ਨੂੰ ਸਿੱਖਾਂ ਦੇ ਹੀ ਖਿਲਾਫ ਵਰਤਣ ਲਈ ਸ਼ੁਰੂ ਕਰਵਾਇਆ ਗਿਆ ਸੀ। ਅਸੀਂ ਆਪਣੇ ਪਿਛਲੇ ਲੇਖ 'ਕੀ ਸਿੱਖਾਂ ਨੂੰ 1947 ਵਿਚ ਖਾਲਿਸਤਾਨ ਮਿਲਦਾ ਸੀ?' (ਪੰਜਾਬ ਟਾਈਮਜ਼, ਅੰਕ 32, 7 ਅਗਸਤ 2021) ਵਿਚ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਦੇ ਆਧਾਰ 'ਤੇ ਯਤਨ ਕੀਤਾ ਸੀ ਕਿ ਖਾਲਿਸਤਾਨ ਮਿਲਣਾ ਜਾਂ ਨਾ ਮਿਲਣਾ ਤਾਂ ਬਾਅਦ ਦੀ ਗੱਲ ਸੀ, ਖਾਲਿਸਤਾਨ ਸਿੱਖਾਂ ਦੀ ਕਿਸੇ ਰਾਜਸੀ ਜਾਂ ਧਾਰਮਿਕ ਜਥੇਬੰਦੀ ਦੀ ਮੰਗ ਹੀ ਨਹੀਂ ਸੀ। ਇਸ ਮੰਗ ਨੂੰ ਸਿੱਖ ਆਗੂਆਂ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਖੁੰਡਾ ਕਰਨ ਲਈ ਹੀ ਵਰਤਿਆ ਸੀ ਕਿ ਜੇ ਦੇਸ਼ ਨੂੰ ਧਰਮ ਦੇ ਆਧਾਰ 'ਤੇ ਹੀ ਵੰਡਣਾ ਹੈ ਤਾਂ ਹਿੰਦੂਆਂ ਲਈ ਇੰਡੀਆ ਅਤੇ ਮੁਸਲਮਾਨਾਂ ਲਈ ਪਾਕਿਸਤਾਨ ਦੇ ਨਾਲ ਸਿੱਖਾਂ ਨੂੰ ਵੀ ਖਾਲਿਸਤਾਨ ਮਿਲਣਾ ਚਾਹੀਦਾ ਹੈ। ਜਿਨ੍ਹਾਂ ਸਿੱਖ ਵਿਦਵਾਨਾਂ ਅਤੇ ਖਾਲਿਸਤਾਨੀ ਜਥੇਬੰਦੀਆਂ ਨੂੰ ਸੰਬੋਧਨ ਕਰਕੇ ਗੁਰਤੇਜ ਸਿੰਘ ਨੇ ਇਹ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਵਲੋਂ ਲਹਿਰ 'ਤੇ ਲਗਾਏ ਗੰਭੀਰ ਦੋਸ਼ਾਂ ਦਾ ਮਹੀਨਾ ਬੀਤਣ ਬਾਅਦ ਵੀ ਪ੍ਰਤੀਕਰਮ ਨਾ ਆਉਣਾ, ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਿਹਾ ਹੈ ਕਿ ਗੁਰਤੇਜ ਸਿੰਘ ਦੀਆਂ ਗੱਲਾਂ ਵਿਚ ਜੇ ਸਾਰੀ ਨਹੀਂ ਤਾਂ ਬਹੁਤ ਸਾਰੀ ਸਚਾਈ ਜ਼ਰੂਰ ਹੈ। ਅਸੀਂ ਸਮਝਦੇ ਹਾਂ ਕਿ ਸਚਾਈ ਕੁਝ ਵੀ ਹੋਵੇ ਪਰ ਗੁਰਤੇਜ ਸਿੰਘ ਦੇ ਖਦਸ਼ਿਆਂ ਜਾਂ ਆਪਣੇ ਭਾਈਚਾਰੇ ਬਾਰੇ ਉਨ੍ਹਾਂ ਦੀ ਸੁਹਿਰਦ ਚਿੰਤਾ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਸਬੰਧਤ ਧਿਰਾਂ ਨੂੰ ਮੌਜੂਦਾ ਭਾਰਤ ਵਿਚ 'ਸਿੱਖ ਰਾਜ ਦੇ ਸੰਕਲਪ' ਦੇ ਸਿਧਾਂਤਕ ਵਿਆਖਿਆਕਾਰ ਸਿਰਦਾਰ ਕਪੂਰ ਸਿੰਘ ਦੀ ਵਿਚਾਰਧਾਰਾ ਦੇ ਵਾਰਿਸ ਗੁਰਤੇਜ ਸਿੰਘ ਵਲੋਂ ਉਠਾਏ ਸਵਾਲਾਂ ਦੇ ਜਵਾਬ ਜ਼ਰੂਰ ਦੇਣੇ ਬਣਦੇ ਹਨ।

ਗੁਰਤੇਜ ਸਿੰਘ ਆਪਣੇ ਇਸ ਲੇਖ ਵਿਚ ਖਾਲਿਸਤਾਨ ਦੀ ਲਹਿਰ ਬਾਰੇ ਇੱਕ ਹੋਰ ਗੰਭੀਰ ਸਵਾਲ ਉਠਾਉਂਦੇ ਹੋਏ, ਖਾਲਿਸਤਾਨੀ ਧਿਰਾਂ ਖਾਸਕਰ ਇਸ ਦੇ ਵਿਆਖਿਆਕਾਰਾਂ ਤੋਂ ਮੰਗ ਕਰਦੇ ਹਨ: 'ਮੈਂ ਕਈ ਦਹਾਕਿਆਂ ਤੋਂ ਮੰਗ ਕਰ ਰਿਹਾ ਹਾਂ ਕਿ ਏਸ ਲਫਜ਼ (ਖਾਲਿਸਤਾਨ) ਦੀ ਏਸ ਨਾਮ ਹੇਠ ਤਹਿਰੀਕ ਚਲਾਉਣ ਵਾਲਿਆਂ ਵਲੋਂ ਕੀਤੀ ਕੋਈ ਵਿਆਖਿਆ ਸਾਹਮਣੇ ਆਉਣੀ ਚਾਹੀਦੀ ਹੈ। ਕਈਆਂ ਨੂੰ ਮਿਲ ਕੇ ਵੀ ਬੇਨਤੀਆਂ ਕੀਤੀਆਂ ਪਰ ਕੁਝ ਪੱਲੇ ਨਹੀਂ ਪਿਆ। ਐਸ ਵੇਲੇ ਤੱਕ 'ਖਾਲਿਸਤਾਨ' ਇੱਕ ਨਾਅਰੇ ਤੋਂ ਵੱਧ ਕੁਝ ਨਹੀਂ ਜਿਸ ਦੇ ਵਰਦਾਨ ਸਦਕਾ ਕੁਝ ਲੋਕ ਮਾਲਾ-ਮਾਲ ਹਨ। ਇਹੋ ਸ਼ਬਦ ਸੱਚੇ-ਸੁੱਚੇ ਲੋਕਾਂ ਲਈ ਸਰਾਪ ਵੀ ਬਣਿਆ ਹੋਇਆ ਹੈ ਜਿਨ੍ਹਾਂ ਨੂੰ ਉਹੀ ਨਾਅਰਾ ਮਾਰਨ ਅਤੇ ਛਪੀਆਂ ਕਿਤਾਬਾਂ ਰੱਖਣ ਵਿਚ ਉਮਰ ਕੈਦ ਵੀ ਹੋ ਚੁੱਕੀ ਹੈ। ਮਾਜਰਾ ਸਮਝ ਨਹੀਂ ਪੈ ਰਿਹਾ। ਗੁੱਥੀ ਉਦੋਂ ਸੁਲਝੇਗੀ, ਜਦੋਂ ਏਸ ਨੂੰ ਮੰਨਣ ਵਾਲੇ ਲੋਕਾਂ ਨੂੰ ਭਰੋਸੇ ਵਿਚ ਲੈ ਕੇ ਏਸ ਦੀ ਖੁੱਲ੍ਹੇਆਮ ਵਿਆਖਿਆ ਕਰਕੇ ਮਨੁੱਖਾਂ ਦੇ ਹੱਕਾਂ ਅਤੇ ਕਮਿਊਨਿਸਟ ਮੈਨੀਫੈਸਟੋ ਦੀ ਤਰਜ਼ ਦਾ ਕੋਈ ਦਸਤਾਵੇਜ਼ ਜਾਰੀ ਕਰਨਗੇ?'

ਸਾਡੀ ਤਰਾਸਦੀ ਵੇਖੋ ਕਿ ਗੁਰਤੇਜ ਸਿੰਘ ਵਰਗਾ ਵਿਦਵਾਨ 40 ਸਾਲ ਬਾਅਦ ਸਵਾਲ ਕਰ ਰਿਹਾ ਹੈ ਕਿ ਸਾਨੂੰ ਦੱਸੋ ਕਿ ਤੁਹਾਡਾ ਖਾਲਿਸਤਾਨ ਕੀ ਬਲਾ ਹੈ? ਤੁਸੀਂ ਕਿਉਂ ਇੱਕ ਨਾਅਰੇ ਨੂੰ ਜਿੰਦਾ ਰੱਖਣ ਲਈ ਸਾਰੀ ਸਿੱਖ ਕੌਮ ਨੂੰ ਬਲ਼ੀ ਦੇ ਬੂਥੇ ਦੇਈ ਜਾਂਦੇ ਹੋ? ਅਸੀਂ ਕੁਝ ਮਹੀਨੇ ਪਹਿਲਾਂ ਆਪਣੇ ਇੱਕ ਲੇਖ 'ਕੀ ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਹਨ' ਵਿਚ ਜ਼ਿਕਰ ਕੀਤਾ ਸੀ ਕਿ ਸਿੱਖ ਲੀਡਰ ਤੇ ਵਿਦਵਾਨ, ਹਰ ਮੁੱਦੇ ਤੇ ਦੁਬਿਧਾ ਦਾ ਸ਼ਿਕਾਰ ਹਨ, ਕਿਤੇ ਵੀ ਖੁੱਲ੍ਹ ਕੇ ਇਮਾਨਦਾਰੀ ਨਾਲ ਆਪਣਾ ਪੱਖ ਨਹੀਂ ਰੱਖ ਸਕੇ? ਪਿਛਲੇ 70-80 ਸਾਲ ਤੋਂ 'ਖਾਲਸਾ ਰਾਜ', 'ਸਿੱਖ ਰਾਜ', 'ਵੱਖਰੀ ਸਿੱਖ ਸਟੇਟ', 'ਪੂਰਨ ਆਜ਼ਾਦੀ', 'ਆਨੰਦਪੁਰ ਦਾ ਮਤਾ', 'ਸਿੱਖਾਂ ਲਈ ਵੱਧ ਅਧਿਕਾਰਾਂ ਵਾਲਾ ਵੱਖਰਾ ਸੂਬਾ', 'ਖਾਲਿਸਤਾਨ' ਆਦਿ ਵਿਚ ਉਲਝੇ ਹੋਏ ਹਨ। ਅਜੇ ਤੱਕ ਇਸ ਗੱਲ ਪ੍ਰਤੀ ਹੀ ਸਪਸ਼ਟ ਨਹੀਂ ਕਿ ਉਹ ਭਾਰਤ ਦੇ ਵਿਚ ਰਹਿ ਕੇ ਵੱਖਰਾ ਰਾਜ ਚਾਹੁੰਦੇ ਹਨ ਜਾਂ ਭਾਰਤ ਤੋਂ ਵੱਖ ਆਜ਼ਾਦ ਦੇਸ਼ ਚਾਹੁੰਦੇ ਹਨ। ਅਜਿਹੇ ਵਿਦਵਾਨਾਂ ਦੇ ਕਾਫਲੇ ਵਿਚ ਅਜਮੇਰ ਸਿੰਘ ਪਛੜ ਕੇ ਸ਼ਾਮਿਲ ਹੋਇਆ ਹੈ ਪਰ ਉਸ ਨੇ ਪਿਛਲੇ ਕਈ ਵਰ੍ਹਿਆਂ ਤੋਂ ਇਸ ਕਾਫਲੇ ਦਾ ਇੱਕੋ-ਇੱਕ ਅਲੰਬਰਦਾਰ ਬਣਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਹੋਇਆ ਹੈ। ਲਹਿਰ ਦੀ ਨਿਰਪੱਖ ਪਰਖ-ਪੜਚੋਲ ਕਰਨ ਦੀ ਥਾਂ ਉਹ ਮਾਰੇ ਗਏ ਨੌਜਵਾਨਾਂ ਵਿਚੋਂ ਕਿਸੇ ਨੂੰ ਮਹਾਂ ਨਾਇਕ ਅਤੇ ਕਿਸੇ ਨੂੰ ਮਹਾਂ ਖਲਨਾਇਕ ਵਰਗੀਆਂ ਉਪਾਧੀਆਂ ਬਖਸ਼ ਰਿਹਾ ਹੈ ਜਦਕਿ ਖਾਲਿਸਤਾਨ ਦੇ ਖਿਆਲੀ ਸੰਕਲਪ ਬਾਰੇ ਦੂਜੇ ਵਿਦਵਾਨਾਂ ਵਾਂਗ ਉਸ ਕੋਲ ਵੀ ਕੋਈ ਠੋਸ ਆਧਾਰ ਨਹੀਂ ਹੈ ਅਤੇ ਉਹ ਵੀ ਦੁਬਿਧਾ ਦਾ ਸ਼ਿਕਾਰ ਹੈ।

ਹੁਣ ਅਜਮੇਰ ਸਿੰਘ ਦੇ ਪ੍ਰਵਚਨਾਂ ਦੇ ਉਲਟ, ਜ਼ਰਾ ਇਨ੍ਹਾਂ ਸਤਰਾਂ ਨੂੰ ਵੀ ਪੜ੍ਹ ਕੇ ਦੇਖੋ: 'ਸਾਡੇ ਅੰਦਰ ਯੋਧੇ ਬਣਨ ਦੀ ਬੜੀ ਲਾਲਸਾ ਰਹਿੰਦੀ ਹੈ। ਸੰਘਰਸ਼ ਕਿਵੇਂ ਲੜਨਾ ਹੈ, ਬਾਰੇ ਕਦੇ ਸੋਚਿਆ ਨਹੀਂ। ਅਸੀਂ ਸਿਰਫ ਲੜਨਾ ਝਗੜਨਾ ਜਾਣਦੇ ਹਾਂ। ਕਦੇ ਲਿਆਕਤ ਨਾਲ ਅੱਗੇ ਵਧਣਾ ਨਹੀਂ ਸਿੱਖਿਆ। ਸਾਡੀ ਇਸੇ ਸੋਚ ਨੇ 84 ਲਿਆਂਦੀ। ਮੂਵਮੈਂਟ ਵਿਚ ਚੱਕ ਦਿਉ, ਸੋਧ ਦਿਉ, ਆ ਕਰਦੋ, ਅਹੁ ਕਰਦੋ, ਉਹਨੂੰ ਮਾਰਦੋ ਆਦਿ ਦੀ ਸੋਚ ਹੀ ਭਾਰੂ ਸੀ। ਕਦੇ ਸੋਚਿਆ ਹੀ ਨਹੀਂ ਸੀ ਕਿ ਕਦਮ-ਦਰ-ਕਦਮ ਆਪਣੇ ਰਾਜਸੀ ਸੰਘਰਸ਼ ਨੂੰ ਅੱਗੇ ਕਿਵੇਂ ਲਿਜਾਣਾ ਹੈ, ਅਜਿਹੀ ਕੋਈ ਸੋਚ



ਹਰਮਿੰਦਰ ਸਿੰਘ ਸੰਧੂ



ਅਜਮੇਰ ਸਿੰਘ



ਗੁਰਤੇਜ ਸਿੰਘ

ਨਹੀਂ ਸੀ। 84 ਵਾਲੀ ਮੂਵਮੈਂਟ ਰਾਜਨੀਤਕ ਨਾਲੋਂ ਹਿੰਸਕ ਵੱਧ ਸੀ। ਸਾਡੇ ਵਿਚ ਨਿੱਜਵਾਦ ਦੀ ਭੁੱਖ ਬਹੁਤ ਹੈ। ਚੁਰਾਸੀ ਤੋਂ ਪਹਿਲਾਂ ਸੰਤਾਂ ਦਾ ਜ਼ੋਰ ਸੀ ਤਾਂ ਹਰ ਕੋਈ ਉਨ੍ਹਾਂ ਦੇ ਪੈਰੀਂ ਪੈਂਦਾ ਸੀ ਪਰ ਕੋਈ ਹਿੰਮਤ ਨਹੀਂ ਸੀ ਕਰਦਾ ਜੋ ਉਨ੍ਹਾਂ ਨੂੰ ਦੱਸਦਾ ਕਿ ਰਾਜਨੀਤੀ ਕਿਵੇਂ ਚਲਾਉਣੀ ਹੈ। ਅਕਾਲੀ ਤੇ ਸੰਤ, ਇੱਕ ਦੂਜੇ ਤੋਂ ਤਾਕਤ ਖੋਹਣ ਦੀ ਰਾਜਨੀਤੀ ਹੀ ਕਰਦੇ ਰਹੇ। ਇਸ ਵਿਚ ਨੁਕਸਾਨ ਸਾਰੀ ਸਿੱਖ ਕੌਮ ਦਾ ਹੋਇਆ। ਨੌਜਵਾਨ ਕਦੇ ਦੂਰ-ਅੰਦੇਸ਼ ਨਹੀਂ ਹੁੰਦੇ। ਉਨ੍ਹਾਂ ਵਿਚ ਸਿਰਫ ਜ਼ੋਸ਼ ਤੇ ਜਜ਼ਬਾ ਹੁੰਦਾ। ਇਸੇ ਕਰਕੇ ਸਾਡੀ 84 ਦੀ ਸਾਰੀ ਮੂਵਮੈਂਟ ਪੂਰੀ ਤਰ੍ਹਾਂ ਹਿੰਸਕ ਹੋ ਗਈ ਸੀ। ਕਿਸੇ ਦਾ ਕਿਸੇ 'ਤੇ ਕੋਈ ਕੰਟਰੋਲ ਨਹੀਂ ਸੀ। ਸਿਰਫ ਬਿਆਨ ਹੀ ਵੱਡੇ-ਵੱਡੇ ਆਉਂਦੇ ਸਨ ਕਿ ਸਾਡਾ ਰਾਜ ਆਇਆ ਲਉ, ਸਰਬੱਤ ਖਾਲਸਾ ਸੱਦ ਲਿਆ, ਪੰਥਕ ਕਮੇਟੀਆਂ ਬਣਾਤੀਆਂ, ਕਦੇ ਜਥੇਦਾਰ ਲਾ ਦਿੱਤੇ, ਕਦੇ ਲਾਹ ਦਿੱਤੇ, ਕਿਸੇ ਨੂੰ ਪੰਥ 'ਚੋਂ ਛੇਕਤਾ, ਕਿਸੇ ਨੂੰ ਗਦਾਰ ਕਹਿ ਕੇ ਮਾਰਤਾ ਆਦਿ ਆਦਿ। ਇਹੀ ਸੋਚ ਲਗਾਤਾਰ ਅੱਜ ਵੀ ਹਾਵੀ ਹੈ। ਸਿੱਖ ਲੀਡਰਾਂ ਕੋਲ ਕੋਈ ਵਿਜ਼ਨ ਨਹੀਂ।'

ਉਪਰਲੇ ਵਿਚਾਰ ਵੀ ਸਿੱਖ ਕੌਮ ਜਾਂ ਖਾਲਿਸਤਾਨ ਦੇ ਖਾੜਕੂ ਸੰਘਰਸ਼ ਦੇ ਕਿਸੇ ਵਿਰੋਧੀ ਦੇ ਨਹੀਂ ਸਗੋਂ ਪਿਛਲੇ ਦਿਨੀਂ 16 ਅਗਸਤ, 2021 ਨੂੰ ਖਾਲਿਸਤਾਨੀ ਸੰਘਰਸ਼ ਵਿਚ ਰਹੇ ਮੁੱਖ ਖਾੜਕੂ ਰਣਜੀਤ ਸਿੰਘ ਕੁੱਕੀ ਨੇ 'ਪੰਜਾਬ ਨਿਊਜ਼ ਆਨਲਾਈਨ' ਯੂਟਿਊਬ ਚੈਨਲ ਤੇ ਸੁਖਨੈਬ ਸਿੱਧੂ ਨੂੰ ਦਿੱਤੀ ਇੰਟਰਵਿਊ ਵਿਚ ਪ੍ਰਗਟ ਕੀਤੇ ਸਨ। ਰਣਜੀਤ ਸਿੰਘ ਕੁੱਕੀ ਖਾੜਕੂ ਸੰਘਰਸ਼ ਦੇ ਕੁਝ ਚੋਣਵੇਂ ਪੜ੍ਹ-ਲਿਖੇ ਨੌਜਵਾਨਾਂ ਵਿਚੋਂ ਇੱਕ ਹੈ ਜਿਸ ਨੇ ਇਸ ਸੰਘਰਸ਼ ਵਿਚ 14 ਸਾਲ ਅਮਰੀਕਾ ਅਤੇ ਫਿਰ ਕੁਝ ਸਾਲ ਭਾਰਤ ਵਿਚ ਜੇਲ੍ਹ ਕੱਟੀ। ਉਨ੍ਹਾਂ ਦੀ ਇਸ ਇੰਟਰਵਿਊ ਵਿਚ ਕੀਤੀਆਂ ਬੇਬਾਕ ਟਿੱਪਣੀਆਂ ਦੱਸਦੀਆਂ ਹਨ ਕਿ ਸਿੱਖ ਖਾੜਕੂ ਲਹਿਰ ਪੂਰੀ ਤਰ੍ਹਾਂ ਹਿੰਸਕ ਹੋ ਕੇ ਬੇਕਾਬੂ ਹੋ ਚੁੱਕੀ ਸੀ। 'ਆਨੰਦਪੁਰ ਦੇ ਮਤੇ' ਦੇ ਰੂਪ ਵਿਚ ਕੁਝ ਰਾਜਸੀ ਤੇ ਧਾਰਮਿਕ ਮੰਗਾਂ ਲਈ ਸ਼ੁਰੂ ਹੋਇਆ ਸ਼ਾਂਤਮਈ ਸੰਘਰਸ਼ ਹਿੰਸਾ ਦੀ ਭੇਟ ਚੜ੍ਹ ਕੇ ਹਜਾਰਾਂ ਲੋਕਾਂ ਦੀਆਂ ਜਾਨਾਂ ਦਾ ਖੌਅ ਬਣ ਗਿਆ ਸੀ ਪਰ ਅਜਮੇਰ ਸਿੰਘ ਵਰਗੇ ਅਜੇ ਵੀ ਬਹੁਤ ਸਾਰੇ ਅਜਿਹੇ ਭੱਦਰਪੁਰਸ਼ ਹਨ ਜੋ ਦੇਸ਼-ਵਿਦੇਸ਼ ਵਿਚ ਬੈਠ ਕੇ ਜਜ਼ਬਾਤੀ ਨੌਜਵਾਨਾਂ ਨੂੰ ਸ਼ਹੀਦੀਆਂ ਦਾ ਪਾਠ ਪੜ੍ਹਾ ਰਹੇ ਹਨ। ਇਸ ਇੰਟਰਵਿਊ ਵਿਚ ਕੁੱਕੀ ਨੇ ਬੜਾ ਅਹਿਮ ਮੁੱਦਾ ਉਠਾਇਆ ਹੈ ਕਿ ਸਿੱਖ ਲੀਡਰਸ਼ਿਪ ਕੋਲ ਹਲਾ-ਲਲਾ ਕਰਨ ਤੋਂ ਇਲਾਵਾ ਕੋਈ ਵਿਜ਼ਨ ਨਹੀਂ ਤੇ ਜਿਸ ਖਾਲਿਸਤਾਨ ਲਈ ਲੜਨ ਦਾ ਇਹ ਦਾਅਵਾ ਕਰ ਰਹੇ ਹਨ, ਉਸ ਬਾਰੇ 40 ਸਾਲ ਬਾਅਦ ਵੀ ਦੁਨੀਆ ਅੱਗੇ ਕੋਈ ਬਲਿਊ ਪ੍ਰਿੰਟ ਨਹੀਂ ਪੇਸ਼ ਕਰ ਸਕੇ। ਇਸ ਸਬੰਧੀ ਦਰਿਆਈ ਪਾਣੀਆਂ ਦੇ ਮਾਹਰ ਬੁੱਧੀਜੀਵੀ ਪ੍ਰੀਤਮ ਸਿੰਘ ਕੁੰਮੇਦਾਨ ਦੀ 'ਰੈਫਰੈਂਡਮ 2020' ਬਾਰੇ ਨਿਊਜ਼ 18 ਪੰਜਾਬ ਚੈਨਲ ਨੂੰ 11 ਅਗਸਤ 2018 ਨੂੰ 'ਖਾਲਿਸਤਾਨ ਤੇ ਹਿੰਦੁਸਤਾਨ ਦਾ ਇੰਝ ਹੋਵੇਗਾ ਬਟਵਾਰਾ' ਹੈਡਿੰਗ ਹੇਠ ਦਿੱਤੀ ਇੰਟਰਵਿਊ ਵਿਚਾਰਨਯੋਗ ਹੈ ਜਿਸ ਵਿਚ ਉਹ ਖਾਲਿਸਤਾਨ ਬਾਰੇ ਅਨੇਕਾਂ ਸਵਾਲ ਉਠਾਉਂਦੇ ਹੋਏ ਕਹਿੰਦੇ ਹਨ ਕਿ ਮੌਜੂਦਾ ਪੰਜਾਬ ਦੇ ਸਾਰੇ ਹੈੱਡਵਰਕਸ ਬਹੁ-ਗਿਣਤੀ ਹਿੰਦੂ ਵਸੋਂ ਵਾਲੇ ਇਲਾਕਿਆਂ ਵਿਚ ਹਨ; ਜੇ ਪਾਕਿਸਤਾਨ ਦੀ ਤਰਜ਼ 'ਤੇ ਵਸੋਂ ਆਧਾਰਤ ਤਬਾਦਲੇ ਨਾਲ ਖਾਲਿਸਤਾਨ ਬਣੇ ਤਾਂ ਪੰਜਾਬ ਦਾ ਰਕਬਾ ਹੋਰ ਸੁੰਘੜ ਜਾਵੇਗਾ ਅਤੇ ਪੰਜਾਬ ਦੀ ਸ਼ਾਹਰਗ ਸਮਝੇ ਜਾਂਦੇ ਪਣ-ਬਿਜਲੀ ਸੋਮੇ ਹਿੰਦੂ ਬਹੁ-ਗਿਣਤੀ ਜ਼ਿਲ੍ਹਿਆਂ ਵਿਚ ਚਲੇ ਜਾਣਗੇ। ਪਰ 3 ਸਾਲ ਬੀਤਣ ਬਾਅਦ ਵੀ ਕਦੇ ਕਿਸੇ ਖਾਲਿਸਤਾਨੀ ਲੀਡਰ ਜਾਂ ਵਿਦਵਾਨ ਨੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਹਿੰਮਤ ਨਹੀਂ ਦਿਖਾਈ। ਇਸੇ ਤਰ੍ਹਾਂ ਖਾਲਿਸਤਾਨ ਦੇ ਨਾਅਰੇ ਲਾਉਣ ਵਾਲਿਆਂ ਨੇ ਪੰਜਾਬ ਵਿਚ ਵਸਦੇ 65% ਹਿੰਦੂਆਂ ਤੇ ਦਲਿਤਾਂ ਬਾਰੇ ਕਦੇ ਨਹੀਂ ਸੋਚਿਆ ਕਿ ਉਨ੍ਹਾਂ ਨੂੰ ਵਿਸ਼ਵਾਸ ਵਿਚ ਲਏ ਬਿਨਾ ਇਹ ਮੰਗ ਕਿਵੇਂ ਪੂਰੀ ਹੋਵੇਗੀ।

ਅਜਮੇਰ ਸਿੰਘ ਵਲੋਂ ਹਰਮਿੰਦਰ ਸਿੰਘ ਸੰਧੂ ਦੇ ਕਤਲ ਨੂੰ ਜਾਇਜ਼ ਠਹਿਰਾਉਣ ਲਈ ਜੋ ਖਿਆਲੀ ਬਿਰਤਾਂਤ ਸਿਰਜਿਆ ਹੈ, ਉਸ ਦਾ ਇਨ੍ਹਾਂ ਦੇ ਆਪਣੇ ਖੇਮਿਆਂ ਵਿਚ ਵੱਡਾ ਵਿਰੋਧ ਹੋਇਆ ਹੈ। ਹਰਮਿੰਦਰ ਸਿੰਘ ਸੰਧੂ ਦੇ ਨਾਲ ਵਿਚਰਦੇ ਰਹੇ ਫੈਡਰੇਸ਼ਨ ਦੇ ਆਗੂਆਂ ਤੇਜਿੰਦਰਪਾਲ ਸਿੰਘ ਟਿੰਮਾ, ਡਾ. ਭਗਵਾਨ ਸਿੰਘ, ਪ੍ਰੋ. ਕੁਲਬੀਰ ਸਿੰਘ, ਚਿੱਤਰਕਾਰ ਭੁਪਿੰਦਰ ਸਿੰਘ ਧਨੌਲਾ ਆਦਿ ਨੇ ਇੱਕਸੁਰ ਹੋ ਕੇ ਕਿਹਾ ਹੈ ਕਿ ਹਰਮਿੰਦਰ ਸਿੰਘ ਸੰਧੂ ਦਾ ਕਤਲ ਨਿੱਜੀ ਰੰਜਿਸ਼ ਅਤੇ ਸੰਧੂ ਦੀ ਵਿਦਵਤਾ ਤੋਂ ਘਬਰਾ ਕੇ ਕੀਤਾ ਗਿਆ ਸੀ। ਇਸ ਸਬੰਧੀ ਸੰਤਾਂ ਤੇ ਬਾਬਾ ਜੁਗਿੰਦਰ ਸਿੰਘ ਦੇ ਲੰਮਾ ਸਮਾਂ ਨਜ਼ਦੀਕੀ ਰਹੇ ਅਤੇ ਬਾਅਦ ਵਿਚ ਖਾੜਕੂ ਧਿਰਾਂ ਵਲੋਂ ਨਵੰਬਰ 1989 ਦੀਆਂ ਲੋਕ ਸਭਾ ਚੋਣਾਂ ਵਿਚ ਸੰਗਰੂਰ ਤੋਂ ਐਮ.ਪੀ. ਬਣੇ ਐਡਵੋਕੇਟ ਰਾਜਦੇਵ ਸਿੰਘ ਖਾਲਸਾ ਦੀ ਯੂਟਿਊਬ ਚੈਨਲ 'ਅਲਾਈਵ ਪੰਜਾਬ' ਅਤੇ ਜਗਜੀਤ ਸਿੰਘ ਸੰਧੂ ਨਾਲ ਇੰਟਰਵਿਊ ਵੀ ਵਿਚਾਰਨਯੋਗ ਹੈ ਜਿਸ ਵਿਚ ਉਹ ਖਾੜਕੂ ਧਿਰਾਂ ਬਾਰੇ ਅਨੇਕਾਂ ਤਰ੍ਹਾਂ ਦੇ ਅਹਿਮ ਖੁਲਾਸੇ ਕਰਦੇ ਹਨ। ਵੱਡੀ ਗੱਲ ਇਹ ਹੈ ਕਿ ਉਸ ਨੂੰ ਆਪਣੀ ਗੱਲ ਕਹਿਣ ਲਈ ਸਿੱਖ ਵਿਦਵਾਨਾਂ ਵਾਂਗੂ ਮੁਲੰਮੇ ਦੀ ਕੋਈ ਜ਼ਰੂਰਤ ਨਹੀਂ

***(ਬਾਕੀ ਅਗਲੇ ਸਫੇ 'ਤੇ)***

# ਹਰਮਿੰਦਰ ਸਿੰਘ ਸੰਧੂ ਦਾ ਕਤਲ ਤੇ ਅਜਮੇਰ ਸਿੰਘ ਦੀ 'ਇਤਿਹਾਸਕਾਰੀ'

(ਪਿਛਲੇ ਸਫੇ ਦੀ ਬਾਕੀ)

ਭਾਸਦੀ ਸਗੋਂ ਉਹ ਉਹਨੀਂ ਦਿਨੀਂ ਹੋ ਰਹੇ ਕਤਲਾਂ ਤੇ ਸ਼ਹੀਦੀਆਂ ਬਾਰੇ ਸਾਫ-ਸਾਫ ਸ਼ਬਦਾਂ ਵਿਚ ਗੱਲ ਕਰਦਾ ਹੈ ਜੋ ਉਹਨਾਂ ਸਮਿਆਂ ਵਿਚ ਪਿੰਡਾਂ ਦੀਆਂ ਸੱਥਾਂ ਵਿਚ ਆਮ ਪ੍ਰਚਲਤ ਸਨ। ਉਨ੍ਹਾਂ ਦੀ ਇੰਟਰਵਿਊ ਦੇ ਕੁਝ ਅਹਿਮ ਨੁਕਤੇ ਇਸ ਤਰ੍ਹਾਂ ਹਨ:

ਸੰਤ ਭਿੰਡਰਾਂਵਾਲਿਆਂ ਦੀ ਸੰਘਰਸ਼ ਬਾਰੇ ਕੋਈ ਯੋਜਨਾ ਨਹੀਂ ਸੀ। ਜੂਨ 84 ਵਿਚ ਬਲਿਊ ਸਟਾਰ ਮੌਕੇ ਦਰਬਾਰ ਸਾਹਿਬ ਵਿਚ ਬੈਠ ਕੇ ਲੜਾਈ ਲੜਨ ਦੀ ਕੋਈ ਤੁਕ ਨਹੀਂ ਬਣਦੀ ਸੀ। ਜਿਹੜੇ (ਅਜਮੇਰ ਸਿੰਘ ਵਰਗੇ) ਕਹਿੰਦੇ ਹਨ ਕਿ ਖਾੜਕੂ ਜੂਨ 84 ਵਿਚ ਦਰਬਾਰ ਸਾਹਿਬ ਵਿਚੋਂ ਅਗਲੀ ਲੜਾਈ ਲੜਨ ਲਈ ਬਾਹਰ ਨਿਕਲ ਗਏ ਸਨ, ਬਿਲਕੁਲ ਗਲਤ ਹੈ। ਇਹ ਲੜਾਈ ਪਹਿਲੇ ਦਿਨ ਤੋਂ ਬਿਨਾ ਸੋਚੇ-ਸਮਝੇ ਤੇ ਬਿਨਾ ਕਿਸੇ ਯੋਜਨਾ ਦੇ ਚੱਲ ਰਹੀ ਸੀ। ਉਨ੍ਹਾਂ ਅਨੁਸਾਰ 1983 ਦੇ ਅਖੀਰ ਵਿਚ ਟਕਸਾਲ ਦੇ ਸਿੰਘਾਂ ਅਤੇ ਬੱਬਰਾਂ ਵਿਚ ਟਕਰਾਅ ਇਤਨਾ ਵਧ ਗਿਆ ਸੀ ਕਿ ਸੰਤਾਂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਗਈ ਸੀ। ਜੇ ਸੰਤ ਦਸੰਬਰ 1983 ਵਿਚ ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖਤ 'ਤੇ ਨਾ ਜਾਂਦੇ ਤਾਂ ਇਨ੍ਹਾਂ ਨੇ ਆਪਸ ਵਿਚ ਲੜ ਕੇ ਹੀ ਮਰ ਜਾਣਾ ਸੀ ਅਤੇ 84 ਵਾਲਾ ਭਾਣਾ ਵਾਪਰਨਾ ਹੀ ਨਹੀਂ ਸੀ। 1984 ਤੋਂ ਬਾਅਦ ਵੀ ਸੰਘਰਸ਼ ਸਬੰਧੀ ਕੋਈ ਯੋਜਨਾ ਨਹੀਂ ਸੀ। ਇਹ ਸਿਰਫ ਮਾਰ-ਧਾੜ ਦੀ ਲੜਾਈ ਸੀ। ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਕਰਨੀ ਹੀ ਗਲਤ ਸੀ। ਮੈਂ ਇਹ ਸਵਾਲ ਉਸ ਸਮੇਂ ਜਨਰਲ ਸੁਬੇਗ ਸਿੰਘ ਕੋਲ ਉਠਾਇਆ ਸੀ ਕਿ ਇਸ ਨਾਲ ਸਿੱਖਾਂ ਦਾ ਭਾਰੀ ਨੁਕਸਾਨ ਹੋਵੇਗਾ।

ਰਾਜਦੇਵ ਸਿੰਘ ਖਾਲਸਾ ਆਪਣੀ ਗੱਲ ਅੱਗੇ ਤੋਰਦਿਆਂ ਖਾੜਕੂ ਸੰਘਰਸ਼ ਬਾਰੇ ਆਪਣੇ ਨਿੱਜੀ ਤਜਰਬੇ ਆਧਾਰਤ ਅੰਦਰੂਨੀ ਭੇਤਾਂ ਦਾ ਨਵਾਂ ਖੁਲਾਸਾ ਕਰਦੇ ਹੋਏ ਦੱਸਦੇ ਹਨ ਕਿ ਉਸ ਸਮੇਂ ਦੇ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਨੇ ਤਾਂ ਖਾੜਕੂ ਸੰਘਰਸ਼ ਖਤਮ ਕਰਨ ਦੇ ਐਵੇਂ ਨੰਬਰ ਬਣਾ ਲਏ, ਜਦਕਿ ਕਈ ਅਹਿਮ ਖਾੜਕੂ ਤਾਂ ਆਪਸੀ ਧੜੇਬੰਦੀ ਤੇ ਆਪਣੀਆਂ ਠਾਹਰਾਂ ਦੀ ਮੁਖਬਰੀ ਨਾਲ ਮਾਰੇ ਗਏ ਸਨ, ਪੁਲਿਸ ਤਾਂ ਬਾਅਦ ਵਿਚ ਲਾਸ਼ਾਂ ਚੁੱਕ ਕੇ ਕਹਿ ਦਿੰਦੀ ਸੀ ਕਿ ਅਸੀਂ ਖਾੜਕੂ ਮੁਕਾਬਲੇ ਵਿਚ ਮਾਰੇ ਹਨ। ਉਹ ਅੱਗੇ ਇੰਕਸ਼ਾਫ ਕਰਦੇ ਹਨ ਕਿ ਇਹ ਲੜਾਈ ਸ਼ੁਰੂ ਜ਼ਰੂਰ ਪੰਜਾਬ ਦੀਆਂ ਕੁਝ ਸਾਂਝੀਆਂ ਮੰਗਾਂ ਨੂੰ ਲੈ ਕੇ ਹੋਈ ਸੀ ਪਰ ਜਲਦੀ ਹੀ ਆਪ-ਮੁਹਾਰੀ ਲੁੱਟ-ਮਾਰ ਅਤੇ ਹਿੰਸਾ ਵਿਚ ਤਬਦੀਲ ਹੋ ਗਈ ਸੀ। ਇਥੇ ਉਨ੍ਹਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਸੰਤਾਂ ਦੇ ਨਜ਼ਦੀਕੀ ਸੋਢੀ ਦੇ ਕਤਲ ਦਾ ਜ਼ਿਕਰ ਵੀ ਕੀਤਾ ਅਤੇ ਪਿਛੋਂ ਖਾੜਕੂ ਲਹਿਰ ਦੇ ਸਿਖਰ ਸਮੇਂ ਆਪਣੇ ਇਲਾਕੇ ਵਿਚ ਮਾਰੇ ਗਏ ਤਿੰਨ ਅਹਿਮ ਖਾੜਕੂ ਜਰਨੈਲਾਂ-ਡਿੰਪਲ ਸਿੰਘ ਬਰਨਾਲਾ, ਨਾਇਬ ਸਿੰਘ ਰੁੜੇਕੇ ਅਤੇ ਧਰਮ ਸਿੰਘ ਢਿੱਲਵਾਂ ਦੀਆਂ ਸ਼ਹੀਦੀਆਂ ਜਾਂ ਹਤਿਆਵਾਂ ਦਾ ਹਵਾਲਾ ਦਿੱਤਾ ਕਿ ਉਹ ਕਿਵੇਂ ਆਪਸੀ ਰੰਜਿਸ਼ਾਂ ਜਾਂ ਫਿਰੌਤੀਆਂ ਦੀ ਵੰਡ-ਵੰਡਾਈ ਵਿਚ ਮਾਰੇ ਗਏ ਸਨ। ਉਨ੍ਹਾਂ ਅਨੁਸਾਰ ਡਿੰਪਲ ਤੇ ਚਰਨ ਸਿੰਘ ਚੁੰਘ ਨੇ 1 ਕਰੋੜ ਦੀ ਫਿਰੌਤੀ ਲਈ ਸੀ। ਫਿਰੌਤੀ ਦੀ ਵੰਡ ਵਿਚ ਡਿੰਪਲ ਨੇ ਚੁੰਘ ਨੂੰ ਮਾਰ ਦਿੱਤਾ ਸੀ। ਬਾਅਦ ਵਿਚ ਚੁੰਘ ਦੇ ਬੰਦਿਆਂ ਨੇ ਡਿੰਪਲ ਨੂੰ ਮੁਖਬਰੀ ਕਰਕੇ ਮਰਵਾ ਦਿੱਤਾ ਸੀ। ਇਸੇ ਤਰ੍ਹਾਂ ਆਪਸੀ ਰੰਜਿਸ਼ ਵਿਚ ਧਰਮ ਸਿੰਘ ਢਿੱਲਵਾਂ ਨੂੰ ਨੈਬ ਸਿੰਘ ਰੁੜੇਕੇ ਨੇ ਮਾਰ ਦਿੱਤਾ ਸੀ। ਫਿਰ ਨੈਬ ਸਿੰਘ ਨੂੰ ਉਸ ਦੇ ਬੰਦਿਆਂ ਹੀ ਮਾਰ ਦਿੱਤਾ ਸੀ। ਇਸ ਤੋਂ ਅੱਗੇ ਉਹ ਸੁਖਦੇਵ ਸਿੰਘ ਬੱਬਰ ਅਤੇ ਗੁਰਜੰਟ ਸਿੰਘ ਬੁੱਧਸਿੰਘਵਾਲਾ ਦਾ ਹਵਾਲਾ ਦਿੰਦੇ ਹਨ ਕਿ ਸੁਖਦੇਵ ਸਿੰਘ ਬੱਬਰ ਜੋ ਨਾਭੇ ਵਾਲੀਆਂ ਬੀਬੀਆਂ ਨਾਲ ਪਟਿਆਲੇ ਅਰਬਨ ਅਸਟੇਟ ਵਿਚ ਠੇਕੇਦਾਰ ਬਣ ਕੇ ਰਹਿੰਦਾ ਸੀ, ਉਸ ਨੂੰ ਮਰਵਾਉਣ ਲਈ ਬੀਬੀਆਂ ਦੇ ਕਿਸੇ ਨੇੜਲੇ ਰਿਸ਼ਤੇਦਾਰ ਵਲੋਂ ਹੀ ਪੁਲਿਸ ਨੂੰ ਸੂਚਨਾ ਪਹੁੰਚਾਈ ਗਈ ਸੀ। ਜਿੱਥੇ ਲਹਿਰ ਦੇ ਸ਼ੁਰੂ ਵਿਚ ਲੋਕ ਖਾੜਕੂਆਂ ਨੂੰ ਆਪਣੇ ਘਰੀਂ ਠਾਹਰਾਂ ਦਿੰਦੇ ਸਨ, ਬਾਅਦ ਵਿਚ ਖਾੜਕੂਆਂ ਦੀ ਬੇਮੁਹਾਰੀ ਹਿੰਸਾ ਤੋਂ ਬਾਅਦ ਅਤੇ ਪੁਲਿਸ ਦੇ ਵਧੇ ਦਬਾਅ ਕਾਰਨ ਠਾਹਰਾਂ ਦੇਣ ਵਾਲੇ ਹੀ ਖਾੜਕੂਆਂ ਨੂੰ ਫੜਾਉਣ ਜਾਂ ਮਰਵਾਉਣ ਲੱਗੇ ਸਨ। ਬਹੁਤ ਸਾਰੇ ਖਾੜਕੂ ਵੀ ਬਲੈਕ ਕੈਟ ਬਣ ਕੇ ਇਕ ਦੂਜੇ ਨੂੰ ਫੜਾ ਜਾਂ ਮਰਵਾ ਰਹੇ ਸਨ। ਵੱਖ-ਵੱਖ ਇਲਾਕਿਆਂ ਦੇ ਲੋਕ ਉਨ੍ਹਾਂ ਸਮਿਆਂ ਬਾਰੇ ਅਨੇਕਾਂ ਕਿੱਸੇ ਸੁਣਾਉਂਦੇ ਹਨ ਕਿ ਜਿਨ੍ਹਾਂ ਘਰਾਂ ਵਿਚ ਖਾੜਕੂਆਂ ਦੀਆਂ ਠਾਹਰਾਂ ਸਨ, ਉਨ੍ਹਾਂ ਨੇ ਹੀ ਖਾੜਕੂਆਂ ਨੂੰ ਖਾਣੇ ਜਾਂ ਦੁੱਧ ਵਿਚ ਜ਼ਹਿਰ ਦੇ ਕੇ ਮਾਰ ਦਿੱਤਾ ਸੀ, ਬਾਅਦ ਵਿਚ ਪੁਲਿਸ ਨੇ ਮੁਕਾਬਲਾ ਦਿਖਾ ਦਿੱਤਾ।

ਇਸੇ ਤਰ੍ਹਾਂ ਟਾਂਡਾ ਏਰੀਏ ਦੇ ਕਈ ਲੋਕਾਂ ਅਨੁਸਾਰ ਜਨਰਲ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁੱਡੇ ਕਰਾਲੇ ਵਿਚ ਇੱਕ ਠੇਕੇਦਾਰ ਦੀ ਠਾਹਰ 'ਤੇ ਠੇਕੇਦਾਰ ਦੀ ਪਤਨੀ ਕੋਲੋਂ ਦੁੱਧ ਵਿਚ ਨੀਂਦ ਵਾਲਾ ਪਾਊਡਰ ਜ਼ਿਆਦਾ ਪਵਾ ਕੇ ਮਰਵਾ ਦਿੱਤਾ ਸੀ ਤੇ ਬਾਅਦ ਵਿਚ ਮੁਕਾਬਲਾ ਦਿਖਾ ਦਿੱਤਾ ਸੀ। ਇਸ ਤੋਂ ਮਗਰੋਂ ਪਰਮਜੀਤ ਸਿੰਘ ਪੰਜਵੜ ਤੇ ਸਾਥੀਆਂ ਨੇ ਉਸ ਔਰਤ ਨੂੰ ਘਰ ਵਿਚ ਜਾ ਕੇ ਉਸ ਦੀ ਚੁੰਨੀ ਨਾਲ ਗਲ ਘੁੱਟ ਕੇ ਮਾਰ ਦਿੱਤਾ ਸੀ ਅਤੇ ਉਸ ਦਾ ਪਤੀ ਠੇਕੇਦਾਰ ਅਜੇ ਵੀ ਵਿਦੇਸ਼ਾਂ ਵਿਚ ਕਿਤੇ ਨਕਲੀ ਨਾਮ ਹੇਠ ਰਹਿ ਰਿਹਾ ਹੈ। ਇਸੇ ਤਰ੍ਹਾਂ ਦੇ ਮੁਕਾਬਲਿਆਂ ਬਾਰੇ ਬਹੁਤ ਸਾਰੇ ਖੁਲਾਸੇ ਸਾਬਕਾ ਪੁਲਿਸ ਅਧਿਕਾਰੀ ਗੁਰਮੀਤ ਪਿੰਕੀ ਨੇ ਵੀ ਆਪਣੇ ਯੂਟਿਊਬ ਚੈਨਲ 'ਤੇ ਕੀਤੇ ਹਨ। ਗੁਰਜੰਟ ਸਿੰਘ ਬੁੱਧਸਿੰਘਵਾਲਾ ਲੁਧਿਆਣੇ ਮਾਡਲ ਟਾਊਨ ਐਕਸਟੈਂਸ਼ਨ ਵਿਚ ਕਿਸੇ ਸਾਬਕਾ ਫੌਜੀ ਦੇ ਘਰੇ ਰਹਿ ਰਿਹਾ ਸੀ, ਜਿੱਥੇ ਘਰ ਵਾਲਿਆਂ ਹੀ ਫੜਾ ਕੇ ਮਰਵਾ ਦਿੱਤਾ ਸੀ। ਇਸੇ ਤਰ੍ਹਾਂ ਦੀਪੇ ਹੇਰਾਂ ਵਾਲੇ ਨੂੰ ਉਸ ਨੂੰ ਠਾਹਰ ਦੇਣ ਵਾਲੇ ਭਾਗੇ ਸਮਗਲਰ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ ਤੇ ਪੁਲਿਸ ਨੇ ਮੁਕਾਬਲਾ ਦਿਖਾ ਦਿੱਤਾ ਸੀ। ਪ੍ਰਸਿੱਧ ਖਾੜਕੂ ਜਗਰੂਪ ਸਿੰਘ ਕਾਲਖ ਨੂੰ ਵੀ ਆਪਣੇ ਘਰ ਠਾਹਰ ਦੇਣ ਵਾਲੇ ਬਜ਼ੁਰਗ ਨੇ ਜ਼ਹਿਰ ਦੇ ਦਿੱਤਾ ਸੀ। ਧਰਮ ਸਿੰਘ ਕਾਸ਼ਤੀਵਾਲ ਨੂੰ ਮਾਝੇ ਦੇ ਬਦਨਾਮ ਸਮਗਲਰ ਪੰਮੇ ਮਾਂਦੋਕੇ ਨੇ ਜਲੰਧਰ ਆਪਣੇ ਘਰੋਂ ਰਿਕਸ਼ੇ 'ਤੇ ਬਿਠਾ ਕੇ ਤੋਰਿਆ ਅਤੇ ਪਹਿਲਾਂ ਹੀ ਪੁਲਿਸ ਨੂੰ ਦਿੱਤੀ ਇਤਲਾਹ 'ਤੇ ਜਲੰਧਰ ਦੇ ਡੀ.ਆਈ.ਜੀ. ਐਸ.ਐਸ. ਵਿਰਕ ਦੀ ਟੀਮ ਨੇ ਮੁਕਾਬਲੇ ਵਿਚ ਮਾਰ ਦਿੱਤਾ ਸੀ। ਇਸੇ ਤਰ੍ਹਾਂ ਕਿਹਾ ਜਾਂਦਾ ਹੈ ਕਿ ਗੁਰਜੰਟ ਸਿੰਘ ਰਾਜਸਥਾਨੀ ਨੂੰ ਇੰਦਰਾ ਗਾਂਧੀ ਨੂੰ ਮਾਰਨ ਵਾਲੇ ਭਾਈ ਬੇਅੰਤ ਸਿੰਘ ਦੀ ਪਤਨੀ ਬੀਬੀ ਬਿਮਲ ਖਾਲਸਾ ਦੀ ਸੈਕਟਰੀ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ ਜਿਸ ਦੇ ਘਰ ਮੁਹਾਲੀ ਉਹ ਰਹਿੰਦਾ ਸੀ ਤੇ ਪੁਲਿਸ ਨੇ ਮੁਕਾਬਲਾ ਬਣਾ ਲਈ ਸੀ ਕਿ ਕਾਬੂ ਆਉਣ ਤੋਂ ਪਹਿਲਾਂ ਉਸ ਨੇ ਸਾਇਨਾਈਡ ਖਾ ਲਈ ਸੀ। ਪ੍ਰਸਿੱਧ ਖਾੜਕੂ ਮਾਨੋਚਾਹਲ ਨੂੰ ਵੀ ਠਾਹਰ ਵਾਲਿਆਂ ਹੀ ਦੁੱਧ ਵਿਚ ਜ਼ਹਿਰ ਦੇ ਕੇ ਮਾਰ ਦਿੱਤਾ ਸੀ ਤੇ ਪੁਲਿਸ ਨੇ ਮੁਕਾਬਲਾ ਦਿਖਾ ਦਿੱਤਾ ਸੀ। ਇਸ ਤਰ੍ਹਾਂ ਦੇ ਅਨੇਕਾਂ ਕੇਸ ਹਨ ਜਿਨ੍ਹਾਂ ਘਰਾਂ ਵਿਚ ਖਾੜਕੂ ਰਹਿੰਦੇ ਸਨ, ਉਨ੍ਹਾਂ ਪਰਿਵਾਰਾਂ ਨੇ ਹੀ ਖਾੜਕੂਆਂ ਅਤੇ ਪੁਲਿਸ ਤੋਂ ਦੁਖੀ ਹੋ ਕੇ ਅਜਿਹੇ ਕੰਮ ਕੀਤੇ ਸਨ। ਇਥੇ ਵਰਣਨਯੋਗ ਹੈ ਕਿ ਇੱਕ ਸਮੇਂ ਲੋਕ ਹੱਸ ਕੇ ਖਾੜਕੂਆਂ ਨੂੰ ਪਨਾਹਾਂ ਵੀ ਦਿੰਦੇ ਸਨ ਤੇ ਖਾੜਕੂ ਜੁਗਰਾਜ ਸਿੰਘ ਤੂਫਾਨ ਦੇ ਭੋਗ 'ਤੇ ਹਜ਼ਾਰਾਂ ਲੋਕਾਂ ਦਾ ਇਕੱਠ ਵੀ ਹੁੰਦਾ ਹੈ ਪਰ ਬਾਅਦ ਵਿਚ ਠਾਹਰਾਂ ਦੇਣ ਵਾਲੇ ਲੋਕ ਹੀ ਖਾੜਕੂਆਂ ਵਿਰੁੱਧ ਹੋ ਗਏ ਸਨ ਤਾਂ ਸੈਂਕੜੇ ਵੱਡੇ-ਵੱਡੇ ਖਾੜਕੂ ਮਾਰੇ ਗਏ ਤਾਂ ਸੈਂਕੜੇ ਲੋਕ ਵੀ ਭੋਗਾਂ 'ਤੇ ਨਹੀਂ ਗਏ।

ਰਾਜਦੇਵ ਸਿੰਘ ਖਾਲਸਾ ਆਪਣੀ ਇੰਟਰਵਿਊ ਵਿਚ ਖਾੜਕੂ ਸੰਘਰਸ਼ ਬਾਰੇ ਹੋਰ ਦੱਸਦੇ ਹਨ: 'ਜੇ ਅਜਮੇਰ ਸਿੰਘ ਅਨੁਸਾਰ ਹਰਮਿੰਦਰ ਸਿੰਘ ਸੰਧੂ ਦਾ ਕਤਲ ਇਸ ਲਈ ਜਾਇਜ਼ ਸੀ, ਜਾਂ ਉਹ ਇਸ ਲਈ ਗੱਦਾਰ ਸੀ ਕਿ ਉਸ ਨੇ ਮੌਕੇ ਦੀ ਹਕੂਮਤ ਨਾਲ ਗੱਲਬਾਤ ਕੀਤੀ ਸੀ ਤਾਂ ਉਹ ਕਹਿੰਦੇ ਹਨ ਕਿ ਮੇਰੇ ਸਮੇਤ ਹਰ ਵੱਡੇ ਖਾੜਕੂ ਤੇ ਖਾੜਕੂ ਜਥੇਬੰਦੀਆਂ ਨਾਲ ਸਰਕਾਰ ਦੇ ਵੱਖ-ਵੱਖ ਤਰ੍ਹਾਂ ਦੇ ਅਧਿਕਾਰੀ ਜਾਂ ਮਨਿਸਟਰ ਗੱਲਬਾਤ ਕਰਦੇ ਰਹੇ ਸਨ। ਉਨ੍ਹਾਂ ਅਨੁਸਾਰ ਗੱਲਬਾਤ ਕਰਨ ਨਾਲ ਕੋਈ ਗੱਦਾਰ ਨਹੀਂ ਬਣ ਜਾਂਦਾ। ਉਹ ਕਹਿੰਦੇ ਹਨ ਕਿ ਖਾੜਕੂ ਗੁਰਬਚਨ ਸਿੰਘ ਮਾਨੋਚਾਹਲ ਦੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨਾਲ ਇੱਕ ਵਾਰ ਵਿਚੋਲਿਆਂ ਦੇ ਸਹਿਯੋਗ ਨਾਲ 2-3 ਘੰਟੇ ਸਿੱਧੀ ਗੱਲਬਾਤ ਹੋਈ ਸੀ ਪਰ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਉਹ ਸਰਕਾਰ ਨਾਲ ਮਿਲਿਆ ਹੋਇਆ ਸੀ। ਖਾਲਸਾ ਅਨੁਸਾਰ ਖਾੜਕੂ ਲਹਿਰ ਦੌਰਾਨ ਦਮਦਮੀ ਟਕਸਾਲ, ਅਧੋ-ਧਾਪੀ ਅਤੇ ਸਾਜ਼ਿਸ਼ਾਂ ਦਾ ਅੱਡਾ ਬਣ ਚੁੱਕੀ ਸੀ। ਬੰਦੇ ਮਾਰਨੇ ਖਾੜਕੂਆਂ ਦਾ ਸ਼ੌਕ ਬਣ ਚੁੱਕਾ ਸੀ। ਉਸ ਅਨੁਸਾਰ ਅੱਜ ਦੀ ਤਾਲਿਬਾਨ ਲਹਿਰ ਉਸ ਸਮੇਂ ਦੀ ਖਾੜਕੂ ਲਹਿਰ ਨਾਲੋਂ ਕਿਤੇ ਵੱਧ ਸਿਆਣੀ ਤੇ ਵੱਧ ਅਨੁਸ਼ਾਸਨ ਵਾਲੀ ਲਹਿਰ ਹੈ। ਖਾੜਕੂ ਲਹਿਰ ਆਪੇ ਤੋਂ ਬਾਹਰ ਸੀ, ਬਿਨਾ ਕਸੂਰ ਜਾਂ ਸ਼ੱਕ ਦੇ ਆਧਾਰ 'ਤੇ ਨਾ ਸਿਰਫ ਆਮ ਲੋਕ ਹੀ ਮਾਰੇ ਜਾ ਰਹੇ ਸਨ ਸਗੋਂ ਖਾੜਕੂ ਆਪਣੇ ਸਾਥੀਆਂ ਨੂੰ ਵੀ ਮਾਰ ਰਹੇ ਸਨ।

ਸਾਬਕਾ ਐਮ.ਪੀ. ਰਾਜਦੇਵ ਸਿੰਘ ਖਾਲਸਾ ਅਨੁਸਾਰ ਹਰਮਿੰਦਰ ਸਿੰਘ ਸੰਧੂ ਦੀ ਵਿਦਵਤਾ ਹੀ ਉਸ ਦੇ ਕਤਲ ਦਾ ਕਾਰਨ ਬਣੀ ਸੀ। ਉਨ੍ਹਾਂ ਅਨੁਸਾਰ ਸੰਧੂ ਦੀ ਜੇਲ੍ਹ ਤੋਂ ਰਿਹਾਈ ਬਾਅਦ ਰਾਜਦੇਵ ਸਿੰਘ ਹੀ ਸੰਗਰੂਰ ਤੋਂ ਅੰਮ੍ਰਿਤਸਰ ਤੱਕ ਹਜ਼ਾਰਾਂ ਲੋਕਾਂ ਦੇ ਜਲੂਸ ਵਿਚ ਸੰਧੂ ਨੂੰ ਦਰਬਾਰ ਸਾਹਿਬ ਲੈ ਕੇ ਗਿਆ ਸੀ ਜਿਸ ਤੋਂ ਉਸ ਦੀ ਲੋਕਪ੍ਰਿਯਤਾ ਦਾ ਪਤਾ ਲਗਦਾ ਹੈ। ਸਾਰੇ ਖਾੜਕੂ ਸਰਕਾਰ ਨਾਲ ਗੱਲਬਾਤ ਲਈ ਸੰਪਰਕ ਵਿਚ ਸਨ, ਸਭ ਨੂੰ ਡਰ ਸੀ ਕਿ ਕਿਤੇ ਦੂਜਾ ਗਰੁੱਪ ਜਿੱਤ ਸਿਹਰਾ ਨਾ ਬੰਨ੍ਹ ਲਵੇ। ਉਨ੍ਹਾਂ ਅਨੁਸਾਰ ਜਿਥੇ ਖਾੜਕੂਵਾਦ ਹੋ ਗਿਆ, ਉਥੇ ਗੱਲਬਾਤ ਹੋ ਹੀ ਨਹੀਂ ਸਕਦੀ। ਸੰਧੂ ਦਾ ਕਤਲ ਖਾਲਿਸਤਾਨ ਦੇ ਵਿਚਾਰ ਦਾ ਕਤਲ ਸੀ। ਉਹ ਅੱਗੇ ਦੱਸਦੇ ਹਨ ਕਿ ਉਨ੍ਹਾਂ ਨੂੰ 1988 ਵਿਚ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਤੇ ਉਸ ਦੇ ਸਾਥੀ ਜਥੇਦਾਰਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਕੋਲ ਵਿਚੋਲਗੀ ਦਾ ਮੌਕਾ ਵੀ ਮਿਲਿਆ ਸੀ ਤਾਂ ਉਨ੍ਹਾਂ ਬਾਬਾ ਠਾਕੁਰ ਸਿੰਘ ਦੀ ਲਿਖਤੀ ਆਗਿਆ ਤੋਂ ਬਗੈਰ ਇਸ ਤਰ੍ਹਾਂ ਦਾ ਕੋਈ ਪੰਗਾ ਲੈਣ ਦੀ ਨਾਂਹ ਕਰ ਦਿੱਤੀ। ਫਿਰ ਉਨ੍ਹਾਂ ਦੀ ਮੰਗ 'ਤੇ ਟਕਸਾਲ ਦੇ ਪੰਜ ਮੋਹਤਬਰ ਸਿੰਘਾਂ ਦੀ ਹਾਜ਼ਰੀ ਵਿਚ ਬਾਬਾ ਜੀ ਦੇ ਦਸਤਖਤਾਂ ਵਾਲੀ ਚਿੱਠੀ ਲਈ ਗਈ ਜਿਸ ਵਿਚ ਉਨ੍ਹਾਂ ਜਥੇਦਾਰਾਂ ਦੀ ਰਿਹਾਈ ਲਈ ਸਹਿਮਤੀ ਦਿੱਤੀ ਸੀ। ਉਸ ਚਿੱਠੀ ਦੇ ਆਸਰੇ ਉਨ੍ਹਾਂ ਦੀ ਰਿਹਾਈ ਸੰਭਵ



ਪ੍ਰੀਤਮ ਸਿੰਘ ਕੁਮੇਦਾਨ



ਰਾਜਦੇਵ ਸਿੰਘ ਖਾਲਸਾ

ਹੋਈ, ਕਿਉਂਕਿ ਉਸ ਵਕਤ ਸਰਕਾਰ ਕਿਸੇ ਵੀ ਢੰਗ ਨਾਲ ਖਾੜਕੂਆਂ ਨਾਲ ਗੱਲਬਾਤ ਰਾਹੀਂ ਕੋਈ ਰਾਹ ਲੱਭਣਾ ਚਾਹੁੰਦੀ ਸੀ ਪਰ ਪੰਜ ਸਿੰਘ ਸਾਹਿਬਾਨ ਦੀ ਰਿਹਾਈ ਤੋਂ ਪਹਿਲਾਂ ਹੀ ਟਕਸਾਲ ਦੇ ਅੰਦਰੋਂ ਹੀ ਕੁਝ ਆਪ ਹੁਦਰੇ 'ਗੁਰਮੁਖਾਂ' ਨੇ ਅਖਬਾਰਾਂ ਵਿਚ ਬਿਆਨ ਲਗਵਾ ਦਿੱਤਾ ਕਿ ਸਾਡਾ ਰਾਜਦੇਵ ਸਿੰਘ ਨਾਲ ਕੋਈ ਸਬੰਧ ਨਹੀਂ ਪਰ ਰਾਜਦੇਵ ਸਿੰਘ ਦੇ ਦੱਸਣ ਅਨੁਸਾਰ, ਉਹ ਬਾਬਾ ਜੀ ਦੀ ਚਿੱਠੀ ਦੀ ਕਾਪੀ ਲੈ ਕੇ 'ਪੰਜਾਬੀ ਟ੍ਰਿਬਿਊਨ' ਵਿਚ ਆਪਣੇ ਮਿੱਤਰ ਐਡੀਟਰ ਹਰਭਜਨ ਹਲਵਾਰਵੀ ਕੋਲ ਜਾ ਪਹੁੰਚਾ ਤੇ ਉਸ ਨੇ ਇੰਨ-ਬਿੰਨ ਚਿੱਠੀ ਛਾਪ ਦਿੱਤੀ, ਫਿਰ ਉਹ ਅਖਬਾਰ ਲੈ ਕੇ ਬਾਬਾ ਜੀ ਕੋਲ ਟਕਸਾਲ ਦੇ ਹੈੱਡਕੁਆਰਟਰ ਮਹਿਤੇ ਮਿਲਣ ਗਏ ਤਾਂ ਟਕਸਾਲ ਵਿਚ ਬੈਠੀਆਂ ਫੌਜਾਂ ਨੇ ਪੱਤਰਕਾਰਾਂ ਨੂੰ ਮਿਲਣ ਨਾ ਦੇਣ ਤੋਂ ਪਤਾ ਲਗਦਾ ਹੈ ਕਿ ਉਸ ਮੌਕੇ ਟਕਸਾਲ ਦਾ ਹੈੱਡਕੁਆਰਟਰ ਕਿਸ ਕਿਸਮ ਦੀਆਂ ਸਾਜ਼ਿਸ਼ਾਂ ਦਾ ਅੱਡਾ ਬਣਿਆ ਹੋਇਆ ਸੀ। ਬਾਅਦ ਵਿਚ ਬਾਬਾ ਜੀ ਨੇ ਪੱਤਰਕਾਰਾਂ ਸਾਹਮਣੇ ਮੰਨਿਆ ਕਿ ਉਨ੍ਹਾਂ ਹੀ ਜਥੇਦਾਰਾਂ ਦੀ ਰਿਹਾਈ ਲਈ ਰਾਜਦੇਵ ਸਿੰਘ ਨੂੰ ਚਿੱਠੀ ਦਿੱਤੀ ਸੀ। ਰਾਜਦੇਵ ਸਿੰਘ ਖਾਲਸਾ ਇਸ ਇੰਟਰਵਿਊ ਵਿਚ ਭਾਰਤੀ ਖੁਫੀਆ ਏਜੰਸੀ ਆਈ.ਬੀ. ਦੇ ਸਾਬਕਾ ਜੁਆਇੰਟ ਡਾਇਰੈਕਟਰ ਐਮ.ਕੇ. ਧਰ ਦੀ ਕਿਤਾਬ 'ਖੁੱਲ੍ਹੇ ਭੇਤ' ਦਾ ਵੀ ਹਵਾਲਾ ਦਿੰਦੇ ਹਨ। ਉਨ੍ਹਾਂ ਅਨੁਸਾਰ ਜਦੋਂ ਜਥੇਦਾਰ ਰੋਡੇ ਆਪਣੇ ਸਾਥੀ ਜਥੇਦਾਰਾਂ ਸਮੇਤ ਦਰਬਾਰ ਸਾਹਿਬ ਪਹੁੰਚੇ ਸਨ ਤਾਂ ਖਾੜਕੂ ਜਗੀਰ ਸਿੰਘ, ਨਿਰਵੈਰ ਸਿੰਘ, ਅਮਰੀਕ ਸਿੰਘ ਅਜਨਾਲਾ, ਸੁਰਜੀਤ ਸਿੰਘ ਪੈਂਟਾ ਆਦਿ ਨੇ ਉਨ੍ਹਾਂ ਦੇ ਆਉਣ ਦੀ ਖੁਸ਼ੀ ਦੀ ਆੜ ਵਿਚ ਕੀਤੇ ਜਾਣ ਵਾਲੇ ਫਾਇਰਾਂ ਵਿਚ ਸਾਰੇ ਜਥੇਦਾਰਾਂ ਨੂੰ ਕਤਲ ਕਰਨ ਦੀ ਸਕੀਮ ਬਣਾਈ ਹੋਈ ਸੀ ਜੋ ਪਹਿਲਾਂ ਪਤਾ ਲੱਗਣ 'ਤੇ ਟਲ ਗਈ ਸੀ। ਇਸ ਤੋਂ ਸਪਸ਼ਟ ਸੀ ਕਿ ਖਾੜਕੂ ਉਸ ਵਕਤ ਕਿਸੇ ਨੂੰ ਵੀ ਸ਼ੱਕ ਦੇ ਆਧਾਰ 'ਤੇ ਮਾਰਨ ਨੂੰ ਤਿਆਰ ਰਹਿੰਦੇ ਸਨ। ਖਾਲਸਾ ਜੀ ਇਹ ਵੀ ਦੱਸਦੇ ਹਨ ਕਿ ਸੰਧੂ ਦੇ ਭੋਗ 'ਤੇ ਉਨ੍ਹਾਂ ਨੂੰ ਬਾਬਾ ਠਾਕੁਰ ਸਿੰਘ ਨਾਲ ਗੱਲ ਕਰਨ ਦੇ ਬਹਾਨੇ ਬੁਲਾ ਕੇ ਲੈ ਗਏ ਖਾੜਕੂ ਮਾਰਨ ਲੱਗੇ ਸਨ, ਜਦੋਂ ਉਹ ਬਾਬਾ ਠਾਕੁਰ ਸਿੰਘ ਅੱਗੇ ਸਤਿਕਾਰ ਵਜੋਂ ਝੁਕਣ ਲੱਗੇ ਸਨ ਤਾਂ ਮੌਕੇ 'ਤੇ ਉਨ੍ਹਾਂ ਦੇ ਅੰਗ ਰੱਖਿਅਕਾਂ ਨੇ ਉਨ੍ਹਾਂ ਨੂੰ ਬਚਾ ਲਿਆ ਸੀ। ਜੇ ਉਹ ਮੇਰੇ ਵਰਗੇ ਸੰਤ ਜੀ ਦੇ ਸਾਥੀ ਅਤੇ ਖਾੜਕੂਆਂ ਦੇ ਸਮਰਥਕ ਤੇ ਲੱਖਾਂ ਲੋਕਾਂ ਵਲੋਂ ਚੁਣੇ ਹੋਏ ਨੁਮਾਇੰਦੇ ਦਾ ਬਿਨਾ ਕਿਸੇ ਕਾਰਨ ਕਤਲ ਕਰਨ ਲਈ ਤਿਆਰ ਸਨ ਤਾਂ ਉਹ ਕੁਝ ਵੀ ਕਰ ਸਕਦੇ ਸਨ। ਉਨ੍ਹਾਂ ਅਨੁਸਾਰ ਖਾੜਕੂਆਂ ਵਲੋਂ 1989 ਦੀਆਂ ਚੋਣਾਂ ਵਿਚ ਜਿੱਤੇ ਐਮ.ਪੀ. ਜਥੇਦਾਰ ਜਗਦੇਵ ਸਿੰਘ ਖੁੱਡੀਆ ਅਤੇ ਕਈ ਫੈਡਰੇਸ਼ਨ ਆਗੂਆਂ ਦੇ ਕਤਲ ਵੀ ਇਵੇਂ ਹੀ ਹੋਏ ਸਨ।'

ਪਿਛਲੇ ਸਮੇਂ ਵਿਚ ਖਾੜਕੂ ਸੰਘਰਸ਼ ਨਾਲ ਜੁੜੇ ਰਹੇ ਅਨੇਕਾਂ ਸਾਬਕਾ ਖਾੜਕੂ, ਸੰਘਰਸ਼ ਬਾਰੇ ਬੇਬਾਕ ਖੁਲਾਸੇ ਕਰ ਰਹੇ ਹਨ। ਜਦੋਂ ਸੰਤ ਭਿੰਡਰਾਂਵਾਲਿਆਂ ਦੇ ਨਜ਼ਦੀਕੀ ਤੇ ਖਾੜਕੂ ਸੰਘਰਸ਼ ਦੇ ਸਿਧਾਂਤਕ ਹਮਾਇਤੀ ਰਹੇ ਮਰਹੂਮ ਦਲਬੀਰ ਸਿੰਘ, ਕਰਮਜੀਤ ਸਿੰਘ, ਸੁਖਦੇਵ ਸਿੰਘ ਆਦਿ ਵਰਗੇ ਟ੍ਰਿਬਿਊਨ ਅਦਾਰੇ ਦੇ ਸੀਨੀਅਰ ਪੱਤਰਕਾਰ ਅਤੇ ਅਜਮੇਰ ਸਿੰਘ ਤੇ ਉਨ੍ਹਾਂ ਵਰਗੇ ਹੋਰ ਨਵੇਂ ਉਠੇ ਵਿਆਖਿਆਕਾਰ ਖਾੜਕੂ ਸੰਘਰਸ਼ ਬਾਰੇ ਜੋ ਆਭਾ-ਮੰਡਲ ਸਿਰਜਦੇ ਹਨ, ਉਸ ਬਾਰੇ ਰਾਜਦੇਵ ਸਿੰਘ ਜਾਂ ਹਰਦੀਪ ਸਿੰਘ ਡਿਬਡਿਬਾ ਵਰਗਿਆਂ ਵਲੋਂ ਕੀਤੇ ਜਾ ਰਹੇ ਪ੍ਰਗਟਾਵੇ, ਉਨ੍ਹਾਂ ਵਲੋਂ ਸਿਰਜੇ ਜਾ ਰਹੇ ਬਿਰਤਾਂਤਾਂ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਖੜ੍ਹਾ ਕਰਦੇ ਹਨ। ਗੁਰਤੇਜ ਸਿੰਘ ਵਲੋਂ ਅਜਮੇਰ ਸਿੰਘ ਨੂੰ ਕੀਤੇ ਸਵਾਲਾਂ ਤੋਂ ਬਾਅਦ ਡਾ. ਗੁਰਦਰਸ਼ਨ ਸਿੰਘ ਢਿੱਲੋਂ ਵਲੋਂ ਜਿਸ ਤਰ੍ਹਾਂ ਦੇ ਨਿੱਜੀ ਇਲਜ਼ਾਮ ਗੁਰਤੇਜ ਸਿੰਘ 'ਤੇ ਲਗਾਏ ਹਨ, ਉਸ ਤੋਂ ਇਨ੍ਹਾਂ ਵਿਦਵਾਨਾਂ ਦੀ ਸਮਝ ਦਾ ਮਿਆਰ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਰਹਿੰਦੀ। ਅਸੀਂ ਚਾਹੁੰਦੇ ਹਾਂ ਕਿ ਜੇ ਇਹ ਲੋਕ ਪੰਜਾਬ ਅਤੇ ਸਿੱਖਾਂ ਦਾ ਭਲਾ ਚਾਹੁੰਦੇ ਹਨ ਤਾਂ ਇਮਾਨਦਾਰੀ ਨਾਲ ਆਪਣੀ ਲਹਿਰ ਦਾ ਵਿਸ਼ਲੇਸ਼ਣ ਕਰਨ। ਜਿਸ ਖਾਲਿਸਤਾਨ ਦੇ ਸੰਕਲਪ ਨੂੰ ਲੈ ਕੇ ਪਿਛਲੇ ਸਮੇਂ ਵਿਚ ਹਜ਼ਾਰਾਂ ਲੋਕ (ਇਨ੍ਹਾਂ ਅਨੁਸਾਰ ਲੱਖਾਂ) ਦੋਨਾਂ ਪਾਸਿਆਂ ਤੋਂ ਮਰੇ ਹਨ, ਉਸ ਖਾਲਿਸਤਾਨ ਬਾਰੇ ਲੋਕਾਂ ਨੂੰ ਕੁਝ ਤਾਂ ਸਪਸ਼ਟ ਕਰਨ ਕਿ ਇਨ੍ਹਾਂ ਦਾ ਖਾਲਿਸਤਾਨ ਕਿਹੋ ਜਿਹਾ ਹੋਵੇਗਾ। ਆਧੁਨਿਕ ਸੰਸਾਰ ਸਿਆਸਤ ਅਨੁਸਾਰ, ਇਨ੍ਹਾਂ ਕੋਲ ਕਿਸ ਤਰ੍ਹਾਂ ਦਾ ਆਰਥਕ ਮਾਡਲ ਹੋਵੇਗਾ? ਕੀ ਇਸ ਨਵੇਂ ਦੇਸ਼ ਵਿਚ ਰਾਜਨੀਤੀ ਦਾ ਲੋਕਤੰਤਰੀ, ਧਰਮ ਆਧਾਰਿਤ ਡਿਕਟੇਟਰਸ਼ਿਪ ਜਾਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਜਵਾੜਾਸ਼ਾਹੀ ਰਾਜ ਹੋਵੇਗਾ? ਸਿੱਖਾਂ ਤੋਂ ਇਲਾਵਾ ਪੰਜਾਬ ਵਿਚ ਦੋ ਮੁੱਖ ਫਿਰਕਿਆਂ ਹਿੰਦੂਆਂ ਤੇ ਦਲਿਤਾਂ (ਜਿਨ੍ਹਾਂ ਦੀ ਗਿਣਤੀ 65% ਹੈ) ਦੇ ਨਾਲ-ਨਾਲ ਸਿੱਖਾਂ ਵਿਚਲੇ ਨਾਮਧਾਰੀਆਂ, ਰਾਧਾ ਸਵਾਮੀਆਂ, ਨਿਰੰਕਾਰੀਆਂ, ਕਾਮਰੇਡਾਂ ਆਦਿ ਅਨੇਕਾਂ ਘੱਟ-ਗਿਣਤੀ ਫਿਰਕਿਆਂ ਦਾ ਇਸ ਕਲਪੇ ਜਾਂਦੇ ਖਾਲਿਸਤਾਨ ਵਿਚ ਕੀ ਭਵਿੱਖ ਹੋਵੇਗਾ? ਜੇ ਸਿੱਖਾਂ ਤੋਂ ਇਲਾਵਾ ਪੰਜਾਬ ਵਿਚ ਵਸਦੇ ਬਾਕੀ ਸਾਰੇ ਫਿਰਕਿਆਂ ਨੂੰ ਇਹ ਆਪਣੇ ਵਿਰੋਧੀ ਸਮਝਦੇ ਹਨ ਤਾਂ ਉਹ ਕਿੱਥੇ ਜਾਣਗੇ? ਜੇ ਭਾਰਤ ਤੇ ਖਾਲਿਸਤਾਨ ਦੀ ਵੰਡ ਭਾਰਤ-ਪਕਿਸਤਾਨ ਵੰਡ ਵਾਂਗ ਵਸੋਂ ਦੇ ਤਬਾਦਲੇ ਆਧਾਰਿਤ ਹੋਵੇ ਤਾਂ ਭਾਰਤ ਵਿਚ ਪੰਜਾਬ ਤੋਂ ਬਾਹਰ ਵੱਸਦੇ 60 ਲੱਖ ਸਿੱਖਾਂ ਬਾਰੇ ਇਨ੍ਹਾਂ ਦੀ ਕੀ ਯੋਜਨਾ ਹੈ? 1947 ਦੀ ਵੰਡ ਵੇਲੇ ਪਾਕਿਸਤਾਨ ਵਿਚ ਰਹਿ ਗਏ ਕੁਝ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ 74 ਸਾਲ ਤੋਂ ਅਰਦਾਸ ਕਰਨ ਵਾਲੇ ਖਾਲਸੇ ਕੋਲ ਖਾਲਿਸਤਾਨ ਬਣਨ ਤੋਂ ਬਾਅਦ ਬਾਕੀ ਭਾਰਤ ਵਿਚ ਰਹਿ ਜਾਣ ਵਾਲੇ ਦੋ ਤਖਤਾਂ ਸਮੇਤ ਹਜ਼ਾਰਾਂ ਗੁਰਦੁਆਰਿਆਂ ਲਈ ਕੀ ਯੋਜਨਾ ਹੈ? ਪ੍ਰੀਤਮ ਸਿੰਘ ਕੁਮੇਦਾਨ ਦੇ ਸਵਾਲ ਕਿ ਪੰਜਾਬ ਵਿਚਲੇ ਪਣ-ਬਿਜਲੀ ਵਾਟਰ ਵਰਕਸ ਬਹੁ-ਗਿਣਤੀ ਹਿੰਦੂ ਜ਼ਿਲ੍ਹਿਆਂ (ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਪਠਾਨਕੋਟ, ਫਾਜ਼ਿਲਕਾ, ਆਨੰਦਪੁਰ ਸਾਹਿਬ, ਨੰਗਲ ਆਦਿ) ਕੋਲ ਚਲੇ ਜਾਣ ਦੀ ਸੂਰਤ ਵਿਚ ਪੰਜਾਬ ਦੇ ਪੱਲੇ ਕੀ ਰਹੇਗਾ, ਇਸ ਬਾਰੇ ਕਦੇ ਉਨ੍ਹਾਂ ਸੋਚਿਆ ਹੈ? ਕੀ ਖਾਲਿਸਤਾਨ ਵੀ ਸ਼ਰੀਅਤ ਆਧਾਰਿਤ ਮੁਸਲਮਾਨ ਦੇਸ਼ਾਂ ਵਾਂਗ ਧਰਮ ਆਧਾਰਿਤ ਸਟੇਟ ਹੋਵੇਗੀ ਜਿਥੇ ਹਰ ਇੱਕ ਨੂੰ 'ਸਿੱਖ ਰਹਿਤ ਮਰਿਯਾਦਾ' (ਵੈਸੇ ਮਰਿਯਾਦਾਵਾਂ ਵੀ ਕਈ ਹਨ) ਦਾ ਪਾਲਣ ਕਰਨਾ ਪਵੇਗਾ? ਫਿਰ 90% ਮੋਨੇ ਤੇ ਗੈਰ-ਅੰਮ੍ਰਿਤਧਾਰੀ ਵਿਅਕਤੀ ਖਾਲਿਸਤਾਨ ਵਿਚ ਸਿੱਖ ਹੋਣਗੇ ਜਾਂ ਗੈਰ-ਸਿੱਖ? ਅਜਿਹੇ ਅਨੇਕਾਂ ਸਵਾਲ ਹਨ ਜਿਸ ਦਾ ਕਿਸੇ ਧਿਰ ਵਲੋਂ ਕੋਈ ਜਵਾਬ ਨਹੀਂ ਦਿੱਤਾ ਜਾਂਦਾ, ਸਿਰਫ ਨਾਅਰਿਆਂ ਦੀ ਜਜ਼ਬਾਤੀ ਸਿਆਸਤ ਹੀ ਭਾਰੂ ਹੈ।

ਅਜਮੇਰ ਸਿੰਘ ਆਪਣੇ ਯੂਟਿਊਬ ਚੈਨਲ 'ਸਿੱਖ ਵਿਊ ਪੁਆਇੰਟ' ਤੇ ਆਪਣੀਆਂ ਤਾਜ਼ਾ ਮੁਲਾਕਾਤਾਂ ਵਿਚ ਸਿੱਖ ਖਾੜਕੂ ਸੰਘਰਸ਼ ਬਾਰੇ ਅਨੇਕਾਂ ਬਿਰਤਾਂਤ ਸਿਰਜਦਾ ਹੈ ਪਰ ਉਹ ਅਕਸਰ ਇਸ ਸੰਘਰਸ਼ ਨੂੰ ਉਥੇ ਦੀਆਂ ਜ਼ਮੀਨੀ ਹਕੀਕਤਾਂ ਅਤੇ ਆਧੁਨਿਕ ਸੰਸਾਰ ਦੀਆਂ ਚੁਣੌਤੀਆਂ ਦੇ ਪ੍ਰਸੰਗ ਵਿਚ ਵਿਚਾਰਨ ਦੀ ਥਾਂ ਰੂਹਾਨੀਅਤ ਦੇ ਭਾਰੀ-ਭਰਕਮ ਤੇ ਭੁਲੇਖਾ ਪਾਊ ਸੰਕਲਪਾਂ ਵਿਚ ਉਲਝਾ ਦਿੰਦਾ ਹੈ। ਆਪਣੀ ਤਾਜ਼ਾ ਇੰਟਰਵਿਊ 'ਦੇਸ਼ ਭਗਤੀ ਤੇ ਰਾਸ਼ਟਰਵਾਦ' ਵਿਚ ਉਹ ਪੱਛਮ ਦੇ ਪੂੰਜੀਵਾਦ ਤੇ ਨੈਸ਼ਨਲਿਜ਼ਮ ਦੇ ਮਾਡਲਾਂ ਦੀ ਵਿਆਖਿਆ ਕਰਦਾ, ਜਿਥੇ ਉਸ ਨੂੰ ਮਨੁੱਖਤਾ ਵਿਰੋਧੀ ਕਹਿ ਕੇ ਨਕਾਰਦਾ ਹੈ, ਉਥੇ ਹਿੰਦੂ ਰਾਸ਼ਟਰਵਾਦ ਨੂੰ ਦੁਨੀਆ ਦਾ ਸਭ ਤੋਂ ਨਖਿਧ ਵਰਤਾਰਾ ਦੱਸਦਾ ਹੈ; ਦੂਜੇ ਪਾਸੇ ਉਸੇ ਤਰਜ਼ ਦੇ 'ਸਿੱਖ ਰਾਸ਼ਟਰਵਾਦ' ਦੀ ਵਕਾਲਤ ਕਰਦਾ ਹੈ, ਭਾਵੇਂ ਉਸ ਕੋਲ ਸਿੱਖ ਰਾਸ਼ਟਰਵਾਦ ਦੀ ਵੀ ਕੋਈ ਗੁਰਬਾਣੀ ਆਧਾਰਿਤ ਪਰਿਭਾਸ਼ਾ ਨਹੀਂ ਹੈ? ਇਸੇ ਤਰ੍ਹਾਂ ਆਪਣੇ 'ਸ਼ਹੀਦ ਦੀ ਪਰਿਭਾਸ਼ਾ' ਲੈਕਚਰ ਵਿਚ ਉਹ ਦੁਨੀਆ ਭਰ ਵਿਚ ਆਪਣੀਆਂ ਰਾਜਸੀ ਇੱਛਾਵਾਂ ਦੀ ਪੂਰਤੀ, ਆਪਣੇ ਰਾਸ਼ਟਰਾਂ ਲਈ ਲੜ ਕੇ ਮਰਨ ਵਾਲੇ ਯੋਧਿਆਂ ਨੂੰ 'ਸ਼ਹੀਦ' ਮੰਨਣ ਲਈ ਤਿਆਰ ਨਹੀਂ, ਸਿਰਫ ਧਰਮ ਲਈ ਮਰਨ ਵਾਲਿਆਂ ਨੂੰ ਹੀ ਸ਼ਹੀਦ ਮੰਨਦਾ ਹੈ ਪਰ ਉਸੇ ਵਕਤ ਭਾਰਤ ਦੇ ਭੂਗੋਲਿਕ ਨਕਸ਼ੇ ਵਿਚ ਇੱਕ ਛੋਟੀ ਜਿਹੀ ਸਟੇਟ 'ਪੰਜਾਬ' 'ਤੇ ਸਿਆਸੀ ਕਬਜ਼ਾ ਕਰਨ (ਆਪਣਾ ਸਿੱਖ ਰਾਜ ਬਣਾਉਣ) ਲਈ ਮਰਨ ਵਾਲਿਆਂ ਨੂੰ ਰੂਹਾਨੀਅਤ ਵਿਚ ਲਬਰੇਜ਼ ਕਿਸੇ ਇਲਾਹੀ ਜੋਤ ਨਾਲ ਇੱਕ-ਮਿੱਕ ਹੋ ਕੇ ਲੜਨ ਵਾਲੇ 'ਸ਼ਹੀਦ' ਕਹਿ ਕੇ ਵਡਿਆਉਂਦਾ ਹੈ। ਕਿਨ੍ਹਾਂ ਲੋਕਾਂ ਲਈ ਕੌਣ ਸ਼ਹੀਦ ਹਨ ਜਾਂ ਕੌਣ ਨਹੀਂ ਹਨ, ਇਸ ਦਾ ਫੈਸਲਾ ਉਨ੍ਹਾਂ ਲੋਕਾਂ ਨੇ ਆਪ ਕਰਨਾ ਹੁੰਦਾ ਹੈ ਨਾ ਕਿ ਕਿਸੇ ਵਿਦਵਾਨ ਦੀ ਪਰਿਭਾਸ਼ਾ ਵਿਚ ਫਿੱਟ ਆਉਣ ਵਾਲਾ ਹੀ 'ਸ਼ਹੀਦ' ਹੋ ਸਕਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਜੇ ਵੱਧ 'ਸ਼ਹੀਦ' ਕਰਾਉਣ ਨਾਲ ਕੁਝ ਪ੍ਰਾਪਤ ਹੁੰਦਾ ਤਾਂ ਨੌਜਵਾਨਾਂ ਨੂੰ 'ਸ਼ਹੀਦੀ ਸਬਕ' ਪੜ੍ਹਾਉਣ ਤੋਂ ਪਹਿਲਾਂ ਕਸ਼ਮੀਰ, ਨਾਗਾਲੈਂਡ, ਸ੍ਰੀ ਲੰਕਾ, ਸੀਰੀਆ, ਇਰਾਨ-ਇਰਾਕ ਜੰਗ, ਰਵਾਂਡਾ, ਨਾਈਜੀਰੀਆ, ਚੇਚਨੀਆ, ਅਫਗਾਨਿਸਤਾਨ, ਸਵਾਤ ਘਾਟੀ ਆਦਿ ਵਿਚ ਮਰੇ ਹਜ਼ਾਰਾਂ ਤੇ ਬੇਘਰ ਹੋਏ ਲੱਖਾਂ ਲੋਕਾਂ ਬਾਰੇ ਪੜ੍ਹ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਲੱਖਾਂ ਲੋਕ ਮਰਵਾ ਕੇ ਕੀ ਮਿਲਿਆ? ਸੀਰੀਆ ਵਿਚ ਇੱਕ ਕਰੋੜ ਤੋਂ ਵੀ ਵੱਧ ਲੋਕ ਬੇਘਰ ਹਨ ਅਤੇ 15-20 ਲੱਖ ਲੋਕ ਕੱਟੜਪੰਥੀ ਧਾਰਮਿਕ ਤੰਗ ਨਜ਼ਰੀਏ ਵਾਲੀ ਸੋਚ ਕਾਰਨ ਮਾਰੇ ਜਾ ਚੁੱਕੇ ਹਨ। ਜਦੋਂ ਸਵਾਤ ਘਾਟੀ (ਪਾਕਿਸਤਾਨ) ਵਿਚ 'ਤਹਿਰੀਕ-ਏ-ਤਾਲਿਬਾਨ ਪਾਕਿਸਤਾਨ' ਦੇ ਬੈਤੁੱਲਾ ਮਹਿਸੂਦ ਉਰਫ ਰੇਡੀਓ ਮੁੱਲਾ ਨੇ 27 ਦਸੰਬਰ, 2007 ਨੂੰ ਬੇਨਜ਼ੀਰ ਭੁੱਟੋ ਦੀ ਹੱਤਿਆ ਤੋਂ ਤੁਰੰਤ ਬਾਅਦ ਹੈਦਰੀ ਝੰਡਾ ਝੁਲਾ ਦਿੱਤਾ ਸੀ ਅਤੇ ਅਗਲੇ ਤਿੰਨ-ਚਾਰ ਸਾਲ ਪੂਰੇ ਪਾਕਿਸਤਾਨ ਵਿਚ ਕਤਲੋਗਾਰਤ ਮਚਾਈ ਰੱਖੀ ਸੀ ਤੇ ਲਾਹੌਰ ਵਿਚਲਾ ਆਈ.ਐਸ.ਆਈ. ਦਾ ਹੈੱਡਕੁਆਰਟਰ ਉਡਾ ਦਿੱਤਾ ਸੀ, ਉਸ ਵਕਤ ਪਾਕਿਸਤਾਨੀ ਫੌਜ ਤੇ ਟੀ.ਟੀ.ਪੀ. ਦੀ ਲੜਾਈ ਵਿਚ 60 ਹਜ਼ਾਰ ਤੋਂ ਵੱਧ ਬੰਦੇ ਮਰੇ ਸਨ ਅਤੇ ਲੱਖਾਂ ਲੋਕ ਅਜੇ ਤੱਕ ਬੇਘਰ ਹਨ। ਇਥੇ 'ਸਿੱਖ ਰਾਜ' ਦੇ ਸਿਧਾਂਤਕ ਵਿਆਖਿਆਕਾਰ ਸਿਰਦਾਰ ਕਪੂਰ ਸਿੰਘ ਦੀਆਂ ਇਹ ਲਾਈਨਾਂ ਵੀ ਪੜ੍ਹ ਲੈਣੀਆਂ ਵਾਜਿਬ ਹੋਣਗੀਆਂ ਜਿਸ ਵਿਚ ਉਹ ਕਹਿੰਦੇ ਹਨ: "ਹੁਣ ਸਿਰ ਦੇਣ ਦਾ ਨਹੀਂ, ਸਿਰ ਵਰਤਣ ਦਾ ਸਮਾਂ ਹੈ। ਜੇ ਸਿਰ ਦੇਣ ਨਾਲ ਦੇਸ਼ ਬਣਦੇ ਹੁੰਦੇ ਤਾਂ ਰੋਜ਼ਾਨਾ ਲੱਖਾਂ ਬੱਕਰੇ ਬਲੀ ਦਿੰਦੇ ਹਨ, ਫਿਰ ਤਾਂ ਕਈ 'ਬਕਰਸਤਾਨ' ਬਣ ਚੁੱਕੇ ਹੁੰਦੇ?"

ਇਸੇ ਤਰ੍ਹਾਂ ਦੇ ਅੰਤਰ-ਵਿਰੋਧ ਅਜਮੇਰ ਸਿੰਘ ਦੀਆਂ ਕਿਤਾਬਾਂ ਵਿਚ ਵੀ ਬਹੁਤ ਮਿਲਦੇ

(ਬਾਕੀ ਅਗਲੇ ਸਫੇ 'ਤੇ)

# ਹਰਮਿੰਦਰ ਸਿੰਘ ਸੰਧੂ ਦਾ ਕਤਲ ਤੇ ਅਜਮੇਰ ਸਿੰਘ ਦੀ 'ਇਤਿਹਾਸਕਾਰੀ'

*(ਸਫਾ 17 ਦੀ ਬਾਕੀ)*

ਹਨ। ਜਿਸ ਤਰ੍ਹਾਂ ਉਹ ਆਪਣੀ ਕਿਤਾਬ 'ਤੀਜੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਦੇ ਚੈਪਟਰ 7 'ਗਿਆਨ ਦੇ ਮਾਰਗ ਦਾ ਸੱਚ ਕੀ ਹੈ' ਦੇ ਪੰਨਾ 237 ਤੇ ਲਿਖਦਾ ਹੈ: "ਉਦਾਰਵਾਦੀ ਫਲਸਫਾ, ਕਮਿਊਨਿਸਟ ਫਲਸਫਾ, ਨਾਜ਼ੀਵਾਦ, ਫਾਸ਼ੀਵਾਦ, ਈਸਾਈਅਤ, ਇਸਲਾਮ, ਬ੍ਰਾਹਮਣਵਾਦ- ਇਨ੍ਹਾਂ ਸਾਰਿਆਂ ਦੀ ਇੱਕ ਗੱਲ ਸਾਂਝੀ ਹੈ। ਇਹ ਸਾਰੇ ਹੀ ਮੂਲ ਖਾਸੇ ਪੱਖੋਂ ਇਕਤਾਵਾਦੀ (ਇੱਕ ਸ਼ਕਤੀ ਨੂੰ ਮੰਨਣ ਵਾਲੇ), ਸ੍ਰਿਸ਼ਟੀ ਦੇ ਨਿਯਮਾਂ ਦੇ ਵਿਰੋਧੀ ਹਨ। ਇਨ੍ਹਾਂ ਦੇ ਪੈਰੋਕਾਰਾਂ ਦੇ ਮਨਾਂ ਅੰਦਰ ਵੰਨ-ਸਵੰਨਤਾ ਦੀ ਕਦਰ ਪੈਦਾ ਨਹੀਂ ਹੋ ਸਕਦੀ। ਇਸ ਕਰਕੇ ਇਹ ਇਸ ਮਸਲੇ ਪ੍ਰਤੀ ਖਰੇ ਰੂਪ ਵਿਚ ਸੰਵੇਦਨਸ਼ੀਲ ਨਹੀਂ ਹੋ ਸਕਦੇ। ਖਰੀ ਸੰਵੇਦਨਸ਼ੀਲਤਾ ਦਾ ਆਧਾਰ ਨੈਤਿਕਤਾ ਹੀ ਹੋ ਸਕਦੀ ਹੈ, ਸੋ ਇਹ ਕੋਈ 'ਖੂਨ ਦਾ ਨੁਕਸ' ਨਹੀਂ, ਸਿਧਾਂਤਕ ਅਕੀਦਿਆਂ ਤੇ ਆਦਰਸ਼ਾਂ ਦੇ ਖੋਟ ਦਾ ਮਾਮਲਾ ਹੈ।" ਇਥੇ ਅਜਮੇਰ ਸਿੰਘ ਸਿੱਖ ਫਲਸਫੇ ਦੀ ਉਚਤਾ ਦਰਸਾਉਣ ਲਈ ਦੁਨੀਆ ਭਰ ਦੇ ਸਾਰੇ ਫਲਸਫਿਆਂ ਨੂੰ ਰੱਦ ਕਰਦੇ ਹਨ ਪਰ ਪੱਛਮੀ ਫਲਸਫੇ ਨੂੰ ਰੱਦ ਕਰਨ ਲਈ ਇਸੇ ਕਿਤਾਬ ਦੇ ਪੰਨਾ 229 'ਤੇ ਅਜਮੇਰ ਸਿੰਘ ਨੇ ਅਕਬਰ ਅਹਿਮਦ ਦੀ ਕਿਤਾਬ 'ਪੋਸਟ ਮੌਡਰਨਿਜ਼ਮ ਅਤੇ ਇਸਲਾਮ' ਦੇ ਪੰਨਾ 109 ਦਾ ਹਵਾਲਾ ਦਿੱਤਾ ਹੈ: 'ਇਹ ਸਭਿਅਤਾ (ਪੱਛਮੀ) ਕਿਸੇ ਨੈਤਿਕ ਫਲਸਫੇ ਜਾਂ ਅਸੂਲਾਂ ਦੇ ਸੰਗ੍ਰਹਿ ਆਸਰੇ ਨਹੀਂ ਚੱਲਦੀ। ਇਸਦੀ ਗਤੀਸ਼ੀਲ ਊਰਜਾ ਦਾ ਸੋਮਾ ਵਿਅਕਤੀਵਾਦ ਹੈ।' ਪਰ ਇਸੇ ਕਿਤਾਬ ਅਨੁਸਾਰ ਜਿਸ ਇਸਲਾਮਿਕ ਫਲਸਫੇ ਨੂੰ ਅਜਮੇਰ ਸਿੰਘ ਪੰਨਾ 237 'ਤੇ ਸ੍ਰਿਸ਼ਟੀ ਵਿਰੋਧੀ, ਕੁਦਰਤ ਦੀ ਵੰਨ-ਸਵੰਨਤਾ ਦਾ ਵਿਰੋਧੀ, ਜਿਸ ਦੇ ਸਿਧਾਂਤਕ ਅਕੀਦਿਆਂ ਤੇ ਆਦਰਸ਼ਾਂ ਵਿਚ ਖੋਟ ਦੱਸਦਾ ਹੈ, ਉਸੇ ਕਿਤਾਬ ਵਿਚ ਲੇਖਕ ਅਕਬਰ ਅਹਿਮਦ ਲਿਖਦਾ ਹੈ: 'ਕੁਰਾਨ ਕੋਲ ਹੀ ਯੂਨੀਵਰਸਲ ਵਿਜ਼ਨ ਹੈ, ਕੁਰਾਨ ਸਿਰਫ ਸਾਡੇ ਯੂਨੀਵਰਸ ਬਾਰੇ ਹੀ ਲਗਾਤਾਰ ਗੱਲ ਨਹੀਂ ਕਰਦੀ ਸਗੋਂ ਹੋਰ ਯੂਨੀਵਰਸਾਂ (ਜਿਸ ਬਾਰੇ ਸਾਇੰਸ ਨੂੰ ਅਜੇ ਪਤਾ ਨਹੀਂ) ਬਾਰੇ ਵੀ ਦੱਸਦੀ ਹੈ। ਲੇਖਕ ਅਨੁਸਾਰ ਬਾਕੀਆਂ ਕੋਲ ਤਾਂ ਗਲੋਬਲ ਵਿਊ ਹੈ ਪਰ ਮੁਸਲਮਾਨਾਂ ਕੋਲ ਕੁਰਾਨਿਕ ਯੂਨੀਵਰਸਲ ਵਿਊ ਹੈ। ਪੂਰਬ ਤੇ ਪੱਛਮ ਦੀਆਂ ਦੂਰੀਆਂ ਨੂੰ ਮਿਟਾਉਣ ਲਈ ਕੁਰਾਨਿਕ ਵਿਜ਼ਨ ਹੀ ਕੰਮ ਆ ਸਕਦਾ ਹੈ ਕਿਉਂਕਿ ਇਸ ਕੋਲ ਵੰਨ-ਸਵੰਨਤਾ ਵਾਲਾ ਯੂਨੀਵਰਸਲ ਵਿਜ਼ਨ ਹੈ।' ਸਪੱਸ਼ਟ ਹੈ ਕਿ ਹਰ ਕੋਈ ਆਪਣੇ ਫਲਸਫੇ ਨੂੰ ਹੀ ਮਹਾਨ ਦੱਸਦਾ ਹੈ ਤੇ ਬਾਕੀਆਂ ਨੂੰ ਨਖਿਧ, ਪਰ ਸਵਾਲ ਤਾਂ ਇਹ ਹੈ ਕਿ ਕਿਤਾਬਾਂ ਵਿਚ ਤਾਂ ਸਾਰੇ ਫਲਸਫੇ ਬੜੀਆਂ ਖੂਬਸੂਰਤ ਗੱਲਾਂ ਕਰਦੇ ਹਨ ਤੇ ਬੜੇ ਲੁਭਾਵਣੇ ਸਬਜ਼ਬਾਗ ਵੀ ਦਿਖਾਉਂਦੇ ਹਨ, ਅਸਲ ਗੱਲ ਤਾਂ ਇਹ ਹੈ ਕਿ ਜਦੋਂ ਉਸ ਨੂੰ ਸਮਾਜ 'ਤੇ ਲਾਗੂ ਕਰਨਾ ਹੁੰਦਾ ਹੈ ਤਾਂ ਉਹ ਕਿੱਥੇ ਖੜ੍ਹਦਾ ਹੈ ਜਾਂ ਉਸ ਨੂੰ ਮੰਨਣ ਵਾਲੇ ਕਿੱਥੇ ਖੜ੍ਹਦੇ ਹਨ? ਜਿਸ ਤਰ੍ਹਾਂ ਅਜਮੇਰ ਸਿੰਘ ਇਸੇ ਕਿਤਾਬ ਦੇ ਪੰਨਾ 235 'ਤੇ ਸਿੱਖ ਧਰਮ ਦੀ ਸਰਬਉਚਤਾ ਦਾ ਦਾਅਵਾ ਕਰਦੇ ਫਰਮਾਉਂਦੇ ਹਨ: 'ਸਿੱਖ ਧਰਮ ਦੇ ਸੰਬੰਧ ਵਿਚ ਪੂਰੇ ਮਾਣ ਨਾਲ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਸਿੱਖ ਧਰਮ ਦੇ ਪੰਜ ਸਦੀਆਂ ਦੇ ਫੈਲੇ ਸਮੁੱਚੇ ਇਤਿਹਾਸ ਵਿਚੋਂ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ, ਜਿੱਥੇ ਸਿੱਖ ਸਮੂਹਿਕ ਰੂਪ ਵਿਚ ਅੰਨ੍ਹੀ ਹਿੰਸਾ ਉਤੇ ਉਤਾਰੂ ਹੋ ਗਏ ਹੋਣ ਅਤੇ ਉਨ੍ਹਾਂ ਉਕਾ ਹੀ ਨਿਰਦੋਸ਼ ਲੋਕਾਂ ਉਤੇ ਸਮੂਹਿਕ ਤੌਰ 'ਤੇ ਵਹਿਸ਼ੀ ਜ਼ੁਲਮ ਢਾਹੇ ਹੋਣ।' ਅਜਿਹੀ ਮਾਣ ਅਤੇ ਦਾਅਵੇ ਵਾਲੀ ਸਟੇਟਮੈਂਟ ਲਿਖਣ ਤੋਂ ਤੁਰੰਤ ਬਾਅਦ ਸ਼ਾਇਦ ਉਨ੍ਹਾਂ ਨੂੰ 1947 ਦੇ ਕਤਲੇਆਮ ਦੀ ਯਾਦ ਆ ਗਈ ਤਾਂ ਉਸੇ ਪੰਨੇ 'ਤੇ ਫੁੱਟਨੋਟ ਲਿਖ ਦਿੱਤਾ ਤੇ ਸਿੱਖਾਂ ਨੂੰ ਬਰੀ ਕਰਦੇ ਹੋਏ ਸਾਰਾ ਦੋਸ਼ ਹਿੰਦੂ ਰਾਸ਼ਟਰਵਾਦੀਆਂ ਸਿਰ ਮੜ੍ਹਦੇ ਹੋਏ ਲਿਖਦੇ ਹਨ: '1947 ਦੀ ਵੰਡ ਦੌਰਾਨ ਹੋਏ ਖੂਨ-ਖਰਾਬੇ ਦਾ ਮਾਮਲਾ ਵੱਖਰਾ ਹੈ। ਇਸ ਦਾ ਆਧਾਰ ਧਾਰਮਿਕ ਵੈਰ-ਵਿਰੋਧ ਨਹੀਂ ਬਣਿਆ ਸੀ। ਇਹ ਏਕਾਧਿਕਾਰ-ਮੁਖੀ ਰਾਸ਼ਟਰਵਾਦ (ਹਿੰਦੂ) ਦੀ ਵਿਚਾਰਧਾਰਾ ਤੇ ਰਾਜਨੀਤੀ ਦਾ ਕਰੂਪ ਚਿਹਰਾ ਪ੍ਰਗਟ ਹੋਇਆ ਸੀ।' ਸਵਾਲ ਪੈਦਾ ਹੁੰਦਾ ਹੈ ਕਿ ਜੇ ਬਿਨਾ ਧਾਰਮਿਕ ਵੈਰ-ਵਿਰੋਧ ਦੇ 10 ਲੱਖ ਬੰਦਾ ਮਾਰਿਆ ਜਾ ਸਕਦਾ ਹੈ ਤਾਂ ਫਿਰ ਜਿਨ੍ਹਾਂ ਨਾਲ ਵੈਰ-ਵਿਰੋਧ ਹੋਵੇਗਾ, ਉਨ੍ਹਾਂ ਨਾਲ ਕੀ ਬੀਤੇਗੀ?

ਇਸੇ ਕਿਤਾਬ 'ਤੀਜੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਵਿਚ ਸਿੱਖ ਚਿੰਤਕ ਤੇ ਸਿੱਖ ਸੰਘਰਸ਼ ਦੇ ਸਿਧਾਂਤਕ ਵਿਆਖਿਆਕਾਰ ਪੰਨਾ 224 ਤੇ ਵਿਗਿਆਨ ਤੇ ਵਿਗਿਆਨਕ ਤਰੱਕੀ ਬਾਰੇ ਇਵੇਂ ਲਿਖਦੇ ਹਨ: 'ਸਾਇੰਸ ਤੇ ਟੈਕਨੋਲੋਜੀ ਦੇ ਖੇਤਰ ਵਿਚ ਪੁੱਟੀ ਹਰ ਪੁਲਾਂਘ ਨਾਲ ਮਨੁੱਖੀ ਜੀਵਾਂ ਦੇ ਅਧਿਆਤਮਕ ਰੁਤਬੇ ਵਿਚ ਹੋਰ ਨਿਘਾਰ ਆਇਆ ਹੈ। ਰਵਾਇਤੀ ਸਮਾਜਾਂ ਅੰਦਰ ਦੂਜੇ ਮਨੁੱਖਾਂ ਨੂੰ ਆਪਣੇ ਸਹਿਚਾਰੀ ਹੋਣ ਦੇ ਨਾਤੇ ਸਵੀਕਾਰ ਕਰਨ ਦੀ ਭਾਵਨਾ ਨਾਲ ਦੇਖਿਆ ਜਾਂਦਾ ਸੀ ਪਰ ਆਧੁਨਿਕ ਸਭਿਅਤਾ ਅੰਦਰ ਦੂਜੇ ਮਨੁੱਖਾਂ ਨੂੰ ਸਿਰਫ ਪਦਾਰਥ ਦੇ ਤੌਰ 'ਤੇ ਦੇਖਿਆ/ਸਮਝਿਆ ਜਾਣ ਲੱਗਾ ਹੈ। ਆਤਮ ਲਗਭਗ ਗੈਰ-ਹਾਜ਼ਿਰ ਹੈ।' ਬੇਸ਼ਕ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਇੰਸ ਦੀਆਂ ਕਾਢਾਂ ਨਾਲ ਮਨੁੱਖ ਨੂੰ ਮਿਲੀਆਂ ਸੁੱਖ-ਸਹੂਲਤਾਂ ਪਾਉਣ ਲਈ ਹਰ ਮਨੁੱਖ ਪੈਸੇ ਦੀ ਦੌੜ ਵਿਚ ਹੈ ਪਰ ਸਵਾਲ ਤਾਂ ਇਹ ਹੈ ਕਿ ਮਨੁੱਖ ਸਭਿਅਤਾ ਦੇ ਜਿਸ ਦੌਰ ਵਿਚ ਪਹੁੰਚ ਚੁੱਕਾ ਹੈ, ਕੀ ਉਥੋਂ ਚਾਰ ਪੰਜ ਸੌ ਸਾਲ ਪਿਛੇ ਜਾਇਆ ਜਾ ਸਕਦਾ ਹੈ? ਕੀ ਅੱਜ ਦਾ ਮਨੁੱਖ ਬਹੁਤ ਦੂਰ ਤਾਂ ਕੀ, 100 ਸਾਲ ਪਹਿਲਾਂ ਵਾਲੇ ਜੀਵਨ ਵਿਚ ਜੀਣ ਲਈ ਤਿਆਰ ਹੋ ਸਕਦਾ ਹੈ? ਸਾਡੇ ਪਲੈਨਿਟ 'ਤੇ ਜਿਤਨੀ ਮਨੁੱਖੀ ਆਬਾਦੀ ਹੈ, ਕੀ ਉਸ ਨੂੰ ਸਾਇੰਸ ਦੀਆਂ ਮਸ਼ੀਨਾਂ ਤੋਂ ਬਿਨਾ ਖਾਣ ਲਈ ਦੋ ਵਕਤ ਰੋਟੀ ਵੀ ਦਿੱਤੀ ਜਾ ਸਕਦੀ ਹੈ? ਬੇਸ਼ਕ ਅੱਜ ਆਲਮੀ ਤਪਸ਼ ਅਤੇ ਪ੍ਰਦੂਸ਼ਣ ਸਾਰੀ ਦੁਨੀਆ ਲਈ ਵੱਡੀ ਚੁਣੌਤੀ ਹੈ ਪਰ ਕੀ ਅੱਜ ਦਾ ਮਨੁੱਖ ਧੂੰਆਂ ਛੱਡਣ ਵਾਲੀਆਂ ਕਾਰਾਂ, ਬੱਸਾਂ, ਟਰੇਨਾਂ, ਜਹਾਜ਼ਾਂ ਤੋਂ ਬਿਨਾ ਰਹਿਣਾ ਇੱਕ ਦਿਨ ਵੀ ਚਿਤਵ ਸਕਦਾ ਹੈ? ਸਾਨੂੰ ਅਜਮੇਰ ਸਿੰਘ ਦੇ ਵਿਗਿਆਨ ਦੇ ਵਿਰੋਧ 'ਤੇ ਕੋਈ ਇਤਰਾਜ਼ ਨਹੀਂ ਪਰ ਉਹ ਮਨੁੱਖਤਾ ਸਾਹਮਣੇ ਗੁਰਬਾਣੀ ਜਾਂ ਸਿੱਖ ਫਲਸਫੇ ਆਧਾਰਿਤ ਕੋਈ ਮਾਡਲ ਤਾਂ ਪੇਸ਼ ਕਰਨ। ਉਹ ਅੱਜ ਦੇ ਆਧੁਨਿਕ ਸੰਸਾਰ ਵਿਚ ਲਾਗੂ ਹੋ ਸਕੇਗਾ ਜਾਂ ਨਹੀਂ, ਇਹ ਤਾਂ ਬਾਅਦ ਦਾ ਸਵਾਲ ਹੈ? ਕੀ ਸਾਡੇ ਵਿਗਿਆਨ ਵਿਰੋਧੀ ਵਿਦਵਾਨ ਦੱਸ ਸਕਦੇ ਹਨ ਕਿ ਜੇ ਪ੍ਰਦੂਸ਼ਣ ਜਾਂ ਆਲਮੀ ਤਪਸ਼ ਦੀ ਸਮੱਸਿਆ ਨੂੰ ਹੱਲ ਕਰਨਾ ਹੈ ਤਾਂ ਕੀ ਉਨ੍ਹਾਂ ਦੀ ਰੂਹਾਨੀਅਤ ਫੌਸਿਲ ਫਿਊਲ ਦੀ ਅਨਰਜੀ ਦਾ ਕੋਈ ਹੋਰ ਬਦਲ ਪੇਸ਼ ਕਰ ਸਕਦੀ ਹੈ? ਇਸ ਲਈ ਵੀ ਤਾਂ ਕੰਮ ਵਿਗਿਆਨੀ ਹੀ ਕਰ ਰਹੇ ਹਨ।

ਪਿਛਲੇ ਦਿਨੀਂ ਪੰਜਾਬ ਦੇ ਸਾਬਕਾ ਗਵਰਨਰ ਬੀ.ਡੀ. ਪਾਂਡੇ ਦੀ ਲੜਕੀ ਰਤਨਾ ਐਮ. ਸੁਦਰਸ਼ਨ ਨੇ ਉਨ੍ਹਾਂ ਦੇ ਮਰਨ ਤੋਂ 12 ਸਾਲ ਬਾਅਦ ਉਨ੍ਹਾਂ ਦੀਆਂ ਯਾਦਾਂ ਆਧਾਰਿਤ ਕਿਤਾਬ 'ਇਨ ਦੀ ਸਰਵਿਸ ਆਫ ਫਰੀ ਇੰਡੀਆ' ਛਪਾਈ ਹੈ ਜਿਸ ਵਿਚ ਉਨ੍ਹਾਂ ਦੀਆਂ ਆਪਣੇ ਸਿਆਸੀ ਤੇ ਸਿਵਲ ਸਰਵਿਸਿਜ਼ ਦੇ ਜੀਵਨ ਦੀਆਂ ਯਾਦਾਂ ਹਨ। ਯਾਦ ਰਹੇ, ਬੀ.ਡੀ. ਪਾਂਡੇ ਨੂੰ ਇੰਦਰਾ ਗਾਂਧੀ ਸਰਕਾਰ ਵਲੋਂ ਦਰਬਾਰਾ ਸਿੰਘ ਦੀ ਸਰਕਾਰ ਭੰਗ ਹੋਣ ਤੋਂ ਬਾਅਦ 10 ਅਕਤੂਬਰ, 1983 ਨੂੰ ਪੰਜਾਬ ਦਾ ਗਵਰਨਰ ਲਗਾਇਆ ਸੀ ਤੇ ਉਸ ਨੇ 27 ਜੂਨ, 1984 ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਆਪਣੇ ਪਰਿਵਾਰ ਨੂੰ ਹਦਾਇਤ ਕੀਤੀ ਸੀ ਕਿ ਇਹ ਕਿਤਾਬ ਉਸ ਦੇ ਮਰਨ ਤੋਂ ਘੱਟੋ-ਘੱਟ ਪੰਜ ਸਾਲ ਬਾਅਦ ਛਾਪੀ ਜਾਵੇ। ਉਨ੍ਹਾਂ ਦੀ 2009 ਵਿਚ 92 ਸਾਲ ਦੀ ਉਮਰ ਵਿਚ ਮੌਤ ਤੋਂ 12 ਸਾਲ ਬਾਅਦ ਇਹ ਕਿਤਾਬ ਮਾਰਕੀਟ ਵਿਚ ਆਈ ਹੈ। ਬੀ.ਡੀ. ਪਾਂਡੇ ਦੇ ਗਵਰਨਰ ਕਾਲ ਵਿਚ ਹੀ ਜੂਨ 1984 ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਸਨ। ਇਸ ਕਿਤਾਬ ਵਿਚ ਉਨ੍ਹਾਂ ਜੂਨ 1984 ਦੇ ਘੱਲੂਘਾਰੇ ਲਈ ਬਹੁਤ ਸਾਰੇ ਪੱਖਾਂ ਤੋਂ ਇੰਦਰਾ ਗਾਂਧੀ ਤੇ ਉਸ ਦੀ ਸਰਕਾਰ ਨੂੰ ਦੋਸ਼ੀ ਮੰਨਿਆ ਹੈ। ਉਸ ਨੇ ਇਸ ਵਿਚ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਖਿਚੋਤਾਣ ਨੂੰ ਵੀ ਦੋਸ਼ੀ ਗਰਦਾਨਿਆ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਉਸ ਨੇ ਓਪਰੇਸ਼ਨ ਬਲਿਊ ਸਟਾਰ ਤੋਂ 8-9 ਮਹੀਨੇ ਪਹਿਲਾਂ ਪੰਜਾਬ ਦਾ ਚਾਰਜ ਲਿਆ ਸੀ ਤਾਂ ਇੰਦਰਾ ਗਾਂਧੀ ਅਤਿਵਾਦੀਆਂ ਨੂੰ ਦਰਬਾਰ ਵਿਚੋਂ ਕੱਢਣ ਲਈ ਦ੍ਰਿੜ ਸੀ ਪਰ ਉਹ (ਪਾਂਡੇ) ਦਰਬਾਰ ਸਾਹਿਬ ਕੀਤੀ ਜਾਣ ਵਾਲੀ ਕਾਰਵਾਈ ਤੋਂ ਨਿਕਲਣ ਵਾਲੇ ਨਤੀਜਿਆਂ ਪ੍ਰਤੀ ਚਿੰਤਤ ਸੀ। ਉਸ ਦਾ ਮੰਨਣਾ ਸੀ ਕਿ ਇੰਦਰਾ ਗਾਂਧੀ ਆਪਣੇ ਵਿਰੋਧੀਆਂ ਨੂੰ ਬਰਦਾਸ਼ਤ ਨਹੀਂ ਕਰਦੀ ਸੀ ਤੇ ਪੰਜਾਬ ਵਿਚ ਉਸ ਦੇ ਵਿਰੋਧੀ ਅਕਾਲੀ ਸਨ। ਉਸ ਦਾ ਮੰਨਣਾ ਹੈ ਕਿ ਇਹ ਕਹਿਣਾ ਕਿ ਪੰਜਾਬ ਪੁਲਿਸ ਦੀ ਸੀ.ਆਈ.ਡੀ. ਵਲੋਂ ਫੌਜ ਨੂੰ ਦਰਬਾਰ ਅੰਦਰ ਹਥਿਆਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ (ਜਿਸ ਤਰ੍ਹਾਂ ਜਨਰਲ ਬਰਾੜ ਨੇ ਆਪਣੀ ਕਿਤਾਬ 'ਓਪਰੇਸ਼ਨ ਬਲੂ ਸਟਾਰ: ਏ ਟਰੂ ਸਟੋਰੀ' ਵਿਚ ਕਿਹਾ ਸੀ), ਜਦਕਿ ਉਨ੍ਹਾਂ ਨੂੰ ਹਰ ਛੋਟੇ ਤੋਂ ਵੱਡੇ ਹਥਿਆਰ ਦੀ ਜਾਣਕਾਰੀ ਦਿੱਤੀ ਗਈ ਸੀ। ਇਸ ਕਿਤਾਬ ਬਾਰੇ ਅਜਮੇਰ ਸਿੰਘ ਨੇ ਆਪਣੇ ਯੂਟਿਊਬ ਚੈਨਲ ਉਪਰ 'ਤੀਜੇ ਘੱਲੂਘਾਰੇ ਬਾਰੇ ਤਤਕਾਲੀ ਰਾਜਪਾਲ ਪਾਂਡੇ ਦੇ ਅਹਿਮ ਖੁਲਾਸੇ' ਸਿਰਲੇਖ ਹੇਠਲੀ ਇੰਟਰਵਿਊ ਵਿਚ ਪਾਂਡੇ ਵਲੋਂ ਇੰਦਰਾ ਗਾਂਧੀ ਦੇ ਘੁਮੰਡ ਬਾਰੇ ਕੀਤੀ ਆਲੋਚਨਾ ਦੀ ਇਹ ਕਹਿ ਕੇ ਆਪਣੀ ਪਿੱਠ ਥਾਪੜੀ ਹੈ ਕਿ ਜੋ ਗੱਲ ਅਸੀਂ ਲੰਮੇ ਸਮੇਂ ਤੋਂ ਕਹਿ ਰਹੇ ਸੀ, ਉਹ ਸੱਚ ਸਾਬਿਤ ਹੋਈ ਹੈ। ਪਾਂਡੇ ਨੇ ਤਾਂ ਸੱਚ ਬੋਲ ਦਿੱਤਾ ਅਤੇ ਪੰਜਾਬ ਦਾ ਹਰ ਸੂਝਵਾਨ ਇਨਸਾਨ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਇੰਦਰਾ ਗਾਂਧੀ ਸਰਕਾਰ ਨੇ ਲੋਕਤੰਤਰੀ ਦੇਸ਼ ਵਿਚ ਇਸ ਤਰ੍ਹਾਂ ਦੀ ਕਰੂਰ ਫੌਜੀ ਕਾਰਵਾਈ ਕਰਕੇ ਮੁਜਰਮਾਨਾ ਬੇਵਕੂਫੀ ਕੀਤੀ ਸੀ ਪਰ ਸਵਾਲ ਤਾਂ ਇਹ ਹੈ ਕਿ ਦਰਬਾਰ ਸਾਹਿਬ ਦੇ ਅੰਦਰ ਮੋਰਚਾਬੰਦੀ ਕਰਕੇ ਬੈਠੀਆਂ ਫੌਜਾਂ ਦੇ ਵਾਰਿਸ ਸਾਡੇ ਇਹ ਵਿਦਵਾਨ ਸੱਚ ਕਦੋਂ ਕਬੂਲਣਗੇ ਕਿ ਇੰਦਰਾ ਗਾਂਧੀ ਨੂੰ ਅਜਿਹੀ ਫੌਜੀ ਕਾਰਵਾਈ ਕਰਨ ਲਈ ਮੌਕਾ ਕਿਸ ਨੇ ਮੁਹੱਈਆ ਕਰਾਇਆ ਸੀ? ਇਸ ਨੂੰ ਕਿਵੇਂ ਸਮਝਿਆ ਜਾਵੇ? ਦਰਬਾਰ ਸਾਹਿਬ ਅੰਦਰ ਬੈਠੇ ਬੱਬਰ ਖਾਲਸਾ ਦੇ ਪ੍ਰਮੁੱਖ ਖਾੜਕੂ ਅਨੋਖ ਸਿੰਘ ਬੱਬਰ ਨੇ 35 ਨਿਰੰਕਾਰੀ ਮਾਰਨ ਦੀ ਜ਼ਿੰਮੇਵਾਰੀ ਲੈਂਦੇ ਹੋਏ ਸੰਤ ਭਿੰਡਰਾਂਵਾਲਿਆਂ ਨੂੰ ਚੁਣੌਤੀ ਦਿੱਤੀ ਸੀ ਕਿ ਕਤਲ ਤਾਂ ਅਸੀਂ ਕਰ ਰਹੇ ਹਾਂ ਅਤੇ ਇਹ ਅੰਦਰ ਬੈਠਾ ਹੀਰੋ ਐਵੇਂ ਬਣੀ ਜਾਂਦਾ ਹੈ। ਜੇ ਰਾਜਦੇਵ ਸਿੰਘ ਖਾਲਸਾ ਜਾਂ ਗੁਰਤੇਜ ਸਿੰਘ ਅਨੁਸਾਰ ਸਿੱਖਾਂ ਨੇ ਬਿਨਾ ਵਿਚਾਰੇ ਸੰਘਰਸ਼ ਸ਼ੁਰੂ ਕਰ ਲਏ ਸਨ ਜਾਂ ਵਿਰੋਧੀਆਂ ਦੇ ਜਾਲ ਵਿਚ ਫਸ ਗਏ ਸਨ ਤਾਂ ਹੁਣ ਹੀ ਖਿਆਲੀ ਪਲਾਓ 'ਚੋਂ ਬਾਹਰ ਨਿਕਲ ਕੇ ਕੁਝ ਵਿਚਾਰ ਲੈਣ। ਜਿਸ ਤਰ੍ਹਾਂ ਬੀ.ਡੀ. ਪਾਂਡੇ ਨੇ ਇਸ ਨਵੀਂ ਕਿਤਾਬ ਵਿਚ ਇੰਦਰਾ ਗਾਂਧੀ ਬਾਰੇ ਖਰੀਆਂ ਗੱਲਾਂ ਕੀਤੀਆਂ ਹਨ, ਉਸ ਤੋਂ ਸਿੱਖ ਵਿਦਵਾਨਾਂ ਤੇ ਲੀਡਰਾਂ ਨੂੰ ਖੁਸ਼ ਹੋਣ ਦੀ ਥਾਂ ਕੋਈ ਸਬਕ ਲੈ ਕੇ ਆਪਣੇ ਅੰਦਰ ਵੀ ਝਾਤ ਮਾਰ ਲੈਣੀ ਚਾਹੀਦੀ ਹੈ। ਕੀ ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਲਈ ਸਿਰਫ ਸਰਕਾਰ ਹੀ ਦੋਸ਼ੀ ਸੀ ਜਾਂ ਦਰਬਾਰ ਸਾਹਿਬ ਅੰਦਰ ਵੱਡੇ-ਵੱਡੇ ਹਥਿਆਰ ਰੱਖ ਕੇ ਮੋਰਚਾਬੰਦੀ ਕਰਨ ਵਾਲਿਆਂ ਦਾ ਵੀ ਕੋਈ ਮਾੜਾ-ਮੋਟਾ ਕਸੂਰ ਸੀ? ਜਾਂ ਉਨ੍ਹਾਂ ਲੋਕਾਂ ਦਾ ਵੀ ਥੋੜ੍ਹਾ ਬਹੁਤਾ ਕਸੂਰ ਸੀ ਜਿਨ੍ਹਾਂ ਨੇ ਨਾ ਸਿਰਫ ਦਰਬਾਰ ਸਾਹਿਬ ਦੇ ਅੰਦਰ ਕਤਲ ਕਰਨੇ ਸ਼ੁਰੂ ਕੀਤੇ ਹੋਏ ਸਨ ਸਗੋਂ ਬਾਹਰ ਵੀ ਸਿਆਸੀ ਤੇ ਧਾਰਮਿਕ ਲੀਡਰਾਂ ਦੇ ਨਾਲ-ਨਾਲ ਪੱਤਰਕਾਰਾਂ, ਬੁੱਧੀਜੀਵੀਆਂ ਸਮੇਤ ਬੱਸਾਂ ਵਿਚੋਂ ਲਾਹ ਕੇ ਬੰਦੇ ਮਾਰੇ ਜਾ ਰਹੇ ਸਨ? ਇਥੋਂ ਤੱਕ ਕਿ ਅੰਦਰ ਹਥਿਆਰ ਜਮ੍ਹਾਂ ਕਰਨ ਬਾਰੇ ਆਲੋਚਨਾ ਕਰਨ ਬਦਲੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੂੰ ਘਰੇ ਜਾ ਕੇ ਗੋਲੀਆਂ ਮਾਰ ਦਿੱਤੀਆਂ ਸਨ।

ਕੀ ਇਸ ਸਾਰੀ ਲਹਿਰ ਦੇ ਆਪੇ ਬਣੇ ਵਿਆਖਿਆਕਾਰ ਅਜਮੇਰ ਸਿੰਘ ਬੀ.ਡੀ. ਪਾਂਡੇ ਵਾਂਗ ਵੱਡਾ ਜਿਗਰਾ ਕਰਕੇ ਕਦੇ ਨਿਰਪੱਖਤਾ ਨਾਲ ਧਰਮ ਯੁੱਧ ਮੋਰਚੇ ਦੀ ਆੜ ਵਿਚ ਦਰਬਾਰ ਸਾਹਿਬ ਪਨਾਹ ਲਈ ਬੈਠੇ ਵੱਖ-ਵੱਖ ਖਾੜਕੂ ਧੜਿਆਂ ਵਲੋਂ ਕੀਤੀਆਂ ਭੜਕਾਊ ਕਾਰਵਾਈਆਂ ਦਾ ਵਿਸ਼ਲੇਸ਼ਣ ਕਰਨਗੇ? ਜਿਸ ਖਾਲਸਾ ਰਾਜ ਲਈ ਉਨ੍ਹਾਂ ਅਨੁਸਾਰ ਲੱਖਾਂ ਸਿੰਘ-ਸਿੰਘਣੀਆਂ ਸ਼ਹੀਦ ਹੋ ਚੁੱਕੇ ਹਨ, ਕੀ ਉਸ ਰਾਜ ਦਾ ਦੁਨੀਆ ਸਾਹਮਣੇ ਕੋਈ ਮਾਡਲ ਪੇਸ਼ ਕਰਨਗੇ ਕਿ ਆਖਿਰ ਉਹ ਚਾਹੁੰਦੇ ਕੀ ਹਨ? ਬਿਨਾ ਕਿਸੇ ਯੋਜਨਾ ਤੇ ਦੂਰਅੰਦੇਸ਼ੀ ਤੋਂ ਐਵੇਂ ਨਾਅਰਿਆਂ ਰਾਹੀਂ ਨੁਕਸਾਨ ਕਰਾਈ ਜਾਣਾ ਕੋਈ ਸਿਆਣਪ ਨਹੀਂ। ਅੱਜ ਪੰਜਾਬ ਦੇ ਲੋਕਾਂ ਲਈ ਧਰਮ ਨਾਲੋਂ ਵੱਡਾ ਮਸਲਾ ਰੋਟੀ ਰੋਜ਼ੀ ਦਾ ਬਣ ਚੁੱਕਾ ਹੈ, ਆਪਣੇ ਬੱਚਿਆਂ ਦੇ ਭਵਿੱਖ ਦਾ ਹੈ। ਇਸੇ ਕਰਕੇ ਹਰ ਪੰਜਾਬੀ ਆਪਣੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਨਾ ਸਿਰਫ ਜ਼ਮੀਨਾਂ ਵੇਚ ਕੇ, ਸਗੋਂ ਬਹੁਤ ਵਾਰ ਜ਼ਮੀਰਾਂ ਵੇਚ ਕੇ ਵੀ ਬਾਹਰ ਭੇਜਣ ਲਈ ਤਿਆਰ ਹੈ। ਅੱਜ ਪੰਜਾਬ ਦਾ ਪਾਣੀ ਖਤਮ ਹੋ ਰਿਹਾ ਹੈ, ਮਹਿੰਗਾਈ ਤੇ ਬੇਰੁਜ਼ਗਾਰੀ ਨੇ ਆਮ ਬੰਦੇ ਦਾ ਲੱਕ ਤੋੜ ਦਿੱਤਾ ਹੈ। ਖੇਤੀਬਾੜੀ ਦਾ ਧੰਦਾ ਘਾਟੇ ਦਾ ਸੌਦਾ ਬਣ ਚੁੱਕਾ ਹੈ। ਵਧਦੀ ਆਬਾਦੀ ਨਾਲ ਜ਼ਮੀਨਾਂ ਘਟ ਰਹੀਆਂ ਹਨ। ਕੀ ਅਸੀਂ ਕਦੇ ਪੰਜਾਬ ਵਿਚ ਖੇਤੀਬਾੜੀ ਦੇ ਨਵੇਂ ਬਦਲ ਤੇ ਮਾਡਲ ਬਾਰੇ ਵੀ ਸੋਚਾਂਗੇ? ਕੀ ਸਾਡੇ ਵਿਦਵਾਨ ਕਦੇ ਅਜਿਹੇ ਲੋਕ ਮਸਲਿਆਂ ਬਾਰੇ ਵੀ ਗੰਭੀਰ ਹੋਣਗੇ?

ਪੰਜਾਬ ਦੇ ਇੱਕ ਹੋਰ ਸਿੱਖ ਚਿੰਤਕ ਅਮਰਜੀਤ ਸਿੰਘ ਗਰੇਵਾਲ ਆਪਣੀ ਲਿਖਤ 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ' ਵਿਚ ਲਿਖਦੇ ਹਨ: 'ਅਸੀਂ ਗੁਲਾਮੀ ਦੀ ਇੱਕ ਕੈਦ ਵਿਚੋਂ ਨਿਕਲ ਕੇ ਦੂਜੀ ਕੈਦ ਵਿਚ ਫਸ ਗਏ ਹਾਂ। ਪਹਿਲਾਂ ਅਸੀਂ ਕਿਸੇ ਦੇ ਗੁਲਾਮ ਹੁੰਦੇ ਸੀ, ਹੁਣ ਅਸੀਂ ਆਪਣੀਆਂ ਹੀ ਅਕਾਂਖਿਆਵਾਂ ਦੇ ਗੁਲਾਮ ਹੋ ਗਏ ਹਾਂ।' ਇਸ ਦੇ ਉਲਟ ਸਾਡੇ ਨਵੇਂ ਚਿੰਤਕਾਂ ਅਨੁਸਾਰ ਅਸੀਂ ਪਹਿਲਾਂ ਅੰਗਰੇਜ਼ਾਂ ਦੇ ਗੁਲਾਮ ਸੀ ਤੇ ਹੁਣ ਬ੍ਰਾਹਮਣਵਾਦ ਦੇ ਗੁਲਾਮ ਹਾਂ ਜਿਸ ਤੋਂ ਆਜ਼ਾਦੀ ਲੈਣੀ ਹੈ। ਬੇਸ਼ਕ ਅਜਮੇਰ ਸਿੰਘ ਵਰਗੇ ਨਵੀਨ ਸਿੱਖ ਚਿੰਤਕ ਵੀ ਨੌਜਵਾਨਾਂ ਨੂੰ ਪ੍ਰੋ. ਪੂਰਨ ਸਿੰਘ ਦੇ 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ' ਦੇ ਸੁਪਨਿਆਂ ਵਾਲੇ ਦੇਸ ਪੰਜਾਬ ਦੀ ਕਲਪਨਾ ਕਰਦੇ ਹਨ ਪਰ ਅਮਰਜੀਤ ਸਿੰਘ ਗਰੇਵਾਲ ਅਨੁਸਾਰ ਪ੍ਰੋ. ਪੂਰਨ ਸਿੰਘ ਪੰਜਾਬ ਦੇ ਵੰਨ-ਸਵੰਨੇ ਭਾਈਚਾਰਿਆਂ ਨੂੰ ਸਿੱਖ ਸਪਿਰਟ ਵਿਚ ਮੌਲਦੇ ਦੇਖਣਾ ਚਾਹੁੰਦੇ ਸਨ ਜਦਕਿ ਸਾਡੇ ਇਹ ਵਿਦਵਾਨ ਸਿੱਖ ਪਛਾਣ ਤੋਂ ਵੱਖਰੇ ਸਭ ਭਾਈਚਾਰਿਆਂ ਨੂੰ ਪੰਜਾਬ ਦੇ ਦੁਸ਼ਮਣ ਗਰਦਾਨ ਕੇ ਸਭ ਤੇ ਸਿੱਖ ਲੀਡਰਸ਼ਿਪ ਦੀ ਚੌਧਰ ਥੋਪਣਾ ਚਾਹੁੰਦੇ ਹਨ। ਇਸੇ ਲਿਖਤ ਵਿਚ ਗਰੇਵਾਲ ਲਿਖਦੇ ਹਨ: 'ਪੰਜਾਬ ਵਿਚ ਆਪਣੀ ਚੌਧਰ ਸਥਾਪਿਤ ਕਰਨ ਲਈ ਸਿੱਖ ਭਾਈਚਾਰੇ ਕੋਲ ਦੋ ਬਦਲ ਮੌਜੂਦ ਸਨ। ਇੱਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ, ਸਿੱਖ ਸਿਧਾਤਾਂ ਦੇ ਆਧਾਰ 'ਤੇ ਸਿੱਖ ਸਪਿਰਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ ਜਿਸ ਨੂੰ ਉਹ ਪੰਜਾਬ ਪਿਆਰ ਤੇ ਸਿੱਖ ਪੰਜਾਬ ਦਾ ਨਾਮ ਦਿੰਦੇ ਸਨ। ਦੂਸਰਾ ਸੀ, ਅਜਿਹੇ ਸਿੱਖ ਬਹੁ-ਗਿਣਤੀ ਵਾਲੇ ਖਿੱਤੇ ਦੀ ਸਥਾਪਨਾ ਜਿੱਥੇ ਸਿੱਖ ਪਛਾਣ ਵਾਲੀ ਲੀਡਰਸ਼ਿਪ ਆਪਣੀ ਹਕੂਮਤ ਸਥਾਪਿਤ ਕਰ ਸਕੇ ਪਰ ਮਾਸਟਰ ਤਾਰਾ ਸਿੰਘ ਤੋਂ ਲੈ ਕੇ ਬਾਦਲ, ਟੌਹੜਾ, ਬਰਨਾਲਾ, ਕੈਪਟਨ ਅਮਰਿੰਦਰ ਆਦਿ ਨੇ ਸਿੱਖ ਸਪਿਰਟ ਦੀ ਥਾਂ ਸਿੱਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਨਾ ਕੇ ਕੇਵਲ ਆਪਣੇ ਆਪ ਨੂੰ ਹੀ ਨਹੀਂ, ਸਗੋਂ ਪੰਜਾਬ ਤੇ ਪੰਜਾਬੀ ਭਾਈਚਾਰੇ ਨੂੰ ਵੀ ਮੌਜੂਦਾ ਸੰਕਟ ਵਾਲੀ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ। ਇਹੀ ਰਸਤਾ ਹੁਣ 'ਸਿੱਖ ਰਾਜ' ਦੇ ਸਾਡੇ ਇਹ ਅਲੰਬਰਦਾਰ ਅਪਨਾ ਰਹੇ ਹਨ। ਇਹ ਅਜੇ ਵੀ ਨੌਜਵਾਨੀ ਨੂੰ ਉਨ੍ਹਾਂ ਬਿਖੜੇ ਰਾਹਾਂ 'ਤੇ ਤੋਰਨ ਲਈ ਬਜ਼ਿਦ ਹਨ ਜਿੱਥੇ ਵਿਨਾਸ਼ ਤੋਂ ਸਿਵਾਏ ਕੁਝ ਪੱਲੇ ਪੈਣ ਵਾਲਾ ਨਹੀਂ। ਸਵਾਲ ਹੈ ਕਿ ਪੰਜਾਬ ਨੂੰ ਖੁਦ ਮੁਖਤਾਰ ਖਿੱਤਾ ਬਣਾ ਲਉ, ਖਾਲਿਸਤਾਨ ਜਾਂ ਸਿੱਖ ਰਾਜ ਬਣਾ ਲਉ ਤੇ ਚਾਹੇ ਵੱਧ ਅਧਿਕਾਰਾਂ ਵਾਲਾ ਸੂਬਾ ਬਣਾ ਲਉ ਪਰ ਚਿੰਤਨ ਤਾਂ ਇਹ ਕਰਨ ਦੀ ਲੋੜ ਹੈ ਕਿ ਪੰਜਾਬ ਵਿਚ ਵਸਦੇ 65% ਹਿੰਦੂ ਤੇ ਦਲਿਤ ਭਾਈਚਾਰੇ ਨੂੰ ਨਾਲ ਕਿਵੇਂ ਲੈਣਾ ਹੈ। ਪਿਛਲੇ ਦਿਨੀਂ 'ਜਰਨਲ ਆਫ ਇੰਡੀਅਨ ਐਸੋਸੀਏਸ਼ਨ ਆਫ ਸੋਸ਼ਲ ਸਾਇੰਸ ਇੰਸਟੀਟਿਊਸ਼ਨ' ਵਲੋਂ ਆਪਣੇ ਜੁਲਾਈ-ਸਤੰਬਰ, 2021 ਤਿਮਾਹੀ ਪਰਚੇ ਵਿਚ ਪੰਨਾ 3 'ਤੇ ਆਰਥਿਕ ਮਾਹਰਾਂ ਕਿਰਿਤੀ ਜੈਨ ਤੇ ਸੁੱਚਾ ਸਿੰਘ ਗਿੱਲ ਦਾ ਖੋਜ ਪੇਪਰ 'ਐਨਵਾਇਰਨਮੈਂਟ ਇੰਪੈਕਟਸ ਆਫ ਗਰਾਊਂਡ ਵਾਟਰ ਇਰੀਗੇਸ਼ਨ ਇਕਾਨਮੀ: ਏ ਕੇਸ ਸਟਡੀ ਆਫ ਇੰਡੀਅਨ ਪੰਜਾਬ' ਛਾਪਿਆ ਹੈ ਜਿਸ ਵਿਚ ਉਹ ਬੜੀ ਖੋਜ ਨਾਲ ਵਿਸਥਾਰ ਵਿਚ ਦੱਸਦੇ ਹਨ ਕਿ ਪੰਜਾਬ ਦੇ ਕਿਸਾਨ ਫਸਲਾਂ ਦੇ ਵੱਧ ਝਾੜ ਲੈਣ ਲਈ ਰਸਾਇਣਕ ਖਾਦਾਂ, ਕੀਟ ਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਕਰਕੇ ਅਤੇ ਝੋਨੇ ਦੀ ਵੱਧ ਬਿਜਾਈ ਕਰਕੇ ਪੰਜਾਬ ਦੀ ਉਪਜਾਊ ਧਰਤੀ ਨੂੰ ਬੰਜਰ ਬਣਾਉਣ ਦੇ ਨਾਲ ਧਰਤੀ ਹੇਠਲਾ ਪਾਣੀ ਵੀ ਖਤਮ ਕਰ ਰਹੇ ਹਨ। ਸਾਡੇ ਇਹ ਅਰਥ ਸ਼ਾਸਤਰੀ ਵੀ ਸਮੱਸਿਆਵਾਂ ਬਾਰੇ ਤਾਂ ਜ਼ਰੂਰ ਵਿਸਥਾਰ ਵਿਚ ਦੱਸ ਰਹੇ ਹਨ ਪਰ ਅਫਸੋਸ ਕਿ ਅਜੋਕੇ ਪੰਜਾਬ ਦੀ ਤਿੰਨ ਕਰੋੜ ਤੋਂ ਪਾਰ ਜਾ ਚੁੱਕੀ ਵਸੋਂ ਨੂੰ ਰੋਜ਼ੀ-ਰੋਟੀ ਕਿਸ ਕਿਸਮ ਦੇ ਖੇਤੀ ਮਾਡਲ ਨਾਲ ਦੇਣੀ ਹੈ, ਉਸ ਦੀ ਕੋਈ ਠੋਸ ਰੂਪ-ਰੇਖਾ ਡਾ. ਸੁੱਚਾ ਸਿੰਘ ਗਿੱਲ ਜਾਂ ਹੋਰ ਅਰਥ ਵਿਗਿਆਨੀਆਂ ਦੀਆਂ ਲਿਖਤਾਂ ਵਿਚੋਂ ਵੀ ਨਜ਼ਰ ਨਹੀਂ ਆ ਰਹੀ।

# ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੀ ਫਰੇਬੀ ਜੰਗ-3

*(ਸਫਾ 15 ਦੀ ਬਾਕੀ)*

ਵਿਚਲੇ ਉਸ ਦੇ ਜਾਣੂਆਂ ਨੇ ਦੱਸਿਆ ਕਿ 2013 ਵਿਚ ਨਸ਼ੀਲੇ ਪਦਾਰਥ ਦੀ ਵੱਡੀ ਬਰਾਮਦਗੀ ਹੋਈ ਸੀ ਅਤੇ ਪੰਜਾਬ ਪੁਲਿਸ ਦੀ ਇਸ ਵਿਚ ਸ਼ਮੂਲੀਅਤ ਸਾਹਮਣੇ ਆਈ ਸੀ। ਉਸ ਨੂੰ ਇਹ ਕਿਆਸ ਲਗਾਉਣ ਵਿਚ ਕੋਈ ਸਮਾਂ ਨਹੀਂ ਲੱਗਾ ਕਿ ਇਹ ਜਗਦੀਸ਼ ਸਿੰਘ ਭੋਲਾ ਸੀ।

ਅਗਲੇ ਕੁਝ ਸਾਲਾਂ ਵਿਚ ਭੋਲੇ ਵਾਲਾ ਡਰੱਗ ਕੇਸ ਬਾਦਲ ਸਰਕਾਰ ਦੇ ਅਧੀਨ ਅਦਾਲਤਾਂ ਵਿਚ ਚੱਲਿਆ। ਜਦੋਂ 2017 ਵਿਚ ਅਮਰਿੰਦਰ ਸਿੰਘ ਸੱਤਾ ਵਿਚ ਵਾਪਸ ਆਏ ਤਾਂ ਜਨਤਾ ਵਧੇਰੇ ਫੈਸਲਾਕੁਨ ਕਾਰਵਾਈ ਦੀ ਉਮੀਦ ਕਰ ਰਹੀ ਸੀ, ਖਾਸ ਕਰਕੇ ਮਜੀਠੀਆ ਦੇ ਸੰਬੰਧ 'ਚ।

ਇਸ ਦੀ ਬਜਾਇ ਆਗਾਮੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਨਾਲ ਮਜੀਠੀਆ ਤਾਂ ਸਗੋਂ ਵਧ-ਫੁੱਲ ਰਿਹਾ ਪ੍ਰਤੀਤ ਹੁੰਦਾ ਹੈ। ਉਹ ਆਪਣੀ ਮਜੀਠਾ ਵਿਧਾਨ ਸਭਾ ਸੀਟ ਬਰਕਰਾਰ ਰੱਖਣ ਲਈ ਲੜੇਗਾ। ਇਸ ਸਾਲ ਫਰਵਰੀ ਵਿਚ ਮਜੀਠੀਆ ਤਸਵੀਰ ਵਿਚ ਆਪਣੀ ਪਾਰਟੀ ਦੇ ਸਹਿਯੋਗੀ ਬੋਨੀ ਅਜਨਾਲਾ ਨਾਲ ਜਿੱਤ ਦਾ ਨਿਸ਼ਾਨ ਬਣਾਉਂਦੇ ਹੋਏ ਨਜ਼ਰ ਆਇਆ ਸੀ ਜਿਸ ਨੇ 2016 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੀ ਚਿੱਠੀ ਵਿਚ ਮਜੀਠੀਆ ਦੀ ਡਰੱਗ ਘੁਟਾਲੇ ਕਰਨ ਵਾਲੇ ਸੱਤੇ ਅਤੇ ਪਿੰਡੀ ਨਾਲ ਕਥਿਤ ਮਿਲੀਭੁਗਤ ਨੂੰ ਉਜਾਗਰ ਕੀਤਾ ਸੀ। ਦੋਵੇਂ ਸਥਾਨਕ ਨਗਰ ਨਿਗਮ ਚੋਣਾਂ ਵਿਚ ਅਕਾਲੀ ਉਮੀਦਵਾਰਾਂ ਦੀ ਜਿੱਤ ਦਾ ਜਸ਼ਨ ਮਨਾ ਰਹੇ ਸਨ।

ਇਸ ਦੌਰਾਨ ਅਦਾਲਤਾਂ ਵਿਚ ਨਸ਼ਿਆਂ ਦਾ ਕੇਸ ਲੰਮਾ ਹੁੰਦਾ ਜਾਂਦਾ ਹੈ। ਹਾਈ ਕੋਰਟ ਨੇ ਅਗਲੀ ਸੁਣਵਾਈ 15 ਨਵੰਬਰ 2021 ਤੈਅ ਕੀਤੀ ਹੈ। ਨਵਕਿਰਨ ਸਿੰਘ ਨੇ ਕਿਹਾ ਕਿ ਲੌਇਰਜ਼ ਫਾਰ ਹਿਊਮਨ ਰਾਈਟਸ ਨੇ ਸੁਣਵਾਈ ਪਹਿਲਾਂ 9 ਅਗਸਤ ਤੱਕ ਕਰਵਾਉਣ ਲਈ ਅਰਜ਼ੀ ਦਾਇਰ ਕੀਤੀ ਸੀ। ਅਰਜ਼ੀ ਵਿਚ ਕਿਹਾ ਗਿਆ ਹੈ, "ਇਹ ਮਾਮਲਾ ਪੰਜਾਬ ਰਾਜ ਵਿਚ ਚੱਲ ਰਹੇ ਡਰੱਗ ਮਾਫੀਆ ਨਾਲ ਜੁੜਿਆ ਹੋਇਆ ਹੈ ਜਿਸ ਦਾ ਜਾਲ ਕੌਮਾਂਤਰੀ ਹੈ ਅਤੇ ਇਸ ਨੂੰ ਫੌਰੀ ਆਧਾਰ 'ਤੇ ਨਜਿੱਠਣ ਦੀ ਲੋੜ ਹੈ ਕਿਉਂਕਿ ਇਹ ਪੰਜਾਬੀ ਨੌਜਵਾਨਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ।"

ਨਵਕਿਰਨ ਸਿੰਘ ਨੇ ਇਕ ਵਾਰ ਫਿਰ ਇਸ਼ਾਰਾ ਕੀਤਾ ਕਿ ਸੀਨੀਅਰ ਸਿਆਸਤਦਾਨਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਫਸਾਉਣ ਵਾਲੀ ਐਸ.ਟੀ.ਐਫ. ਰਿਪੋਰਟ ਨੂੰ ਪੇਸ਼ ਕੀਤੇ ਜਾਣ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਇਸ ਦੇ ਬਾਵਜੂਦ ਰਾਜ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਸਿਧਾਂਰਥ ਚਟੋਪਾਧਿਆਏ ਵੱਲੋਂ ਆਪਣੀ 'ਸਿਟ' ਜਾਂਚ ਵਿਚ ਦਿਨਕਰ ਗੁਪਤਾ ਅਤੇ ਸੁਰੇਸ਼ ਅਰੋੜਾ ਦਾ ਨਾਂ ਲਏ ਜਾਣ ਤੋਂ ਦਸ ਮਹੀਨੇ ਬਾਅਦ ਕੈਪਟਨ ਸਰਕਾਰ ਨੇ ਦਿਨਕਰ ਗੁਪਤਾ ਨੂੰ ਤਰੱਕੀ ਦੇ ਕੇ ਪੰਜਾਬ ਪੁਲਿਸ ਦੇ ਡੀ.ਜੀ.ਪੀ. ਦੇ ਅਹੁਦੇ 'ਤੇ ਬਿਠਾਇਆ ਸੀ। ਰਾਜ ਜੀਤ ਸਿੰਘ ਹੁੰਦਲ ਵਿਜੀਲੈਂਸ ਬਿਊਰੋ ਵਿਚ ਹੈ ਅਤੇ ਉਸ ਨੂੰ ਕਦੇ ਵੀ ਮੁਅੱਤਲੀ ਦਾ ਸਾਹਮਣਾ ਨਹੀਂ ਕਰਨਾ ਪਿਆ।

13 ਅਗਸਤ ਨੂੰ ਜੱਜ ਰਾਜਨ ਗੁਪਤਾ ਅਤੇ ਅਜੈ ਤਿਵਾੜੀ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਿਸ਼ੇਸ਼ ਡਿਵੀਜ਼ਨ ਬੈਂਚ ਨੇ ਇਨ੍ਹਾਂ ਅਰਜ਼ੀਆਂ ਦੀ ਸੁਣਵਾਈ ਦੋ ਹਫਤਿਆਂ ਲਈ ਮੁਲਤਵੀ ਕਰ ਦਿੱਤੀ ਸੀ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਇਹ ਇਸ ਕਰਕੇ ਸੀ ਕਿ "ਬੈਂਚ ਦਾ ਗਠਨ ਹਾਲ ਹੀ ਵਿਚ ਕੀਤਾ ਗਿਆ ਸੀ ਅਤੇ ਵੱਖ-ਵੱਖ ਜਾਂਚ ਰਿਪੋਰਟਾਂ 2/3 ਸਾਲ ਪਹਿਲਾਂ ਪੇਸ਼ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਧਿਆਨ ਨਾਲ ਵਾਚਣ ਦੀ ਜ਼ਰੂਰਤ ਹੈ।" ਇਸ ਨੇ ਅੱਗੇ ਕਿਹਾ, "ਅਦਾਲਤ ਨੂੰ ਸੂਚਿਤ ਕੀਤਾ ਗਿਆ ਹੈ ਕਿ ਇਹ ਰਜਿਸਟਰਾਰ ਕੋਲ ਹਨ। ਪੇਸ਼ਗੀ ਸੁਣਵਾਈ ਲਈ ਮੌਜੂਦਾ ਅਰਜ਼ੀ 'ਤੇ ਕੋਈ ਹੋਰ ਆਦੇਸ਼ ਦੇਣ ਤੋਂ ਪਹਿਲਾਂ, ਰਜਿਸਟਰਾਰ (ਨਿਆਂਇਕ) ਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਸੁਣਵਾਈ ਦੀ ਅਗਲੀ ਤਰੀਕ ਤੋਂ ਪਹਿਲਾਂ ਚੈਂਬਰਾਂ ਵਿਚ ਰਿਪੋਰਟਾਂ ਪੇਸ਼ ਕਰੇ।" ਇਹ ਕੇਸ ਪਹਿਲੀ ਸਤੰਬਰ ਨੂੰ ਇਕ ਹੋਰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਸੀ। ਅਜੈ ਤਿਵਾੜੀ ਨੇ ਆਪਣੇ ਆਪ ਨੂੰ ਬੈਂਚ ਤੋਂ ਵੱਖ ਕਰ ਲਿਆ। ਚੀਫ ਜਸਟਿਸ ਤੋਂ ਆਦੇਸ਼ ਪ੍ਰਾਪਤ ਕਰਨ ਤੋਂ ਬਾਅਦ ਇਹ ਮਾਮਲਾ ਹੁਣ ਨਵੇਂ ਬੈਂਚ ਦੇ ਸਾਹਮਣੇ ਸੂਚੀਬੱਧ ਕੀਤਾ ਜਾਵੇਗਾ।

*(ਸਮਾਪਤ)*

# ਪਾਕਿਸਤਾਨ 'ਚੋਂ ਅਗਵਾਸ਼ੁਦਾ ਕੁੜੀਆਂ ਦੀ ਵਾਪਸੀ

**ਸੰਤਾਲੀ ਵਾਲੀ ਵੰਡ ਵੇਲੇ ਹੋਇਆ ਉਜਾੜਾ ਅਤੇ ਕਤਲੋਗਾਰਤ ਅੱਜ ਵੀ ਉਸੇ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ। ਉਸ ਵਕਤ ਪੰਜਾਬੀਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਤਾਂ ਹੋਇਆ ਹੀ ਸੀ ਪਰ ਉਸ ਵਕਤ ਜੋ ਕਹਿਰ ਔਰਤ ਉਤੇ ਟੁੱਟਿਆ, ਉਸ ਦਾ ਕੋਈ ਹਿਸਾਬ ਨਹੀਂ ਹੈ। ਸਾਹਿਤ ਵਿਚ ਅਜਿਹੀਆਂ ਦਰਦ ਕਹਾਣੀਆਂ ਬੇਸ਼ੁਮਾਰ ਲਿਖੀਆਂ ਗਈਆਂ ਹਨ ਅਤੇ ਲੇਖਕ ਹੁਣ ਵੀ ਲਿਖ ਰਹੇ ਹਨ। ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ 1947 ਦੀ ਵੰਡ ਵੇਲੇ ਲਿਏਜ਼ਨ (ਤਾਲਮੇਲ) ਸੀ ਜਿਨ੍ਹਾਂ ਦਾ ਮੁੱਖ ਕੰਮ ਪਾਕਿਸਤਾਨ ਵਿਚ ਰਹਿ ਗਈਆਂ ਕੁੜੀਆਂ ਅਤੇ ਔਰਤਾਂ ਨੂੰ ਲੱਭ ਕੇ ਵਾਪਸ ਲਿਆਉਣਾ ਸੀ। ਉਨ੍ਹਾਂ ਦਾ ਅੰਗਰੇਜ਼ੀ ਵਿਚ ਲਿਖਿਆ ਇਹ ਲੇਖ ਉਸ ਵਕਤ 25 ਮਈ 1948 ਨੂੰ ਇਕ ਅਖਬਾਰ ਵਿਚ ਛਪਿਆ ਸੀ।**

**ਸ਼ੁਰੂਆਤੀ ਦੌਰ ਵਿਚ ਜਦੋਂ ਪਾਕਿਸਤਾਨ ਵਿਚ ਜਬਰੀ ਬਰਾਮਦਗੀਆਂ ਦੀ ਇਜਾਜ਼ਤ ਨਹੀਂ ਸੀ, ਉਦੋਂ ਪੀੜਤ ਦੇ ਪਿਤਾ, ਭਰਾ ਜਾਂ ਪਤੀ ਦੀ ਮੌਜੂਦਗੀ ਲਾਹੇਵੰਦ ਰਹਿੰਦੀ ਸੀ। ਲੜਕੀ ਉਦੋਂ ਇਹੋ ਸਮਝਦੀ ਹੁੰਦੀ ਸੀ ਕਿ ਉਸ ਦੇ ਸਾਰੇ ਰਿਸ਼ਤੇਦਾਰ ਮਾਰ ਦਿੱਤੇ ਗਏ ਹਨ ਅਤੇ ਉਸ ਕੋਲ ਅਜਿਹਾ ਸਮਝਣ ਦੇ ਪੂਰੇ ਕਾਰਨ ਵੀ ਹੁੰਦੇ ਸਨ।... ਕੁੜੀਆਂ ਦੀ ਬਰਾਮਦਗੀ ਦਾ ਕੰਮ ਬਹੁਤ ਹੀ ਮੁਸ਼ਕਿਲਾਂ ਭਰਿਆ ਹੈ। ਤੁਹਾਨੂੰ ਆਪਣੀਆਂ ਅੱਖਾਂ ਹਰ ਪਲ ਖੁੱਲ੍ਹੀਆਂ ਰੱਖਣ ਤੇ ਚੌਕਸ ਰਹਿਣ ਦੀ ਲੋੜ ਹੁੰਦੀ ਹੈ।**



ਸੰਤਾਲੀ ਦੇ ਸੰਤਾਪ ਬਾਰੇ ਪ੍ਰਸਿੱਧ ਚਿੱਤਰਕਾਰ ਪ੍ਰਾਣ ਨਾਥ ਮਾਗੋ ਦਾ ਚਿੱਤਰ 'ਮਾਤਮ'।

## ਸੰਤਾਲੀ ਦਾ ਸੰਤਾਪ

ਜਦੋਂ ਤੋਂ ਮੈਂ ਪਾਕਿਸਤਾਨ ਤੋਂ ਪਰਤਿਆ ਹਾਂ, ਉਦੋਂ ਤੋਂ ਹੀ ਮੈਨੂੰ ਪਾਕਿਸਤਾਨ ਵਿਚ ਅਗਵਾ ਕੀਤੀਆਂ ਗਈਆਂ ਸਾਡੀਆਂ ਕੁੜੀਆਂ ਦੀ ਬਰਾਮਦਗੀ ਅਤੇ ਵਾਪਸੀ ਬਾਰੇ ਬੜੇ ਉਤਸੁਕਤਾ ਤੇ ਫਿਕਰਮੰਦੀ ਭਰੇ ਸਵਾਲ ਪੁੱਛੇ ਜਾ ਰਹੇ ਹਨ। ਇਸ ਲੇਖ ਵਿਚ ਮੈਂ ਅਜਿਹੇ ਕੁਝ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ।

ਉਹ ਸਾਰੀਆਂ ਚੀਜ਼ਾਂ ਜਿਹੜੀਆਂ ਇਤਫਾਕ ਉਤੇ ਨਿਰਭਰ ਕਰਦੀਆਂ ਹਨ, ਵਾਂਗ ਹੀ ਪਾਕਿਸਤਾਨ ਵਿਚ ਅਗਵਾ ਕੀਤੀ ਗਈ ਕਿਸੇ ਕੁੜੀ ਦੀ ਬਰਾਮਦਗੀ ਬਹੁਤ ਹੀ ਸੌਖਾ ਜਾਂ ਫਿਰ ਬਿਲਕੁਲ ਔਖਾ ਮਾਮਲਾ ਹੋ ਸਕਦੀ ਹੈ। ਇਹ ਮਾਮਲਾ ਇਸ ਮਿਸਾਲ ਵਾਂਗ ਬਿਲਕੁਲ ਹੀ ਆਸਾਨ ਹੋ ਸਕਦਾ ਹੈ: ਕਿ ਤੁਸੀਂ ਬਾਜ਼ਾਰ ਵਿਚ ਰਤਾ ਖਰੀਦਦਾਰੀ ਕਰਨ ਲਈ ਆਪਣਾ ਟਰੱਕ ਰੋਕਿਆ ਹੈ। ਇਸੇ ਦੌਰਾਨ ਕੋਈ ਹਿੰਦੂ ਕੁੜੀ ਨੇੜਲੇ ਘਰ ਵਿਚੋਂ ਬਚ ਕੇ ਭੱਜੀ ਆਉਂਦੀ ਹੈ ਅਤੇ ਤੁਹਾਨੂੰ ਆਪਣੀ ਪਛਾਣ ਦੱਸਦੀ ਹੈ। ਅਗਲੇ ਹੀ ਪਲ ਉਹ ਇਕ ਤਰ੍ਹਾਂ ਛਾਲ ਮਾਰ ਕੇ ਟਰੱਕ ਵਿਚ ਚੜ੍ਹ ਜਾਂਦੀ ਹੈ, ਕਿਉਂਕਿ ਇਹ ਟਰੱਕ ਉਸ ਲਈ ਇਕ ਭਿਆਨਕ ਸਮੁੰਦਰ ਵਿਚ ਕਿਸੇ ਦੋਸਤਾਨਾ ਟਾਪੂ ਵਾਂਗ ਹੈ ਅਤੇ



ਕੁਲਵੰਤ ਸਿੰਘ ਵਿਰਕ

ਉਸ ਨੂੰ ਲੱਗਦਾ ਹੈ ਕਿ ਹੁਣ ਉਹ ਆਪਣੀ ਅਸਲੀ ਦੁਨੀਆ ਵਿਚ ਪੁੱਜ ਜਾਵੇਗੀ। ਇਸ ਤਰ੍ਹਾਂ ਇਕ ਅਗਵਾਸ਼ੁਦਾ ਕੁੜੀ ਦੀ ਬਰਾਮਦਗੀ ਹੋ ਜਾਂਦੀ ਹੈ।

ਇਸੇ ਤਰ੍ਹਾਂ ਤੁਸੀਂ ਆਪਣਾ ਟਰੱਕ ਅੱਧਾ ਕੁ ਮੀਲ ਪਿਛਾਂਹ ਛੱਡ ਕੇ ਉਸ ਪਿੰਡ ਵਿਚ ਚੁੱਪ-ਚਾਪ ਜਾਂਦੇ ਹੋ, ਜਿੱਥੇ ਕਿਸੇ ਅਗਵਾਸ਼ੁਦਾ ਕੁੜੀ ਦੇ ਹੋਣ ਦੀ ਜਾਣਕਾਰੀ ਮਿਲੀ ਹੈ। ਅਗਵਾ ਹੋਈ ਕੁੜੀ ਦਾ ਪਤੀ ਵੀ ਤੁਹਾਡੇ ਨਾਲ ਹੈ। ਜਿਉਂ ਹੀ ਤੁਸੀਂ ਪਿੰਡ ਦੀ ਇਕ ਗਲੀ ਦਾ ਮੋੜ ਮੁੜਦੇ ਹੋ ਤਾਂ ਪਤੀ ਦਾ ਅਚਾਨਕ ਹੀ ਆਪਣੀ ਪਤਨੀ ਨਾਲ ਟਾਕਰਾ ਹੋ ਜਾਂਦਾ ਹੈ ਜੋ ਦੂਜੇ ਪਾਸੇ ਤੋਂ ਬਿਲਕੁਲ ਇਕੱਲੀ ਆ ਰਹੀ ਸੀ। ਸ਼ਾਇਦ ਉਹ ਕਿਸੇ ਗੁਆਂਢੀ ਘਰ ਵਿਚ ਜਾ ਰਹੀ ਸੀ। ਅਸੀਂ ਫੌਰੀ ਵਾਪਸ ਮੁੜਦੇ ਹਾਂ ਅਤੇ ਪਿੰਡ ਵਾਲਿਆਂ ਨੂੰ ਬਹੁਤਾ ਕੁਝ ਪਤਾ ਲੱਗਣ ਤੋਂ ਪਹਿਲਾਂ ਹੀ ਪਿੰਡ ਤੋਂ ਬਾਹਰ ਨਿਕਲ ਆਉਂਦੇ ਹਾਂ। ਇਸ ਤਰ੍ਹਾਂ ਪਤੀ ਨੂੰ ਉਸ ਦੀ ਗੁਆਚੀ ਪਤਨੀ ਮਿਲ ਜਾਂਦੀ ਹੈ।

ਇਸ ਦੇ ਐਨ ਉਲਟ ਉਹ ਨਿਰਾਸ਼ਾਜਨਕ ਹਾਲਾਤ ਹੁੰਦੇ ਹਨ, ਜਦੋਂ ਅਜਿਹੀ ਕੁੜੀ ਦੀ ਤਲਾਸ਼ ਤੁਹਾਨੂੰ ਕਿਸੇ ਹਨੇਰੀ ਗਲੀ ਵਿਚ ਲੈ ਜਾਂਦੀ ਹੈ। ਅਜਿਹਾ ਉਦੋਂ ਵਾਪਰਦਾ ਹੈ ਜਦੋਂ ਤੁਹਾਨੂੰ ਅਜਿਹੇ ਲੋਕ ਜੋ ਜ਼ਿਆਦਾ ਚੁਸਤ-ਚਲਾਕ ਨਹੀਂ ਹੁੰਦੇ, ਜਾਣਕਾਰੀ ਦਿੰਦੇ ਹਨ ਕਿ ਪੁਲਿਸ ਦਾ ਸਿਪਾਹੀ ਕੁਝ ਦਸਤਾਵੇਜ਼ ਲੈ ਕੇ ਉਨ੍ਹਾਂ ਕੋਲ ਆਇਆ ਤੇ ਦੱਸਿਆ ਕਿ ਇਹ ਦਸਤਾਵੇਜ਼ ਉਸ ਅਗਵਾ ਕੀਤੀ ਗਈ ਲੜਕੀ ਦੇ ਹਨ ਅਤੇ ਇਸ ਕਾਰਨ ਲੜਕੀ ਨੂੰ ਉਸ (ਸਿਪਾਹੀ) ਦੇ ਹਵਾਲੇ ਕੀਤਾ ਜਾਵੇ; ਜਾਂ ਕੁੜੀ (ਆਪਣੇ ਉਤੇ ਹੁੰਦਾ ਤਸ਼ੱਦਦ ਹੋਰ ਨਾ ਝੱਲ ਸਕਣ ਕਾਰਨ) ਰਾਤ ਵੇਲੇ ਆਪਣੇ ਅਗਵਾਕਾਰ ਦੇ ਘਰੋਂ ਭੱਜ ਗਈ ਹੈ; ਜਾਂ ਅਗਵਾਕਾਰ ਸ਼ਰਨਾਰਥੀ ਸੀ ਅਤੇ ਉਹ ਕਿਸੇ ਹੋਰ ਜ਼ਿਲ੍ਹੇ ਵਿਚ ਚਲਾ ਗਿਆ ਹੈ। ਆਮ ਕਰਕੇ ਇਹ ਜਾਣਕਾਰੀ ਸਹੀ ਹੁੰਦੀ ਹੈ ਪਰ ਤੁਹਾਡੇ ਕੋਲ ਅਜਿਹਾ ਕੋਈ ਸੁਰਾਗ ਨਹੀਂ ਰਹਿੰਦਾ ਜਿਸ ਰਾਹੀਂ ਤਲਾਸ਼ ਅਗਾਂਹ ਤੋਰੀ ਜਾ ਸਕੇ।

ਪਰ ਤਲਾਸ਼ ਦੀ ਇਹ ਦੌੜ ਕਿੰਨੀ ਵੀ ਮੁਸ਼ਕਿਲ ਕਿਉਂ ਨਾ ਹੋਵੇ, ਅਖੀਰ ਨਤੀਜਾ ਆਮ ਕਰਕੇ ਇੰਨਾ ਚੰਗਾ ਹੁੰਦਾ ਹੈ ਕਿ ਤੁਸੀਂ ਬਾਕੀ ਸਭ ਭੁੱਲ ਜਾਂਦੇ ਹੋ। ਇਕ ਪਿਤਾ ਦੇ ਆਪਣੀ ਅਗਵਾ ਕੀਤੀ ਗਈ ਧੀ ਨੂੰ ਮੁੜ ਮਿਲਣ ਦੇ ਖੁਸ਼ੀ ਭਰੇ ਦ੍ਰਿਸ਼ ਤੋਂ ਬਿਹਤਰ ਗੱਲ ਹੋਰ ਕੀ ਹੋ ਸਕਦੀ ਹੈ, ਜਦੋਂ ਪਿਓ ਆਪਣੇ ਹੱਥ ਨਾਲ ਆਪਣੀ ਮੁਸੀਬਤ ਮਾਰੀ ਧੀ ਦਾ ਸਿਰ ਪਲੋਸਦਾ ਹੈ, ਜਿਵੇਂ ਉਹ ਆਪਣੀ ਧੀ ਦੀ ਹੋਈ ਬੇਇੱਜ਼ਤੀ ਦਾ ਦਾਗ ਧੋਣ ਦੀ ਕੋਸ਼ਿਸ਼ ਕਰ ਰਿਹਾ ਹੋਵੇ; ਜਾਂ ਫਿਰ ਕਿਸੇ ਪਤੀ ਦਾ ਆਪਣੀ ਅਗਵਾਸ਼ੁਦਾ ਪਤਨੀ ਨੂੰ ਐਨ ਉਸ ਦੇ ਅਗਵਾਕਾਰ ਦੇ ਬੂਹੇ ਉਤੇ ਮਿਲਣਾ, ਫਿਰ ਪੀੜਤ ਪਤਨੀ ਦਾ ਆਪਣੀਆਂ ਤਕਲੀਫਾਂ ਲਈ ਆਪਣੇ ਪਿਆਰੇ ਤੋਂ ਹਮਦਰਦੀ ਦੀ ਉਮੀਦ ਵਿਚ ਹੰਝੂਆਂ ਦੀਆਂ ਨਦੀਆਂ ਵਹਾ ਦੇਣਾ ਅਤੇ ਦੂਜੇ ਪਾਸੇ ਪਤੀ ਦੀਆਂ ਅੱਖਾਂ ਵੀ ਗਿੱਲੀਆਂ ਹੋ ਜਾਣੀਆਂ। ਭਾਵੇਂ ਘੱਟ ਸੰਵੇਦਨਸ਼ੀਲ ਲੋਕ ਦੋਵਾਂ ਦੇ ਮਿਲਣ 'ਤੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੰਦੇ ਹਨ, ਜਦੋਂਕਿ ਪੀੜਤ ਕੁੜੀ ਆਪਣੇ ਪਤੀ ਕੋਲ ਅਗਵਾਕਾਰਾਂ ਦੀ ਸ਼ਿਕਾਇਤ ਕਰਦੀ ਹੈ, ਇਵੇਂ ਜਿਵੇਂ ਉਹ ਉਸ ਦੇ ਪਤੀ ਦੇ ਘਰ ਦੇ ਬਿਲਕੁਲ ਲਾਗਲੇ ਗੁਆਂਢੀ ਹੋਣ ਜਿਨ੍ਹਾਂ ਨੇ ਪਤੀ ਦੀ ਗੈਰਹਾਜ਼ਰੀ ਵਿਚ ਖੇਤਾਂ ਵਿਚ ਉਸ ਨਾਲ ਬਦਸਲੂਕੀ ਕੀਤੀ ਸੀ ਅਤੇ ਹੁਣ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ।

ਕੰਮ ਦੇ ਸ਼ੁਰੂਆਤੀ ਦੌਰ ਵਿਚ ਜਦੋਂ ਪਾਕਿਸਤਾਨ ਵਿਚ ਜਬਰੀ ਬਰਾਮਦਗੀਆਂ ਦੀ ਇਜਾਜ਼ਤ ਨਹੀਂ ਸੀ, ਉਦੋਂ ਪੀੜਤ ਦੇ ਪਿਤਾ, ਭਰਾ ਜਾਂ ਪਤੀ ਦੀ ਮੌਜੂਦਗੀ ਲਾਹੇਵੰਦ ਰਹਿੰਦੀ ਸੀ। ਲੜਕੀ ਉਦੋਂ ਇਹੋ ਸਮਝਦੀ ਹੁੰਦੀ ਸੀ ਕਿ ਉਸ ਦੇ ਸਾਰੇ ਰਿਸ਼ਤੇਦਾਰ ਮਾਰ ਦਿੱਤੇ ਗਏ ਹਨ ਅਤੇ ਉਸ ਕੋਲ ਅਜਿਹਾ ਸਮਝਣ ਦੇ ਪੂਰੇ ਕਾਰਨ ਵੀ ਹੁੰਦੇ ਸਨ। ਦੂਜੇ ਪਾਸੇ ਉਨ੍ਹਾਂ ਵਿਚ ਇਹ ਅਹਿਸਾਸ ਪੱਕਾ ਕਰਨਾ ਤੇ ਉਤਸ਼ਾਹਿਤ ਕਰਨਾ ਅਗਵਾਕਾਰਾਂ ਨੂੰ ਬਹੁਤ ਵਾਰਾ ਖਾਂਦਾ ਸੀ। ਇਸ ਸੂਰਤ ਵਿਚ ਕੁੜੀਆਂ ਹਨੇਰੇ ਵਿਚ ਛਾਲ ਮਾਰਨ (ਭਾਵ ਬਿਨਾ ਸੋਚੇ ਸਮਝੇ ਉਨ੍ਹਾਂ ਨੂੰ ਬਰਾਮਦ ਕਰਨ ਵਾਲਿਆਂ ਨਾਲ ਤੁਰ ਪੈਣ) ਤੋਂ ਡਰਦੀਆਂ ਸਨ। ਇਸ ਸੂਰਤ ਵਿਚ ਉਨ੍ਹਾਂ ਦੀ ਆਮ ਪ੍ਰਤੀਕਿਰਿਆ ਹੁੰਦੀ ਸੀ ਕਿ 'ਕੋਈ ਵੀ ਮੈਨੂੰ ਨਹੀਂ ਦੱਸ ਸਕਦਾ ਕਿ ਮੇਰੇ ਮਾਪੇ ਕਿੱਥੇ ਹਨ। ਮੈਨੂੰ ਪੱਕਾ ਭਰੋਸਾ ਹੈ ਕਿ ਉਹ ਮਾਰੇ ਗਏ ਹਨ। ਹੁਣ ਮੈਂ ਕਿੱਥੇ ਜਾਵਾਂ?' ਇੰਨਾ ਹੀ ਨਹੀਂ ਸਗੋਂ ਅਜਿਹੇ ਹਾਲਾਤ ਵਿਚ ਕੋਈ ਦੂਰ ਦਾ ਰਿਸ਼ਤੇਦਾਰ ਜਾਂ ਉਸ ਲੜਕੀ ਦੇ ਜੱਦੀ ਪਿੰਡ ਦਾ ਕੋਈ ਵਸਨੀਕ ਵੀ ਕਾਫੀ ਮਦਦਗਾਰ ਸਾਬਤ ਹੁੰਦਾ ਸੀ, ਬਸ਼ਰਤੇ ਕੁੜੀ ਨੂੰ ਉਸ ਦੇ ਇਰਾਦਿਆਂ ਉਤੇ ਸ਼ੱਕ ਨਾ ਹੋਵੇ। ਇੱਥੋਂ ਤੱਕ ਕਿ ਕੁਝ ਕੁੜੀਆਂ ਨੇ ਤਾਂ ਹਿੰਦੋਸਤਾਨ ਵਿਚਲੇ ਆਪਣੇ ਰਿਸ਼ਤੇਦਾਰਾਂ ਦੇ ਪਤੇ ਵੀ ਦਿੱਤੇ ਤਾਂ ਕਿ ਉਹ ਰਿਸ਼ਤੇਦਾਰ ਆਣ ਕੇ ਉਨ੍ਹਾਂ ਨੂੰ ਲਿਜਾ ਸਕਣ।

ਕੁੜੀਆਂ ਦੀ ਬਰਾਮਦਗੀ ਦਾ ਕੰਮ ਬਹੁਤ ਹੀ ਮੁਸ਼ਕਿਲਾਂ ਭਰਿਆ ਹੈ। ਤੁਹਾਨੂੰ ਆਪਣੀਆਂ ਅੱਖਾਂ ਹਰ ਪਲ ਖੁੱਲ੍ਹੀਆਂ ਰੱਖਣ ਤੇ ਚੌਕਸ ਰਹਿਣ ਦੀ ਲੋੜ ਹੁੰਦੀ ਹੈ। ਕਈ ਵਾਰ 'ਇਹ ਪਾਕਿਸਤਾਨ ਦੇ ਕਿਸੇ ਪਿੰਡ ਦੇ ਲੋਕਾਂ ਲਈ ਬਹੁਤ ਖੁਸ਼ੀ ਵਾਲੀ ਅਤੇ ਖੂਨ ਵਧਣ ਵਾਲੀ ਗੱਲ ਹੁੰਦੀ ਹੈ', ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਧਰਤੀ ਨਾਲ ਸਬੰਧਿਤ ਸਾਡੇ ਵਰਗੇ ਲੋਕਾਂ ਦੇ ਪਿੰਡ ਵਿਚ ਪੁੱਜਣ ਦਾ ਪਤਾ ਲੱਗਦਾ ਹੈ। ਅਕਸਰ ਪਿੰਡ ਵਾਲੇ ਕਹਿੰਦੇ ਹਨ, "ਸਾਨੂੰ ਤੁਹਾਡੇ ਕੰਮ ਦਾ ਪਤਾ ਹੈ, ਤੇ ਇੰਸ਼ਾ ਅੱਲ੍ਹਾ ਤੁਹਾਨੂੰ ਕਾਮਯਾਬੀ ਮਿਲੇਗੀ।" ਨਾਲ ਹੀ ਉਹ ਕਹਿਣਗੇ, "ਹੁਣ ਤੁਸੀਂ ਦੁੱਧ ਦਾ ਗਲਾਸ ਪੀਓ ਅਤੇ ਨਾਲ ਹੀ ਸਾਨੂੰ ਆਪਣੇ ਨਵੇਂ ਮੁਲਕ ਬਾਰੇ ਕੁਝ ਦੱਸੋ।"

ਇਕ ਸਵਾਰ ਉਸ ਪਿੰਡ ਦੀ ਦਿਸ਼ਾ ਵਿਚ ਤੇਜ਼ੀ ਨਾਲ ਵਧ ਰਿਹਾ ਦਿਖਾਈ ਦਿੰਦਾ ਹੈ ਜਿਸ ਪਿੰਡ ਦਾ ਦੌਰਾ ਕਰਨ ਦੀ ਤਜਵੀਜ਼ ਹੈ। ਸਵਾਰ ਨੂੰ ਰੋਕਣ ਦਾ ਕੋਈ ਉਪਾਅ ਨਹੀਂ ਹੈ। ਇਕ ਸਿਪਾਹੀ ਨੂੰ ਆਖਿਆ ਜਾਂਦਾ ਹੈ ਕਿ ਉਹ ਸਵਾਰ ਦੀ ਦਿਸ਼ਾ ਵਿਚ ਗੋਲੀ ਚਲਾ ਕੇ ਉਸ ਨੂੰ ਡਰਾਵੇ। ਸਵਾਰ ਡਰ ਜਾਂਦਾ ਹੈ। ਇਸ ਦੌਰਾਨ ਇਕ ਅਹਿਮ ਕੜੀ ਨੂੰ ਫੜ ਲਿਆ ਜਾਂਦਾ ਹੈ ਅਤੇ ਕੁੜੀ ਬਰਾਮਦ ਕਰ ਲਈ ਜਾਂਦੀ ਹੈ। ਸਰਦੀਆਂ ਦੀ ਇਕ ਹਨੇਰੀ ਰਾਤ ਦੌਰਾਨ ਅਸੀਂ ਕਣਕ ਦੇ ਖੇਤ ਵਿਚੋਂ ਪੈਰ ਬੋਚ-ਬੋਚ ਕੇ ਅੱਗੇ ਵਧ ਰਹੇ ਹਾਂ। ਕਣਕ ਹਾਲੇ ਛੋਟੀ ਤੇ ਤ੍ਰੇਲ ਨਾਲ ਭਿੱਜੀ ਹੋਈ ਹੈ। ਲਾਗਲੇ ਖੂਹ ਤੋਂ ਇਕ ਬੰਦਾ ਉਚੀ ਆਵਾਜ਼ ਵਿਚ ਪੁੱਛਦਾ ਹੈ ਕਿ ਅਸੀਂ ਕਿੱਥੇ ਜਾ ਰਹੇ ਸਾਂ। ਅਸੀਂ ਅਸਲ ਵਿਚ ਜਿਸ ਪਿੰਡ ਜਾ ਰਹੇ ਸਾਂ, ਉਸ ਤੋਂ ਅਗਲੇ ਪਿੰਡ ਦਾ ਨਾਂ ਦੱਸ ਦਿੰਦੇ ਹਾਂ, ਕਿ ਅਸੀਂ ਉਥੇ ਜਾ ਰਹੇ ਹਾਂ। ਜਦੋਂ ਅਸੀਂ ਅਗਵਾ ਕੀਤੀ ਗਈ ਲੜਕੀ ਨੂੰ ਬਰਾਮਦ ਕਰ ਕੇ ਪਰਤ ਰਹੇ ਸਾਂ ਤਾਂ ਉਹੋ ਬੰਦਾ ਫਿਰ ਮਿਲ ਜਾਂਦਾ ਹੈ ਅਤੇ ਮਜ਼ਾਹੀਆ ਲਹਿਜੇ ਵਿਚ ਆਖਦਾ ਹੈ, "ਤੁਸੀਂ ਤਾਂ ਆਖਿਆ ਸੀ ਕਿ ਤੁਸੀਂ ਅਗਲੇ ਪਿੰਡ ਜਾ ਰਹੇ ਸਓ?" ਸਾਡੀ ਸਮਝਦਾਰੀ ਕਾਰਨ ਉਹ ਲੜਕੀ ਦੇ ਅਗਵਾਕਾਰ ਆਪਣੇ ਦੋਸਤ ਨੂੰ ਸਾਡੀ ਆਮਦ ਦੀ ਅਗਾਊਂ ਜਾਣਕਾਰੀ ਦੇਣ ਤੋਂ ਵਾਂਝਾ ਰਹਿ ਗਿਆ ਸੀ। ਪਿੰਡ ਦੇ ਬਾਹਰਵਾਰ ਖੇਡ ਰਹੇ ਨਿੱਕੇ ਬੱਚੇ ਇਸ ਮਾਮਲੇ ਵਿਚ ਬਹੁਤ ਮਦਦਗਾਰ ਸਾਬਿਤ ਹੁੰਦੇ ਹਨ।

### ਅਗਵਾਕਾਰ

ਅਗਵਾਕਾਰਾਂ ਬਾਰੇ ਕੁਝ ਜਾਣਕਾਰੀ ਇਉਂ ਹੈ। ਉਹ ਕਿਸੇ ਇਕ ਵਰਗ ਨਾਲ ਸਬੰਧਿਤ ਨਹੀਂ ਹਨ। ਇਨ੍ਹਾਂ ਵਿਚ ਨਾ ਅਮੀਰਾਂ ਦੀ ਕਮੀ ਹੈ, ਨਾ ਗਰੀਬਾਂ ਦੀ। ਬੇਸਹਾਰਾ ਕੁੜੀਆਂ ਨਾਲ ਉਨ੍ਹਾਂ ਦਾ ਵਤੀਰਾ ਵੀ ਇਕੋ ਜਿਹਾ ਨਹੀਂ ਸੀ। ਕਈਆਂ ਦੀਆਂ ਕਰਤੂਤਾਂ ਤਾਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਸਨ, ਜਦੋਂਕਿ ਕਈ ਅਜਿਹੇ ਵੀ ਸਨ ਜਿਨ੍ਹਾਂ ਦੇ ਨਾਂ ਮਿਥੇ ਰਜਿਸਟਰਡ ਦੇ 'ਅਗਵਾਕਾਰ' ਵਾਲੇ ਖਾਨੇ ਵਿਚ ਲਿਖਣ 'ਤੇ ਮੈਨੂੰ ਸ਼ਰਮ ਆ ਰਹੀ ਸੀ। ਬੰਨੂ (ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਖਵਾ ਦਾ ਜ਼ਿਲ੍ਹਾ) ਦੀ ਇਕ ਕੁੜੀ ਨੂੰ ਗੁਜਰਾਤ ਰੇਲ ਤ੍ਰਾਸਦੀ ਤੋਂ ਦੋ-ਤਿੰਨ ਦਿਨਾਂ ਬਾਅਦ ਬਰਾਮਦ ਕੀਤਾ ਗਿਆ। ਬਰਾਮਦ ਕੀਤੀਆਂ ਕੁੜੀਆਂ ਨੂੰ ਰੱਖਣ ਲਈ ਬਣਾਏ ਟਿਕਾਣੇ (ਬਚਾਓ ਘਰ) ਵਿਚ ਉਹ ਬਾਂਸ ਦੀ ਕੁਰਸੀ ਉਤੇ ਬੈਠੀ ਸੀ। ਬਾਅਦ ਵਿਚ ਬਚਾਓ ਘਰ ਦੀ ਇਕ ਮੁਲਾਜ਼ਮ ਔਰਤ ਨੇ ਮੈਨੂੰ ਉਸ ਦੇ ਬਹਿਣ ਵਾਲੀ ਕੁਰਸੀ ਉਤੇ ਲੱਗੇ ਖੂਨ ਦੇ ਦਾਗ ਦਿਖਾਏ।

ਲਾਹੌਰ ਦੇ ਇਲਾਕੇ ਬਦਾਮੀ ਬਾਗ ਤੋਂ ਛੁਡਵਾਈ ਇਕ ਕੁੜੀ ਨੇ ਸਾਨੂੰ ਆਪਣਾ ਹੱਥ ਦਿਖਾਇਆ ਜਿਹੜਾ ਗਰਮ ਲੋਹੇ ਨਾਲ ਸਾੜ ਦਿੱਤਾ ਗਿਆ ਸੀ। ਕਾਰਨ ਇਹ ਕਿ ਉਸ ਦੇ ਹੱਥ ਉਤੇ 'ਓਮ' ਖੁਣਵਾਇਆ ਹੋਇਆ ਸੀ।

ਕੁਝ ਹੋਰਨਾਂ ਅਗਵਾਕਾਰਾਂ ਨੂੰ ਇਸ ਦੀ ਥਾਂ ਬਿਹਤਰ ਢੰਗ ਨਾਲ ਉਨ੍ਹਾਂ ਦੀ ਉਮਰ ਦੇ ਲਿਹਾਜ਼ ਨਾਲ ਰਖਵਾਲੇ ਜਾਂ ਪ੍ਰੇਮੀ ਆਖਿਆ ਜਾ ਸਕਦਾ ਹੈ। ਇਨ੍ਹਾਂ ਲੋਕਾਂ ਨੇ ਜਾਂ ਤਾਂ ਕੁੜੀਆਂ ਨੂੰ ਸੱਚਮੁੱਚ ਗਲਤ ਬੰਦਿਆਂ ਤੋਂ ਬਚਾਇਆ ਸੀ, ਜਾਂ ਫਸਾਦਾਂ ਦੌਰਾਨ ਉਨ੍ਹਾਂ ਦੀ ਰਾਖੀ ਕੀਤੀ ਸੀ। ਉਨ੍ਹਾਂ ਵਿਚੋਂ ਕੋਈ ਵੀ ਕੁੜੀਆਂ ਨੂੰ ਵਾਪਸ ਭੇਜਣ ਦਾ ਚਾਹਵਾਨ ਨਹੀਂ ਸੀ ਪਰ ਉਨ੍ਹਾਂ ਦੇ ਘਰਾਂ ਵਿਚ ਕੁੜੀਆਂ ਆਪਣੇ ਘਰ ਵਾਂਗ ਹੀ ਰਹਿ ਰਹੀਆਂ ਸਨ। ਅਜਿਹੇ ਇਕ ਮਾਮਲੇ ਵਿਚ ਤਾਂ ਘਰ ਦੀਆਂ ਔਰਤਾਂ ਨੂੰ ਜਦੋਂ ਪਤਾ ਲੱਗਾ ਕਿ ਕੁੜੀ ਨੂੰ ਲਿਜਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਹਲਕਾ ਵਿਰੋਧ ਅਤੇ ਰੋਣਾ-ਧੋਣਾ ਵੀ ਕੀਤਾ। ਅਜਿਹੇ ਇਕ ਹੋਰ ਮਾਮਲੇ ਵਿਚ ਰਾਵੀ ਦਰਿਆ ਦੇ ਕੰਢੇ ਰਹਿੰਦੇ ਇਕ ਮਛੇਰੇ ਦੇ ਘਰ ਤੋਂ ਜਦੋਂ ਹਿੰਦੂ ਕੁੜੀ ਨੂੰ ਛੁਡਵਾਇਆ ਗਿਆ ਤਾਂ ਉਸ ਨੇ ਇੱਥੋਂ ਤੱਕ ਆਖ ਦਿੱਤਾ ਕਿ ਉਹ ਆਪਣੀ ਇਸ 'ਪਤਨੀ' ਨਾਲ ਹਿੰਦੋਸਤਾਨ ਜਾਣ ਲਈ ਵੀ ਤਿਆਰ ਸੀ। ਜਦੋਂ ਉਸ ਨੂੰ ਦੱਸਿਆ ਗਿਆ ਕਿ ਉਸ ਨੂੰ ਮੁਸਲਮਾਨ ਹੋਣ ਕਾਰਨ ਭਾਰਤ ਨਹੀਂ ਲਿਜਾਇਆ ਜਾ ਸਕਦਾ ਤਾਂ ਉਸ ਨੇ ਆਪਣੇ ਘਰੋਂ ਸੋਨੇ ਦੇ ਕੁਝ ਗਹਿਣੇ ਅਤੇ ਰੇਸ਼ਮੀ ਕੱਪੜਿਆਂ ਨਾਲ ਭਰਿਆ ਟਰੰਕ ਲਿਆ ਕੇ ਆਪਣੀ ਸੱਜ-ਵਿਆਹੀ 'ਪਤਨੀ' ਨੂੰ ਸੌਂਪ ਦਿੱਤਾ, ਹਾਲਾਂਕਿ ਅਜਿਹਾ ਕਰਨ 'ਤੇ ਉਸ ਦੇ ਆਪਣੇ ਲੋਕਾਂ ਨੇ ਉਸ ਨਾਲ ਭਾਰੀ ਨਾਰਾਜ਼ਗੀ ਵੀ ਦਿਖਾਈ।

ਅਜਿਹਾ ਪਿਆਰ ਕਈ ਥਾਈਂ ਕੁੜੀਆਂ ਨੇ ਵੀ ਦਿਖਾਇਆ, ਕਿਉਂਕਿ ਉਨ੍ਹਾਂ ਵਿਚੋਂ ਕੁਝ ਨੂੰ ਆਪਣੇ ਅਗਵਾਕਾਰਾਂ ਨਾਲ ਪਿਆਰ ਹੋ ਗਿਆ ਸੀ। ਅਜਿਹੀਆਂ ਕਈ ਕੁੜੀਆਂ ਦਾ ਤਾਂ ਛੁਡਵਾਏ ਜਾਣ ਤੋਂ ਤਿੰਨ-ਤਿੰਨ ਦਿਨਾਂ ਬਾਅਦ ਵੀ ਸਿਸਕਦੇ ਰਹਿਣਾ ਹੈਰਾਨ ਕਰਨ ਵਾਲਾ ਹੈ।

### ਕੁੜੀਆਂ ਦੀ ਆਪਣੇ ਘਰੀਂ ਵਾਪਸੀ

ਇਹ ਕਹਿਣਾ ਗਲਤ ਹੈ ਕਿ ਬਰਾਮਦ ਕੀਤੀਆਂ ਕੁੜੀਆਂ ਨੂੰ ਉਨ੍ਹਾਂ ਦੇ ਪਰਿਵਾਰ ਵਾਲਿਆਂ ਵੱਲੋਂ ਵਾਪਸ ਲੈਣ ਤੋਂ ਨਾਂਹ ਕੀਤੀ ਜਾ ਰਹੀ ਹੈ। ਅਜਿਹਾ ਕਹਿਣ ਵਾਲਿਆਂ ਨੂੰ ਉਨ੍ਹਾਂ ਮਾਪਿਆਂ, ਭਰਾਵਾਂ ਤੇ ਪਤੀਆਂ ਦੀਆਂ ਭੀੜਾਂ ਵੱਲ ਦੇਖਣਾ ਚਾਹੀਦਾ ਹੈ ਜਿਹੜੇ ਆਪਣਾ ਸਾਰਾ ਕੁਝ ਹਿੰਦੋਸਤਾਨ ਵਿਚ ਛੱਡ ਕੇ ਮੁੜ ਪਾਕਿਸਤਾਨ ਗਏ ਅਤੇ ਹਫਤਿਆਂ ਬੱਧੀ ਉਥੇ ਰਹੇ ਤਾਂ ਕਿ ਉਹ ਆਪਣੇ ਘਰ ਦੇ ਜੀਆਂ ਨੂੰ ਵਾਪਸ ਲਿਜਾ ਸਕਣ। ਪਾਕਿਸਤਾਨ ਵਿਚ ਕੰਮ ਕਰਨ ਦਾ ਮੈਨੂੰ ਇਕ ਹੋਰ ਤਜਰਬਾ ਇਹ ਹੋਇਆ ਕਿ ਸਭ ਤਰ੍ਹਾਂ ਦੇ ਪਿਆਰਾਂ ਵਿਚੋਂ ਸਭ ਤੋਂ ਮਹਾਨਤਮ ਪਿਆਰ ਮਾਂ ਦਾ ਆਪਣੀ ਧੀ ਪ੍ਰਤੀ ਪਿਆਰ ਹੁੰਦਾ ਹੈ।

ਇਸ ਕੰਮ ਪ੍ਰਤੀ ਪਾਕਿਸਤਾਨੀ ਅਧਿਕਾਰੀਆਂ ਦਾ ਰਵੱਈਆ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਰਿਹਾ ਹੈ। ਨਿਯਮਾਂ ਦੇ ਤੌਰ 'ਤੇ ਅਧਿਕਾਰੀ ਕਾਫੀ ਸਹਿਯੋਗ ਦੇਣ ਵਾਲੇ ਸਨ। ਕਈ ਵਾਰ ਅਜਿਹਾ ਵਾਪਰਿਆ ਕਿ ਕਿਸੇ ਪੁਰਾਣੇ ਤੇ ਬਹੁਤੇ ਉਤਸ਼ਾਹੀ ਮੈਜਿਸਟਰੇਟ ਨੇ ਵਾਰੰਟ ਜਾਰੀ ਕਰ ਦਿੱਤੇ ਕਿ ਫਲਾਂ ਕੁੜੀ, ਜਿਹੜੀ ਬਰਾਮਦਗੀ ਦੇ ਬਾਅਦ ਸਾਡੇ ਕੋਲ ਸੀ, ਨੂੰ ਬਿਆਨ ਦਰਜ ਕਰਾਉਣ ਲਈ ਅਦਾਲਤ ਅੱਗੇ ਪੇਸ਼ ਕੀਤਾ ਜਾਵੇ। ਆਖਿਆ ਜਾਵੇ ਤਾਂ ਇਹ ਪ੍ਰਕਿਰਿਆ ਕਾਨੂੰਨੀ ਹੈ, ਕਿਉਂਕਿ ਕੁੜੀਆਂ ਨੂੰ ਜਬਰੀ ਬਰਾਮਦ ਕੀਤੇ ਜਾਣ ਦਾ ਅੰਤਰ-ਡੋਮੀਨੀਅਨ (ਅੰਤਰ-ਮੁਲਕੀ) ਸਮਝੌਤਾ ਬੁਨਿਆਦੀ ਕਾਨੂੰਨਾਂ ਦੀ ਥਾਂ ਲਾਗੂ ਨਹੀਂ ਹੁੰਦਾ। ਜੇ ਕੁੜੀ ਅਦਾਲਤ ਵਿਚ ਅਗਵਾਕਾਰ ਦੇ ਹੱਕ ਵਿਚ ਬਿਆਨ ਦੇ ਦਿੰਦੀ ਤਾਂ ਉਸ ਨੂੰ ਵਾਪਸ ਅਗਵਾਕਾਰ ਦੇ ਹਵਾਲੇ ਕਰ ਦਿੱਤਾ ਜਾਂਦਾ। ਇਹ ਕਾਰਵਾਈ ਸਾਫ ਤੌਰ 'ਤੇ ਅੰਤਰ-ਡੋਮੀਨੀਅਨ ਸਮਝੌਤੇ ਦੀ ਭਾਵਨਾ ਦੇ ਖਿਲਾਫ ਸੀ।

ਪਾਕਿਸਤਾਨੀ ਪ੍ਰਸ਼ਾਸਨ ਨੂੰ ਕੁੜੀਆਂ ਦੀ ਬਰਾਮਦਗੀ ਦਾ ਇਹ ਕੰਮ ਬਹੁਤ ਹੀ ਵੈਰ ਭਰੇ ਹਾਲਾਤ ਤੇ ਲੋਕ ਰਾਇ ਦੌਰਾਨ ਕਰਨਾ ਪੈ ਰਿਹਾ ਸੀ। ਦੂਜੇ ਪਾਸੇ ਇਸ ਦਿਸ਼ਾ ਵਿਚ ਕੀਤੇ ਜਾ ਰਹੇ ਇਸ ਭਾਰੀ ਕੰਮ ਬਾਰੇ ਪੂਰਬੀ ਪੰਜਾਬ ਵਿਚ ਕੋਈ ਪ੍ਰਚਾਰ ਨਹੀਂ ਹੋ ਰਿਹਾ। ਮੈਨੂੰ ਇਕ ਸਬ ਇੰਸਪੈਕਟਰ ਵੱਲੋਂ ਸ਼ੁਰੂਆਤੀ ਦਿਨਾਂ ਦੌਰਾਨ ਇਕ ਕੁੜੀ ਨੂੰ ਬਰਾਮਦ ਕਰਵਾਏ ਜਾਣ ਦੀ ਘਟਨਾ ਚੇਤੇ ਹੈ, ਜਦੋਂ ਸਬ ਇੰਸਪੈਕਟਰਾਂ ਵੱਲੋਂ ਬਰਾਮਦਗੀਆਂ ਵਿਚ ਇੰਝ ਮਦਦ ਕਰਨਾ ਆਮ ਗੱਲ ਨਹੀਂ ਸੀ। ਇਸ ਮੌਕੇ ਸਾਰਾ ਪਿੰਡ ਇਕੱਠਾ ਹੋ ਗਿਆ ਜੋ ਦੇਖਣ ਨੂੰ ਤਾਂ ਸਬ ਇੰਸਪੈਕਟਰ ਦਾ ਹੌਸਲਾ ਵਧਾਉਣ ਆਇਆ ਜਾਪਦਾ ਸੀ ਪਰ ਹਕੀਕਤ ਇਹ ਸੀ ਕਿ ਲੋਕ ਇਹ ਦੇਖਣ ਆਏ ਸਨ ਕਿ ਕੀ ਸਬ ਇੰਸਪੈਕਟਰ ਸੱਚਮੁੱਚ ਇੰਨਾ ਮੂਰਖ ਹੈ। ਵਿਚਾਰਾ ਸਬ ਇੰਸਪੈਕਟਰ ਲੋਕਾਂ ਦੇ ਮਾੜੇ ਰਵੱਈਏ ਤੋਂ ਇੰਨਾ ਪ੍ਰੇਸ਼ਾਨ ਹੋਇਆ ਕਿ ਉਸ ਨੂੰ ਇਸ ਸਬੰਧ 'ਚ ਲੰਮਾ ਭਾਸ਼ਣ ਦੇਣਾ ਪਿਆ ਅਤੇ ਇੱਥੋਂ ਤੱਕ ਕਹਿਣਾ ਪਿਆ ਕਿ ਇਹ ਪੀੜਤ ਕੁੜੀਆਂ ਭਾਰਤ-ਪਾਕਿ ਜੰਗ ਦੀ ਸੂਰਤ ਵਿਚ 'ਦੁਸ਼ਮਣ ਦੀਆਂ ਸੰਭਾਵੀ ਜਾਸੂਸ ਅਤੇ ਏਜੰਟ' ਸਾਬਿਤ ਹੋ ਸਕਦੀਆਂ ਹਨ। ਪਾਕਿਸਤਾਨ ਵਿਚ ਅੱਜ ਬਹੁਤ ਸਾਰੇ ਅਜਿਹੇ ਲੋਕ ਹਨ ਜਿਹੜੇ ਪੁਲਿਸ ਲਈ ਬਹੁਤ ਵੱਡੇ ਹਨ।

ਬੀਤੇ ਜਨਵਰੀ ਮਹੀਨੇ ਤੋਂ ਅਗਵਾਸ਼ੁਦਾ ਕੁੜੀਆਂ ਦੀ ਬਰਾਮਦਗੀ ਉਸ ਮੁਲਕ ਦੀ ਹੀ ਜ਼ਿੰਮੇਵਾਰੀ ਹੈ ਜਿਸ ਮੁਲਕ ਵਿਚ ਉਹ ਹਨ। ਇਹ ਤਬਦੀਲੀ ਮਿਸ ਮ੍ਰਿਦੁਲਾ ਸਾਰਾਭਾਈ ਦੀ ਜ਼ੋਰਦਾਰ ਮੰਗ ਦੇ ਆਧਾਰ ਉਤੇ ਕੀਤੀ ਗਈ ਹੈ ਜਿਸ ਨੂੰ ਪਾਕਿਸਤਾਨ ਵਿਚ ਪਿਆਰ ਨਾਲ 'ਮੁਰੀਦ-ਏ-ਅੱਲ੍ਹਾ' ਵਜੋਂ ਜਾਣਿਆ ਜਾਂਦਾ ਹੈ। ਇਕ ਤੋਂ ਦੂਜੇ ਮੁਲਕ ਦੀ ਪੁਲਿਸ ਵੱਲੋਂ ਦੂਜੇ ਮੁਲਕ ਦੇ ਤਾਲਮੇਲ ਅਫਸਰਾਂ ਨੂੰ ਸੌਂਪੀਆਂ ਗਈਆਂ ਕੁੜੀਆਂ ਦੀ ਰਸੀਦ ਪ੍ਰਾਪਤੀ ਦਾ ਵੀ ਇਕ ਸਿਸਟਮ ਹੈ - ਜਿਸ ਵਿਚ ਭਾਰਤ ਲਈ ਪੀਲੀ ਤੇ ਪਾਕਿਸਤਾਨ ਲਈ ਹਰੀ ਰਸੀਦ ਹੁੰਦੀ ਹੈ।

ਕੁਝ ਕੁ ਔਖੀਆਂ ਤੇ ਪ੍ਰੇਸ਼ਾਨ ਕਰਨ ਵਾਲੀਆਂ ਹਾਲਤਾਂ ਨੂੰ ਛੱਡ ਕੇ ਪ੍ਰਬੰਧ ਵਧੀਆ ਚੱਲ ਰਿਹਾ ਹੈ। ਜਿਵੇਂ ਇਕ ਸਬ ਇੰਸਪੈਕਟਰ ਟਾਂਗੇ ਸਣੇ ਪਹੁੰਚਦਾ ਹੈ। ਟਾਂਗੇ ਵਿਚ 18 ਸਾਲ ਤੋਂ ਵੱਧ ਉਮਰ ਦੀਆਂ ਤਿੰਨ ਮੁਟਿਆਰਾਂ ਸਵਾਰ ਹਨ। ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਨੂੰ ਆਪਣੇ ਦੋਸਤਾਂ ਕੋਲ ਛੱਡ ਕੇ ਹਿੰਦੋਸਤਾਨ ਚਲੇ ਗਏ ਸਨ ਕਿਉਂਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਇਨ੍ਹਾਂ ਕੁੜੀਆਂ ਲਈ ਪਾਕਿਸਤਾਨ ਤੋਂ ਪੈਦਲ ਚੱਲ ਕੇ ਹਿੰਦੋਸਤਾਨ ਜਾਣਾ ਸੌਖਾ ਨਹੀਂ ਹੋਵੇਗਾ। ਉਹ ਹੁਣ ਅਗਵਾਸ਼ੁਦਾ ਕੁੜੀਆਂ ਵਜੋਂ ਸੌਂਪੀਆਂ ਜਾ ਰਹੀਆਂ ਸਨ ਅਤੇ ਉਨ੍ਹਾਂ ਨੂੰ ਸੌਂਪੇ ਜਾਣ ਦੀ ਰਸੀਦ ਮੰਗੀ ਜਾ ਰਹੀ ਸੀ। ਤੁਸੀਂ ਇਸ ਤੋਂ ਮਨ੍ਹਾ ਨਹੀਂ ਕਰ ਸਕਦੇ। ਬਰਾਮਦਗੀ ਦੇ ਮਾਮਲਿਆਂ ਵਿਚ ਕਿਸੇ ਅਗਵਾਸ਼ੁਦਾ ਔਰਤ ਦੀ ਪਛਾਣ ਹੈ- 'ਆਪਣੇ ਰਿਸ਼ਤੇਦਾਰਾਂ ਤੋਂ ਵੱਖ ਕੀਤੀ ਗਈ ਔਰਤ।'

# ਰੁਕੇ ਹੋਏ ਵਕਤ ਦੀ ਗਾਥਾ

**ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦਾ ਸਿਰਕੱਢ ਹਸਤਾਖਰ ਹੈ। ਕੁਝ ਸਾਲ ਪਹਿਲਾਂ ਉਹਨੇ 'ਨੌਂ ਬਾਰਾਂ ਦਸ' ਕਹਾਣੀ ਲਿਖੀ ਸੀ ਜਿਸ ਵਿਚ ਦਲਿਤ ਪੀੜ ਨੂੰ ਜ਼ੁਬਾਨ ਦਿੱਤੀ ਗਈ ਸੀ। ਫਿਰ ਇਸੇ ਕਹਾਣੀ ਦੀ ਲਗਾਤਾਰਤਾ ਵਿਚ ਉਹਨੇ 'ਮੈਂ ਰੋ ਨਾ ਲਵਾਂ ਇੱਕ ਵਾਰ!' ਨਾਂ ਤਹਿਤ ਕਹਾਣੀ ਲਿਖੀ। ਉਘੇ ਰੰਗਕਰਮੀ ਕੇਵਲ ਧਾਲੀਵਾਲ ਨੇ ਹੁਣ ਇਸ ਕਹਾਣੀ ਨੂੰ ਆਧਾਰ ਬਣਾ ਕੇ ਨਾਟਕ ਜੋੜਿਆ ਹੈ। ਇਸ ਬਾਰੇ ਚਰਚਾ ਇਕ ਹੋਰ ਰੰਗਕਰਮੀ ਡਾ. ਸਾਹਿਬ ਸਿੰਘ ਨੇ ਇਹ ਟਿੱਪਣੀ ਕੀਤੀ ਹੈ।**

ਕਲਾ ਪਰਿਕਰਮਾ

ਨਾਟਕ ਕਹਾਣੀ ਨੂੰ ਅੱਗੇ ਤੋਰਦਾ ਹੈ, ਪਾਠਕ ਕਹਾਣੀ ਵਿਚ ਲੇਖਕ ਦੀਆਂ ਛੱਡੀਆਂ ਖਾਲੀ ਥਾਵਾਂ ਆਪਣੀ ਕਲਪਨਾ ਨਾਲ ਭਰਦਾ ਹੈ ਤੇ ਰੰਗਮੰਚ ਦ੍ਰਿਸ਼ ਰਾਹੀਂ। ਰੰਗਮੰਚ ਸਾਹਿਤ ਨੂੰ ਵਿਸਥਾਰ ਦਿੰਦਾ ਹੈ, ਉਸ ਦੀਆਂ ਪਰਤਾਂ ਖੋਲ੍ਹਦਾ ਹੈ, ਉਸ ਦੀ ਗੁੰਝਲ ਬਿਰਤਾਂਤਕਾਰੀ ਨੂੰ ਆਸਾਨ ਕਰ ਕੇ ਆਪਣੇ ਦਰਸ਼ਕ ਤੱਕ ਪਹੁੰਚਾਉਂਦਾ ਹੈ। ਪ੍ਰੀਖਿਆ ਇਹੀ ਹੈ ਕਿ ਰੰਗਮੰਚ ਸਰਲ ਕਰਦਾ ਹੈ ਜਾਂ ਸਤਹੀ। ਅਰਥਾਂ ਨੂੰ ਪੇਤਲੇ ਕਰ ਦਿੰਦਾ ਹੈ ਕਿ ਹੋਰ ਸੰਘਣੇ। ਸਾਹਿਤ ਦੀਆਂ ਗੁੱਝੀਆਂ

**ਡਾ. ਸਾਹਿਬ ਸਿੰਘ**
**ਫੋਨ: +91-98880-11096**

ਰਮਜ਼ਾਂ ਨੂੰ ਦਰਸ਼ਕ ਸਾਹਮਣੇ ਭਖਣ ਲਾ ਦਿੰਦਾ ਹੈ ਜਾਂ ਹੋਰ ਉਲਝਾ ਦਿੰਦਾ ਹੈ। ਜਦੋਂ ਕਹਾਣੀ ਰੰਗਮੰਚ ਦੇ ਘਰ ਜਾਂਦੀ ਹੈ ਤਾਂ ਪੇਕਿਆਂ ਤੋਂ ਸਹੁਰੇ ਜਾ ਰਹੀ ਹੁੰਦੀ ਹੈ। ਸਹੁਰਾ ਘਰ ਉਸ ਦੇ ਮੁੱਢਲੇ ਸਰੂਪ ਦਾ ਅੰਦਰਲਾ ਖਾਸਾ ਬਰਕਰਾਰ ਰੱਖਦਿਆਂ ਉਸ ਨੂੰ ਆਪਣੇ ਢਾਂਚੇ 'ਚ ਢਾਲ ਲਵੇ ਤਾਂ ਸੁਹਿਰਦ ਦਰਸ਼ਕ ਅੱਖਾਂ ਭਰ ਕੇ ਖੁਸ਼ੀ ਤੇ ਤਸੱਲੀ ਨਾਲ ਕਹਿ ਸਕਦਾ ਹੈ, 'ਏਨੀ ਗਹਿਗੱਚ ਪੇਸ਼ਕਾਰੀ ਤੋਂ ਬਾਅਦ ਮੈਂ ਰੋ ਨਾ ਲਵਾਂ ਇੱਕ ਵਾਰ!'

ਵਰਿਆਮ ਸੰਧੂ ਦੀ ਕਹਾਣੀ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਅਤੇ ਮੰਚ ਰੰਗਮੰਚ ਦੇ ਕਲਾਕਾਰਾਂ ਦੀ ਊਰਜਾਵਾਨ ਅਦਾਕਾਰੀ ਨਾਲ ਨਾਟਕ 'ਮੈਂ ਰੋ ਨਾ ਲਵਾਂ ਇੱਕ ਵਾਰ' ਡੇਢ ਘੰਟੇ ਲਈ ਇੰਜ ਲੱਗਿਆ ਜਿਵੇਂ ਸਮਾਂ ਰੁਕ ਗਿਆ ਹੋਵੇ। ਜਿਵੇਂ ਮੰਚ ਪੰਜਾਬ ਬਣ ਗਿਆ ਹੋਵੇ, ਮੰਚ 'ਤੇ ਤੁਰੇ ਫਿਰਦੇ ਪਾਤਰ ਪੰਜਾਬ ਦੇ ਕੈਨਵਸ 'ਤੇ ਕਿਸੇ ਅਲੋਕਾਰੀ ਪੇਂਟਿੰਗ ਦੀਆਂ ਸਿੱਧੀਆਂ, ਟੇਢੀਆਂ, ਵਲ਼ ਖਾਂਦੀਆਂ, ਇੱਕ ਦੂਜੇ ਨਾਲ ਟਕਰਾਉਂਦੀਆਂ, ਇੱਕ ਦੂਜੇ ਨੂੰ ਢਾਹੁੰਦੀਆਂ ਲਕੀਰਾਂ ਖਿੱਚ ਰਹੇ ਹੋਣ। ਕਹਾਣੀ ਜੇ ਆਪਣੇ ਸਿਰਲੇਖ ਨੂੰ ਅੰਤ ਤੱਕ ਪਾਠਕ ਦੇ ਮਨ 'ਚ ਵਸਾ ਕੇ ਰੱਖੇ ਪਰ ਉਸ ਦਾ ਸਿਰਾ ਲੱਗਣ ਤੋਂ ਰੋਕੀ ਰੱਖੇ ਤਾਂ ਉਤਮ ਸਾਹਿਤ ਬਣਦਾ ਹੈ। ਰੰਗਮੰਚ ਜੇ ਅੰਤਲੇ ਦ੍ਰਿਸ਼ ਤੱਕ ਆਪਣੇ ਮੁੱਖ ਪਾਤਰ ਦਾ ਰੋਣਾ ਦਰਸ਼ਕ ਨੂੰ ਦਰਸਾਈ ਜਾਵੇ ਪਰ ਅੰਤਲੀ ਸੱਟ ਤੱਕ ਰੋਕ ਕੇ ਰੱਖੇ ਤਾਂ ਇਹ ਭਰਪੂਰ, ਸਾਰਥਕ, ਕਲਾਤਮਕ, ਸਹਿਜ ਕਲਾ ਦਾ ਰੂਪ ਬਣਦਾ ਹੈ। ਕੇਵਲ ਧਾਲੀਵਾਲ ਨੇ ਇਸ ਪੇਸ਼ਕਾਰੀ ਰਾਹੀਂ ਆਪਣਾ ਕਲਾਤਮਕ ਕੱਦ ਬਹੁਤ ਉਚਾ ਕੀਤਾ ਹੈ। ਉਸ ਨੇ ਇਸ ਕਹਾਣੀ ਨੂੰ ਮੰਚ 'ਤੇ ਪੇਸ਼ ਕਰਦਿਆਂ ਬੜੀ ਕਠਿਨ ਪ੍ਰੀਖਿਆ ਦਿੱਤੀ ਹੈ ਤੇ ਉਹ ਮੈਰਿਟ 'ਚ ਆਇਆ ਹੈ।

ਕਹਾਣੀ ਸਿੱਧਰੇ ਨਿੰਦਰ ਦੀ ਬਾਤ ਪਾ ਰਹੀ ਹੈ। ਉਹ ਨਿੰਦਰ ਜੋ ਗਰੀਬਾਂ 'ਚੋਂ ਵੀ ਗਰੀਬ ਹੈ, ਸਦੀਆਂ ਤੋਂ ਹੰਢਾਈ ਜਾ ਰਹੀ ਲਗਭਗ ਲਾਇਲਾਜ ਬਿਮਾਰੀ ਦੇ ਜ਼ਖਮ ਦਿਲ ਵਿਚ ਲਈ ਘੁੰਮਦਾ ਹੈ, ਜ਼ਿੰਦਗੀ ਨਾਲ ਜੁੜੀ ਹਰ ਖਾਹਿਸ਼ ਨੂੰ ਸੀਨੇ ਲਾਈ ਫਿਰਦਾ ਹੈ, ਪੈਸੇ ਕਮਾ ਕੇ ਤੇ ਪੈਸੇ ਜੋੜ ਕੇ ਧੰਨੇ ਸ਼ਾਹ ਬਣਨਾ ਚਾਹੁੰਦਾ ਹੈ ਜਿੱਥੇ ਪੈਸਾ ਉਸ ਦਾ ਗੁਲਾਮ ਹੋਵੇ, ਚੰਗੀ ਔਰਤ ਦਾ ਸੰਗ ਮਾਣਨਾ ਚਾਹੁੰਦਾ ਹੈ, ਢਿੱਡ ਭਰ ਰੋਟੀ ਖਾਣੀ ਚਾਹੁੰਦਾ ਹੈ, ਧਰਮਿੰਦਰ ਵਰਗੇ ਵੱਡੇ ਬੰਦੇ ਦਾ ਪੁੱਤਰ ਬਣ ਕੇ ਸਮਾਜਕ ਅਸਰ ਰਸੂਖ ਤੇ ਵਡਿਆਈ ਦਾ ਸੁਫਨਾ ਪਾਲੀ ਬੈਠਾ ਹੈ। ਉਹ ਆਪਣੇ ਨਾਲ ਹੋਏ ਧੱਕੇ ਬਾਰੇ ਚੇਤੰਨ ਰੂਪ 'ਚ ਅਣਜਾਣ ਹੋਣ ਦੇ ਬਾਵਜੂਦ ਧੱਕੇ ਦੀ ਕੰਧ ਨੂੰ ਸੁਫਨਈ ਬੰਬ ਨਾਲ ਉਡਾ ਦੇਣਾ ਚਾਹੁੰਦਾ ਹੈ। ਪ੍ਰਬੰਧ ਉਸ ਨੂੰ ਕੁਝ ਵੀ ਕਰਨ ਨਹੀਂ ਦੇ ਰਿਹਾ। ਉਹ ਸਿਰਫ ਛੋਟੇ-ਛੋਟੇ ਢਾਰਸਾਂ ਰਾਹੀਂ ਜ਼ਿੰਦਗੀ ਨੂੰ ਮਾਣਨ ਦੇ ਰਾਹ ਪਿਆ ਹੈ ਤੇ ਅਖੀਰ 'ਚ ਵਰਿਆਮ ਸੰਧੂ ਦੀ ਸਾਲਾਂਬੱਧੀ ਘਾਲਣਾ ਵਿਚੋਂ ਉਪਜੀ ਸਾਹਿਤਕ ਤੇ ਸਮਾਜਕ ਸਮਝ ਉਸ ਨੂੰ ਆਪਣਿਆਂ ਨਾਲ ਹੀ ਟਕਰਾਉਂਦਾ ਦਿਖਾਉਂਦੀ ਹੈ। ਉਹ ਆਪਣੇ ਅੰਦਰ ਖੌਲਦੇ



ਨਾਟਕ 'ਮੈਂ ਰੋ ਨਾ ਲਵਾਂ ਇੱਕ ਵਾਰ' ਦੀ ਝਲਕ।



ਕਹਾਣੀਕਾਰ ਵਰਿਆਮ ਸੰਧੂ



ਰੰਗਕਰਮੀ ਕੇਵਲ ਧਾਲੀਵਾਲ

ਤੂਫਾਨ ਨੂੰ ਸ਼ਾਂਤ ਕਰਨ ਲਈ ਉਨ੍ਹਾਂ ਹੀ ਜੀਆਂ ਨੂੰ ਮਾਰ ਦਿੰਦਾ ਹੈ ਜੋ ਉਸ ਤੋਂ ਵੀ ਪਹਿਲਾਂ ਇਸ ਸਮਾਜਿਕ ਤ੍ਰਿਸਕਾਰ ਤੇ ਨਿਖੇਧੀ ਦਾ ਸ਼ਿਕਾਰ ਹੋਏ, ਉਸ ਥੋਪੀ ਹੋਈ ਜੂਨ ਨੂੰ ਹੋਣੀ ਸਮਝ ਕੇ ਭੋਗਣ ਲਈ ਮਜਬੂਰ ਹਨ। ਕੇਵਲ ਧਾਲੀਵਾਲ ਦਾ ਰੰਗਮੰਚ ਇਸ ਵਿਸ਼ਲੇਸ਼ਣ ਨੂੰ ਫੜਦਾ ਹੈ। ਫਿਰ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਰੰਗਮੰਚੀ ਜੁਗਤਾਂ ਰਾਹੀਂ ਪੇਸ਼ ਕਰਦਾ ਹੈ।


ਉਹ ਮਾਸੂਮ ਮੁੰਡਿਆਂ ਦੀ ਕਬੱਡੀ ਖੇਡ 'ਚ ਕਲਾਕਾਰਾਂ ਦੇ ਮੂੰਹਾਂ 'ਤੇ ਮਖੌਟੇ ਪਹਿਨਾ ਕੇ ਆਰੰਭ 'ਚ ਹੀ ਕਹਾਣੀ ਦਾ ਕੇਂਦਰੀ ਸੂਤਰ ਫੜਨ ਤੇ ਨਿਭਾਉਣ ਦਾ ਐਲਾਨ ਕਰਦਾ ਹੈ, ਜਿੱਥੇ ਚਿਹਰੇ ਮਹੱਤਵ ਨਹੀਂ ਰੱਖਦੇ, ਜਾਤ ਤੇ ਸਮਾਜਕ ਦਰਜਾ ਅੜਿੱਕਾ ਹੈ। ਉਹ ਨਿੰਦਰ ਦੇ ਪਿਆਰ ਨਾਲ ਭਿੱਜੇ ਸੁਫਨਮਈ ਪਲਾਂ ਨੂੰ ਪਾਣੀ ਦੇ ਉਨ੍ਹਾਂ ਬੁਲਬੁਲਿਆਂ ਰਾਹੀਂ ਦਰਜ ਕਰਦਾ ਹੈ ਜੋ ਦੇਖਣ ਨੂੰ ਖੂਬਸੂਰਤ ਲਗਦੇ ਹਨ ਪਰ ਜਿਨ੍ਹਾਂ ਦੀ ਉਮਰ ਛਿਣ ਭਰ ਹੁੰਦੀ ਹੈ। ਨਿੰਦਰ ਦਾ ਹਰ ਸੁਫਨਾ, ਸੁਫਨਾ ਬਣਨ ਤੋਂ ਪਹਿਲਾਂ ਹੀ ਟੁੱਟਣ ਲਈ ਤਿਆਰ ਹੈ। ਦਰਸ਼ਕ 5400 ਸਕਿੰਟ ਦੇ ਹਰ ਸਕਿੰਟ ਇਨ੍ਹਾਂ ਸੁਫਨਿਆਂ ਦੇ ਤਿੜਕਣ ਦਾ ਦਰਦ ਮਹਿਸੂਸ ਕਰਦਾ ਹੈ। ਨਿੰਦਰ ਜਦ ਵੀ ਸੁਫਨਾ ਲੈਂਦਾ ਹੈ, ਕੇਵਲ ਧਾਲੀਵਾਲ ਉਸ ਸੁਪਨੇ ਦੀ ਰੂਹ ਦੇ ਮੇਚ ਦਾ ਜਿਸਮ (ਦ੍ਰਿਸ਼) ਖੜ੍ਹਾ ਕਰਦਾ ਹੈ। ਉਹ ਰੂਹ ਦੀ ਝਲਕ ਮਾਰਦਾ 'ਜਿਸਮ' ਦਰਸ਼ਕ ਦਾ ਰੁੱਗ ਭਰਦਾ ਹੈ। ਇਵੇਂ ਲੱਗਦਾ ਹੈ, ਜਿਵੇਂ ਨਿਰਦੇਸ਼ਕ ਨੇ ਕਹਾਣੀ ਪੜ੍ਹਦਿਆਂ ਅਤੇ ਇਸ ਨੂੰ ਰੰਗਮੰਚੀ ਰੂਪ ਧਾਰਦਿਆਂ ਆਪਣੇ ਖਿਆਲਾਂ ਵਿਚ ਕੋਈ ਪਿੰਡ ਤਾਮੀਰ ਕਰ ਲਿਆ ਹੋਵੇ। ਮੰਚ ਦੀ ਡਿਜ਼ਾਈਨਿੰਗ ਪ੍ਰਤੀਕਾਤਮਕ ਹੈ, ਨਾ ਉਹ ਠੱਠੀ ਵਰਗਾ ਹੈ, ਨਾ ਜ਼ਿਮੀਂਦਾਰਾਂ ਦੇ ਘਰਾਂ ਵਰਗਾ, ਨਾ ਕਚਹਿਰੀ ਵਰਗਾ ਤੇ ਨਾ ਹੀ ਥਾਣੇ ਵਰਗਾ ਪਰ ਘੁੰਮਣ ਘੇਰੀਆਂ ਖਾਂਦੇ ਪਰਦਿਆਂ ਦੇ ਆਕਾਰ, ਇੱਧਰ ਉਧਰ ਗੱਡੇ ਬਾਂਸ, ਪਿੰਡ ਦੇ ਦਰਵਾਜ਼ੇ ਵਰਗੀਆਂ ਘੁਮਾਓਦਾਰ ਪੌੜੀਆਂ, ਦਰਸ਼ਕ ਦੀ ਨਜ਼ਰ ਨੂੰ ਲਗਾਤਾਰ ਉਪਰ ਥੱਲੇ ਘੁਮਾ ਰਹੀ ਸੈੱਟ ਦੀ ਉਚਾਈ ਤੇ ਨਿਵਾਣ ਬਿਨਾ ਰੰਗਤ ਬਦਲਿਆਂ ਅੱਖਾਂ ਸਾਹਮਣੇ ਠੱਠੀ ਵੀ ਬਣ ਜਾਂਦੀ ਹੈ ਤੇ ਜ਼ਿਮੀਂਦਾਰਾਂ ਦੀ ਹਵੇਲੀ ਵੀ। ਕੁਝ ਵੀ ਯਥਾਰਥਕ ਨਹੀਂ ਹੈ ਪਰ ਜ਼ਿੰਦਗੀ ਦਾ ਕਰੂਰ ਯਥਾਰਥ ਮੰਚ 'ਤੇ ਖੌਰੂ ਪਾ ਰਿਹਾ ਹੈ।

ਨਿੰਦਰ ਦੇ ਖਿਆਲਾਂ 'ਚ ਭਗਤ ਸਿੰਘ ਆ ਗਿਆ ਹੈ। 'ਭਗਤ ਸਿੰਘ ਦਾ ਰਾਹ, ਸਾਡਾ ਰਾਹ' ਉਸ ਦੀ ਜ਼ੁਬਾਨ 'ਤੇ ਆ ਗਿਆ ਹੈ। ਕਹਾਣੀ ਦੀ ਜਟਿਲਤਾ ਦਾ ਇਹ ਸਿਖਰ ਸੀ। ਸਾਰਾ ਨਾਟਕ ਦੇਖਦਿਆਂ ਮੇਰੀ ਸੁਰਤੀ ਇਥੇ ਹੀ ਫਸੀ ਹੋਈ ਸੀ ਕਿ ਆਮ ਤੌਰ 'ਤੇ ਸਿੱਧਰੇ ਨੂੰ ਵੱਧ ਸਿੱਧਰਾ, ਇਨਕਲਾਬੀ ਨੂੰ ਪ੍ਰਚੰਡ ਇਨਕਲਾਬੀ ਤੇ ਨਾਇਕ/ਖਲਨਾਇਕ ਨੂੰ ਹੋਰ ਸਪਸ਼ਟ/ਨਿੱਖੜਵਾਂ ਦਿਖਾਉਣ ਦੀ ਕਾਹਲ ਕਰਨ ਵਾਲੇ ਰੰਗਮੰਚ 'ਚੋਂ ਇਹ ਪੇਸ਼ਕਾਰੀ ਕਾਮਯਾਬ ਹੋ ਕੇ ਕਿਵੇਂ ਨਿਕਲੇਗੀ! ਕੇਵਲ ਧਾਲੀਵਾਲ ਅਤੇ ਉਸ ਦੇ ਮੁੱਖ ਅਦਾਕਾਰ ਗੁਰਤੇਜ ਮਾਨ ਨੇ ਇਸ ਬਾਰੀਕ ਤਾਰ 'ਤੇ ਤੁਰਨ ਦਾ ਭਰਪੂਰ ਮੁਜ਼ਾਹਰਾ ਕੀਤਾ। ਨਿੰਦਰ ਨਾ ਪਾਗਲ ਹੈ, ਨਾ ਇਨਕਲਾਬੀ ਹੈ। ਸਾਡੇ ਸਮਾਜਕ ਸਿਆਸੀ ਨਿਜ਼ਾਮ ਨੇ ਮਾਸੂਮ ਸਿੱਧਰੇ ਇਨਸਾਨ ਨੂੰ ਕਿਵੇਂ ਉਲਝਾਇਆ ਹੈ ਕਿ ਉਹ ਸੁਫਨੇ ਵੀ ਗੈਰ ਯਥਾਰਥਕ ਦੇਖਦਾ ਹੈ। ਉਹ ਭਗਤ ਸਿੰਘ ਨੂੰ ਵੀ ਹੱਥ 'ਚ ਫੜੇ ਬੰਬ ਦੇ ਇਕਹਿਰੇ ਬਿੰਬ ਰਾਹੀਂ ਫੜਦਾ ਹੈ ਤੇ ਅਖੀਰ ਥੱਕ ਹਾਰ ਕੇ ਉਹ ਸਿਰਫ ਇੰਨਾ ਹੀ ਕਹਿਣ ਜੋਗਾ ਹੁੰਦਾ ਹੈ, 'ਮੈਂ ਰੋ ਨਾ ਲਵਾਂ ਇੱਕ ਵਾਰ!' ਅਦਾਕਾਰ ਸਹਿਜ ਹਨ, ਨਿਰਦੇਸ਼ਕ ਸਹਿਜ ਹੈ ਤੇ ਇਸ ਸਭ ਕਾਸੇ ਦੀ ਚੋਟੀ 'ਤੇ ਖੜ੍ਹਾ ਹੈ ਨਿੰਦਰ ਦੀ ਭੂਮਿਕਾ ਨਿਭਾਉਣ ਵਾਲਾ ਗੁਰਤੇਜ ਮਾਨ। ਉਸ ਦੀਆਂ ਅਦਾਵਾਂ, ਬੋਲਣ ਦਾ ਅੰਦਾਜ਼, ਹੰਝੂ ਟਪਕਣ ਲਈ ਤਿਆਰ ਦਿਸਦੀਆਂ ਅੱਖਾਂ, ਸੰਵਾਦ ਅਦਾਇਗੀ ਦੀ ਟਾਈਮਿੰਗ, ਸਿੱਧਰੇ ਪੁਰਸ਼ ਦੀ ਸਰੀਰਕ ਭਾਸ਼ਾ ਤੇ ਲੋਹੜੇ ਦਾ ਸਵੈ ਵਿਸ਼ਵਾਸ, ਉਸ ਨੂੰ ਸਹਿਜ ਹੀ ਚੰਗੇ ਅਦਾਕਾਰਾਂ ਦੀ ਸੂਚੀ ਤੋਂ ਗਿੱਠ ਉਪਰ ਚੁਕ ਵਧੀਆ ਅਦਾਕਾਰਾਂ ਦੀ ਸੂਚੀ ਵਿਚ ਦਰਜ ਕਰ ਦਿੰਦਾ ਹੈ। ਕੇਵਲ ਧਾਲੀਵਾਲ ਦੀ ਨਿਰਦੇਸ਼ਕੀ ਸਮਝ ਤੇ ਗੁਰਤੇਜ ਦੀ ਸਹਿਜ ਅਦਾਕਾਰੀ ਦਾ ਹੀ ਨਤੀਜਾ ਸੀ ਕਿ ਇੱਕ ਵਾਰ ਵੀ ਸਿੱਧਰੇ ਨਿੰਦਰ ਦੇ ਮੂੰਹੋਂ ਨਿਕਲਿਆ 'ਇਨਕਲਾਬ ਜ਼ਿੰਦਾਬਾਦ' ਦਾ ਉਚਾਰਨ ਦਰਸ਼ਕਾਂ ਵੱਲੋਂ ਗੂੰਜਵੇਂ ਰੂਪ 'ਚ ਪ੍ਰਗਟ ਨਹੀਂ ਹੋਇਆ ਕਿਉਂਕਿ ਉਹਦੇ ਮੂੰਹੋਂ ਨਿਕਲਿਆ ਇਹ ਨਾਅਰਾ ਵੀ ਬੜੀ ਖੂਬਸੂਰਤੀ ਨਾਲ ਧੁਨੀ ਇਹੀ ਪੈਦਾ ਕਰ ਰਿਹਾ ਸੀ, 'ਮੈਂ ਰੋ ਨਾ ਲਵਾਂ ਇੱਕ ਵਾਰ!'

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਅਕਤੂਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-503



*ਕੇਹਾ ਬਚਪਨ ਕੇਹੀ ਜ਼ਿੰਦਗੀ, ਕੇਹੀ ਅਜਬ ਕਹਾਣੀ।*
*ਕਿੱਥੇ ਪੈਦਾ ਕਰਕੇ ਖੌਰੇ ਕਿੱਥੇ ਚੋਗ ਚੁਗਾਉਣੀ।*
*ਸਾਨੂੰ ਵੀ ਦੇ ਸੁੱਖ ਦਾ ਸਾਹ ਕੋਈ ਗੁਣ ਤੇਰੇ ਫਿਰ ਗਾਈਏ।*
*ਸਾਡੇ ਲਈ ਕਿਉਂ ਰੱਬਾ ਪਾਈ ਪਾਣੀ ਵਿਚ ਮਧਾਣੀ?*

### ਕੈਪਸ਼ਨ ਮੁਕਾਬਲਾ-501



ਗਰਮੀ, ਸਰਦੀ, ਮੀਂਹ, ਹਨੇਰੀ
ਬਿਪਤਾ ਜਦ ਵੀ ਕੋਈ ਆਵੇ।
ਤਾਣ ਕੇ ਆਪਣੇ ਪਰਾਂ ਦੇ ਤਾਈਂ
ਰੱਖਿਆ ਛਤਰੀ ਖੁਦ ਬਣ ਜਾਵੇ।
ਮਮਤਾ ਵਾਲੀ ਬੁੱਕਲ ਹੈ ਇਹ
ਜੀਵਨ ਆਪਣਾ ਦਾਅ 'ਤੇ ਲਾਵੇ।
***-ਜਗਮੀਤ ਸਿੰਘ ਪੰਧੇਰ***

---

ਗਰਮ ਹਵਾਵਾਂ ਨੇ ਸਾਹ ਸੁਕਾਏ,
ਵਿਉਂਤਬੰਦੀ ਝੱਟ ਕਰ ਲਈ ਮਾਂ।
ਪਰਾਂ ਦੀ ਛਤਰੀ ਹੇਠ ਬਿਠਾ ਲਏ,
ਫਿੱਕੀ ਪਾ'ਤੀ ਬੋਹੜ ਦੀ ਛਾਂ।
ਬੱਚਿਆਂ ਲਈ ਜਾਨ ਨਿਛਾਵਰ ਕਰਦੀ।
ਮਮਤਾ ਦਾ ਦੁਨੀਆਂ 'ਤੇ ਰੌਸ਼ਨ ਨਾਂ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ।***

---

ਮਾਂ ਮਮਤਾ ਦੀ ਮੂਰਤ ਹੁੰਦੀ ਹੈ
ਜੰਮਣੋਂ ਪਹਿਲਾਂ ਸ਼ੁਰੂ ਹੁੰਦੀ ਹੈ।
ਤੱਤੀ 'ਵਾਅ ਤੋਂ ਸਦਾ ਬਚਾਵੇ
ਆਪਣੇ ਦੁੱਖ ਸਭ ਭੁੱਲ ਜਾਵੇ।
***-ਸੇਵਾ ਸਿੰਘ ਨੂਰਪੁਰੀ***

---

ਖੁੱਲ੍ਹੀਆਂ ਅੱਖਾਂ ਨਾਲ ਨਜ਼ਰੀਂ ਨਾ ਪਵੇ
ਧਿਆਨ ਧਰੋ ਬੰਦ ਅੱਖਾਂ ਨਾਲ ਰੱਬ ਹੈ ਦੀਂਹਦਾ।
ਪਰਾਂ ਨਾਲ ਢਕ ਕੇ ਬੋਟਾਂ ਨੂੰ ਨਿੱਘ ਦੇਵੇ
ਮਮਤਾ ਦਾ ਰੂਪ ਰੱਬ 'ਚ ਵਟੀਂਦਾ।
ਸੁਰਮਈ ਮਾਹੌਲ 'ਚ
ਵਿਰੋਧੀਆਂ ਨੂੰ ਚਮਕਾ ਦੇਵੇ
ਉਡਾਰੂ ਹੋਣ ਤੱਕ ਕਰੇ ਉਨ੍ਹਾਂ ਦੀ ਸੰਭਾਲ।
ਫਿਰ ਵੀ ਜਿਉਂਦੇ ਜੀਅ
ਮਮਤਾ ਦੀ ਦੌੜ ਨਾ ਮੁੱਕੇ
ਜੁਗ ਜੁਗ ਜੀਵਣ ਮੇਰੇ ਲਾਲ।
***-ਅਮਰਜੀਤ ਸਿੰਘ ਤੂਰ***

---

ਲੱਗ ਨਾ ਜਾਵੇ ਤੱਤੀ ਵਾ ਕਿਤੇ
ਨਾ ਹੀ ਲੱਗੇ ਸਰਦ ਰੁਤ ਦਾ ਝੋਕਾ,
ਪੰਛੀ ਲੈ ਕੱਛਾਂ 'ਚ, ਖੋਲ੍ਹ ਪਰ ਆਪਣੇ
ਲੁਕੋ ਲੈਂਦੇ ਆਪਣੇ ਮਾਸੂਮਾਂ ਨੂੰ।
ਪਹੁੰਚੇ ਫਸਾ ਦਰਖਤਾਂ ਦੀਆਂ ਡਾਲੀਆਂ 'ਤੇ
ਗਾਉਂਦੇ, ਕੱਢਦੇ ਨਵੀਆਂ ਸੁਰਾਂ
ਜ਼ਿੰਦਗੀ ਨੂੰ ਹਕੀਕਤ 'ਚ ਮਾਣਦੇ।
***-ਦਰਸ਼ਨਪਾਲ ਦੋਸਾਂਝ***

---

ਆਲ੍ਹਣਾ ਬਣਾਇਆ
ਗਿੱਲੇ ਡੱਕਿਆ ਨੂੰ ਤੋੜ ਕੇ
ਟੋਕਰੀ ਦੇ ਵਾਂਗ, ਚਿਣ ਲਏ ਨੇ ਮਰੋੜ ਕੇ।
ਹਨੇਰੀਆਂ ਤੇ ਧੁੱਪਾਂ ਵਿਚ ਛਤਰੀ ਨੇ ਤਾਣਦੇ
ਮਮਤਾ ਦਾ ਨਿੱਘ, ਇਹ ਬੱਚਿਆਂ 'ਚੋਂ ਮਾਣਦੇ।
***-ਮਾਸਟਰ ਪ੍ਰੀਤਮ ਸਿੰਘ ਲੰਮੇ ਕੈਲੀਫੋਰਨੀਆ।***

---

ਮਾਂ ਤਾਂ ਮਾਂ ਹੀ ਹੁੰਦੀ ਆ
ਮਾਂ ਦੀ ਠੰਡੀ ਛਾਂ ਹੁੰਦੀ ਏ।
ਮਾਂ ਦੀ ਕੋਈ ਥਾਂ ਨਹੀਂ ਲੈ ਸਕਦਾ
ਜੋ ਮਾਂ ਹੱਸ ਕੇ ਸਹਿ ਸਕਦੀ ਏ,
ਉਹ ਹੋਰ ਨਹੀਂ ਕੋਈ ਸਹਿ ਸਕਦਾ।
ਆਪ ਰੋਟੀ ਖਾਵੇ ਜਾਂ ਨਾ ਖਾਵੇ
ਬੱਚਿਆਂ ਨੂੰ ਭੁੱਖੇ ਨਹੀਂ ਰਹਿਣ ਦਿੰਦੀ।
ਆਪ ਝੱਲ ਲੈਂਦੀ ਦੁੱਖ ਸਾਰੇ
ਬੱਚਿਆਂ ਉਪਰ ਨਹੀਂ ਮੁਸੀਬਤ ਪੈਣ ਦਿੰਦੀ।
ਮਾਂ ਦਾ ਪਿਆਰ ਨਹੀਂ ਮਿਲਦਾ ਮੁੱਲ
ਨਹੀਂ ਤਾਂ ਹਰ ਕੋਈ ਜਾ ਕੇ ਮੁੱਲ ਲੈ ਲੈਂਦਾ।
ਮਾੜਾ ਮਾਂ ਨੂੰ ਕਦੇ ਨਾ ਬੋਲ ਆਖੀਏ
ਨਹੀਂ ਮਾਂਵਾਂ ਤੋਂ ਇਹ ਸਹਿ ਹੁੰਦਾ।
ਲੱਖ ਤਾਈਆਂ-ਚਾਚੀਆਂ ਲਾਡ ਪਿਆਰ ਕਰਨ
ਪਰ ਮਾਂ ਦਾ ਪਿਆਰ ਨਹੀਂ ਕੋਈ ਦੇ ਸਕਦਾ।
ਪੁੱਛ ਕੇ ਵੇਖੋ ਉਨ੍ਹਾਂ ਪਰਦੇਸੀਆਂ ਤੋਂ
ਵਿਛੜੀ ਮਾਂ ਦਾ ਘਾਟਾ ਨਹੀਂ ਪੂਰਾ ਹੋ ਸਕਦਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਭੁੱਖ ਤੇ ਸਕੂਨ

ਇੰਦਰਜੀਤ ਚੁਗਾਵਾਂ

ਟਰੱਕ ਡਰਾਈਵਰ ਦੀ ਜ਼ਿੰਦਗੀ ਅਜਿਹੀ ਹੈ ਕਿ ਕੁਝ ਵੀ ਤੈਅ ਨਹੀਂ ਹੁੰਦਾ। ਘਰੋਂ ਤੁਰਨ ਵੇਲੇ ਦਾ ਪ੍ਰੋਗਰਾਮ ਕਿਹੜੀ ਘੜੀ ਬਦਲ ਜਾਵੇ, ਕੋਈ ਪਤਾ ਨਹੀਂ ਹੁੰਦਾ। ਪਰਿਵਾਰ ਨਾਲ ਬਣਾਇਆ ਪ੍ਰੋਗਰਾਮ ਬਹੁਤੀ ਵਾਰ ਧਰਿਆ-ਧਰਾਇਆ ਰਹਿ ਜਾਂਦੈ। ਅਜਿਹੇ ਹਾਲਾਤ ਦਾ ਸਾਹਮਣਾ ਤਾਂ ਦੇਰ ਤੋਂ ਈ ਕਰਦੇ ਆ ਰਹੇ ਹਾਂ, ਪਰ ਅਮਰੀਕਾ ਆ ਕੇ ਜਦ ਇਸ ਦਾ ਸਾਹਮਣਾ ਕਰਨਾ ਪਿਆ ਤਾਂ ਸ਼ੁਰੂ ਸ਼ੁਰੂ 'ਚ ਬਹੁਤ ਅਕੇਵੇਂ ਦਾ ਅਹਿਸਾਸ ਹੋਇਆ ਸੀ, ਪਰ ਹੁਣ ਆਦਤ ਪੈਂਦੀ ਜਾ ਰਹੀ ਐ। ਫਿਰ ਵੀ ਮਨੁੱਖ ਹਾਂ ਆਖਰ... ਦੋ ਘੜੀ ਚੈਨ ਨਾਲ ਪਰਿਵਾਰ 'ਚ ਮਿਲ-ਬੈਠਣ ਨੂੰ ਦਿਲ ਤਾਂ ਕਰਦਾ ਈ ਐ ਨਾ!

ਆਮ ਵਰਤਾਰਾ ਇਹ ਐ ਕਿ ਸਵੇਰ ਦੇ ਪ੍ਰੋਗਰਾਮ ਦਾ ਸ਼ਾਮ ਨੂੰ ਜਾਂ ਦੇਰ ਸ਼ਾਮ ਪਤਾ ਲੱਗ ਜਾਂਦੈ। ਕੰਪਨੀ ਮਾਲਕ, ਜੋ ਮੇਰੇ ਬੱਚਿਆਂ ਸਮਾਨ ਐ, ਦਾ ਫੋਨ ਆ ਗਿਆ ਸੀ ਕਿ ਭਲਕ ਦਾ ਕੋਈ ਲੋਡ ਨਹੀਂ ਹੈ, ਤੁਸੀਂ ਚਿੱਲ ਕਰੋ! ਮਤਲਬ ਇਹ ਕਿ ਮਸਤੀ ਮਾਰੋ! ਹਮਸਫਰ ਪੰਮ ਨੂੰ ਸਵੇਰੇ ਕੰਮ 'ਤੇ ਛੱਡਣ ਦੀ ਜ਼ਿੰਮੇਵਾਰੀ ਕੁਦਰਤੀ ਤੌਰ 'ਤੇ ਮੇਰੀ ਸੀ। ਸਵੇਰੇ ਉੱਠੇ, ਚਾਹ ਦਾ ਕੱਪ ਪੀ ਕੇ ਪੰਮ ਨੂੰ ਕੰਮ 'ਤੇ ਛੱਡਣ ਲਈ ਤਿਆਰ ਹੋਇਆ ਈ ਸੀ ਕਿ ਫੋਨ ਆ ਗਿਆ, "ਅੰਕਲ, ਕਿੱਥੇ ਓਂ? ਬੁਰਾ ਨਾ ਮੰਨਿਓਂ, ਇੱਕੋ ਲੋਡ ਐ। ਆਪਣੇ ਯਾਰਡ ਦੇ ਬਿਲਕੁਲ ਨਾਲ। ਹੁਣੇ ਆ ਜਾਓ, ਫੇਰ ਤੁਸੀਂ ਵਿਹਲੇ!" ਮੈਂ ਦੱਸਿਆ ਕਿ ਅਜੇ ਚਾਹ ਦਾ ਕੱਪ ਈ ਲਿਐ। ਕੁਝ ਖਾ ਪੀ ਲਵਾਂ, ਫੇਰ ਆਉਨਾਂ; ਪਰ ਨਹੀਂ, ਉਸ ਮੁਤਾਬਕ ਸਿਰਫ ਘੰਟੇ-ਡੇਢ ਘੰਟੇ ਦੀ ਸਾਰੀ ਗੱਲ ਐ।

ਪੰਮ ਨੂੰ ਕੰਮ 'ਤੇ ਛੱਡ ਮੈਂ ਯਾਰਡ 'ਚ ਜਾ ਪਹੁੰਚਾ ਤੇ ਲੋਡ ਸੱਚਮੁੱਚ ਸਵਾ ਕੁ ਮੀਲ 'ਤੇ ਲਾਹੁਣਾ ਸੀ। ਵਿਹਲਾ ਵੀ ਦੋ ਘੰਟੇ 'ਚ ਹੋ ਗਿਆ। ਇੱਕ ਸਵਾ ਇੱਕ ਵਜੇ ਘਰ ਪਹੁੰਚਾ ਈ ਸੀ ਕਿ ਫੇਰ ਫੋਨ ਆ ਗਿਆ, "ਅੰਕਲ, ਕਿੱਥੇ ਓਂ?... ਹੈ ਤਾਂ ਤੁਹਾਨੂੰ ਪ੍ਰੇਸ਼ਾਨੀ, ਪਰ ਇੱਕ ਨਿੱਕਾ ਜਿਹਾ ਕੰਮ ਐਂ, ਤੁਹਾਨੂੰ ਈ ਕਰਨਾ ਪੈਣਾ, ਹੋਰ ਡਰਾਈਵਰ ਕੋਈ ਹੈ ਨਹੀਂ।" ਮੇਰੇ ਕੋਲ ਨਾਂਹ ਕਰਨ ਦਾ ਕੋਈ ਕਾਰਨ ਈ ਨਹੀਂ ਸੀ। ਕਾਹਲੀ 'ਚ ਇੱਕ ਸੇਬ ਹੱਥ 'ਚ ਲੈ ਕੇ ਤੁਰ ਪਿਆ। ਇਹ ਕੰਮ ਵੀ ਦੋ ਮੀਲ ਦੇ ਅੰਦਰ ਅੰਦਰ ਈ ਸੀ। ਫੂਡ ਬੈਂਕ 'ਚ ਦਾਨ ਵਜੋਂ ਖਾਣ-ਪੀਣ ਦਾ ਸਾਮਾਨ ਦੇ ਕੇ ਆਉਣਾ ਸੀ।

ਦਰਅਸਲ ਨਿਊ ਯਾਰਕ ਤੋਂ ਕਾਸਕੋ ਲਈ ਇੱਕ ਟ੍ਰੇਲਰ ਚਿਕਨ ਮੀਟ ਲੈ ਕੇ ਆਏ ਸੀ ਤੇ ਉਸ ਵਿਚ ਬਰੋਕਰ ਨੇ ਡੇਢ ਪੈਲਟ ਵੱਧ ਮੀਟ ਲੋਡ ਕਰ ਦਿੱਤਾ ਸੀ, ਜੋ ਕਾਸਕੋ ਮੈਨੇਜਮੈਂਟ ਨੇ ਲੈਣ ਤੋਂ ਨਾਂਹ ਕਰ ਦਿੱਤੀ ਸੀ। ਇਸ ਮੀਟ ਨੂੰ ਸੁੱਟਿਆ ਤਾਂ ਜਾ ਨਹੀਂ ਸੀ ਸਕਦਾ, ਇਸ ਲਈ ਉਨ੍ਹਾਂ ਫੂਡ ਬੈਂਕ ਨੂੰ ਦੇਣ ਦਾ ਫੈਸਲਾ ਕਰ ਲਿਆ। ਮੈਂ ਟ੍ਰੇਲਰ ਡੋਰ 'ਤੇ ਲਾ ਕੇ ਫੂਡ ਬੈਂਕ ਦੇ ਕਾਰਿੰਦੇ ਵੱਲ ਗਿਆ, ਜਿਸ ਨੇ ਇਹ ਲੋਡ ਉਤਾਰਨਾ ਸੀ। ਉਹ ਮੇਰੇ ਵੱਲ ਦੇਖ ਕੇ ਮੁਸਕਰਾਇਆ ਤੇ ਕਹਿਣ ਲੱਗਾ, "ਇਹ ਟ੍ਰੇਲਰ ਕੱਲ੍ਹ ਵੀ ਆਇਆ ਸੀ। ਅਸੀਂ ਇਸ ਨੂੰ ਸਵੀਕਾਰ ਨਹੀਂ ਕਰ ਸਕਦੇ। ਅਸੀਂ ਸਿਰਫ ਫਰੋਜ਼ਨ ਚਿਕਨ ਹੀ ਲੈਂਦੇ ਹਾਂ, ਫਰੈੱਸ਼ ਨਹੀਂ।"

ਕੰਪਨੀ ਮਾਲਕ ਨੂੰ ਦੱਸਿਆ ਤਾਂ ਉਹ ਵੀ ਪ੍ਰੇਸ਼ਾਨ ਹੋ ਉੱਠਿਆ। ਉਸ ਨੇ ਸੋਚਿਆ ਸੀ ਕਿ ਰਾਤ ਭਰ ਰੀਫਰ ਮਨਫੀ ਟੈਂਪਰੇਚਰ 'ਤੇ ਚਲਾ ਕੇ ਚਿਕਨ ਫਰੀਜ਼ ਹੋ ਜਾਵੇਗਾ, ਪਰ ਫੂਡ ਬੈਂਕ ਵਾਲੇ ਟੱਸ ਤੋਂ ਮੱਸ ਨਾ ਹੋਏ। ...ਤੇ ਮੈਨੂੰ ਵਾਪਸ ਯਾਰਡ 'ਚ ਆਉਣ ਲਈ ਕਹਿ ਦਿੱਤਾ ਗਿਆ। ਉਸ ਵੇਲੇ ਬਾਅਦ ਦੁਪਹਿਰ ਦੇ ਤਿੰਨ ਵੱਜ ਚੁਕੇ ਸਨ।

ਯਾਰਡ ਕੋਲ ਪਹੁੰਚਿਆ ਈ ਸੀ ਕਿ ਫੇਰ ਫੋਨ ਆ ਗਿਆ, "ਅੰਕਲ, ਤੁਹਾਨੂੰ ਇੱਕ ਹੋਰ ਐਡਰੈੱਸ ਭੇਜਿਐ, ਉੱਥੇ ਲਾਹ ਕੇ ਆਓ ਪਲੀਜ਼, ਦਰਅਸਲ ਇਹ ਟ੍ਰੇਲਰ ਆਪਾਂ ਨੂੰ ਸਵੇਰੇ ਤੜਕੇ ਚਾਹੀਦੈ।" ਭੁੱਖ ਨਾਲ ਬੁਰਾ ਹਾਲ, ਪਰ ਨਾਂਹ ਵੀ ਨਹੀਂ ਸੀ ਕਰ ਸਕਦਾ। ਰਸਤੇ 'ਚੋਂ ਈ ਟਰੱਕ ਦੱਸੀ ਗਈ ਥਾਂ ਵੱਲ ਮੋੜ ਲਿਆ। ਫਰਿਜ਼ਨੋ ਦੇ ਅੰਦਰ ਈ ਕੋਈ ਘੰਟੇ ਕੁ ਦੀ ਦੂਰੀ 'ਤੇ ਸੀ ਇਹ ਟਿਕਾਣਾ।



ਦੱਸੇ ਗਏ ਟਿਕਾਣੇ 'ਤੇ ਪਹੁੰਚਿਆ ਈ ਸੀ ਕਿ ਇੱਕ ਜੋੜਾ ਨਜ਼ਰੀਂ ਪਿਆ। ਉਨ੍ਹਾਂ ਰੁਕਣ ਲਈ ਇਸ਼ਾਰਾ ਕੀਤਾ। ਮੈਂ ਸਮਝ ਗਿਆ ਕਿ ਸਾਮਾਨ ਇਨ੍ਹਾਂ ਨੂੰ ਈ ਦੇਣਾ ਐਂ। ਮੈਂ ਥੱਲੇ ਉੱਤਰਿਆ ਈ ਸੀ ਕਿ ਦੋਵੇਂ ਮੀਆਂ-ਬੀਵੀ ਭੱਜ ਕੇ ਆਏ ਤੇ ਮੇਰੇ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਇਆ। ਪਹਿਲੀ ਨਜ਼ਰੇ ਉਹ ਮੈਨੂੰ ਜਪਾਨੀ ਮੂਲ ਦੇ ਜਾਪੇ ਤੇ ਉਨ੍ਹਾਂ ਲਈ ਮੈਂ ਅਫਗਾਨ ਸਾਂ। ਜਦ ਮੈਂ ਆਪਣੇ ਪੰਜਾਬੀ ਹੋਣ ਬਾਰੇ ਦੱਸਿਆ ਤਾਂ ਉਹ ਹੋਰ ਖੁਸ਼ ਹੋ ਗਏ, "ਯੂ ਆਰ ਅਵਰ ਏਸ਼ੀਅਨ ਬ੍ਰਦਰ...!" ਉਨ੍ਹਾਂ ਦੱਸਿਆ ਕਿ ਉਹ ਲਾਓਸ ਤੋਂ ਹਨ। ਬੀਵੀ ਦਾ ਨਾ ਰਕੇਲ ਵੂ ਤੇ ਮੀਆਂ ਦਾ ਨਾ ਬੀ ਵੂ ਸੀ।

ਇਹ ਜੋੜਾ ਪੰਦਰਾਂ-ਸੋਲਾਂ ਸਾਲ ਤੋਂ ਇੱਕ ਲੋਕ ਭਲਾਈ ਸੰਸਥਾ ਚਲਾ ਰਿਹਾ ਹੈ। ਉਨ੍ਹਾਂ ਕੋਲ ਨਾ ਤਾਂ ਸਾਮਾਨ ਰੱਖਣ ਲਈ ਥਾਂ ਸੀ ਤੇ ਨਾ ਸਾਮਾਨ ਉਤਾਰਨ ਲਈ ਕੋਈ ਢੁਕਵਾਂ ਪ੍ਰਬੰਧ ਸੀ। ਸੋਚ ਰਿਹਾ ਸੀ ਕਿ ਇਹ ਏਨਾ ਚਿਕਨ ਰੱਖਣਗੇ ਕਿੱਥੇ! ਉਹ ਹੱਥੀਂ ਸਾਮਾਨ ਉਤਾਰਨ ਲੱਗੇ ਤਾਂ ਮੈਂ ਵੀ ਉਨ੍ਹਾਂ ਦਾ ਹੱਥ ਵੰਡਾਉਣ ਲੱਗ ਪਿਆ। ਮੇਰੀ ਏਨੀ ਕੁ ਮਦਦ ਨਾਲ ਉਹ ਏਨਾ ਖੁਸ਼ ਹੋਏ ਕਿ ਮੈਨੂੰ ਵਾਰ ਵਾਰ ਜੱਫੀਆਂ ਪਾਈ ਜਾਣ, "ਓ ਮਾਈ ਫਰੈਂਡ... ਯੂ ਆਰ ਸੂ ਗੁੱਡ!" ਮੈਂ ਉਨ੍ਹਾਂ ਨੂੰ ਦੱਸਿਆ ਵੀ ਕਿ ਮੈਂ ਤਾਂ ਡਰਾਈਵਰ ਆਂ ਭਾਈ, ਸ਼ੁਕਰੀਆ ਤਾਂ ਮਾਲਕ ਦਾ ਕਰੋ, ਜਿਹਨੇ ਇਹ ਸਮੱਗਰੀ ਭੇਜੀ ਐ; ਪਰ ਨਹੀਂ... ਉਨ੍ਹਾਂ ਲਈ ਮੈਂ ਵੀ ਬਰਾਬਰ ਸਤਿਕਾਰ ਦਾ ਪਾਤਰ ਸੀ।

ਉਨ੍ਹਾਂ ਆਸ-ਪਾਸ ਦੇ ਲੋਕਾਂ ਨੂੰ ਪਹਿਲਾਂ ਈ ਫੋਨ ਕਰ ਰੱਖੇ ਸਨ। ਵੱਖੋ-ਵੱਖ ਭਾਈਚਾਰਿਆਂ ਦੇ ਲੋਕ ਆ ਕੇ ਆਪੋ ਆਪਣਾ ਹਿੱਸਾ ਲੈ ਕੇ ਤੁਰਦੇ ਜਾ ਰਹੇ ਸਨ। ਏਨੇ ਨੂੰ ਰਕੇਲ ਨੇ ਮੇਰੇ ਨਾਲ ਇੱਕ ਫੋਟੋ ਖਿਚਵਾਉਣ ਦੀ ਇੱਛਾ ਜ਼ਾਹਰ ਕੀਤੀ। ਦੋਵੇਂ ਮੀਆਂ-ਬੀਵੀ ਆਸ-ਪਾਸ ਖੜ੍ਹੇ ਹੋ ਗਏ। ਮੈਂ ਅਜਿਹੇ ਕੋਨ ਤੋਂ ਫੋਟੋ ਖਿਚਵਾਈ ਕਿ ਉਸ ਵਿਚ ਦਾਨ ਕੀਤਾ ਸਾਮਾਨ ਬਿਲਕੁਲ ਨਜ਼ਰ ਨਾ ਆਵੇ। ਇਸ ਪਲ ਮੈਨੂੰ ਯਾਦ ਆ ਰਿਹਾ ਸੀ ਕਿ ਕਿਵੇਂ ਨਾਮ ਨਿਹਾਦ ਸਮਾਜ-ਸੇਵੀ ਸੰਸਥਾਵਾਂ ਦੇ ਲੋਕ ਹਸਪਤਾਲਾਂ 'ਚ ਜਾ ਕੇ ਮਰੀਜ਼ਾਂ ਨੂੰ ਫਲ ਵੰਡਣ ਦੀਆਂ ਤਸਵੀਰਾਂ ਖਿਚਵਾ ਕੇ ਅਖਬਾਰ 'ਚ ਛਪਵਾਉਣ ਲਈ ਤਰਲੋਮੱਛੀ ਹੋਇਆ ਕਰਦੇ ਸਨ। ਚਿਕਨ ਲੈਣ ਆਏ ਲੋਕਾਂ ਵੱਲ ਦੇਖ ਕੇ ਮੈਨੂੰ ਆਪਣੇ ਪਿੰਡ ਦੇ ਆਲੇ ਦੁਆਲੇ ਦੇ ਭੱਠਾ ਮਜ਼ਦੂਰਾਂ ਤੇ ਗੁੱਜਰਾਂ ਦੇ ਉਹ ਨਿਆਣੇ ਵੀ ਯਾਦ ਆਏ, ਜੋ ਛਬੀਲ ਮੌਕੇ ਵੰਡੇ ਜਾ ਰਹੇ ਕੜਾਹ-ਛੋਲਿਆਂ ਦਾ ਪ੍ਰਸ਼ਾਦ ਲੈਣ ਲਈ ਬੇਚਾਰੇ ਜਿਹੇ ਬਣ ਕੇ ਖੜ੍ਹੇ ਹੁੰਦੇ ਸਨ।

ਰਕੇਲ ਹਰ ਇੱਕ ਨੂੰ ਉਸ ਦੀ ਇੱਛਾ ਮੁਤਾਬਕ ਚਿਕਨ ਵੰਡੀ ਜਾ ਰਹੀ ਸੀ। ਰਕੇਲ ਤੇ ਬੀ ਮੁੜ੍ਹਕੋ-ਮੁੜ੍ਹਕੀ ਹੋਏ ਪਏ ਸਨ, ਪਰ ਉਨ੍ਹਾਂ ਦੇ ਚਿਹਰਿਆਂ 'ਤੇ ਇੱਕ ਵੱਖਰਾ ਜਿਹਾ ਸਰੂਰ ਨਜ਼ਰ ਆ ਰਿਹਾ ਸੀ।

ਮੈਂ ਸ਼ਾਮ ਅੱਠ ਵਜੇ ਦੇ ਕਰੀਬ ਘਰ ਪੁੱਜਾ। ਪੰਮ ਨੂੰ ਫਿਕਰ ਸੀ ਕਿ ਸਵੇਰ ਦਾ ਕੁਝ ਵੀ ਖਾਧਾ-ਪੀਤਾ ਨਹੀਂ ਸੀ। ਬਾਹਰੋਂ ਖਾਣ ਦੀ ਆਦਤ ਨਹੀਂ ਹੈ, ਪਰ ਬੀ ਵੂ ਤੇ ਰਕੇਲ ਦੀਆਂ ਜੱਫੀਆਂ ਨੇ ਮੇਰੀ ਭੁੱਖ ਗਾਇਬ ਕਰ ਦਿੱਤੀ ਸੀ। ਉਨ੍ਹਾਂ ਦੀ ਇਸ ਮਿਲਣੀ ਦੇ ਨਾਲ ਈ ਮੈਂ 'ਨਵਾਂ ਜ਼ਮਾਨਾ' ਵੀ ਜਾ ਆਇਆ ਸਾਂ ਤੇ ਆਪਣੇ ਪਿੰਡ ਦੇ ਨੇੜਲੇ ਭੱਠਾ ਮਜ਼ਦੂਰਾਂ ਤੇ ਗੁੱਜਰਾਂ ਦੇ ਨਿਆਣਿਆਂ ਨੂੰ ਵੀ ਮਿਲ ਆਇਆ ਸਾਂ, ਜੋ ਮੇਰੇ ਪਿੰਡ ਦੇ ਸਕੂਲੇ ਪੜ੍ਹਨ ਆਇਆ ਕਰਦੇ ਸਨ, ਜਿਨ੍ਹਾਂ ਦਾ ਮੈਂ "ਅਖਬਾਰ ਵਾਲਾ ਅੰਕਲ" ਸੀ, ਉਹ ਅੰਕਲ ਜਿਸ ਦੇ ਘਰ ਵੀ ਉਹ ਬਿਨ ਰੋਕ-ਟੋਕ ਆ ਸਕਦੇ ਸਨ।

ਅਪਾਰਟਮੈਂਟ 'ਚ ਆ ਕੇ, ਨਹਾਅ-ਧੋ ਕੇ ਮੈਂ ਸਵੇਰ ਦੇ ਟਰਿੱਪ 'ਤੇ ਜਾਣ ਦੀ ਤਿਆਰੀ 'ਚ ਜੁਟ ਗਿਆ ਸੀ... ਇੱਕ ਵੱਖਰਾ ਜਿਹਾ ਸਕੂਨ ਲਈ...ਭੁੱਖ ਦਾ ਅਜੇ ਵੀ ਕੋਈ ਥਹੁ-ਪਤਾ ਨਹੀਂ ਸੀ...!

## ਗਜ਼ਲ

ਸੁਪਨੇ ਵਿੱਚ ਉਹ ਆ ਸਕਦਾ ਸੀ,  
ਮੈਂ ਕਦ ਉਸ ਨੂੰ ਪਾ ਸਕਦਾ ਸੀ।  
ਇਸ਼ਕ ਤੇਰੇ 'ਚ ਡੁੱਬ ਕੇ ਸੱਜਣਾਂ,  
ਆਪਣੀ ਹੋਂਦ ਗੁਆ ਸਕਦਾ ਸੀ।  
ਮੈਨੂੰ ਆਪਣੇ ਦਰਦ ਸੁਣਾ ਉਹ,  
ਆਪਣਾ ਦੁਖ ਵੰਡਾ ਸਕਦਾ ਸੀ।  
ਮੈਂ ਖੁਦ-ਦਾਰੀ ਗਿਰਵੀ ਰੱਖ ਕੇ,  
ਕੋਠੀ ਬੰਗਲਾ ਪਾ ਸਕਦਾ ਸੀ।  
ਸੀਨੇ ਲਾ ਉਹ ਮੈਨੂੰ ਆਪਣੇ,  
ਬਲਦੀ ਅੱਗ ਬੁਝਾ ਸਕਦਾ ਸੀ।  
ਕੀ ਖੱਟਿਆ ਓਸ ਪੀੜ ਸੁਣਾ ਕੇ,  
ਕਲਿਆਂ ਦੁੱਖ ਹੰਢਾ ਸਕਦਾ ਸੀ।  
ਉਹ ਕੀ ਜਾਣੇ ਉਹਦੀ ਖਾਤਿਰ,  
ਮੈਂ ਜਿੰਦ ਲੇਖੇ ਲਾ ਸਕਦਾ ਸੀ।  
ਲੰਮਾਂ ਪੈਂਡਾ ਕਾਲੀਆਂ ਰਾਤਾਂ,  
ਕਿੰਝ ਸਫਰ ਮੁਕਾ ਸਕਦਾ ਸੀ।  
ਤਪਦੇ ਰੇਗਿਸਤਾਨਾਂ ਉਪਰ,  
ਬੱਦਲ ਬਣ ਕੇ ਛਾ ਸਕਦਾ ਸੀ।  
ਲੀਡਰ ਬਣ 'ਅੱਬਾਸ' ਜੇ ਚਾਹੁੰਦਾ,  
ਲੋਕਾਂ ਦੇ ਕੰਮ ਆ ਸਕਦਾ ਸੀ।

***-ਅੱਬਾਸ ਧਾਲੀਵਾਲ, ਮਲੇਰਕੋਟਲਾ***  
***ਫੋਨ: 91-98552-59650***

---

## ਰੂਹਾਂ ਦੇ ਰਿਸ਼ਤੇ

ਉੱਡਾਂ ਪੀੜਾਂ ਦੇ ਸੰਗ ਸੰਗ  
ਇੱਕ ਗੀਤ ਸੁਣਾ ਦੇਵਾਂ ਮੈਂ,  
ਲੱਗਾ ਦਾਗ ਬੇਵਫਾ ਵਾਲਾ,  
ਤੇਰੇ ਮੁੱਖ ਤੋਂ ਹਟਾ ਦੇਵਾਂ ਮੈਂ।

ਜੱਗ ਕਹੇ ਨਾ ਸੱਜਣ ਮੇਰਾ  
ਇੱਕ ਦਗੇਬਾਜ਼ ਫਰੇਬੀ ਸੀ,  
ਚੰਨ ਦੇ ਮੁਖੜੇ 'ਤੋਂ ਕਾਲਖ  
ਸਦਾ ਲਈ ਮਿਟਾ ਦੇਵਾਂ ਮੈਂ।

ਜਾਹ ਕੀਤੇ ਮਾਫ ਗੁਨਾਹ  
ਤੂੰ ਵੀ ਕੀ ਯਾਦ ਰੱਖੇਂਗਾ,  
ਬਲੀ ਪਿਆਰਾਂ ਦੀ ਦੇ ਕੇ  
ਰੂਹ ਪਾਕ ਬਣਾ ਦੇਵਾਂ ਮੈਂ।

ਪਰ ਦਿਲ ਆਸ ਰੱਖੀਏ  
ਮਿਲੀਏ ਦੂਜੇ ਜਨਮ ਫੇਰ,  
ਉਡੀਕ ਕਿਆਮਤ ਤੋੜੀ,  
ਯਾਰਾ ਤੈਨੂੰ ਸੁਣਾ ਦੇਵਾਂ ਮੈਂ।

ਕਿਤੇ ਭੁੱਲ ਨ ਜਾਵੀਂ ਇਹ  
ਵਾਅਦਾ ਮੁਆਫ ਬਣ ਕੇ,  
ਅਦਾਲਤ ਜੰਨਤ ਵਾਲੀ 'ਚ  
ਅਗਾਊਂ ਕੇਸ ਲਗਾ ਦੇਵਾਂ ਮੈਂ।

***-ਸੇਵਾ ਸਿੰਘ ਨੂਰਪੁਰੀ***

# ਸ਼ਾਂਤੀਪੂਰਨ ਭਾਰਤ ਬੰਦ ਦਾ ਸੰਦੇਸ਼



ਗੁਲਜ਼ਾਰ ਸਿੰਘ ਸੰਧੂ

ਭਾਰਤੀ ਜਨਤਾ ਪਾਰਟੀ ਤੇ ਕੇਂਦਰ ਦੀ ਸਰਕਾਰ ਵਲੋਂ ਕਿਸਾਨਾਂ ਤੇ ਉਨ੍ਹਾਂ ਦੇ ਵਰਤਮਾਨ ਅੰਦੋਲਨ ਨੂੰ ਲਗਾਤਾਰ ਬਦਨਾਮ ਕਰਨ ਦੇ ਬਾਵਜੂਦ 27 ਸਤੰਬਰ ਵਾਲੇ ਭਾਰਤ ਬੰਦ ਦੀ ਸਫਲਤਾ ਨੇ ਸਿੱਧ ਕਰ ਦਿੱਤਾ ਹੈ ਕਿ ਜੇ ਦੇਸ਼ ਦਾ ਅੰਨਦਾਤਾ ਦੇਸ਼ ਵਾਸੀਆਂ ਦਾ ਢਿੱਡ ਭਰ ਸਕਦਾ ਹੈ ਤਾਂ ਉਹਦੇ ਕੋਲ ਆਮ ਜਨਤਾ ਨੂੰ ਆਪਣੇ ਨਾਲ ਤੋਰਨ ਦੀ ਅਤਿਅੰਤ ਸ਼ਕਤੀ ਵੀ ਹੈ। ਕਿਸਾਨਾਂ ਨੂੰ ਸਮਰਥਨ ਦੇਣ ਵਾਲਿਆਂ ਵਿਚ ਸਿਰਫ ਮਜ਼ਦੂਰ, ਖੇਤ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਤੇ ਵਪਾਰਕ ਅਦਾਰੇ ਹੀ ਨਹੀਂ ਸਗੋਂ ਕਲਾਕਾਰ, ਮਹਿਲਾ ਵਰਗ ਤੇ ਵਿਦਿਆਰਥੀ ਵੀ ਸ਼ਾਮਲ ਹਨ। ਮੂਲ ਮੁੱਦਾ ਕਿਸਾਨਾਂ ਲਈ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਤੇ ਅਜੋਕੀ ਸਰਕਾਰ ਵਲੋਂ ਪਾਸ ਕੀਤੇ ਤਿੰਨੋਂ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣਾ ਹੈ। ਦੇਸ਼ ਭਰ ਦੇ ਸਾਰੇ ਰਾਜਾਂ ਲਈ ਦਲੀਲ ਇਹ ਕਿ ਜੇ ਕੇਰਲ ਦੀ ਖੱਬੇ ਪੱਖੀ ਸਰਕਾਰ ਸਬਜ਼ੀਆਂ ਵਰਗੀ ਛੇਤੀ ਖਰਾਬ ਹੋਣ ਵਾਲੀ ਫਸਲ ਵਾਸਤੇ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਤ ਕਰ ਸਕਦੀ ਹੈ ਤਾਂ ਬਾਕੀ ਦੇ ਰਾਜ ਆਪੋ ਆਪਣੀਆਂ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਕਿਉਂ ਨਹੀਂ ਤੈਅ ਕਰ ਸਕਦੇ! ਭਾਰਤ ਬੰਦ ਦਾ ਤੁਰੰਤ ਪ੍ਰਭਾਵ ਇਹ ਪਿਆ ਕਿ ਪੰਜਾਬ ਦੀ ਨਵੀਂ ਸਰਕਾਰ ਨੇ ਹੋਂਦ ਵਿਚ ਆਉਂਦਿਆਂ ਸਾਰ ਉਪਰੋਕਤ ਹਲਫ ਲੈ ਵੀ ਲਿਆ ਹੈ।

ਮਸਲਾ ਇਹ ਹੈ ਕਿ ਕੇਂਦਰ ਦੀ ਸਰਕਾਰ ਹਰ ਆਏ ਦਿਨ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਦੇ ਕਦਮ ਪੁੱਟਣ ਤੋਂ ਬਾਜ਼ ਨਹੀਂ ਆ ਰਹੀ; ਜੋ ਅੰਨਦਾਤਾ ਨੂੰ ਮਨਜ਼ੂਰ ਨਹੀਂ। ਏਨੇ ਲੰਮੇ ਅੰਦੋਲਨ ਦੌਰਾਨ ਕਿਸਾਨਾਂ ਦੇ ਸਲੀਕੇ, ਉੱਦਮ ਅਤੇ ਦ੍ਰਿੜਤਾ ਨੇ ਸਿੱਧ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਕੀਮਤ ਉੱਤੇ ਲੁਕਣ ਵਾਲੇ ਨਹੀਂ। 27 ਸਤੰਬਰ ਵਾਲੇ ਬੰਦ ਨੇ ਸਮੁੱਚੇ ਦੇਸ਼ ਨੂੰ ਇਸ ਤੱਥ ਤੋਂ ਚੌਕਸ ਕਰ ਦਿੱਤਾ ਹੈ ਕਿ ਇਸ ਦੇ ਵਸਨੀਕਾਂ ਕੋਲ ਅਥਾਹ ਸ਼ਕਤੀ ਹੈ ਤੇ ਉਨ੍ਹਾਂ ਨੂੰ ਇਸ ਉੱਤੇ ਪਹਿਰਾ ਦੇਣ ਲਈ ਤਤਪਰ ਰਹਿਣਾ ਚਾਹੀਦਾ ਹੈ। ਚੇਤੇ ਰਹੇ, ਭਾਰਤ ਬੰਦ ਦਾ ਪ੍ਰਭਾਵ 25 ਰਾਜਾਂ ਵਿਚ ਵੇਖਣ ਨੂੰ ਮਿਲਿਆ ਤੇ ਬੰਦ ਸਮੇਂ ਇਕੱਲੇ ਉੱਤਰੀ ਭਾਰਤ ਵਿਚ 25 ਰੇਲ ਗੱਡੀਆਂ ਰੱਦ ਹੋਈਆਂ ਜਾਂ ਉਨ੍ਹਾਂ ਦੇ ਰੂਟ ਬਦਲੇ ਗਏ।



ਤੇਜਵੰਤ ਸਿੰਘ ਗਿੱਲ



ਸੰਤ ਸਿੰਘ ਸੇਖੋਂ

ਅੰਦੋਲਨਕਾਰੀ ਇਹ ਗੱਲ ਸਮਝ ਚੁਕੇ ਹਨ ਕਿ ਕੇਂਦਰ ਦੇ ਖੇਤੀ ਮੰਤਰੀ ਨਰੇਂਦਰ ਤੋਮਰ ਵੱਲੋਂ ਕਿਸਾਨਾਂ ਨੂੰ ਵਾਰ ਵਾਰ ਆਹਮੋ ਸਾਹਮਣੇ ਹੋ ਕੇ ਨਵੇਂ ਕਾਨੂੰਨਾਂ ਨੂੰ ਵਿਚਾਰਨ ਦਾ ਸੱਦਾ ਕਿਸਾਨਾਂ ਨੂੰ ਮੂਰਖ ਬਣਾਉਣ ਦੇ ਤੁਲ ਹੈ। ਜੇ ਉਹ ਸੱਚ ਮੁੱਚ ਕਿਸਾਨ ਪੱਖੀ ਹੈ ਤਾਂ ਆਪਣੀ ਸਰਕਾਰ ਨੂੰ ਇਹ ਤਿੰਨੋ ਕਾਲੇ ਕਾਨੂੰਨ ਰੱਦ ਕਰਨ ਨੂੰ ਕਿਉਂ ਨਹੀਂ ਪ੍ਰੇਰ ਸਕਦਾ, ਜਿਹੜੇ ਸੰਵਿਧਾਨਕ ਮਰਿਆਦਾ ਉੱਤੇ ਪੂਰੇ ਨਹੀਂ ਉਤਰਦੇ। ਇਨ੍ਹਾਂ ਨੂੰ ਰੱਦ ਕੀਤੇ ਜਾਣ ਤੋਂ ਪਿੱਛੋਂ ਕਿਸਾਨ ਉਸ ਦੀਆਂ ਸਭ ਦਲੀਲਾਂ ਸੁਣਨ ਲਈ ਤਿਆਰ ਹਨ। ਭਾਰਤੀ ਜਨਤਾ ਪਾਰਟੀ ਤੋਂ ਬਿਨਾ ਦੇਸ਼ ਦੀਆਂ ਲਗਪਗ ਸਾਰੀਆਂ ਪਾਰਟੀਆਂ ਵਲੋਂ ਭਾਰਤ ਬੰਦ ਲਈ ਮਿਲੇ ਸਮਰਥਨ ਦਾ ਸੰਦੇਸ਼ ਇਹੀਓ ਹੈ; ਹੋਰ ਕੋਈ ਨਹੀਂ।

**ਤੇਜਵੰਤ ਸਿੰਘ ਗਿੱਲ ਨੂੰ ਸਾਹਿਤ ਅਕਾਦਮੀ ਫੈਲੋਸ਼ਿਪ:** ਕੇਂਦਰੀ ਸਾਹਿਤ ਅਕਾਦਮੀ ਦੀ ਸੱਜਰੀ ਇਕੱਤਰਤਾ ਵਿਚ ਪੰਜਾਬੀ ਸਾਹਿਤ ਦੇ ਸਮਰਥ ਆਲੋਚਕ ਤੇ ਪੰਜਾਬੀ ਦੀਆਂ ਚੋਣਵੀਆਂ ਸਾਹਿਤਕ ਰਚਨਾਵਾਂ ਨੂੰ ਅੰਗਰੇਜ਼ੀ ਵਿਚ ਉਲਥਾ ਕੇ ਪੂਰੀ ਦੁਨੀਆਂ ਤੱਕ ਪੁੱਜਦੀਆਂ ਕਰਨ ਵਾਲੇ ਤੇਜਵੰਤ ਸਿੰਘ ਗਿੱਲ ਨੂੰ ਜੀਵਨ ਫੈਲੋਸ਼ਿਪ ਪ੍ਰਦਾਨ ਕੀਤੀ ਹੈ। ਪੰਜਾਬੀ ਸਾਹਿਤ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਾਹਿਤ ਅਕਾਡਮੀ ਦੀ ਫੈਲੋਸ਼ਿੱਪ ਕਿਸੇ ਰਚਨਹਾਰੇ ਦੀ ਥਾਂ ਇੱਕ ਆਲੋਚਕ ਤੇ ਸਾਹਿਤ ਰਸੀਏ ਨੂੰ ਦਿੱਤੀ ਗਈ ਹੈ। ਤੇਜਵੰਤ ਗਿੱਲ ਤੋਂ ਪਹਿਲਾਂ ਇਸ ਵਡਮੁੱਲੇ ਸਨਮਾਨ ਨਾਲ ਨਿਵਾਜੇ ਜਾਣ ਵਾਲੇ ਸਿਰਫ ਚਾਰ ਮਹਾਰਥੀ ਗੁਰਬਖਸ਼ ਸਿੰਘ ਪ੍ਰੀਤ ਲੜੀ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਤੇ ਹਰਿਭਜਨ ਸਿੰਘ ਹੀ ਸਨ।

ਇੱਕ ਆਲੋਚਕ ਵਜੋਂ ਇਹ ਸਨਮਾਨ ਪ੍ਰਾਪਤ ਕਰਨ ਦੇ ਨਾਤੇ ਤੇਜਵੰਤ ਸਿੰਘ ਗਿੱਲ ਇੱਕ ਵਿਸ਼ੇਸ਼ ਤੇ ਵੱਡੀ ਵਧਾਈ ਦਾ ਹੱਕਦਾਰ ਹੈ। ਇਸ ਨਾਤੇ ਉਸ ਨੇ ਆਪਣੇ ਮਾਮਾ ਸੰਤ ਸਿੰਘ ਸੇਖੋਂ ਨੂੰ ਵੀ ਮਾਤ ਦੇ ਦਿੱਤੀ ਹੈ। ਤੇਜਵੰਤ ਦੀ ਇਸ ਪ੍ਰਾਪਤੀ ਨੇ ਮੈਨੂੰ ਤ੍ਰੈਮਾਸਕ 'ਸਿਰਜਣਾ' ਵਿਚ ਅੱਧੀ ਸਦੀ ਪਹਿਲਾਂ ਛਪੀ ਤੇਜ਼ ਤਰਾਰ ਕਵਿਤਾ ਚੇਤੇ ਕਰਵਾ ਦਿੱਤੀ ਹੈ, ਜਿਸ ਦਾ ਰਚਣਹਾਰਾ ਭੂਸ਼ਨ ਧਿਆਨਪੁਰੀ ਸੀ। ਚੇਤੇ ਰਹੇ, ਉਸ ਵੇਲੇ ਸ. ਸੇਖੋਂ 'ਸਿਰਜਣਾ' ਦੇ ਨਿਗਰਾਨ ਵੀ ਸਨ। ਪੇਸ਼ ਹੈ 'ਅੰਤਿਕਾ' ਵਜੋਂ ਉਹ ਕਵਿਤਾ:

**ਅੰਤਿਕਾ:** (ਕਿਰਤ ਕਵੀ ਧਿਆਨਪੁਰੀ)  
ਸੰਤ ਸਿੰਘ ਸੇਖੋਂ ਆਖੇ ਤੇਜਵੰਤ ਨੂੰ  
ਮੇਰੇ ਵਾਲਾ ਹਾਲ ਤੇਰਾ ਹੋਣਾ ਅੰਤ ਨੂੰ।  
ਚੰਗਾ ਸਾਂਭਿਆ ਤੇ ਭਾਵੇਂ ਮੰਦਾ ਸਾਂਭਿਆ  
ਮੇਰੇ ਵਾਲਾ ਪੁੱਤਰਾ ਤੂੰ ਸੰਦਾ ਸਾਂਭਿਆ।  
ਜਿਊਂਦੇ ਜੀ ਹੀ ਮੇਰੇ,  
ਤੂੰ ਸੰਭਾਲ ਲੀਤੀ ਗੱਦੀ ਮੇਰੀ,  
ਮੇਰੇ ਪਿੱਛੋਂ ਸਾਂਭੀ ਏਸ ਜੀਆ ਜੰਤ ਨੂੰ।  
***(-ਸੰਤ ਸਿੰਘ ਸੇਖੋਂ)***

ਜਦੋਂ ਕਰੇਂ ਗੱਲ ਕਰੀਂ ਦੋ ਪਾਤਰੀ  
ਇੱਕ ਹੱਥ ਹਥੌੜਾ, ਦੂਜੇ ਹੱਥ ਦਾਤਰੀ।  
ਪਾਤਰ ਤੇ ਪਾਸ਼ ਨੂੰ  
ਬਿਠਾਈਂ ਦੋਵਾਂ ਗੋਡਿਆਂ 'ਤੇ  
ਸਾਰਾ ਤਾਣ ਲਾ ਕੇ ਕੈਮ ਰੱਖੀਂ ਤੀਤ ਨੂੰ।  
***(-ਸੰਤ ਸਿੰਘ ਸੇਖੋਂ)***  
ਬਹੁਤਾ ਨਹੀਓਂ ਪਾੜਾ  
ਸੇਖੋਂ ਅਤੇ ਗਿੱਲ ਦਾ  
ਮੇਰੇ ਵਾਂਗੂੰ ਹਾਅ ਆਖ ਕੇ ਤੂੰ ਹਿੱਲਦਾ।  
ਗੋਡਿਆਂ ਦੀ ਪੀੜ ਨੂੰ ਬਣਾਈ  
ਪੀੜ ਲੋਕਤਾ ਦੀ।  
ਏਨੀ ਗੱਲ ਆਖ ਕੇ ਮੁਕਾਵਾਂ ਛੰਤ ਨੂੰ।  
***(-ਸੰਤ ਸਿੰਘ ਸੇਖੋਂ)***

# ਸੁਪਨਿਆਂ ਨੂੰ ਫੜਦਿਆਂ...

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ ਕਿ ਕੁਝ ਲੋਕ ਸੱਜਣਤਾਈ ਦਾ ਮਾਣ ਹੁੰਦੇ, ਜਿਨ੍ਹਾਂ ਦੀ ਸੰਗਤ ਵਿਚ ਰੂਹ ਖਿੜ ਜਾਂਦੀ। ਕੁਝ ਲੋਕ ਖਰੇ ਸੋਨੇ ਵਰਗੇ, ਜੋ ਖੁਦ ਨੂੰ ਲੋਕਾਈ ਤੇ ਕਾਇਨਾਤ ਲਈ ਅਰਪਿੱਤ ਕਰਦੇ ਅਤੇ ਚੰਗਿਆਈ ਦਾ ਮੁਜੱਸਮਾ ਬਣ ਲੋਕ ਭਲਿਆਈ ਵਿਚੋਂ ਮਾਨਵਤਾ ਨੂੰ ਭਾਲਦੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੁਪਨਿਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ, "ਜ਼ਿੰਦਗੀ ਵਿਚ ਕਦੇ ਵੀ ਆਪਣੇ ਸੁਪਨੇ ਨੂੰ ਮਰਨ ਨਾ ਦਿਓ। ਸੁਪਨੇ ਵਿਚੋਂ ਹੀ ਹੋਰ ਬਹੁਤ ਸਾਰੇ ਸੁਪਨੇ ਉਗਦੇ, ਕਿਉਂਕਿ ਸੁਪਨਸਾਜ਼ੀ ਮਨੁੱਖ ਦਾ ਉਹ ਮੀਰੀ ਗੁਣ ਹੈ, ਜੋ ਮਨੁੱਖੀ ਵਿਕਾਸ ਅਤੇ ਵਿਸਥਾਰ ਨੂੰ ਜਨਮ ਦਿੰਦਾ; ਪਰ ਸੁਪਨਾ ਮੰਗਦਾ ਹੈ ਸਿਰੜ, ਸਿਦਕ, ਨਿਰੰਤਰਤਾ ਤੇ ਕੇਂਦਰਤ ਧਿਆਨ। ਖੁਦ ਨੂੰ ਸੇਧਤ ਤੇ ਪ੍ਰਤੀਬੱਧ ਕਰਨਾ ਅਤੇ ਇਸ ਦੀ ਪ੍ਰਾਪਤੀ ਤੋਂ ਘੱਟ ਕੁਝ ਵੀ ਨਾ ਮਨਜ਼ੂਰ ਕਰਨਾ।" ਉਨ੍ਹਾਂ ਦਾ ਕਹਿਣਾ ਹੈ, "ਸੁਪਨਾ ਸੱਚ ਕਰਨ ਲਈ ਜਰੂਰੀ ਹੈ ਕਿ ਸੁਪਨਿਆਂ ਦਾ ਪਿੱਛਾ ਕਰਦੇ ਰਹੀਏ, ਜਦ ਤੀਕ ਅਸੀਂ ਇਸ ਦੀ ਡਾਹ ਨਹੀਂ ਲੈਂਦੇ। ਸੋ ਲੋੜ ਹੈ, ਸੁਪਨਿਆਂ ਦੇ ਸੱਚ ਲਈ, ਸੁਪਨ-ਸਾਧਨਾ ਅਤੇ ਸਿਰੜ-ਯਾਤਰਾ ਸਦਾ ਕਰਦੇ ਰਹੀਏ।"***

ਸੁਪਨਾ, ਸੰਭਾਵਨਾਵਾਂ, ਸਮਰੱਥਾ, ਸਾਧਨਾ ਅਤੇ ਸਮਰਪਿਤਾ ਦਾ ਸੰਯੋਗ। ਮਨੁੱਖੀ ਮਨ ਦੀ ਉਡਾਣ ਅਤੇ ਹਿੰਮਤ ਦੀ ਪਰਪੱਕਤਾ। ਉਦੇਸ਼ ਤੇ ਮੰਜ਼ਿਲ ਨੂੰ ਮਿੱਥਣ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਦੀ ਲੋਚਾ।

ਸੁਪਨੇ ਹਰੇਕ ਲੈਂਦਾ। ਕੁਝ ਦਿਨੇ, ਕੁਝ ਰਾਤ ਨੂੰ। ਕੁਝ ਜਾਗਦਿਆਂ ਤੇ ਕੁਝ ਸੁੱਤਿਆਂ। ਕੁਝ ਸੁਪਨੇ ਪਲ ਭਰ ਦੇ, ਕੁਝ ਕੁ ਦਿਨਾਂ ਦੇ ਪ੍ਰਾਹੁਣੇ ਅਤੇ ਕੁਝ ਉਮਰਾਂ ਤੀਕ ਨਿੱਭਦੇ। ਕੁਝ ਸੁਪਨੇ ਅੱਧੇ-ਅਧੂਰੇ, ਅਤੇ ਕੁਝ ਸਿਰਫ ਸੁਪਨੇ ਲੈਣ ਲਈ ਹੀ ਹੁੰਦੇ, ਪਰ ਕੁਝ ਸੁਪਨੇ ਪੂਰੇ ਕਰਨ ਅਤੇ ਇਨ੍ਹਾਂ ਦੇ ਮੱਥਿਆਂ 'ਤੇ ਨਵੀਆਂ ਪ੍ਰਾਪਤੀਆਂ ਦੇ ਨਕਸ਼ ਉਕਰਨ ਲਈ ਹੁੰਦੇ।

ਕੁਝ ਸੁਪਨੇ ਤਰਸਦੇ, ਕੁਝ ਤਿੜਕਦੇ, ਕੁਝ ਟੁੱਟਦੇ ਅਤੇ ਕੁਝ ਪੂਰਨਤਾ ਦੀ ਜੂਨ ਹੰਢਾਉਂਦੇ; ਪਰ ਕੁਝ ਸੁਪਨੇ ਪਹਿਲਾਂ ਟੁੱਟਦੇ ਤੇ ਫਿਰ ਜੁੜਦੇ। ਕੁਝ ਤਾਂ ਤਿੜਕਣ ਦੀ ਚੀਸ ਨੂੰ ਤਾਕਤ ਬਣਾ, ਸੁਪਨਿਆਂ ਦੇ ਮਚਕੋੜੇ ਅਤੇ ਮਰੋੜੇ ਖੰਭਾਂ ਦੇ ਨਾਮ ਉਚੇਰੀ ਤੇ ਲੰਮੇਰੀ ਉਡਾਣ ਕਰਦੇ।

ਕੁਝ ਸੁਪਨੇ ਅਸੀਂ ਆਪ ਲੈਂਦੇ। ਕੁਝ ਸੁਪਨੇ ਸਾਡੇ ਲਈ, ਸਾਡੇ ਮਾਪਿਆਂ ਵਲੋਂ ਲਏ ਜਾਂਦੇ। ਕੁਝ ਸੁਪਨੇ ਸਮਾਜ ਸਾਡੀਆਂ ਅੱਖਾਂ ਵਿਚ ਧਰਦਾ। ਕੁਝ ਸੁਪਨੇ ਖੁਦ ਨੂੰ ਖੂਬਸੂਰਤ ਬਣਾਉਣ ਤੇ ਕੁਝ ਸੰਸਾਰ ਨੂੰ ਸੁੰਦਰਤਾ ਤੇ ਸਦੀਵਤਾ ਬਖਸ਼ਣ ਲਈ ਹੁੰਦੇ।

ਕੁਝ ਸੁਪਨੇ ਉਹ ਹੁੰਦੇ, ਜਿਹੜੇ ਸਾਰੀ ਉਮਰ ਸੁਪਨੇ ਹੀ ਰਹਿੰਦੇ ਅਤੇ ਉਨ੍ਹਾਂ ਸੁਪਨਿਆਂ ਦੇ ਵੇਦਨਾ, ਮਾਪੇ ਆਪਣੇ ਬੱਚਿਆਂ ਦੇ ਨੈਣਾਂ ਵਿਚ ਧਰਦੇ, ਜੋ ਇਨ੍ਹਾਂ ਨੂੰ ਪੂਰੇ ਕਰਦੇ। ਬੱਚੇ, ਮਾਪਿਆਂ ਦਾ ਸਭ ਤੋਂ ਸੁੱਚਾ ਤੇ ਉਤਮ ਸੁਪਨਾ, ਜੋ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਸ਼ਰਫ ਬਣਦੇ। ਮਾਪਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਖੁਦ ਨੂੰ ਅਰਪਿੱਤ ਕਰਨ ਵਾਲੇ ਬੱਚੇ ਪਰਿਵਾਰ ਦਾ ਉਹ ਚਿਰਾਗ ਹੁੰਦੇ, ਜਿਨ੍ਹਾਂ ਦੀ ਰੌਸ਼ਨੀ ਵਿਚ ਸਮਾਜ ਨੂੰ ਨਵੀਂ ਸੇਧ ਤੇ ਸੰਸਾਰ ਨੂੰ ਨਵੀਆਂ ਬੁਲੰਦੀਆਂ ਦਾ ਕਿਆਸ ਹੁੰਦਾ।

ਸੁਪਨੇ ਵਿਚੋਂ ਹੀ ਹੋਰ ਬਹੁਤ ਸਾਰੇ ਸੁਪਨੇ ਉਗਦੇ, ਕਿਉਂਕਿ ਸੁਪਨਸਾਜ਼ੀ ਮਨੁੱਖ ਦਾ ਉਹ ਮੀਰੀ ਗੁਣ ਹੈ, ਜੋ ਮਨੁੱਖੀ ਵਿਕਾਸ ਅਤੇ ਵਿਸਥਾਰ ਨੂੰ ਜਨਮ ਦਿੰਦਾ। ਸੁਪਨਹੀਣ ਅੱਖਾਂ ਵਿਚੋਂ ਕਿਹੜੀ ਪ੍ਰਾਪਤੀ ਤੇ ਪੈੜ ਨੂੰ ਕਿਆਸੋਗੇ? ਸਥਿੱਰ ਪੈਰਾਂ ਵਿਚ ਨਾ ਤਾਂ ਪੈੜਾਂ ਉਗਦੀਆਂ ਅਤੇ ਨਾ ਹੀ ਸਫਰ ਉਗ ਸਕਦਾ? ਸਭ ਤੋਂ ਜਰੂਰੀ ਹੁੰਦਾ ਹੈ ਸੁਪਨਹੀਣ ਨੈਣਾਂ ਵਿਚ ਸੁਪਨਾ ਧਰਨਾ ਅਤੇ ਫਿਰ ਸੁਪਨ-ਪੂਰਤੀ ਲਈ ਤਦਬੀਰ ਘੜ, ਤਕਦੀਰ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਦੇਣ ਦੇ ਯੋਗ ਕਰਨਾ।

ਸੁਪਨਿਆਂ ਨੂੰ ਕਤਲ ਨਾ ਕਰੋ। ਸੁਪਨਿਆਂ ਦੇ ਮਰਨ 'ਤੇ ਬੰਦਾ ਹਰ ਪਲ ਹੀ ਮਰਦਾ ਅਤੇ ਪਲ ਪਲ ਮਰਨਾ, 'ਕੇਰਾਂ ਮਰਨ ਨਾਲੋਂ ਜ਼ਿਆਦਾ ਦਮਨਕਾਰੀ ਤੇ ਦਰਦਮਈ ਹੁੰਦਾ।

ਸੁਪਨਾ ਮੰਗਦਾ ਹੈ ਸਿਰੜ, ਸਿਦਕ, ਨਿਰੰਤਰਤਾ ਤੇ ਕੇਂਦਰਤ ਧਿਆਨ। ਖੁਦ ਨੂੰ ਸੇਧਤ ਤੇ ਪ੍ਰਤੀਬੱਧ ਕਰਨਾ ਅਤੇ ਇਸ ਦੀ ਪ੍ਰਾਪਤੀ ਤੋਂ ਘੱਟ ਕੁਝ ਵੀ ਨਾ ਮਨਜ਼ੂਰ ਕਰਨਾ।

ਸੁਪਨਾ ਸੱਚ ਕਰਨ ਲਈ ਜਰੂਰੀ ਹੈ ਕਿ ਸੁਪਨਿਆਂ ਦਾ ਪਿੱਛਾ ਕਰਦੇ ਰਹੀਏ, ਜਦ ਤੀਕ ਅਸੀਂ ਇਸ ਦੀ ਡਾਹ ਨਹੀਂ ਲੈਂਦੇ। ਇਹ ਸਾਡੇ ਹੱਕ, ਹਾਸਲ ਅਤੇ ਹੋਂਦ ਦਾ ਗਵਾਹ ਨਹੀਂ ਬਣਦਾ। ਸੁਪਨੇ ਵਿਚੋਂ ਹੀ ਕਿਸੇ ਵਿਅਕਤੀਤਵ ਨੂੰ ਨਿਹਾਰ ਤੇ ਸਕਾਰ ਕਰਦੇ। ਸੁਪਨਿਆਂ ਤੋਂ ਹੀ ਪਤਾ ਲੱਗਦਾ ਕਿ ਮਨੁੱਖ ਦੇ ਮਨ ਵਿਚ ਕੀ ਹੈ? ਉਸ ਦੀਆਂ ਤਰਜ਼ੀਹਾਂ ਕਿਹੜੀਆਂ? ਤਾਂਘਾਂ ਕੀ ਹਨ? ਤਮੰਨਾਵਾਂ ਕਿਸ ਰੂਪ ਵਿਚ ਉਜਾਗਰ ਕਰਦਾ? ਉਸ ਦੀਆਂ ਤਕਦੀਰ ਨੇ ਕਿਹੜੀ ਤਸ਼ਬੀਹ ਬਣਨਾ? ਉਸ ਨੇ ਕਿਸ ਤਹਿਰੀਕ ਨੂੰ ਜਨਮ ਦੇਣਾ? ਉਹ ਕਿਹੜੀ ਤਵਾਰੀਖ ਦਾ ਚਸ਼ਮਦੀਦ ਹੋਵੇਗਾ?

ਸੁਪਨਾ ਸੱਚ ਵੀ ਤੇ ਝੂਠ ਵੀ। ਛਲਾਵਾ ਵੀ ਅਤੇ ਪ੍ਰਤੱਖ ਵੀ। ਦਗਾ ਵੀ ਤੇ ਦਾਗ ਵੀ। ਦਰਦ ਵੀ ਤੇ ਦਵਾ ਵੀ। ਦੁਸ਼ਮਣ ਵੀ ਤੇ ਦੋਸਤ ਵੀ। ਦਯਾ ਵੀ ਅਤੇ ਦਮਨ ਵੀ। ਬਹੁਤ ਰੂਪ ਹੁੰਦੇ ਨੇ ਸੁਪਨਿਆਂ ਦੇ।

ਜਦ ਨਿੱਕੇ ਨਿੱਕੇ ਲੋਕ ਵੱਡੇ ਸੁਪਨੇ ਲੈਣ ਲੱਗ ਪੈਣ ਅਤੇ ਉਨ੍ਹਾਂ ਦੀ ਜਿੱਦ ਵਿਚ ਪ੍ਰਾਪਤੀ ਦਾ ਜਨੂਨ ਉਗ ਪਵੇ ਤਾਂ ਸਮਾਜ ਵਿਚ ਤਰਥੱਲੀ ਪੈਦਾ ਹੁੰਦੀ। ਭੂਚਾਲ ਆਉਂਦਾ ਤੇ ਸਥਾਪਤੀ ਨੂੰ ਕੰਬਣੀ ਛਿੜਦੀ। ਦੱਬੇ-ਕੁਚਲੇ ਲੋਕਾਂ ਦੇ ਸੁਪਨੇ ਸਮਾਜਿਕ ਕ੍ਰਾਂਤੀ, ਵਿਦਰੋਹ ਤੇ ਆਜ਼ਾਦੀ ਅੰਦੋਲਨਾਂ ਦਾ ਮੂਲ ਆਧਾਰ ਬਣਦੇ। ਦੁਨੀਆਂ ਭਰ ਵਿਚ ਸਾਰੇ ਇਨਕਲਾਬ ਉਨ੍ਹਾਂ ਲੋਕਾਂ ਦੇ ਸੁਪਨਿਆਂ ਦਾ ਸੱਚ ਸਨ, ਜਿਨ੍ਹਾਂ ਨੂੰ ਹਾਕਮਾਂ ਵਲੋਂ ਅਧਿਕਾਰਾਂ ਤੇ ਹੱਕਾਂ ਤੋਂ ਵਿਰਵਾ ਕੀਤਾ ਗਿਆ ਅਤੇ ਸਾਹ ਲੈਣ ਲਈ ਵੀ ਹਾਕਮ ਦੀ ਇਜਾਜ਼ਤ ਲੈਣੀ ਪੈਂਦੀ ਸੀ।

ਜ਼ਿੰਦਗੀ ਵਿਚ ਕਦੇ ਵੀ ਆਪਣੇ ਸੁਪਨੇ ਨੂੰ ਮਰਨ ਨਾ ਦਿਓ ਅਤੇ ਨਾ ਹੀ ਜਖਮੀ ਹੋਣ ਦਿਓ। ਜੇ ਇਹ ਤਿੜਕਦਾ ਏ ਤਾਂ ਇਸ ਦੀ ਚੀਸ ਵਿਚੋਂ ਆਪਣੀਆਂ ਸਮਰੱਥਾਵਾਂ ਨੂੰ ਜਗਾਓ ਅਤੇ ਤਾਕਤ ਬਣਾਓ। ਸੁਪਨਿਆਂ ਦਾ ਸੱਚ ਤੁਹਾਡੇ ਦੀਦਿਆਂ ਵਿਚ ਲਿਸ਼ਕੇਗਾ।

ਤਿੜਕੇ ਸੁਪਨਿਆਂ ਦੀ ਚੀਸ ਬਹੁਤ ਦਰਦੀਲੀ ਅਤੇ ਮੈਂ ਇਸ ਦੇ ਦਰਦ ਨੂੰ ਬਾਖੂਬੀ ਜਾਣਦਾਂ; ਪਰ ਇਸ ਦਰਦ ਵਿਚੋਂ ਚੁਣੌਤੀ ਦਾ ਪੈਦਾ ਹੋਣਾ ਅਤੇ ਮਨ ਨੂੰ ਔਝੜ ਰਾਹਾਂ 'ਤੇ ਮੁਸ਼ਕਿਲਾਂ ਦਾ ਹਾਣੀ ਬਣਾਉਣ ਦਾ ਤਹੱਈਆ ਕਰਨਾ, ਉਹ ਕਰਮ-ਧਰਮ ਜਿਹੜਾ ਸੁਪਨਿਆਂ ਦੇ ਸੱਚ ਨੂੰ ਜਾਂਦੇ ਮਾਰਗ ਦੀ ਨਿਸ਼ਾਨਦੇਹੀ।

ਸਭ ਤੋਂ ਪਹਿਲਾਂ ਬਾਪ ਦੇ ਨੈਣਾਂ ਵਿਚ ਸੰਜੋਇਆ ਸੁਪਨਾ ਉਦੋਂ ਤਿੜਕਿਆ ਜਦ ਮੈਂ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ। ਇਸ ਦੀ ਚੀਸ ਦੀ ਆਹਟ ਸੁਣ ਕੇ ਮੈਂ ਨਮੋਸ਼ੀ ਤੇ ਉਦਾਸੀ ਵਿਚ ਡੁੱਬ ਕੇ ਖਾਮੋਸ਼ ਹੋ ਗਿਆ। ਇਸ ਲਈ ਕਸੂਰਵਾਰ ਹੋਣਾ, ਮੇਰਾ ਸਭ ਤੋਂ ਵੱਡਾ ਗੁਨਾਹ ਬਣ ਗਿਆ। ਬਾਪ ਕੀ ਸੋਚਦਾ ਸੀ ਅਤੇ ਕੀ ਹੋ ਗਿਆ? ਜੇਠੇ ਪੁੱਤ ਨੂੰ ਕਾਲਜ ਵਿਚ ਭੇਜ ਕੇ ਫੁੱਲਿਆ ਨਹੀਂ ਸੀ ਸਮਾਉਂਦਾ ਅਤੇ ਮੈਂ ਪਹਿਲੇ ਸਾਲ ਹੀ ਫੇਲ੍ਹ ਹੋ ਕੇ ਉਸ ਦੇ ਚਾਵਾਂ ਨੂੰ ਠਾਰ ਦਿੱਤਾ। ਉਸ ਸਮੇਂ ਬਾਪ ਦੀ ਅੱਖ ਵਿਚ ਆ ਕੇ ਜੰਮਿਆ ਹੰਝੂ ਮੈਨੂੰ ਹੁਣ ਵੀ ਦਿਖਾਈ ਦਿੰਦਾ। ਮੈਂ ਮਨ ਵਿਚ ਉਸ ਹੰਝੂ ਦੀ ਕਸਮ ਖਾਧੀ ਕਿ ਬਾਪ ਨੂੰ ਹੋਰ ਸੁਪਨੇ ਦੀ ਚੀਸ ਹੰਢਾਉਣ ਨਹੀਂ ਦੇਵਾਂਗਾ। ਕੀ ਮੈਂ ਇੰਨਾ ਨਾਲਾਇਕ ਹਾਂ? ਕੀ ਮੈਂ ਮਿਹਨਤੀ ਨਹੀਂ? ਮੇਰੇ ਵਿਚ ਕੀ ਕਮੀ ਹੈ? ਕਿਉਂ ਨਹੀਂ ਮੈਂ ਪਾਸ ਹੋਇਆ? ਖੁਦ ਦੀ ਪੜਚੋਲ ਵਿਚੋਂ ਖੁਦ ਨੂੰ ਤਲਾਸ਼ਣ, ਤਰਾਸ਼ਣ ਅਤੇ ਭਵਿੱਖੀ ਚੁਣੌਤੀਆਂ ਦੇ ਮੁਕਾਬਲੇ ਲਈ ਤਿਆਰ ਕਰਦਿਆਂ, ਸਾਇੰਸ ਵਿਚ ਉਚੇਰੀ ਡਿਗਰੀ ਪ੍ਰਾਪਤ ਕਰਨ ਦੀ ਕਸਮ ਪਾਈ। ਇਹ ਕਸਮ ਦਾ ਹੀ ਕ੍ਰਿਸ਼ਮਾ ਸੀ ਕਿ ਬੀ.ਐਸਸੀ. (ਨਾਨ-ਮੈਡੀਕਲ) ਮੈਰਿਟ ਲਿਸਟ 'ਤੇ ਪਾਸ ਕੀਤੀ ਅਤੇ ਐਮ.ਐਸਸੀ. (ਫਿਜਿਕਸ) ਯੂਨੀਵਰਸਿਟੀ ਵਿਚ ਦੂਸਰੇ ਸਥਾਨ 'ਤੇ ਰਹਿ ਕੇ ਪਾਸ ਕੀਤੀ। ਨੌਕਰੀ ਵਿਚ ਆਉਣ ਤੋਂ ਬਾਅਦ ਫਿਰ ਪੜ੍ਹਾਈ ਵਿਚ ਜੁੱਟ ਗਿਆ। ਪੀਐਚ.ਡੀ. ਕੀਤੀ। ਪੀਐਚ.ਡੀ. ਦੇ ਐਗਜ਼ਾਮੀਨਰ ਨੇ ਜਦ ਪੁੱਛਿਆ ਕਿ ਪੀਐਚ.ਡੀ. ਕਿਉਂ ਕਰ ਰਿਹਾ ਏਂ? ਤਾਂ ਉਸ ਨੂੰ ਬਾਪ ਦੀ ਅੱਖ ਵਿਚ ਜੰਮੇ ਹੰਝੂ ਦੀ ਵਿਥਿਆ ਸੁਣਾ ਕੇ ਕਿਹਾ ਕਿ ਇਹ ਤਾਂ ਉਸ ਹੰਝੂ ਨੂੰ ਅਕੀਦਤ ਹੈ। ਭਾਵੇਂ ਕਿ ਮੈਂ ਸਰਕਾਰੀ ਕਾਲਜ ਵਿਚ ਪੜ੍ਹਾਉਂਦਾ ਹਾਂ ਅਤੇ ਟਿਊਸ਼ਨਾਂ ਨਾਲ ਬਹੁਤ ਧਨ ਕਮਾ ਸਕਦਾ ਹਾਂ, ਪਰ ਮੇਰੇ ਲਈ ਧਨ ਨਾਲੋਂ ਬਾਪ ਦੀ ਅੱਖ ਵਿਚ ਆਈ ਉਸ ਨਮੀ ਨੂੰ ਖੁਸ਼ਕ ਕਰ ਦੇਣ ਦੀ ਭਾਵਨਾ ਜ਼ਿਆਦਾ ਭਾਰੂ ਹੈ। ਇਸ ਨਾਲ ਬਾਪ ਦੇ ਸੁਪਨੇ ਵਿਚਲੇ ਤਿੜਕਣ ਜਰੂਰ ਘੱਟ ਜਾਵੇਗੀ ਅਤੇ ਉਸ ਨੂੰ ਰਾਹਤ ਮਿਲੇਗੀ।

ਵਿਅਕਤੀ ਉਮਰ ਦੇ ਹਰ ਪੜਾਅ 'ਤੇ ਹੀ ਸੁਪਨੇ ਲੈਂਦਾ ਏ। ਇਨ੍ਹਾਂ ਸੁਪਨਿਆਂ ਦਾ ਵਾਰ ਵਾਰ ਆਉਣਾ ਅਤੇ ਇਨ੍ਹਾਂ ਨੂੰ ਪੂਰਾ ਕਰਨਾ ਹੀ ਜ਼ਿੰਦਗੀ ਦਾ ਵਿਕਾਸਮਈ ਅਰਥ ਹੈ। ਅਰਥਹੀਣ ਹੋ ਕੇ ਜਿਉਣਾ, ਸਾਹਾਂ ਤੋਂ ਹੀ ਮੁਨਕਰੀ। ਸਾਹਾਂ ਦੀ ਸਾਰਥਿਕਤਾ ਲਈ ਜਰੂਰੀ ਹੈ ਕਿ ਨਵਾਂ ਸੁਪਨਾ ਆਉਂਦਾ ਰਹੇ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਿਰੜ-ਸਾਧਨਾ ਦਾ ਸਾਥ ਮਾਣਦੇ ਰਹੀਏ।

ਐਮ.ਐਸਸੀ. ਕਰਨ 'ਤੇ ਕੈਨੇਡਾ ਵਿਚ ਵੱਸਦੇ ਰਿਸ਼ਤੇਦਾਰ ਨੇ ਸੁਪਨਾ ਦਿਖਾਇਆ ਕਿ ਉਚੇਰੀ ਪੜ੍ਹਾਈ ਲਈ ਕੈਨੇਡਾ ਆ ਜਾ। ਇਸ ਸੁਪਨੇ ਦੀ ਪੂਰਤੀ ਲਈ ਕੋਸ਼ਿਸ਼ ਸ਼ੁਰੂ ਕੀਤੀ ਅਤੇ ਜਦ ਮੈਨੂੰ ਉਚੇਰੀ ਵਿਦਿਆ ਲਈ ਦਾਖਲਾ ਮਿਲ ਗਿਆ ਤਾਂ ਉਸੇ ਰਿਸ਼ਤੇਦਾਰ ਦੀ ਸਪਾਂਸਰਸ਼ਿਪ ਦੀ ਮੁਨਕਰੀ ਨਾਲ ਇਹ ਸੁਪਨਾ ਤਿੱਕੜ ਗਿਆ। ਉਸ ਸੁਪਨੇ ਵਿਚੋਂ ਨਿਕਲਿਆ ਤ੍ਰਾਹ ਵੀ ਉਹ ਨਾ ਸੁਣ ਸਕੇ; ਪਰ ਇਹ ਸੁਪਨਾ ਆਹ ਬਣ ਕੇ ਮੇਰੇ ਮਨ ਦੀ ਜੂਹ ਵਿਚ ਬਹਿ ਗਿਆ। ਬੰਦੇ ਨੂੰ ਸਭ ਤੋਂ ਜ਼ਿਆਦਾ ਪੀੜਤ ਕਰਦਾ ਏ ਅਪੂਰਨ ਸੁਪਨੇ ਵਿਚ ਉਗੀਆਂ ਸਿਸਕੀਆਂ ਅਤੇ ਇਨ੍ਹਾਂ ਸਿਸਕੀਆਂ ਵਿਚ ਪਿੱਘਲ ਹੀ ਜਾਂਦਾ ਏ ਸੰਵੇਦਨਸ਼ੀਲ ਵਿਅਕਤੀ। ਅਜਿਹਾ ਕੁਝ ਹੀ ਮੇਰੇ ਨਾਲ ਵਾਪਰਿਆ। ਧੁਖਦੇ ਸੁਪਨੇ ਨੂੰ ਸੁਣਦਾ




ਅਤੇ ਰੋਂਦੇ ਨੂੰ ਵਰਾਉਂਦਾ ਰਿਹਾ। ਸਹੀ ਸਮੇਂ ਦੀ ਉਡੀਕ ਕਰਦਾ ਰਿਹਾ। ਫਿਰ ਜਦ ਮੈਂ ਪੀਐਚ.ਡੀ. ਸ਼ੁਰੂ ਕੀਤੀ ਤਾਂ ਮਨ ਵਿਚ ਬਾਪ ਦੇ ਸੁਪਨੇ ਦੇ ਨਾਲ-ਨਾਲ, ਆਪਣੇ ਸੁਪਨੇ ਨੂੰ ਵੀ ਸਹਿਲਾਉਣ ਅਤੇ ਇਸ ਦੀ ਪ੍ਰਾਪਤੀ ਦੀ ਪ੍ਰਮੁੱਖਤਾ ਸੀ। ਪੀਐਚ.ਡੀ. ਕਰਦਿਆਂ ਕੈਨੇਡਾ ਵਿਚ ਭੌਤਿਕ ਵਿਗਿਆਨ ਦੀ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਭਾਗ ਲੈਣਾ, ਉਸ ਸੁਪਨੇ ਦੀ ਅੱਖ ਵਿਚ ਹੁਲਾਸ ਅਤੇ ਹੁਲਾਰ ਧਰਨਾ ਸੀ ਕਿ ਕਿਸੇ ਦੀ ਮੁਥਾਜੀ ਤੋਂ ਬਗੈਰ ਵੀ ਸੁਪਨਿਆਂ ਨੂੰ ਪਰਵਾਜ਼ ਦਿੱਤੀ ਜਾ ਸਕਦੀ ਹੈ; ਬਸ਼ਰਤੇ ਸੁਪਨਿਆਂ ਨੂੰ ਗਵਾਚਣ ਨਾ ਦਿਓ, ਸਦਾ ਚੇਤਿਆਂ ਵਿਚ ਰੱਖੋ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਉਦਮ ਨੂੰ ਹਾਣੀ ਬਣਾਈ ਰੱਖੋ। ਇਕ ਵਿਦਿਆਰਥੀ ਵਜੋਂ ਨਾ ਸਹੀ, ਪਰ ਇਕ ਵਿਗਿਆਨੀ ਵਜੋਂ ਤਾਂ ਮੈਂ ਕੈਨੇਡਾ ਆ ਹੀ ਗਿਆ ਸਾਂ। ਸੁਪਨੇ ਦੇ ਸੱਚ ਹੋਣ 'ਤੇ ਮਨ ਨੂੰ ਕਿੰਨਾ ਧਰਵਾਸ ਮਿਲਦਾ ਅਤੇ ਅੰਤਰੀਵ ਦਾ ਬੋਝ ਕਿੰਨਾ ਘੱਟਦਾ, ਇਸ ਦਾ ਅਹਿਸਾਸ ਸੁਪਨਿਆਂ ਦੇ ਸੱਚ ਹੋਣ 'ਤੇ ਹੁੰਦਾ।

ਐਮ.ਐਸਸੀ. ਤੋਂ ਬਾਅਦ ਕੈਨੇਡਾ ਜਾਣ ਦਾ ਸੋਚ ਕੇ ਮਨ ਵਿਚ ਇਹ ਵੀ ਸੁਪਨਾ ਆਉਂਦਾ ਸੀ ਕਿ ਮੈਂ ਵੇਲਾ ਆਉਣ 'ਤੇ ਕਿਸੇ ਵਿਦੇਸ਼ੀ ਯੂਨੀਵਰਸਿਟੀ ਜਾਂ ਕਾਲਜ ਵਿਚ ਪੜ੍ਹਾਉਣ ਦਾ ਮੌਕਾ ਮਿਲੇਗਾ, ਜੋ ਮੇਰੀਆਂ ਤਰਜ਼ੀਹਾਂ ਨੂੰ ਨਵੀਆਂ ਤਾਘਾਂ ਅਤੇ ਤਮੰਨਾਵਾਂ ਨਾਲ ਪ੍ਰੇਰਤ ਕਰਦਾ ਰਿਹਾ, ਪਰ ਉਸ ਸਮੇਂ ਵਿਦੇਸ਼ ਨਾ ਜਾ ਸਕਣ ਕਾਰਨ, ਬਾਹਰ ਜਾ ਕੇ ਪੜ੍ਹਾਉਣ ਦਾ ਸੁਪਨਾ ਵੀ ਮਸੋਸ ਕੇ ਰਹਿ ਗਿਆ। ਇਹ ਸੁਪਨਾ ਅਚੇਤ ਵਿਚ ਹਾਜ਼ਰ ਨਾਜ਼ਰ ਰਿਹਾ। ਕੈਨੇਡਾ ਅਤੇ ਅਮਰੀਕਾ ਵਿਚ ਆਉਣ 'ਤੇ ਵੀ ਟੋਂਹਦਾ, ਟੁੰਬਦਾ, ਟਟੋਲਦਾ ਤੇ ਤੜਫਾਉਂਦਾ ਰਿਹਾ, ਪਰ ਕਈ ਵਾਰ ਤੁਸੀਂ ਹਾਲਾਤ ਤੋਂ ਬੇਬੱਸ ਹੁੰਦੇ ਅਤੇ ਸਮਾਂ ਤੁਹਾਡੇ ਲਈ ਸਾਜ਼ਗਾਰ ਨਹੀਂ ਹੁੰਦਾ। ਉਹ ਤੁਹਾਨੂੰ ਉਡੀਕ ਕਰਵਾਉਂਦਾ ਤੇ ਸਬਰ ਪਰਖਦਾ। ਜਾਣਨਾ ਚਾਹੁੰਦਾ ਕਿ ਕਿੰਨਾ ਕੁ ਚਿਰ ਤੁਸੀਂ ਇਸ ਅਧੂਰੇ ਸੁਪਨੇ ਨੂੰ ਜਿਊਂਦਾ ਰੱਖ ਸਕਦੇ ਹੋ? ਇਸ ਦੀ ਪੂਰਨਤਾ ਲਈ ਕੀ ਉਦਮ ਕਰਦੇ ਹੋ ਜਾਂ ਸਿਰਫ ਹਵਾਈ ਸੋਚਾਂ ਹੀ ਪਾਲਦੇ ਹੋ?

ਦਰਅਸਲ ਕੋਸ਼ਿਸ਼ ਜਾਰੀ ਰੱਖਣਾ ਅਤੇ ਆਪਣੇ ਟੀਚੇ ਨੂੰ ਸੁਚੇਤ ਤੇ ਅਚੇਤ ਰੂਪ ਵਿਚ ਸੋਚਾਂ ਵਿਚ ਧੜਕਦਾ ਰੱਖਣਾ ਅਤੇ ਇਸ ਦੀ ਹਾਕ ਦਾ ਹੁੰਗਾਰਾ ਭਰਦੇ ਰਹਿਣਾ ਹੀ ਸੁਪਨਿਆਂ ਦਾ ਪਿੱਛਾ ਕਰਨਾ ਹੁੰਦਾ। ਬੜੀ ਲੰਮੀ ਹੁੰਦੀ ਏ ਲੱਗਭਗ ਚਾਲੀ ਸਾਲ ਲੰਮੀ ਉਡੀਕ, ਸੁਪਨੇ ਦੀ ਪੂਰਤੀ ਲਈ। 1977 ਦਾ ਲਿਆ ਇਹ ਸੁਪਨਾ, ਜਨਵਰੀ 2016 ਵਿਚ ਪੂਰਾ ਹੋਇਆ, ਜਦ ਮੈਂ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਉਣਾ ਸ਼ੁਰੂ ਕੀਤਾ। ਇੰਨੀ ਲੰਮੀ ਉਡੀਕ ਲਈ ਜੇਰਾ-ਜਿਗਰਾ ਰੱਖਣਾ ਪੈਂਦਾ ਅਤੇ ਜਜ਼ਬਾਤ ਨੂੰ ਜ਼ਰਬ ਦੇਣੀ ਹੁੰਦੀ। ਪਹਿਲੇ ਦਿਨ ਕਲਾਸ ਵਿਚ ਜਾ ਕੇ, ਅੱਖਾਂ ਵਿਚ ਉਤਰੀ ਨਮੀ, ਮੇਰੇ ਮਾਪਿਆਂ ਦੀਆਂ ਦੁਆਵਾਂ ਨੂੰ ਲੱਗਿਆ ਉਹ ਫਲ ਸੀ, ਜਿਸ ਦੀ ਤਮੰਨਾ ਕਦੇ ਉਨ੍ਹਾਂ ਦੇ ਪੁੱਤ ਨੇ ਕੀਤੀ ਸੀ। ਸੋਚਦਾ ਰਿਹਾ ਕਿ ਭੰਡਾਲ ਬੇਟ ਦੇ ਮੰਡ ਵਿਚ ਪਸ਼ੂ ਚਾਰਨ ਵਾਲਾ ਅਤੇ ਛੋਟੇ ਜਿਹੇ ਕਿਰਸਾਨ ਦੇ ਪੁੱਤ ਦਾ ਯੂਨੀਵਰਸਿਟੀ ਵਿਚ ਪੜ੍ਹਾਉਣਾ, ਅਜਿਹਾ ਕ੍ਰਿਸ਼ਮਾ ਜਿਸ ਦਾ ਕਦੇ ਕਿਆਸ ਕੀਤਾ ਸੀ। ਸੁਪਨਾ ਲਿਆ ਸੀ। 40 ਸਾਲ ਬਾਅਦ ਪੂਰਾ ਹੋਣ ਵਾਲਾ ਸੁਪਨਾ ਕਿੰਨਾ ਖੁਸ਼ੀ ਦਿੰਦਾ ਏ, ਇਹ ਤਾਂ ਸਿਰਫ ਉਹੀ ਜਾਣ ਸਕਦਾ, ਜਿਸ ਨੇ ਚਾਲੀ ਸਾਲ ਸੁਪਨੇ ਨੂੰ ਹਿੱਕ ਵਿਚ ਸਾਂਭੀ ਰੱਖਿਆ ਹੋਵੇ। ਇਸ ਦੀ ਸੰਭਾਲ ਕੀਤੀ ਹੋਵੇ। ਇਸ ਨੂੰ ਮੁਰਝਾਉਣ ਨਾ ਦਿੱਤਾ ਹੋਵੇ। ਇਸ ਨੂੰ ਮਿਹਨਤ ਅਤੇ ਪ੍ਰਤੀਬੱਧਤਾ ਦਾ ਪਾਣੀ ਪਾਉਂਦਾ ਰਿਹਾ ਹੋਵੇ। ਕੁਦਰਤ ਕੋਸ਼ਿਸ਼ਾਂ ਤੋਂ ਪਸੀਜ ਅਜਿਹਾ ਮੌਕਾ ਅਰਪਿਤ ਕਰਨ ਵਿਚ ਮਿਹਰਬਾਨ ਰਹੀ, ਜਿਸ ਮੌਕੇ ਦੀ ਤਲਾਸ਼ ਤਾਂ ਮੈਂ ਕੈਨੇਡਾ ਵਿਚ ਵੀ ਬਹੁਤ ਕੀਤੀ ਸੀ।

ਯਾਦ ਆਇਆ ਕਿ ਜਦ 2003 ਵਿਚ ਮੈਂ ਇਮੀਗਰੇਸ਼ਨ ਲੈ ਕੇ ਕੈਨੇਡਾ ਆਇਆ ਤਾਂ ਮੇਰੀ ਮਾਂ ਦੀਆਂ ਅੱਖਾਂ ਵਿਚ ਹੰਝੂ ਸਨ। ਮਾਂ ਨੇ ਕਿਹਾ ਸੀ ਕਿ ਵੇ ਤੂੰ ਇਥੇ ਪ੍ਰੋਫੈਸਰ ਏਂ। ਉਥੇ ਜਾ ਕੇ ਫੈਕਟਰੀਆਂ ਵਿਚ ਰੁਲ ਜਾਣਾ ਏ, ਪਰ ਮਾਂ ਦੀ ਅਸੀਸ ਹੀ ਸੀ ਕਿ ਉਸ ਦਾ ਲਾਡਲਾ ਅਮਰੀਕਾ ਆ ਕੇ ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗ ਪਿਆ। ਮਾਂ ਨੂੰ ਇਹ ਕਿੰਜ ਦੱਸਦਾ, ਕਿਉਂਕਿ ਉਹ ਤਾਂ 2010 ਵਿਚ ਸਦਾ ਲਈ ਵਿਛੋੜਾ ਦੇ ਗਈ ਸੀ। ਹਾਂ! ਬਾਪ ਬਹੁਤ ਖੁਸ਼ ਹੋਇਆ ਸੀ ਕਿ ਉਸ ਦਾ ਪੁੱਤ ਫਿਰ ਆਪਣੇ ਪਹਿਲੇ ਕਿੱਤੇ ਵਿਚ ਆ ਗਿਆ ਏ ਅਤੇ ਪੜ੍ਹਾਉਣ ਲੱਗ ਪਿਆ ਏ। ਇਹ ਬਹੁਤ ਹੀ ਵਿਰਲਿਆਂ ਦਾ ਨਸੀਬ ਹੁੰਦਾ।

ਸਭ ਤੋਂ ਜਰੂਰੀ ਹੁੰਦਾ ਏ ਕਿਸੇ ਵਲੋਂ ਤ੍ਰਾਹੇ ਸੁਪਨੇ ਨੂੰ ਇਕ ਚੁਣੌਤੀ ਵਜੋਂ ਕਬੂਲ ਕਰਨਾ। ਸੁਪਨੇ ਨੂੰ ਲਾਈ ਚੋਭ ਨੂੰ ਚੰਗਿਆੜੀ ਬਣਾਉਣਾ ਅਤੇ ਇਸ ਨਾਲ ਸੁਪਨਿਆਂ ਦੇ ਸੱਚ ਦੀ ਚੰਗੇਰ ਨੂੰ ਸਮਿਆਂ ਦੇ ਨਾਮ ਲਾਉਣਾ। ਜਦ ਸੁਪਨਾ ਚੈਲੇਂਜ ਬਣ ਜਾਵੇ ਤਾਂ ਸੁਪਨੇ ਨੇ ਆਪਣੀ ਪਰਵਾਜ਼ ਤੇ ਅੰਦਾਜ਼ ਖੁਦ ਨਿਰਧਾਰਤ ਕਰਨਾ ਹੁੰਦਾ। ਕੋਈ ਵੀ ਜ਼ੰਜ਼ੀਰ, ਵਾੜ ਜਾਂ ਰੁਕਾਵਟ ਇਸ ਦੀ ਉਡਾਣ ਨੂੰ ਰੋਕ ਨਹੀਂ ਸਕਦੀ।

ਜ਼ਿੰਦਗੀ ਦੇ ਸਫਰ ਵਿਚ ਸੁਪਨੇ ਦੇਣ ਵਾਲੇ ਬਹੁਤ ਘੱਟ, ਪਰ ਸੁਪਨੇ ਖੋਹਣ ਵਾਲੇ, ਤੋੜਨ ਵਾਲੇ ਜਾਂ ਤੜਫਾਉਣ ਵਾਲੇ ਬਹੁਤ ਜ਼ਿਆਦਾ। ਜਰੂਰਤ ਹੈ ਕਿ ਜੇ ਸੁਪਨੇ ਦੇ ਨਹੀਂ ਸਕਦੇ ਤਾਂ ਕਿਸੇ ਦਾ ਸੁਪਨਾ ਤੋੜਨ ਦਾ ਗੁਨਾਹ ਨਾ ਕਰੋ। ਸੁਪਨੇ ਨੂੰ ਖੋਹਣ ਦੀ ਅਵੱਗਿਆ ਨਾ ਕਰੋ ਅਤੇ ਸੁਪਨਿਆਂ ਦੀ ਖੁਦਕੁਸ਼ੀ ਦੇ ਦੋਸ਼ੀ ਨਾ ਬਣੋ। ਇਹ ਗੁਨਾਹ ਕਿਸੇ ਵੀ ਅਦਾਲਤ ਵਿਚ ਬਖਸ਼ਣ ਯੋਗ ਨਹੀਂ।

ਸਾਹਿਤ ਪੜ੍ਹਨ ਦਾ ਸ਼ੌਕ ਮੁੱਢ ਤੋਂ ਸੀ। ਐਮ.ਐਸਸੀ. ਫਾਈਨਲ ਦੀ ਵਿਦਾਇਗੀ ਪਾਰਟੀ ਦੌਰਾਨ ਐਮਰਜੈਂਸੀ ਦੇ ਦਿਨੀਂ ਸੁਣਾਈ ਕਵਿਤਾ ਮੇਰੇ ਲਈ ਇਕ ਸਜ਼ਾ ਬਣ ਗਈ, ਜਦ ਮੈਂ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ 'ਤੇ ਆਉਂਦਾ ਆਉਂਦਾ, ਦੂਸਰੇ ਸਥਾਨ 'ਤੇ ਤਿਲਕਾ ਦਿੱਤਾ ਗਿਆ। ਇਹ ਇਕ ਅਜਿਹੀ ਠੇਸ ਸੀ, ਜਿਸ ਦੀ ਚਸਕ ਗਾਹੇ-ਬਗਾਹੇ ਮਨ ਵਿਚ ਜਰੂਰ ਪੈਂਦੀ। ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੜ੍ਹਾਉਂਦੇ ਸਮੇਂ ਜਨ-ਸਾਹਿਤ ਵਿਚ ਛਪੀ ਆਪਣੀ ਕਵਿਤਾ, ਗਜ਼ਲਗੋ ਪ੍ਰੋਫੈਸਰ ਨੂੰ ਦਿਖਾ ਕੇ ਉਸ ਦੀ ਸਲਾਹ ਲੈਣੀ ਚਾਹੀ ਤਾਂ ਉਸ ਦਾ ਜਵਾਬ ਸੀ ਕਿ ਚੰਗਾ ਹੋਇਆ, ਤੈਨੂੰ ਪੰਝੀ ਰੁਪਏ ਮਿਲਣਗੇ। ਇਕ ਵੱਡੇ ਸਾਹਿਤਕਾਰ ਵਲੋਂ ਸਾਹਿਤ ਨੂੰ ਪੈਸੇ ਦੀ ਤੱਕੜੀ ਵਿਚ ਤੋਲਣਾ, ਅਦਬ ਦੀ ਇਸ ਤੋਂ ਵੱਡੀ ਬੇਅਦਬੀ ਕੀ ਹੋ ਸਕਦੀ? ਮਨ ਦੁਖੀ ਹੋਇਆ ਕਿ ਜਦ ਅਦਬੀ ਲੋਕ ਹੀ ਅਦਬ ਦਾ ਅਦਬ ਨਹੀਂ ਕਰਦੇ ਅਤੇ ਬੇ-ਅਦਬ ਲੋਕਾਂ ਤੋਂ ਕੀ ਆਸ ਰੱਖੀ ਜਾ ਸਕਦੀ? ਸਾਹਿਤ ਸਿਰਜਣਾ ਬਾਰੇ ਮਨ ਵਿਚ ਪਲਰਦੇ ਸੁਪਨੇ 'ਤੇ ਆਈ ਝਰੀਟ ਨੇ ਤਿੱਖੀ ਚੋਭ ਲਾਈ ਅਤੇ ਮੈਂ ਕਸੀਸ ਵੱਟ ਕੇ ਰਹਿ ਗਿਆ। ਕਵਿਤਾਵਾਂ ਦੀ ਪਹਿਲੀ ਪੁਸਤਕ ਛਪਵਾਉਣ ਬਾਰੇ ਸੋਚਿਆ ਤਾਂ ਆਪਣੇ ਅਧਿਆਪਕ ਸ. ਹਰਭਜਨ ਸਿੰਘ ਹੁੰਦਲ ਨੂੰ ਕੁਝ ਸ਼ਬਦ ਲਿਖਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਸਮੁੱਚੀਆਂ ਕਵਿਤਾਵਾਂ ਨੂੰ ਨਕਾਰਦਿਆਂ ਮੁੱਖ ਬੰਦ ਲਿਖਿਆ, ਜੋ ਮੈਂ ਮੂਲ ਰੂਪ ਵਿਚ ਛਾਪ ਦਿੱਤਾ ਤਾਂ ਕਿ ਮੈਂ ਇਸ ਨੂੰ ਵਾਰ-ਵਾਰ ਪੜ੍ਹ ਕੇ ਖੁਦ ਦੇ ਰੂਬਰੂ ਹੁੰਦਾ ਰਹਾਂ ਅਤੇ ਸਾਹਿਤ-ਸਿਰਜਣ ਦਾ ਰਾਹੀ ਬਣਿਆ ਰਹਾਂ ਤੇ ਕੁਝ ਚੰਗਾ ਲਿਖਣ ਦੀ ਕੋਸ਼ਿਸ਼ ਕਰਦਾ ਰਹਾਂ। ਹੁਣ ਵੀ ਮੈਂ ਲਿਖਣਾ ਸਿੱਖ ਰਿਹਾ ਹਾਂ। ਕਾਸ਼! ਮੈਂ ਕੁਝ ਚੰਗਾ ਲਿਖ ਸਕਾਂ?

ਸਾਹਿਤ-ਸਿਰਜਣ ਦੇ ਸੁਪਨੇ 'ਤੇ ਝਰੀਟਾਂ, ਤਿੜਕਣਾਂ ਅਤੇ ਲੰਗਾਰਾਂ ਨੂੰ ਸਿਉਣ ਅਤੇ ਕੁਝ ਬਿਹਤਰ ਲਿਖਣ ਦੀ ਪ੍ਰੇਰਨਾ ਵਾਸਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਪੁਰਸਕਾਰ ਨਾਲ ਸਨਮਾਨਿਤ ਕਰਨਾ, ਇਕ ਖੁਸ਼ਨਸੀਬੀ ਸੀ। ਵਿਗਿਆਨਕ ਆਧਾਰ ਹੋਣ ਕਾਰਨ, ਇਹ ਸਨਮਾਨ ਦਰਅਸਲ ਮੇਰੇ ਪਿੰਡ, ਮੇਰੇ ਮਾਪਿਆਂ ਅਤੇ ਮੇਰੀ ਮਾਂ ਬੋਲੀ ਪੰਜਾਬੀ ਦਾ ਸਨਮਾਨ ਸੀ, ਜਿਹੜੀ ਪਿੰਡ ਵਿਚ ਰਹਿੰਦਿਆਂ, ਹਲ ਵਾਹੁੰਦਿਆਂ, ਮੰਡ ਵਿਚ ਪਸ਼ੂ ਚਾਰਦਿਆਂ ਜਾਂ ਖੇਤੀ ਦਾ ਹਰ ਕੰਮ ਆਪਣੇ ਬਾਪ ਨਾਲ ਕਰਵਾਉਂਦਿਆਂ, ਮੇਰੇ ਅਚੇਤ ਵਿਚ ਬੈਠੀ ਹੈ। ਇਸ ਦੀ ਅਮੀਰੀ ਤੇ ਲਬਰੇਜ਼ਤਾ ਹੀ ਮੇਰੀਆਂ ਲਿਖਤਾਂ ਵਿਚ ਮਹਿਕ ਬਿਖੇਰਦੀ ਹੈ।

ਸਫਲ ਵਿਅਕਤੀ ਸਿਰਫ ਉਹੀ ਹੁੰਦਾ, ਜੋ ਹਮੇਸ਼ਾ ਸੁਪਨਿਆਂ ਦਾ ਪਿੱਛਾ ਕਰਦਿਆਂ, ਸੇਧਤ ਰਾਹਾਂ ਗੁਆਚਣ ਨਹੀਂ ਦਿੰਦਾ। ਨਾ ਹੀ ਆਪਣੀ ਚੇਤਨਾ ਵਿਚ ਸੁਪਨਿਆਂ ਦਾ ਧੁੰਦਲਕਾ ਪੈਦਾ ਕਰਦਾ। ਸੁਪਨਿਆਂ ਵਿਚ ਸੇਧ, ਸੱਚ, ਸਪੱਸ਼ਟਤਾ, ਸੰਜੀਦਗੀ, ਸਾਰਥਿਕਤਾ ਅਤੇ ਸੰਵੇਦਨਾ ਹੋਵੇ ਤਾਂ ਸੁਪਨਿਆਂ ਨੇ ਸੱਚ ਹੋਣਾ ਹੀ ਹੁੰਦਾ। ਵਰਨਾ ਸੁਪਨੇ, ਸੁਪਨੇ ਹੀ ਰਹਿ ਜਾਂਦੇ। ਸੋ ਲੋੜ ਹੈ, ਸੁਪਨਿਆਂ ਦੇ ਸੱਚ ਲਈ, ਸੁਪਨ-ਸਾਧਨਾ ਅਤੇ ਸਿਰੜ-ਯਾਤਰਾ ਸਦਾ ਕਰਦੇ ਰਹੀਏ।

# ਬ੍ਰਿਗੇਡੀਅਰ ਲਾਭ ਸਿੰਘ ਓਲੰਪੀਅਨ ਦੀ ਹੱਡ-ਬੀਤੀ

ਪੰਜਾਬੀ ਖੇਡ ਸਾਹਿਤ

62



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਬ੍ਰਿਗੇਡੀਅਰ ਲਾਭ ਸਿੰਘ ਸੰਦੌੜ ਦੇ ਟਿੱਬਿਆਂ ਦਾ ਹੀਰਾ ਹਿਰਨ ਹੈ। ਉਹ ਓਲੰਪੀਅਨ ਹੈ, ਧਿਆਨ ਚੰਦ ਅਵਾਰਡੀ ਹੈ, ਫੌਜੀ ਤਗਮੇ ਤੇ ਏਸ਼ਿਆਈ ਖੇਡਾਂ 'ਚੋਂ ਤਿੰਨ ਮੈਡਲ ਜਿੱਤਣ ਵਾਲਾ ਅਲੋਕਾਰ ਅਥਲੀਟ ਹੈ। ਅੰਤਾਂ ਦਾ ਸਿਦਕੀ, ਸਿਰੜੀ ਤੇ ਹੱਠੀ। ਉਸ ਨੇ ਸਕੂਲੇ ਪੜ੍ਹਦਿਆਂ ਬਿਨਾ ਕਿਸੇ ਕੋਚਿੰਗ ਦੇ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ ਸੀ। ਉਹਨੇ ਨਿੱਕੇ ਹੁੰਦਿਆਂ ਸੰਦੌੜ ਦੇ ਟਿੱਬਿਆਂ 'ਤੇ ਮਿਰਗਾਂ ਦੀਆਂ ਡਾਰਾਂ ਛਾਲਾਂ ਮਾਰਦੀਆਂ ਤੱਕੀਆਂ ਸਨ, ਜਿਨ੍ਹਾਂ ਨੂੰ ਵੇਖ ਕੇ ਉਹਦਾ ਮਨ ਵੀ ਛਾਲਾਂ ਮਾਰਨ ਲਈ ਮਚਲਣ ਲੱਗ ਪਿਆ ਸੀ। ਉਹ ਜੇਠ-ਹਾੜ੍ਹ ਦੇ ਤਪਦੇ ਦੁਪਹਿਰਿਆਂ 'ਚ ਵੀ ਰੇਤਲੇ ਰਾਹਾਂ ਤੇ ਸੁੰਨੇ ਟਿੱਬਿਆਂ 'ਤੇ ਛਾਲਾਂ ਮਾਰਦਾ ਫਿਰਦਾ। ਕਦੇ ਏਧਰ ਭੱਜਦਾ ਕਦੇ ਓਧਰ। ਕਦੇ ਖੜ੍ਹਾ ਖੜੋਤਾ ਟੱਪਦਾ ਜਿਵੇਂ ਮੱਖ ਲੜਦੀ ਹੋਵੇ। ਵੇਖਣ ਵਾਲੇ ਘਰ ਦਿਆਂ ਨੂੰ ਆਖਦੇ, "ਮੁੰਡਾ ਸੰਭਾਲ ਲਓ, ਇਹਨੂੰ ਕੋਈ 'ਕਸਰ' ਹੋਈ ਲੱਗਦੀ ਐ! ਅਸੀਂ ਇਹਨੂੰ ਟਿੱਬਿਆਂ 'ਤੇ ਟਪੂਸੀਆਂ ਮਾਰਦਾ ਦੇਖਿਐ। ਕਦੇ ਟਿੱਬੇ 'ਤੇ 'ਤਾਂਹ ਚੜ੍ਹ ਜਾਂਦਾ ਸੀ, ਕਦੇ 'ਠਾਂਹ ਉੱਤਰ ਆਉਂਦਾ ਸੀ। ਕਦੇ ਹਿਰਨਾਂ ਅੰਗੂੰ ਛਾਲਾਂ ਮਾਰਨ ਲੱਗ ਜਾਂਦਾ ਸੀ!"

ਫਿਕਰਮੰਦ ਹੋਏ ਘਰ ਦੇ ਆਪਣੇ ਲਾਡਲੇ ਨਿਆਣੇ ਨੂੰ 'ਸਿਆਣਿਆਂ' ਕੋਲ ਲੈ ਜਾਂਦੇ, ਮੰਨਤਾਂ ਮੰਨਦੇ, ਪੁੱਛਾਂ ਪੁਆਉਂਦੇ, ਧਾਗੇ ਤਵੀਤ ਕਰਾਉਂਦੇ ਪਰ ਉਹ ਫਿਰ ਟਿੱਬਿਆਂ 'ਤੇ ਚੜ੍ਹ ਜਾਂਦਾ। ਉਦੋਂ ਕਿਸੇ ਦੇ ਖਾਬ ਖਿਆਲ 'ਚ ਵੀ ਨਹੀਂ ਸੀ ਕਿ ਇਹ 'ਕਸਰਿਆ' ਬਾਲ ਕਿਸੇ ਦਿਨ ਏਸ਼ਿਆਈ ਖੇਡਾਂ ਦੇ ਜਿੱਤ-ਮੰਚਾਂ 'ਤੇ ਚੜ੍ਹੇਗਾ ਤੇ ਛਾਲਾਂ ਦਾ ਓਲੰਪੀਅਨ ਅਤੇ ਫੌਜ ਦਾ ਬ੍ਰਿਗੇਡੀਅਰ ਬਣੇਗਾ।

ਲਾਭ ਸਿੰਘ ਨੇ ਏਸ਼ਿਆਈ ਖੇਡਾਂ 'ਚੋਂ ਇਕ ਚਾਂਦੀ ਤੇ ਦੋ ਤਾਂਬੇ ਦੇ ਤਗਮੇ ਜਿੱਤੇ ਹਨ। ਉਹਨੇ ਭਾਰਤ ਵੱਲੋਂ ਟੋਕੀਓ ਦੀਆਂ ਓਲੰਪਿਕ ਖੇਡਾਂ-1960 ਵਿਚ ਭਾਗ ਲਿਆ ਸੀ। 1964 ਤੋਂ 72 ਤਕ ਉਹ ਕਈ ਵਾਰ ਹੌਪ ਸਟੈੱਪ ਐਂਡ ਜੰਪ ਭਾਵ ਤੀਹਰੀ ਛਾਲ ਤੇ ਲੰਮੀ ਛਾਲ ਦਾ ਨੈਸ਼ਨਲ ਚੈਂਪੀਅਨ ਬਣਿਆ। ਉਹਦਾ ਮੁਕਾਬਲਾ ਆਮ ਕਰ ਕੇ ਮਹਿੰਦਰ ਸਿੰਘ ਗਿੱਲ ਨਾਲ ਹੋਇਆ ਕਰਦਾ ਸੀ। ਕਦੇ ਮਹਿੰਦਰ ਸਿੰਘ ਅੱਗੇ ਵਧ ਜਾਂਦਾ ਕਦੇ ਲਾਭ ਸਿੰਘ। ਉਹਦੀ ਪਹਿਲੀ ਬੱਲੇ-ਬੱਲੇ ਦਸੰਬਰ 1962 ਵਿਚ ਚੰਡੀਗੜ੍ਹ ਦੀ ਅੰਤਰ-ਯੂਨੀਵਰਸਿਟੀ ਅਥਲੈਟਿਕ ਮੀਟ ਸਮੇਂ ਹੋਈ ਸੀ। ਦਸੰਬਰ ਦੀ ਠਾਰੀ ਵਿਚ ਉਸ ਨੇ ਇਕ ਨਵੇਂ ਤੇ ਅਣਜਾਣ ਅਥਲੀਟ ਨੇ ਤੀਹਰੀ ਛਾਲ ਲਾਉਂਦਿਆਂ ਪੰਦਰਾਂ ਸਾਲ ਪਹਿਲਾਂ ਦਾ ਰਿਕਾਰਡ ਤੋੜ ਦਿੱਤਾ ਸੀ। ਉਹ ਨਵਾਂ ਉਠਿਆ ਅਥਲੀਟ ਲਾਭ ਸਿੰਘ ਸੀ, ਜਿਸ ਨੂੰ ਦੋ ਦਿਨ ਪਹਿਲਾਂ ਤਕ ਕੋਈ ਨਹੀਂ ਸੀ ਜਾਣਦਾ। ਉਸ ਨੇ ਆਪਣੀ ਪਹਿਲੀ ਵਿਸ਼ੇਸ਼ ਅਥਲੈਟਿਕ ਮੀਟ ਵਿਚ ਹੀ 50 ਫੁੱਟ ਦੇ ਕਰੀਬ ਛਾਲ ਲਾ ਕੇ ਆਪਣਾ ਸੰਭਾਵਨਾਵਾਂ ਭਰਪੂਰ ਖੇਡ ਜੀਵਨ ਸ਼ੁਰੂ ਕਰ ਦਿੱਤਾ ਸੀ।

ਮੈਂ ਉਸ ਨੂੰ ਵੇਖਿਆ ਤਾਂ ਪਹਿਲਾਂ ਵੀ ਸੀ, ਪਰ ਮਿਲਿਆ ਬਾਅਦ ਵਿਚ। 1966 ਵਿਚ ਦੇਸ਼ ਦੇ ਚੈਂਪੀਅਨ ਅਥਲੀਟਾਂ ਨੂੰ ਨੇੜਿਓਂ ਜਾਣਨ ਲਈ ਮੈਂ ਕਈ ਦਿਨ ਉਨ੍ਹਾਂ ਦੇ ਕੋਚਿੰਗ ਕੈਂਪ ਵਿਚ ਰਿਹਾ। ਉਹ ਕੈਂਪ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਲਈ ਪਟਿਆਲੇ ਲੱਗਾ ਸੀ। ਆਥਣ ਸਵੇਰ ਮੈਂ ਉਨ੍ਹਾਂ ਨੂੰ ਅਭਿਆਸ ਕਰਦੇ ਵੇਖਣਾ ਤੇ ਦੁਪਹਿਰੇ ਉਨ੍ਹਾਂ ਦੀ ਚੁੰਝ ਚਰਚਾ ਸੁਣਨੀ। ਲਾਭ ਸਿੰਘ ਉਦੋਂ ਭਾਰਤੀ ਫੌਜ 'ਚ ਲੈਫਟੀਨੈਂਟ ਸੀ। ਆਮ ਅਥਲੀਟ ਗਰਮੀਆਂ ਵਿਚ ਕੇਵਲ ਕੱਛੇ ਪਾਈ ਨੰਗ ਧੜੰਗੇ ਮੰਜਿਆਂ 'ਤੇ ਬੈਠੇ ਜਾਂ ਪਏ ਹੁੰਦੇ, ਪਰ ਲਾਭ ਸਿੰਘ ਪਤਲਾ ਜਿਹਾ ਗਾਊਨ ਪਾਈ ਰੱਖਦਾ ਸੀ। ਉਹ ਤੇ ਉਹਦਾ ਦੋਸਤ ਅਜਮੇਰ ਸਿੰਘ ਇਕੋ ਕਮਰੇ 'ਚ ਰਹਿੰਦੇ ਸਨ।

ਇਕ ਦਿਨ ਲਾਭ ਸਿੰਘ ਜੋਗਿੰਦਰ ਜੋਗੀ ਹੋਰਾਂ ਦੇ ਕਮਰੇ ਵਿਚ ਠੰਢਾ ਪਾਣੀ ਪੀਣ ਆਇਆ ਤਾਂ ਮੈਂ ਕੁਝ ਗੱਲਾਂ ਪੁੱਛਣ ਲਈ ਡਾਇਰੀ ਖੋਲ੍ਹ ਲਈ। ਉਹ ਗਾਊਨ ਪਾਈ ਸਟੂਲ 'ਤੇ ਬਹਿ ਗਿਆ ਤੇ 400 ਮੀਟਰ ਹਰਡਲਜ਼ ਦੌੜ ਦੇ ਚੈਂਪੀਅਨ ਲੈਫਟੀਨੈਂਟ ਬਲਵੰਤ ਸਿੰਘ ਨੂੰ ਕਹਿਣ ਲੱਗਾ, "ਮੇਰੇ ਆਰ ਲੈਚੀ ਦੇਈਂ, ਮੈਂ ਇੰਟਰਵਿਊ ਦੇ ਲਵਾਂ।"

ਏਨੀ ਗੱਲ ਸੁਣਨ ਸਾਰ ਮੈਨੂੰ ਉਹ ਚੁੱਪਕੀਤਾ ਜਿਹਾ ਅਥਲੀਟ ਰੌਣਕੀ ਲੱਗਣ ਲੱਗਾ। ਅੱਗੋਂ ਦੁਆਬੀਏ ਬਲਵੰਤ ਨੇ ਆਖਿਆ, "ਪਹਿਲਾਂ ਲੈਚੀ ਦੀ ਅੰਗਰੇਜ਼ੀ ਦੱਸ, ਫੇਰ ਲੈਚੀ ਦਿਆਂਗੇ।"

ਏਨੇ ਨੂੰ ਦੋ ਤਿੰਨ ਅਥਲੀਟ ਹੋਰ ਆ ਗਏ। ਮੇਰੀ ਪੁੱਛ ਦਾ ਜਦੋਂ ਉਹ ਉੱਤਰ ਦੇਣ ਲੱਗਦਾ ਤਾਂ ਜੋਗਿੰਦਰ ਜੋਗੀ, ਨਿਰਮਲ ਤੇ ਬਲਵੰਤ ਵਿਚੋਂ ਆਪਣੀ ਵਾਹ ਦਿੰਦੇ। ਮੈਂ ਲਾਭ ਸਿੰਘ ਤੋਂ ਕੱਦ ਤੇ ਵਜ਼ਨ ਬਾਰੇ ਪੁੱਛਿਆ ਤਾਂ ਉਹਨੇ ਪੰਜ ਫੁੱਟ ਸਵਾ ਅੱਠ ਇੰਚ ਕੱਦ ਤੇ 145 ਪੌਂਡ ਭਾਰ ਲਿਖਵਾਇਆ। ਸਾਢੇ ਛੇ ਫੁੱਟਾ ਫੌਜੀ ਜੋਗਿੰਦਰ ਜੋਗੀ ਕਹਿਣ ਲੱਗਾ, "ਕਿਉਂ ਝੂਠ ਬੋਲਦਾਂ। ਕੱਦ ਤਾਂ ਤੇਰਾ ਪੌਣੇ ਅੱਠ ਇੰਚ ਆ, ਤੂੰ ਜੂੜੇ ਦਾ ਵੀ ਵਿਚੇ ਲਿਖਾਈ ਜਾਨੈਂ।"

ਮੈਂ ਉਹਦੀ ਖੁਰਾਕ ਪੁੱਛੀ ਤਾਂ ਉਸ ਨੇ ਦੁੱਧ, ਦਹੀਂ, ਆਂਡਿਆਂ ਤੇ ਮੀਟ ਦਾ ਨਾਂ ਲਿਆ। ਬਲਵੰਤ ਕਹਿਣ ਲੱਗਾ, "ਖਿਚੜੀ ਵੀ ਲਿਖਾ ਦੇ, ਇਕ ਦਿਨ ਆਪਾਂ ਖਿੱਚੜੀ ਵੀ ਖਾਧੀ ਸੀ।" ਉਹ ਉਹਦੇ ਹਰੇਕ ਜਵਾਬ 'ਚ ਫਾਨਾ ਠੋਕੀ ਜਾਂਦੇ, ਜੋ ਉਨ੍ਹਾਂ ਦਾ ਸ਼ੁਗਲ ਸੀ। ਲਾਭ ਸਿੰਘ ਦਾ ਮੂੰਹ ਸੂਤਵਾਂ ਸੀ ਤੇ ਲੱਤਾਂ-ਬਾਹਾਂ ਸਡੌਲ। ਦੌੜਦਿਆਂ ਉਹ ਤੈਰਦਾ ਲੱਗਦਾ ਸੀ। ਛਾਲ ਲਾਉਣ ਲਈ ਦੌੜਨ ਵੇਲੇ ਉਹ ਲੱਤ ਨੂੰ ਤਿੰਨ-ਚਾਰ ਵਾਰ ਲਿਫਾ ਕੇ ਆਪਣੇ ਆਪ ਨੂੰ ਜੋਸ਼ ਵਿਚ ਲਿਆਉਂਦਾ। ਦੌੜਦਿਆਂ ਉਹਦੀ ਧੌਣ ਮੋਢਿਆਂ 'ਚ ਵੜੀ ਲੱਗਦੀ ਸੀ ਤੇ ਬਾਹਾਂ ਬਹੁਤ ਅੱਗੇ ਪਿੱਛੇ ਲਿਜਾਂਦਾ ਸੀ। ਮੁਕਾਬਲੇ ਦਾ ਚੀੜ੍ਹਾ ਸੀ। ਇਹੋ ਕਾਰਨ ਸੀ ਕਿ ਪ੍ਰੈਕਟਿਸ 'ਚ ਮਹਿੰਦਰ ਤੋਂ ਪਿੱਛੇ ਰਹਿਣ ਦੇ ਬਾਵਜੂਦ ਮੁਕਾਬਲੇ 'ਚ ਕਈ ਵਾਰ ਜਿੱਤ ਜਾਂਦਾ ਸੀ। ਉਹਦਾ ਰੰਗ ਗੋਰਾ, ਤੱਕਣੀ ਸੰਗਾਊ ਤੇ ਆਵਾਜ਼ ਮੋਹ ਭਰੀ ਸੀ। ਮੇਰੇ 'ਆਰ' ਵਾਲੀ ਸੰਗਰੂਰੀ ਬੋਲੀ, ਪਰ ਉਹ ਸੀ ਨੂੰ 'ਤੀ' ਨਹੀਂ ਸੀ ਕਹਿੰਦਾ। ਗੱਲ ਬਾਤ ਸਮੇਂ ਉਹ ਕੰਨ ਅੱਗੇ ਕਰ ਕੇ ਅਗਲੇ ਦੀ ਗੱਲ ਗਹੁ ਨਾਲ ਸੁਣਦਾ ਤੇ ਸਿਹਲੀਆਂ ਚੜ੍ਹਾ ਕੇ ਹੈਰਾਨੀ ਪਰਗਟ ਕਰਦਾ!


1966 ਵਿਚ ਉਸ ਨੇ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚੋਂ 15.49 ਮੀਟਰ ਤੀਹਰੀ ਛਾਲ ਲਾ ਕੇ ਤਾਂਬੇ ਦਾ ਤਗਮਾ ਤੇ 1970 ਦੀਆਂ ਏਸ਼ਿਆਈ ਖੇਡਾਂ 'ਚੋਂ 15.82 ਮੀਟਰ ਛਾਲ ਲਾ ਕੇ ਚਾਂਦੀ ਦਾ ਤਗਮਾ ਜਿੱਤਿਆ। ਉਥੇ 7.45 ਮੀਟਰ ਲੰਮੀ ਛਾਲ ਲਾ ਕੇ ਤਾਂਬੇ ਦਾ ਦੂਜਾ ਤਮਗਾ ਵੀ ਜਿੱਤ ਲਿਆ। ਇਸ ਪ੍ਰਾਪਤੀ ਕਰਕੇ ਉਸ ਨੂੰ ਅਰਜਨਾ ਅਵਾਰਡ ਨਾਲ ਨਿਵਾਜਿਆ ਗਿਆ। ਫੌਜ 'ਚ ਤਰੱਕੀ ਕਰਦਾ ਉਹ ਬ੍ਰਿਗੇਡੀਅਰ ਬਣ ਕੇ ਰਿਟਾਇਰ ਹੋਇਆ। ਅੱਜ ਕੱਲ੍ਹ ਉਹ ਪਟਿਆਲੇ ਦੀ ਯਾਦਵਿੰਦਰਾ ਕਾਲੋਨੀ ਦਾ ਵਸਨੀਕ ਹੈ। ਗਰਮੀਆਂ 'ਚ ਮੀਆਂ-ਬੀਵੀ ਸਿਆਟਲ ਰਹਿੰਦੇ ਆਪਣੇ ਦੋਹਾਂ ਪੁੱਤਰਾਂ ਪਾਸ ਜਾਂਦੇ-ਆਉਂਦੇ ਰਹਿੰਦੇ ਹਨ। ਪੁੱਤਰ ਕੰਪਿਊਟਰ ਕੰਪਨੀਆਂ ਵਿਚ ਚੰਗੇ ਅਹੁਦਿਆਂ 'ਤੇ ਹਨ।

ਇਨ੍ਹੀਂ ਦਿਨੀਂ 'ਬ੍ਰਿਗੇਡੀਅਰ ਲਾਭ ਸਿੰਘ ਉਲੰਪੀਅਨ' ਨਾਂ ਦੀ ਕਿਤਾਬ ਮੇਰੇ ਹੱਥ ਆਈ ਹੈ, ਜੋ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ 2018 ਵਿਚ ਪ੍ਰਕਾਸ਼ਿਤ ਕੀਤੀ ਸੀ। ਇਹ ਖੇਡ ਪੁਸਤਕ ਬ੍ਰਿਗੇਡੀਅਰ ਲਾਭ ਸਿੰਘ ਨੇ ਸੰਦੌੜ ਦੇ ਪ੍ਰੋ. ਗੁਰਦੇਵ ਸਿੰਘ ਨਾਲ ਮਿਲ ਕੇ ਤਿਆਰ ਕੀਤੀ ਸੀ, ਜੋ ਮਸਤੂਆਣੇ ਕਾਲਜ ਵਿਚ ਪੜ੍ਹਾਉਂਦਾ ਰਿਹਾ ਸੀ। ਰਿਟਾਇਰ ਹੋਣ ਪਿੱਛੋਂ ਉਹ ਸੰਦੌੜ ਹੀ ਰਹਿ ਰਿਹੈ। ਇਹ ਪੁਸਤਕ ਜੀਵਨੀ ਦੀ ਥਾਂ ਸਵੈ-ਜੀਵਨੀ ਕਹੀ ਜਾ ਸਕਦੀ ਹੈ। ਇਹ ਤੱਥ ਤਤਕਰੇ ਤੋਂ ਹੀ ਸਪੱਸ਼ਟ ਹੈ, 'ਮੇਰਾ ਪਿੰਡ ਮੇਰੇ ਲੋਕ', 'ਮੇਰੀਆਂ ਖੇਡ ਪ੍ਰਾਪਤੀਆਂ ਦਾ ਵਿਸ਼ਲੇਸ਼ਣ', 'ਸਾਡਾ ਪਰਿਵਾਰ' ਅਤੇ 'ਮੇਰੀ ਖੇਡ ਰਿਪੋਰਟ' ਆਦਿ। ਇਸ ਦੇ ਚਾਰ ਭਾਗ ਹਨ, ਮੁੱਢਲਾ ਜੀਵਨ, ਖੇਡ ਜੀਵਨ, ਫੌਜੀ ਜੀਵਨ ਤੇ ਰਿਟਾਇਰ ਜੀਵਨ।


ਉਮਰ ਦੇ 82ਵੇਂ ਸਾਲ 'ਚ ਲਾਭ ਸਿੰਘ ਦੱਸਦਾ ਹੈ ਕਿ ਉਦੋਂ ਉਹ ਛੇ-ਸੱਤ ਸਾਲਾਂ ਦਾ ਸੀ, ਜਦੋਂ ਉਹਦਾ ਬਾਬਾ ਉਹਨੂੰ ਛਪਾਰ ਦੇ ਮੇਲੇ ਲੈ ਗਿਆ। ਉਸ ਨੂੰ ਖਾਣ ਖਰਚਣ ਲਈ ਇਕ ਆਨਾ ਮਿਲਿਆ, ਜਿਸ ਨਾਲ ਉਸ ਨੇ ਉਰਦੂ ਅੱਖਰਾਂ ਵਾਲਾ ਜਪੁਜੀ ਸਾਹਿਬ ਖਰੀਦ ਲਿਆ। ਉਹ ਹਰ ਵੇਲੇ ਜਪੁਜੀ ਸਾਹਿਬ ਪੜ੍ਹਨ ਲੱਗਾ ਰਹਿੰਦਾ। ਮੰਜੇ 'ਤੇ ਬੈਠਾ ਵੀ ਤੇ ਪੀੜ੍ਹੀ 'ਤੇ ਬੈਠਾ ਵੀ। ਅੰਦਰ ਵੀ ਤੇ ਬਾਹਰ ਵੀ। ਪਿੰਡ ਵਾਲੇ ਕਹਿਣ ਲੱਗੇ ਇਹ ਕਿਸੇ ਦਿਨ ਨਾਮੀ ਸਾਧ ਸੰਤ ਬਣੂੰ। ਉਹ ਜਨਮ ਤੋਂ ਹੀ ਅਨੋਖਾ ਬਾਲ ਸੀ। ਆਪਣੀ ਮਾਂ ਦਾ ਦੁੱਧ ਤਾਂ ਚੁੰਘਣਾ ਹੀ ਸੀ, ਆਂਢ-ਗੁਆਂਢ ਜਿਹੜੀ ਵੀ ਮਾਂ ਚੱਕੀ ਪੀਂਹਦੀ ਜਾਂ ਦੁੱਧ ਰਿੜਕਦੀ ਨਜ਼ਰੀਂ ਪੈਂਦੀ, ਉਹ ਉਹਦੀ ਗੋਦ 'ਚ ਦੁੱਧ ਚੁੰਘਣ ਜਾ ਲੱਗਦਾ। ਘੱਟੋ-ਘੱਟ ਚਾਰ ਮਾਂਵਾਂ ਉਸ ਨੂੰ ਹੁਣ ਤਕ ਯਾਦ ਹਨ, ਜਿਨ੍ਹਾਂ ਦਾ ਦੁੱਧ ਉਹਦੇ ਕਣ ਕਣ ਵਿਚ ਰਚਿਆ ਹੋਇਐ।

ਉਹਦਾ ਬਾਬਾ ਗੁੱਜਰ ਸਿੰਘ 'ਮੌੜ' ਇਲਾਕੇ ਦਾ ਮੋਹਤਵਰ ਬੰਦਾ ਸੀ। ਉਹਦਾ ਕੱਦ ਕਾਠ ਛੇ ਫੁੱਟ ਤੋਂ ਉੱਚਾ ਸੀ ਤੇ ਚੜ੍ਹਦੀ ਉਮਰੇ ਭਲਵਾਨੀ ਕਰਦਾ ਰਿਹਾ ਸੀ। ਉਹ ਮਿਹਨਤ ਮੁਸ਼ੱਕਤ ਵਾਲੀ 106 ਸਾਲਾਂ ਦੀ ਲੰਮੀ ਜ਼ਿੰਦਗੀ ਜਿਉਂ ਕੇ ਜੱਗ ਤੋਂ ਰੁਖਸਤ ਹੋਇਆ। ਬਾਪ ਬਖਸ਼ੀਸ਼ ਸਿੰਘ ਫੱਕਰ ਬੰਦਾ ਸੀ। ਉਹ ਤਿੰਨ ਵਾਰ ਘਰੋਂ ਸਾਧ ਬਣਨ ਲਈ ਭੱਜਿਆ, ਪਰ ਬਾਬਾ ਗੁੱਜਰ ਸਿਓਂ ਹਰ ਵਾਰ ਲੱਭ ਕੇ ਮੋੜ ਲਿਆਉਂਦਾ। ਉਹ 104 ਸਾਲ ਜੀਵਿਆ ਤੇ ਇਲਾਕੇ ਦਾ ਅਗਾਂਹਵਧੂ ਕਿਸਾਨ ਕਿਹਾ ਜਾਂਦਾ ਰਿਹਾ। ਉਹ ਲੰਮੀਆਂ ਵਾਟਾਂ ਮਾਰਦਾ ਨਗੌਰ ਦੀ ਮੰਡੀ 'ਚੋਂ ਬਲਦ ਖਰੀਦਣ ਤੁਰ ਪੈਂਦਾ। ਮੰਜ਼ਲਾਂ ਮਾਰਦਾ ਗਾਉਂਦਾ ਆਉਂਦਾ: ਮਾੜੇ ਕੰਮ ਕਦੇ ਨੀ ਕੀਤੇ ਤਾਹੀਓਂ ਗੁੱਡੀਆਂ ਚੜ੍ਹੀਆਂ ਨੇ...। ਉਨ੍ਹਾਂ ਦਾ ਗੋਤ ਤਾਂ ਕਹਿਲ ਹੈ, ਪਰ 'ਮੌੜ' ਇਸ ਕਰਕੇ ਕਿਹਾ ਜਾਂਦੈ ਕਿ ਲੋਕਾਂ ਨੂੰ ਉਨ੍ਹਾਂ ਦਾ ਸੁਭਾਅ ਜਿਊਣੇ ਮੌੜ ਵਰਗਾ ਲੱਗਦੈ। ਪਿੰਡ 'ਚ ਉਨ੍ਹਾਂ ਦੀ ਪਛਾਣ 'ਮੌੜਾਂ ਦਾ ਲਾਣਾ' ਕਰਕੇ ਹੈ।

ਲਾਭ ਸਿੰਘ ਦੀ ਬੇਬੇ ਭਾਗਾਂ ਵਾਲੀ ਮਾਂ ਭਾਗਵੰਤੀ ਸੀ। ਉਹ ਲਿਖਦਾ ਹੈ ਕਿ ਮੇਰੇ ਵੱਡੇ ਭਰਾ ਦਾ ਜਨਮ ਤੀਆਂ ਤੀਜ ਦੀਆਂ ਵਾਲੇ ਦਿਨ ਹੋਇਆ ਤੇ ਮੇਰਾ ਜਨਮ ਬਸੰਤ ਪੰਚਮੀ ਵਾਲੇ ਦਿਨ 12 ਫਰਵਰੀ 1940 ਨੂੰ ਹੋਇਆ। ਮੈਂ ਪਹਿਲੀ-ਦੂਜੀ 'ਚ ਉਰਦੂ ਪੜ੍ਹਨਾ ਸਿੱਖਿਆ। ਰੱਬ ਦਾ ਸ਼ੁਕਰ ਹੈ, ਜਿਸ ਨੇ ਭਾਗਾਂ ਵਾਲੀ ਮਾਂ ਦੀ ਬਖਸ਼ਿਸ਼ ਕੀਤੀ। ਸਾਡੀ ਜੀਵਨ ਸ਼ੈਲੀ ਨੂੰ ਸਖਤ ਮਿਹਨਤ ਦੇ ਲੜ ਲਾਇਆ। ਬੇਬੇ ਦੇ ਪੇਕਿਆਂ ਨੇ ਬਾਂਗਰ ਦੇਸ਼ ਦੀ ਝੋਟੀ ਪਾਲ ਕੇ ਸਾਡੇ ਕੀਲੇ ਲਿਆ ਬੰਨ੍ਹੀ ਸੀ। ਸਾਡੇ ਘਰ ਆ ਕੇ ਉਸ ਮੱਝ ਨੇ 22-23 ਸਾਲ ਸਾਨੂੰ ਦੁੱਧ ਪਿਆਇਆ। ਕਿੰਨੀਆਂ ਈ ਕੱਟੀਆਂ ਸੂਅ ਕੇ ਸਾਡਾ ਘਰ ਝੋਟੀਆਂ ਤੇ ਮੱਝਾਂ ਨਾਲ ਭਰ ਦਿੱਤਾ। ਅਸੀਂ ਕਦੇ ਬਾਹਰੋਂ ਮੱਝ ਖਰੀਦ ਕੇ ਨਹੀਂ ਲਿਆਏ, ਸਗੋਂ ਬਹੁਤ ਸਾਰੀਆਂ ਕੱਟੀਆਂ ਪਾਲ ਕੇ ਵਪਾਰੀਆਂ ਨੂੰ ਵੇਚੀਆਂ। ਸਾਡੇ ਘਰ ਦੇਸੀ ਘਿਉ ਦੀਆਂ ਚਾਟੀਆਂ ਭਰੀਆਂ ਰਹਿੰਦੀਆਂ। ਦੁੱਧ-ਘਿਉ ਦਾ ਕਦੇ ਤੋੜਾ ਨ੍ਹੀਂ ਆਇਆ ਤੇ ਨਾ ਹੀ ਖੋਏ ਪੰਜੀਰੀਆਂ ਦਾ...।









*ਬ੍ਰਿਗੇਡੀਅਰ ਲਾਭ ਸਿੰਘ ਆਪਣੀ ਪੁਸਤਕ ਨਾਲ ਅਤੇ (ਖੱਬੇ) ਪੁਸਤਕ ਦਾ ਸਰਵਰਕ*

**ਲਾਭ ਸਿੰਘ ਫਿਲਾਸਫੀਆਂ ਵੀ ਘੋਟਦੈ:** ਪਸ਼ੂ ਬੰਦੇ ਦਾ ਹੀ ਦੂਜਾ ਰੂਪ ਹੁੰਦੇ ਨੇ। ਦਿਲਾਂ ਦੀਆਂ ਜਾਣਦੇ ਨੇ ਬਈ ਕੌਣ ਕੀ ਕਰਦੈ? ਪਰ ਬੋਲ ਕੇ ਸੁਣਾ ਨ੍ਹੀਂ ਸਕਦੇ। ਪਸ਼ੂਆਂ ਨੂੰ, ਕੁੱਤਿਆਂ ਬਿੱਲਿਆਂ ਨੂੰ, ਖਰਗੋਸ਼ਾਂ ਨੂੰ, ਕੱਟਰੂਆਂ ਨੂੰ ਜਿੰਨਾ ਪਿਆਰ ਕਰੋਗੇ ਉਹ ਤੁਹਾਨੂੰ ਓਦੂੰ ਵੱਧ ਵਫਾਦਾਰੀ ਦੇਣਗੇ। ਇਹ ਗੁਣ ਗਧਿਆਂ 'ਚ ਤੇ ਸੂਰਾਂ 'ਚ ਸਭ ਤੋਂ ਵੱਧ ਹੈ। ਗਧੇ ਸਾਰਾ ਦਿਨ ਆਪਣੇ ਮਾਲਕ ਲਈ ਆਪਣੀ ਪਿੱਠ 'ਤੇ ਇੱਟਾਂ ਢੋਂਦੇ ਰਹਿੰਦੇ ਨੇ, ਫੇਰ ਵੀ ਆਪਣੇ ਮਾਲਕ ਨੂੰ ਛੱਡ ਕੇ ਕਿਤੇ ਨੀ ਜਾਂਦੇ। ਰੂੜੀਆਂ 'ਤੇ ਤੁਰ ਫਿਰ ਕੇ ਘਾਹ ਫੂਸ ਨਾਲ ਢਿੱਡ ਭਰ ਲੈਂਦੇ ਨੇ। ਪਰ ਬੰਦੇ 'ਚ ਇਹ ਲੱਛਣ ਮੌਜੂਦ ਨਹੀਂ ਰਹੇ। ਬੰਦਾ ਤਾਂ ਪੂਰਾ ਅਕ੍ਰਿਤਘਣ ਹੋ ਗਿਆ। ਜਿਹੜਾ ਉਹਦਾ ਭਲਾ ਕਰਦਾ, ਉਹਦਾ ਈ ਉਹ ਬੁਰਾ ਕਰਦਾ। ਬੰਦਾ, ਬੰਦਾ ਨਹੀਂ ਰਿਹਾ, ਪ੍ਰੇਤ ਬਣ ਗਿਐ। ਜਿੰਨਾ ਚਿਰ ਖੂਨ ਪੀਣ ਨੂੰ ਮਿਲੀ ਜਾਂਦੈ, ਸਾਥ ਨ੍ਹੀਂ ਛਡਦਾ। ਖੂਨ ਨਿਚੋੜ ਕੇ ਚਲਦਾ ਬਣਦਾ। ਪੁਸਤਕ ਵਿਚੋਂ:

**ਟਿੱਬਿਆਂ ਨਾਲ ਘਿਰਿਆ ਪਿੰਡ ਸੰਦੌੜ**

ਮੈਂ ਮਲੇਰਕੋਟਲੇ ਨੇੜੇ ਪਿਛੜੇ ਇਲਾਕੇ ਦੇ ਪਿੰਡ ਸੰਦੌੜ ਵਿਚ ਪੈਦਾ ਹੋਇਆ। ਉਸ ਸਮੇਂ ਮਾਲਵੇ ਦਾ ਇਹ ਇਲਾਕਾ ਰਾਜਸਥਾਨ ਦੇ ਮਾਰੂਥਲਾਂ ਨਾਲ ਮਿਲਦਾ-ਜੁਲਦਾ ਸੀ। ਮੇਰਾ ਪਿੰਡ ਉੱਚੇ-ਉੱਚੇ ਰੇਤੀਲੇ ਟਿੱਬਿਆਂ ਨਾਲ ਚਾਰੇ ਪਾਸਿਆਂ ਤੋਂ ਘਿਰਿਆ ਹੋਇਆ ਸੀ। ਇਹ ਵਸਦਾ ਰਸਦਾ ਪਿੰਡ ਦੋ-ਦੋ ਮੀਲ ਤੋਂ ਕਿਧਰੇ ਵਿਖਾਈ ਨਹੀਂ ਸੀ ਦਿੰਦਾ। ਕਹਿ ਸਕਦੇ ਹਾਂ, ਇਹ ਪਿੰਡ ਟਿੱਬਿਆਂ ਦੇ ਸਾਮਰਾਜ ਦੀ ਰਾਜਧਾਨੀ ਸੀ।

ਜਦੋਂ ਰੇਤਲੇ ਟਿੱਬਿਆਂ ਉਤੇ ਸਾਵਨ ਦਾ ਮੀਂਹ ਵਰ੍ਹਦਾ, ਆਕਾਸ਼ ਮੌਲਦਾ, ਧਰਤੀ ਮੌਲਦੀ ਤਾਂ ਧਰਤੀ 'ਚੋਂ ਭਿੰਨੀ-ਭਿੰਨੀ ਮਹਿਕ ਉਠਦੀ। ਹਰੀ ਕਚਨਾਰ ਪ੍ਰਕਿਰਤੀ ਦੀ ਆਭਾ ਲਿਸ਼ਕਾਂ ਮਾਰਨ ਲੱਗਦੀ। ਕਿੱਕਰਾਂ ਦੇ ਪੀਲੇ ਫੁੱਲਾਂ ਦੀਆਂ ਛਹਿਬਰਾਂ ਲੱਗ ਜਾਂਦੀਆਂ। ਕੰਡੇਦਾਰ ਝਾੜੀਆਂ ਤੇ ਬੰਨੇ ਬੰਨੇ ਲਾਈਆਂ ਬੇਰੀਆਂ ਨੂੰ ਬੂਰ ਪੈਣ ਲੱਗਦਾ। ਜੰਗਲੀ ਜਾਨਵਰ ਤੇ ਮੋਰ ਪੈਲਾਂ ਪਾਉਣ ਲੱਗਦੇ। ਹਿਰਨਾਂ ਦੀਆਂ ਡਾਰਾਂ ਚੁੰਘੀਆਂ ਭਰਦੀਆਂ ਵਾੜਾਂ ਟੱਪਦੀਆਂ।

ਪਿੰਡ ਦੀਆਂ ਕੁੜੀਆਂ, ਪਿੰਡ ਦੇ ਬਰੋਟਿਆਂ 'ਤੇ ਪੀਂਘਾਂ ਝੂਟਦੀਆਂ। ਬੋਲੀਆਂ ਪਾਉਂਦੀਆਂ, ਪੇਕਿਆਂ ਦੇ ਸ਼ਗਨ ਮਨਾਉਂਦੀਆਂ। ਪਿੰਡ ਦੇ ਗੱਭਰੂ, ਬੁੱਢੜੇ, ਨੱਢੇ ਤੇ ਬਾਲ-ਬੱਚੇ ਪਹਿਨ-ਪੱਚਰ ਕੇ ਬੋਲੀਆਂ ਪਾਉਂਦੇ ਛਪਾਰ ਦੇ ਮੇਲੇ 'ਤੇ ਤੁਰ ਜਾਂਦੇ। ਛਪਾਰ ਦੇ ਮੇਲੇ 'ਤੇ ਮਲਵਈ ਗਿੱਧਾ ਪੈਂਦਾ। ਅਲਗੋਜ਼ਿਆਂ ਦੀ ਗੂੰਜ ਸੁਣਾਈ ਦਿੰਦੀ। ਲੋਕ ਗੁੱਗਾ ਮਾੜੀ ਦੀ ਪਰਿਕਰਮਾ ਕਰਦੇ। ਮਿੱਟੀ ਕੱਢਦੇ, ਸੁੱਖਾਂ ਲਾਹੁੰਦੇ। ਗੁੱਗਾ-ਮਾੜੀ 'ਤੇ ਢੋਲੀ ਢੋਲ ਵਜਾਉਂਦੇ। ਰੌਣਕਾਂ ਲੱਗੀਆਂ ਰਹਿੰਦੀਆਂ। ਚੂਰੀਆਂ ਖਾ ਕੇ ਤਿੰਨ ਦਿਨਾਂ ਪਿੱਛੋਂ ਅਸੀਂ ਪਿੰਡ ਆ ਵੜਦੇ।

ਪਿੰਡ ਦੇ ਖੂਹ 'ਤੇ ਸਵੇਰੇ ਸ਼ਾਮ ਰੌਣਕਾਂ ਲੱਗਦੀਆਂ। ਵੰਗਾਂ ਛਣਕਾਉਂਦੀਆਂ ਮੁਟਿਆਰਾਂ ਲੱਜ ਤੇ ਡੋਲ ਚੁੱਕੀ ਜਾਂਦੀਆਂ। ਘੜੇ ਖੂਹ ਦੀ ਮੌਣ 'ਤੇ ਲਿਜਾ ਰੱਖਦੀਆਂ। ਗੋਰੀਆਂ ਵੀਣੀਆਂ ਵਿਚੋਂ ਰੰਗ ਬਰੰਗੀਆਂ ਚੂੜੀਆਂ ਦੀ ਛਣਕਾਰ ਸੁਣਾਈ ਦਿੰਦੀ। ਖੇਤਾਂ 'ਚੋਂ ਹਲ ਵਾਹ ਕੇ ਆਉਂਦੇ ਹਾਲੀ, ਮੱਝੀਆਂ ਚਾਰ ਕੇ ਆਉਂਦੇ ਪਾਲੀ, ਰਾਹੇ ਰਾਹ ਜਾਂਦੇ ਰਾਹੀ, ਖੂਹ 'ਤੇ ਡੋਲ ਖਿੱਚਦੀਆਂ ਮੁਟਿਆਰਾਂ ਅੱਗੇ ਪਾਣੀ ਪੀਣ ਲਈ ਹੱਥ ਅੱਡੀ ਆ ਬਹਿੰਦੇ। ਵੰਗਾਂ ਦਾ ਛਣਕਾਟਾ ਉਡੇ ਜਾਂਦੇ ਪੰਛੀਆਂ ਦਾ ਮਨ ਮੋਹ ਲੈਂਦਾ। ਆਪਣੀ ਤ੍ਰੇਹ ਬੁਝਾ ਕੇ ਤੇ ਮ੍ਰਿਗ ਤ੍ਰਿਸ਼ਨਾ ਮਿਟਾ ਕੇ ਰਾਹੀ ਅਗਲੇ ਪੰਧ 'ਤੇ ਤੁਰ ਜਾਂਦੇ।

ਪਿੰਡ ਫਰਵਾਲੀ ਭਾਈ ਮੂਲੇ ਦਾ ਗਾਜਰਾਂ-ਪੱਟ ਮੇਲਾ ਲੱਗਦਾ। ਢੋਲ ਨਗਾਰੇ ਵੱਜਦੇ। ਅਖਾੜਿਆਂ 'ਚ ਗੱਭਰੂ ਡੰਡ ਬੈਠਕਾਂ ਮਾਰਨ ਆ ਲੱਗਦੇ। ਸੰਝਾਂ ਪੈਂਦੀਆਂ, ਪੰਜ ਗਰਾਈਆਂ ਦਾ ਸ਼ੇਰਾ ਪਿੰਡੇ 'ਤੇ ਤੇਲ ਮਲਦਾ। ਉਹਦਾ ਪਿੰਡਾ ਲਿਸ਼ਕਾਂ ਮਾਰਨ ਲੱਗਦਾ। ਝੰਡੀ ਚੁੱਕ ਕੇ ਅਖਾੜੇ 'ਚ ਗੇੜਾ ਦਿੰਦਾ। ਰੋਡੇ ਲੰਡਿਆਂ ਦਾ ਪੰਡਤ ਕੱਪੜੇ ਲਾਹ ਕੇ ਮੈਦਾਨ 'ਚ ਆ ਉਤਰਦਾ। ਸੌਂਚੀ ਦੀ ਖੇਡ 'ਚ ਇਕ ਦੂਜੇ ਦੇ ਤਲੀਆਂ ਪੈਂਦੀਆਂ। ਸ਼ੇਰਾ ਫੜਿਆ ਫੜ ਨਾ ਹੁੰਦਾ। ਬਾਜ਼ੀਗਰ ਬਾਜ਼ੀ ਦੇ ਕਰਤਬ ਦਿਖਾਉਣ ਆ ਲੱਗਦੇ। ਨਾਟਕ ਮੰਡਲੀਆਂ ਪਿੰਡ 'ਚ ਰਾਸ ਲੀਲ੍ਹਾ ਦੀ ਰਾਸ ਰਚਾ ਕੇ ਲੋਕਾਂ ਦਾ ਮਨੋਰੰਜਨ ਕਰਦੀਆਂ। ਜਲਸੇ ਦੇ ਸ਼ੌਕੀਨ ਨਚਾਰਾਂ ਨੂੰ ਅੱਡ ਸੱਦਾ ਦਿੰਦੇ। ਮਸ਼ਾਲਾਂ ਦੇ ਚਾਨਣ 'ਚ ਨੱਚਦੇ ਨਚਾਰ ਧਮਾਲਾਂ ਪਾਉਂਦੇ। ਉਨ੍ਹਾਂ ਦੀਆਂ ਝਾਂਜਰਾਂ ਛਣਕਦੀਆਂ ਤੇ ਗੁੱਤਾਂ ਮੇਲ੍ਹਦੀਆਂ।

ਗੱਡੀਆਂ ਵਾਲੇ ਰਾਜਪੂਤ ਲੁਹਾਰ ਖੁੱਲ੍ਹੀਆਂ ਥਾਂਵਾਂ 'ਤੇ ਕੋਕਿਆਂ ਜੜੀਆਂ ਗੱਡੀਆਂ ਲਿਆ ਖਲ੍ਹਾਰਦੇ। ਉਨ੍ਹਾਂ 'ਤੇ ਨਿੱਕ-ਸੁੱਕ ਲੱਦਿਆ ਹੁੰਦਾ। ਦਰੀਆਂ ਤੇ ਜੁੱਲੀਆਂ। ਗੱਡੀਆਂ ਵਾਲੀਆਂ ਪਿੰਡ 'ਚ ਤੱਕਲੇ, ਭੂਕਣੇ ਤੇ ਖੁਰਚਣੀਆਂ ਵੇਚਣ ਤੁਰ ਪੈਂਦੀਆਂ। ਆਜੜੀ ਭੇਡਾਂ ਬੱਕਰੀਆਂ ਚਾਰਦੇ ਰੇਤਲੇ ਟਿੱਬਿਆਂ ਦੀ ਪਰਿਕਰਮਾ ਕਰਦੇ। ਕੋਇਲਾਂ ਗੀਤ ਗਾਉਂਦੀਆਂ, ਘੁੱਗੀਆਂ ਘੂੰ-ਘੂੰ ਕਰਦੀਆਂ ਤੇ ਬੰਬੀਹੇ ਬੋਲਦੇ।

ਲੋਕ ਸ਼ਿਕਾਰੀ ਕੁੱਤਿਆਂ ਦੀਆਂ ਡੋਰਾਂ ਫੜ ਕੇ ਹਿਰਨਾਂ ਦਾ, ਖਰਗੋਸ਼ਾਂ ਦਾ ਸ਼ਿਕਾਰ ਕਰਨ ਤੁਰ ਪੈਂਦੇ। ਪਿੰਡ ਦੀ ਮਸੀਤ 'ਚੋਂ ਮੌਲਵੀ ਮੀਆਂ ਬਾਂਗ ਦਿੰਦਾ। ਸੁਆਣੀਆਂ ਜੰਮੇ ਹੋਏ ਦੁੱਧ ਦੇ ਰਿੜਕਣੇ 'ਚ ਮਧਾਣੀਆਂ ਪਾ ਦੁੱਧ ਰਿੜਕਣ ਲੱਗਦੀਆਂ। ਆਟਾ ਪੀਹਣ ਵਾਲੀਆਂ ਚੱਕੀਆਂ ਦੀ ਗੂੰਜ ਘਰਾਂ 'ਚੋਂ ਸੁਣਾਈ ਦੇਣ ਲੱਗਦੀ। ਚੁੱਲ੍ਹਿਆਂ 'ਚ ਅੱਗਾਂ ਬਲਦੀਆਂ। ਹਾਲੀ ਬਲਦਾਂ ਦੀਆਂ ਜੋਗਾਂ ਖੇਤਾਂ ਨੂੰ ਲੈ ਤੁਰਦੇ। ਟੱਲੀਆਂ ਦੀ ਟੁਣਕਾਰ 'ਚ ਚਿੜੀਆਂ ਚੂਕਣ ਦੀਆਂ ਮਿੱਠੀਆਂ ਧੁਨਾਂ ਸੁਣਾਈ ਦਿੰਦੀਆਂ। ਸਵੇਰੇ ਸਵੇਰੇ ਡੇਰੇ ਵਾਲੀ ਖੂਹੀ 'ਤੇ ਡੋਲ ਦੀ ਖੜਕਾਰ ਹੋਣ ਲੱਗਦੀ। ਮੰਦਰ ਵਾਲਾ ਬਾਬਾ ਸੰਖ ਵਜਾਉਂਦਾ। ਰਣਸਿੰਗਾ ਗੂੰਜਦਾ। ਟੱਲਾਂ ਦੀ ਟੁਣਕਾਰ ਦੂਰ ਦੂਰ ਤਕ ਸੁਣਾਈ ਦਿੰਦੀ।

ਜਦੋਂ ਮੈਂ ਸੱਤਾਂ ਸਾਲਾਂ ਦਾ ਸਾਂ ਤਾਂ 1947 ਦੀਆਂ ਗਰਮੀਆਂ ਕਹਿਰ ਲੈ ਆਈਆਂ। ਵਸਦੇ-ਰਸਦੇ, ਹੱਸਦੇ ਖੇਡਦੇ ਪੰਜਾਬ ਦੀ ਫਿਜ਼ਾ ਨੂੰ

*(ਬਾਕੀ ਅਗਲੇ ਸਫੇ 'ਤੇ)*

# ਯਾਰਾਂ ਦੀ ਥਾਂ ਯਾਰ ਖੜ੍ਹਦੇ...

## ਵਿਅੰਗ

ਸਾਡੇ ਦੋਸਤ ਦੇ ਘਰ ਰੱਬ ਨੇ ਪੁੱਤਰ ਦੀ ਦਾਤ ਬਖਸ਼ੀ। ਬੜੀ ਖੁਸ਼ੀ ਹੋਈ। ਹੋਣੀ ਹੀ ਸੀ। ਸਾਡੇ ਪਰਮ-ਮਿੱਤਰ ਨੂੰ ਅਕਾਲ ਪੁਰਖ ਨੇ ਤਿੰਨ ਕੁੜੀਆਂ ਤੋਂ ਬਾਅਦ ਕਾਕਾ ਜੀ ਦੀ ਅਦੁੱਤੀ ਦਾਤ ਦਿੱਤੀ ਸੀ। ਅਸੀਂ ਬਿਨਾ ਮੌਜਿਆਂ ਤੋਂ ਹੀ ਹਸਪਤਾਲ ਨੂੰ ਭੱਜ ਤੁਰੇ। ਧਰਤੀ 'ਤੇ ਪੈਰ ਨਾ ਲੱਗਣ। ਦੇਵਤਿਆਂ ਵਾਂਗ ਅਸੀਂ ਧਰਤੀ ਮਾਤਾ ਤੋਂ ਚਾਰ ਗਿੱਠਾਂ ਉਪਰ ਹੀ ਤੁਰ ਰਹੇ ਸਾਂ। ਰਸਤੇ ਵਿਚ ਪੱਬ ਆਇਆ ਤਾਂ ਅਸੀਂ ਲੰਡੂ ਜਿਹਾ ਪੈੱਗ ਅੰਦਰ ਸੁੱਟਿਆ, ਅੱਖਾਂ ਖੁੱਲ੍ਹ ਗਈਆਂ। ਸਰੂਰ ਨਾਲ ਮਸਤੀ ਵੀ ਚੜ੍ਹ ਗਈ। ਕੋਈ ਮਾੜੀ ਮੋਟੀ ਗੱਲ ਤਾਂ ਨਹੀਂ ਸੀ, ਮਿੱਤਰ ਦੇ ਘਰੇ ਲਾਲ ਜੀ ਨੇ ਚਰਨ ਪਾਏ ਸਨ! ਇੱਕ ਹੋਰ ਲਾਉਣ ਦਾ ਫੈਸਲਾ ਕੀਤਾ, ਇਕ ਹੋਰ ਅਤੇ ਫਿਰ ਇਕ ਹੋਰ...!

ਨਸ਼ੇ ਨਾਲ ਪਹਿਲਾਂ ਬੰਦੇ-ਬੁੜ੍ਹੀਆਂ ਡੇੜ੍ਹ-ਡੇੜ੍ਹ ਅਤੇ ਫਿਰ ਦੋ-ਦੋ ਦਿਸਣ ਲੱਗ ਪਏ। ਅਸੀਂ ਆਪਣਾ ਪੁਰਾਣਾ ਫਾਰਮੂਲਾ ਵਰਤਿਆ, ਇੱਕ ਅੱਖ ਮੀਟ ਕੇ ਹਿਟਲਰ ਦੀ ਫੌਜ ਵਾਂਗ ਅੱਗੇ ਵਧਣ



ਸ਼ਿਵਚਰਨ ਜੱਗੀ ਕੁੱਸਾ, ਲੰਡਨ
ਫੋਨ: +447853317891

ਲੱਗੇ। ਇੱਕ ਅੱਖ ਬੰਦ ਕਰਨ ਕਰਕੇ ਦੋ-ਦੋ ਦੀ ਥਾਂ ਹੁਣ ਇੱਕ-ਇੱਕ ਹੀ ਦਿਸਣ ਲੱਗਿਆ। ਰਸਤੇ ਵਿਚ ਖੋਜੀ ਕੁੱਤੇ ਵਾਂਗ ਕਰੋਲੇ ਜਿਹੇ ਦਿੰਦੇ ਅਸੀਂ ਆਖਰ ਨੂੰ ਹਸਪਤਾਲ ਪਹੁੰਚ ਗਏ। ਭਰਜਾਈ ਜੀ ਅਤੇ ਭਤੀਜ ਜੀ ਬਾਰੇ ਪਤਾ ਕੀਤਾ। ਨਰਸ ਨੇ ਤੀਰ ਵਰਗੀ ਉਂਗਲ ਉਪਰ ਵੱਲ ਨੂੰ ਕੀਤੀ ਤਾਂ ਅਸੀਂ ਸ਼ਿਕਾਰੀ ਕੁੱਤੇ ਵਾਂਗ ਪੌੜੀਆਂ ਚੜ੍ਹਨ ਲਈ ਮਿੰਟ ਨਾ ਲਾਇਆ। ਹਸਪਤਾਲ ਦੇ ਕਮਰੇ ਦਾ ਦਰਵਾਜਾ ਖੋਲ੍ਹ ਕੇ ਅਸੀਂ ਇੰਜ ਝਾਤੀ ਮਾਰੀ, ਜਿਵੇਂ ਖੱਡ ਵਿਚੋਂ ਸਿਰੀ ਕੱਢ ਕੇ ਚੂਹਾ ਨਾਸਾਂ ਹਿਲਾ ਕੇ ਬਿੱਲੀ ਮਾਸੀ ਦਾ ਜਾਇਜ਼ਾ ਲੈਂਦੈ।

ਭਰਜਾਈ ਜੀ ਦੇ ਬੈੱਡ ਦੇ ਉਰਲੇ ਪਾਸੇ ਸਾਡੇ ਪਰਮ-ਮਿੱਤਰ ਖੜ੍ਹੇ ਸਨ। ਸਿਰ ਮੁੰਨੇ ਵਾਲੇ ਜੁਆਕ ਦੇ ਸਿਰ ਵਿਚ ਠੋਲ੍ਹਾ ਜਿਹਾ ਮਾਰਨ ਵਾਂਗ ਅਸੀਂ ਦਰਵਾਜੇ 'ਤੇ ਦਸਤਕ ਦਿੱਤੀ। ਸਾਡੇ ਮਿੱਤਰ ਨੂੰ ਸਾਡੇ ਪਧਾਰਨ ਦਾ ਪਤਾ ਲੱਗ ਗਿਆ। ਉਸ ਨੇ ਕਮਾਂਡੋ ਵਾਲਿਆਂ ਵਾਂਗ ਇਸ਼ਾਰੇ ਨਾਲ "ਹੁਣੇ ਆਇਆ" ਦਾ ਸੰਕੇਤ ਦਿੱਤਾ। ਸਾਡੇ ਭਰਜਾਈ ਜੀ ਸਾਨੂੰ ਅਤੇ ਸਾਡੀਆਂ ਆਦਤਾਂ ਨੂੰ ਸ਼ਾਇਦ ਬਹੁਤਾ ਪਸੰਦ ਨਹੀਂ ਕਰਦੇ।

"ਕੌਣ ਐਂ?" ਭਰਜਾਈ ਜੀ ਦੀ ਵੰਝਲੀ ਵਰਗੀ ਆਵਾਜ਼ ਸਾਨੂੰ ਸੁਣਾਈ ਦਿੱਤੀ। ਦੁੱਖ ਟੁੱਟ ਗਏ। ਰੂਹ ਸ਼ਾਂਤ ਹੋ ਗਈ।

"ਆਪਣਾ ਲੇਖਕ ਬਾਈ ਐ!" ਮਿੱਤਰ ਨੇ ਬੜੇ ਮਾਣ ਭਰੇ ਅੰਦਾਜ਼ ਨਾਲ ਭਰਜਾਈ ਜੀ ਨੂੰ ਤਸੱਲੀ ਕਰਵਾਈ।

"ਇਹਨੂੰ ਤੁਸੀਂ ਕਾਹਤੋਂ ਸੱਦ ਲਿਆ?" ਗੱਲ ਸਾਡੇ ਕੰਨ 'ਤੇ ਛਾਂਟੇ ਵਾਂਗ ਆ ਪਈ। ਸਾਡੀ ਭਰਜਾਈ ਸਾਹਿਬਾਂ ਨੂੰ ਵੀ ਪਤਾ ਸੀ ਕਿ ਅਸੀਂ ਮਾੜੀ-ਮੋਟੀ ਕਲਮ ਦੀ ਵਹਾਈ ਕਰ ਲੈਂਦੇ ਹਾਂ, ਪਰ ਸਾਡੀ ਭਰਜਾਈ ਸਾਹਿਬਾਂ ਸਾਡੀਆਂ ਕਿਰਤਾਂ ਨੂੰ ਨਹੀਂ ਪੜ੍ਹਦੀ, ਇਸ ਦਾ ਸਾਨੂੰ ਅਥਾਹ ਦੁੱਖ ਹੈ, "ਇਹ ਗੁੰਡਾ ਜਿਆ ਕੀ ਖੇਹ ਤੇ ਸੁਆਹ ਲਿਖਦਾ ਹੋਊਗਾ...?" ਸਾਡੀ ਭਰਜਾਈ ਸਾਹਿਬਾਂ ਦੇ ਬੋਲ ਸਨ। ਇੱਕ ਵਾਰੀ ਦਾ ਸਾਨੂੰ ਹੁਣ ਤੱਕ ਚੇਤਾ ਹੈ, ਜਦੋਂ ਭਰਜਾਈ ਜੀ ਅਜੇ 'ਬਾਹਰ' ਆਏ ਹੀ ਸਨ। ਸਾਨੂੰ ਸਾਡੇ ਮਿੱਤਰ-ਸ੍ਰੀ ਨੇ ਇਕ ਦੋ ਵਾਰ ਘਰੇ ਬੁਲਾਇਆ। ਅਸੀਂ 'ਰੰਗੀਲੇ' ਜਿਹੇ ਹੋ ਕੇ ਬਾਹਰ ਨਿਕਲੇ ਤਾਂ ਸਾਡੀ ਭਰਜਾਈ ਜੀ ਦੇ ਪ੍ਰਵਚਨ ਸਾਡੇ ਕੰਨੀਂ ਪਏ, "ਥੋਨੂੰ ਕਿੰਨੇ ਆਰੀ ਕਿਹੈ ਬਈ ਇਹਨੂੰ ਘਰੇ ਨਾ ਲਿਆਇਆ ਕਰੋ, ਮੈਨੂੰ ਤਾਂ ਇਹਦੀਆਂ ਭੈੜ੍ਹੀਆਂ ਜੀਆਂ ਅੱਖਾਂ ਤੋਂ ਡਰ ਆਉਂਦੈ!" ਸਾਨੂੰ ਆਪਣੀਆਂ ਅੱਖਾਂ 'ਤੇ ਬੜਾ ਮਾਣ ਸੀ, ਪਰ ਪਿਆਰੀ ਭਰਜਾਈ ਜੀ ਨੇ ਤਾਂ ਸਾਡੀਆਂ ਮਿਰਗ-ਅੱਖੀਆਂ ਦੀ ਮਿੰਟ ਵਿਚ ਮਿੱਟੀ ਪੁਲੀਤ ਕਰ ਮਾਰੀ ਸੀ!

"ਫੇਰ ਵੀ ਸਾਡਾ ਦੋਸਤ ਐ...! ਜਿਗਰੀ ਦੋਸਤ!" ਦੋਸਤ ਦੇ ਆਖਣ 'ਤੇ ਸਾਡੇ ਸਾਰੇ ਗਿਲੇ-ਸ਼ਿਕਵੇ ਦੂਰ ਹੋ ਗਏ। ਪੰਜੇ ਉਂਗਲਾਂ ਇੱਕੋ ਜਿਹੀਆਂ ਥੋੜ੍ਹੋ ਹੁੰਦੀਐਂ?

"ਇਹਨੂੰ ਤਾਂ ਲੋਕ ਸਵੇਰੇ ਸਵੇਰੇ ਮੱਥੇ ਲਾਉਣੋਂ ਡਰਦੇ ਐ, ਤੁਸੀਂ ਆਪਣੇ ਮੁੰਡੇ ਦੇ ਪਹਿਲਾਂ ਇਹ ਰਿੱਛ ਮੱਥੇ ਲਾਓਂਗੇ?" ਭਰਜਾਈ ਜੀ ਦੇ ਦੂਜੇ ਵਾਰ ਨੇ ਨਸ਼ਾ ਗਰਨ ਦੇਣੇ ਲਾਹ ਦਿਤਾ। ਉਬਾਸੀ ਆਉਣ ਲੱਗੀ ਤਾਂ ਅਸੀਂ ਅੜਬ ਮਾਸੂਕ ਵਾਂਗ ਥਾਂ 'ਤੇ ਹੀ ਘੁੱਟ ਲਈ।

"ਐਵੇਂ ਭਰਮ ਨ੍ਹੀਂ ਕਰੀਦਾ ਹੁੰਦਾ, ਪੜ੍ਹਿਆ ਲਿਖਿਆ ਬੰਦੈ।" ਸਾਡੇ ਮਿੱਤਰ ਦੀ ਪ੍ਰਸ਼ੰਸਾ ਨੇ ਸਾਡਾ ਬਲੱਡ-ਪ੍ਰੈਸ਼ਰ ਫਿਰ ਥਾਂ ਸਿਰ ਲੈ ਆਂਦਾ। ਭਰਜਾਈ ਜ਼ਖਮ ਕਰਦੀ, ਦੋਸਤ ਮੱਲ੍ਹਮ ਲਾ ਦਿੰਦਾ। ਸਾਡੀ ਸੰਤੁਸ਼ਟੀ ਹੋ ਜਾਂਦੀ, ਸਕੂਨ ਮਿਲਦਾ। ਨਾਲੇ ਔਰਤਾਂ 'ਤੇ ਗੁੱਸਾ ਕਾਹਦਾ, ਜਦੋਂ ਸਾਡਾ ਮਿੱਤਰ ਸਾਡਾ ਪੱਖ ਲੈਂਦਾ ਸੀ। ਭਰਜਾਈ ਫਿਰ ਵੀ ਬਿਗਾਨੀ ਧੀ, ਪਰ ਮਿੱਤਰ ਤਾਂ ਸਾਡਾ ਆਪਣਾ ਸੀ ਨਾ?

"ਤੂੰ ਹੁਣ 'ਰਾਮ ਕਰ'ਲਾ, ਮੈਂ ਬਾਈ ਨੂੰ ਮਿਲ ਲਵਾਂ।"

"ਮਿਲ ਲਵੋ, ਪਰ ਪੀਣੀ ਨ੍ਹੀਂ!" ਭਰਜਾਈ ਨੇ ਕਰੜੀ ਹਦਾਇਤ ਕੀਤੀ, "ਇਹਨੂੰ ਜੰਗਲੀ ਬੋਤੇ ਨੂੰ ਤਾਂ ਪੀਤੀ ਤੋਂ ਬਿਨਾ ਸੂਰਜ ਨ੍ਹੀਂ ਦੀਂਹਦਾ...।" ਭਰਜਾਈ ਜੀ ਨੇ ਸ਼ਬਦਾਂ ਦੀ ਇੱਕ ਹੋਰ ਇੱਟ ਸਾਡੇ ਵੱਲ ਵਗਾਹ ਮਾਰੀ, ਟੀਕ ਚਲਾ ਦਿੱਤਾ ਅਤੇ ਅਸੀਂ ਮੱਥਾ ਫੜ ਲਿਆ।

"ਲੈ...! ਮੈਂ ਉਹਦੇ ਅਰਗਾ ਸ਼ਰਾਬੀ ਕਬਾਬੀ ਥੋੜ੍ਹੋ ਐਂ? ਨਾਲੇ ਜਿਹੜੇ ਬੰਦੇ ਦੇ ਵਿਚ ਕੋਈ ਗੁਣ ਹੋਵੇ, ਇਹ ਕੁਦਰਤੀ ਗੱਲ ਐ, ਉਹਦੇ ਵਿਚ ਕੋਈ ਨਾ ਕੋਈ ਔਗੁਣ ਵੀ ਤਾਂ ਜਰੂਰ ਹੁੰਦੈ, ਫੁੱਲ ਨਾਲ ਕੰਡੇ ਵੀ ਤਾਂ ਹੁੰਦੇ ਐ...।" ਸਾਡਾ ਮਿੱਤਰ ਸਾਡੀ ਨਿਖੇਧੀ ਕਰ ਕੇ ਵੀ ਸਿਫਤ ਕਰ ਗਿਆ। ਕਹਾਵਤ ਯਾਦ ਆਈ, ਆਪਦਾ ਮਾਰੂ-ਛਾਂਵੇਂ ਸਿੱਟੂ। ਸਾਡਾ ਮਿੱਤਰ ਸਾਡੀ ਭਰਜਾਈ ਜੀ ਦੀ ਖੁਸ਼ੀ ਹਾਸਲ ਕਰਨ ਵਾਸਤੇ ਚਾਹੇ ਸਾਡੀਆਂ ਖਲਪਾੜਾਂ ਕਰ ਗਿਆ ਸੀ, ਪਰ ਨਾਲ ਦੀ ਨਾਲ ਸਾਡੀ ਉਸਤਤ ਵੀ ਤਾਂ ਕਰ ਹੀ ਗਿਆ ਸੀ। ਸਦਕੇ ਜਾਵਾਂ ਸਾਡੇ ਮਿੱਤਰ ਦੇ! ਬਲਿਹਾਰੀ!! ਯਾਰਾਂ ਦੀ ਥਾਂ ਯਾਰ ਖੜ੍ਹਦੇ, ਕੰਮ ਆਉਣ ਨਾ ਸੁਨੱਖੀਆਂ ਨਾਰਾਂ...!

"ਇਹਨੇ ਕਿਤੇ ਆਪਦੇ ਮਸ਼ਟੰਡੇ ਦੋਸਤਾਂ ਨੂੰ ਤਾਂ ਨ੍ਹੀਂ ਦੱਸ'ਤਾ? ਉਹ ਤਾਂ ਐਥੇ ਆ ਕੇ ਘੜ੍ਹਮੱਸ ਪੱਟ ਦੇਣਗੇ। ਥੋਡੀ ਵੀ ਯਾਰੀ ਐਹੋ ਜਿਆਂ ਦੇ ਨਾਲ ਈ ਐ। ਅਖੇ ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ!" ਭਰਜਾਈ ਜੀ ਨੇ ਕੋਕੇ ਵਾਲਾ ਸੋਹਣਾ ਸੁਨੱਖਾ ਨੱਕ ਸਕੋੜ ਕੇ, ਨਿਚੋੜ ਕੇ ਰੱਖੀ ਸੁੱਥਣ ਵਰਗਾ ਕਰ ਲਿਆ।



ਸਾਡਾ ਦਿਲ ਧੜਕਿਆ। ਅਸੀਂ ਪੈੱਗ-ਸ਼ੈੱਗ ਲਾਉਂਦਿਆਂ, ਖੁਸ਼ੀ ਵਿਚ ਕਮਲੇ ਹੋਇਆਂ ਨੇ, ਆਪਣੇ ਜੁੰਡੀ ਦੇ ਯਾਰਾਂ ਨੂੰ ਮੋਬਾਇਲ 'ਤੇ ਮਿੱਤਰ ਦੇ ਘਰ ਮੁੰਡਾ ਹੋਣ ਦੀ ਖਬਰ ਜੰਗੀ ਪੱਧਰ 'ਤੇ ਸੁਣਾ ਦਿੱਤੀ ਸੀ। ਮੱਥੇ ਤੋਂ ਤਰੇਲੀ ਫੁੱਟੀ। ਯਾਰ ਝੂਠਾ ਪੈਂਦਾ ਲੱਗਿਆ। ਸਾਡੇ ਮਿੱਤਰਾਂ ਨੇ ਤਾਂ ਜਿੰਨ ਵਾਂਗ ਆ ਵੱਜਣਾ ਸੀ। ਚਾਹੇ ਕਿਸੇ ਦੇ ਮੁੰਡਾ ਹੋਵੇ ਅਤੇ ਭਾਵੇਂ ਕਿਸੇ ਦਾ ਹੋਵੇ ਵਿਆਹ, ਬੋਤਲ ਦੇ ਨਾਂ ਨੂੰ ਤਾਂ ਉਹ ਮਰੇ ਪਏ ਵੀ ਉਠ ਖੜ੍ਹਨ। ਇੱਕ ਵਾਰੀ ਸਾਡੇ ਕਿਸੇ ਮਿੱਤਰ ਦਾ ਬਾਪੂ ਚੜ੍ਹਾਈ ਕਰ ਗਿਆ। ਮਿੱਤਰ ਰੋਣੋਂ ਨਾ ਹਟੇ। ਰੋਣਾ ਹੀ ਸੀ, ਫੇਰ ਵੀ ਬਾਪੂ ਸੀ! ਸਾਡੇ ਹਮਦਰਦ ਮਿੱਤਰ ਆਖਣ ਲੱਗੇ, 'ਬੁੜ੍ਹਾ ਤਾਂ ਮਰਨ ਆਲਾ ਮਰ ਗਿਆ, ਇਹਨੂੰ ਪੈੱਗ-ਸ਼ੈੱਗ ਲੁਆ ਕੇ ਕੈਮ ਕਰੋ, ਦਿਲ ਧਰ'ਲੂ।' ਉਸ ਨੂੰ ਪੈੱਗ ਲੁਆ ਕੇ ਹੀ ਸਾਹ ਲਿਆ, ਅਖੇ ਤੈਨੂੰ ਸਕੂਨ 'ਚ ਦੇਖ ਕੇ ਬਾਪੂ ਦੀ ਰੂਹ ਨੂੰ ਸ਼ਾਂਤੀ ਮਿਲੂ!

"ਲੈ, ਉਹ ਐਨਾ ਵੀ ਪਾਗਲ ਹੈਨ੍ਹੀ, ਜਿੰਨਾ ਉਹਨੂੰ ਤੂੰ ਸਮਝਦੀ ਐਂ।"

"ਮੈਨੂੰ ਤਾਂ ਇਹਦੇ 'ਤੇ ਜਮਾਂ 'ਤਬਾਰ ਨ੍ਹੀਂ, ਇਹ ਤਾਂ ਬਾਡੀਗਾਰਡਾਂ ਮਾਂਗੂੰ ਚਾਰ ਪੰਜ ਗੁੰਡੇ ਜੇ ਨਾਲ ਈ ਰੱਖਦੈ।"

"ਕਿਸੇ ਨਾਲ ਤਾਂ ਬਣਾ ਕੇ ਰੱਖਣੀ ਪੈਂਦੀ ਈ ਐ, ਪਰਦੇਸ ਦਾ ਮਾਮਲੈ।"

ਮਿੱਤਰ ਖੰਭ ਜਿਹੇ ਛੁਡਾ ਕੇ ਬਾਹਰ ਆ ਗਿਆ। ਅਜੇ ਅਸੀਂ ਜੱਫੀਆਂ ਪਾ ਕੇ 'ਵਧਾਈਆਂ-ਵਧਾਈਆਂ' ਹੀ ਕੀਤੀਆਂ ਸਨ ਕਿ ਸਾਡੇ ਜੁੰਡੀ ਦੇ ਯਾਰਾਂ ਦੀ ਪਲਟਣ ਸਾਹਣ ਵਾਂਗ ਖੁਰਗੋ ਪੱਟਦੀ ਅੰਦਰ ਆ ਵੱਜੀ। ਉਹ ਮੇਰੇ ਵਾਂਗ 'ਰੰਗੀਲੇ' ਨਹੀਂ, 'ਨੀਲੇ' ਹੋ ਕੇ ਆਏ ਸਨ। ਫੜ ਲਓ ਪੂਛ! ਉਨ੍ਹਾਂ ਨੇ ਆਉਣਸਾਰ ਹੀ ਕਬਿੱਤਾਂ ਗਾਉਣੀਆਂ ਸ਼ੁਰੂ ਕਰ ਦਿੱਤੀਆਂ, "ਭਾਬੀ ਤੈਨੂੰ ਪੁੱਤ ਜੰਮਿਆਂ, ਛੋਟੇ ਦਿਉਰ ਨੂੰ ਪੰਜੀਰੀ ਨਾ ਖੁਆਈ...!" ਦੂਜਾ ਆਖਣ ਲੱਗਿਆ, "ਸਾਲਿਆ, ਬੱਗੇ ਕਾਂਵਾਂ ਵੇਲੇ ਦਾ ਤੂੰ ਜੰਮਿਆਂ ਵਿਐਂ, ਅਜੇ ਤੂੰ ਛੋਟਾ ਦਿਓਰ ਈ ਐਂ?" ਤੀਜੇ ਨੇ ਹੋਰ ਹੇਕ ਕੱਢੀ, "ਹਾਕਾਂ ਮਾਰਦੇ ਬੱਕਰੀਆਂ ਵਾਲੇ, ਨੀ ਦੁੱਧ ਪੀ ਕੇ ਜਾਈਂ ਜੈ ਕੁਰੇ!"

ਪਹਿਲੇ ਨੂੰ ਕਵਿਤਾ ਮੇਚ ਨਹੀਂ ਆਈ ਸੀ, "ਲਓ ਜੀ ਕਰ ਲਓ ਘਿਉ ਨੂੰ ਭਾਂਡਾ, ਇਹਦੀ ਬਲੈਤ 'ਚ ਆ ਕੇ ਵੀ ਬੱਕਰੀਆਂ ਚਾਰਨ ਦੀ ਬਾਣ ਨਾ ਗਈ!"

ਉਹ ਕਵੀਸ਼ਰੀ ਕਰ ਰਹੇ ਸਨ ਅਤੇ ਮੇਰੇ ਹੌਲ ਪਈ ਜਾ ਰਹੇ ਸਨ। ਦਿਲ ਢਿੱਲੀ ਢੋਲਕੀ ਵਾਂਗ 'ਘੜ੍ਹੱਬਚੂੰ-ਘੜ੍ਹੱਬਚੂੰ' ਕਰੀ ਜਾ ਰਿਹਾ ਸੀ। ਮਿੱਤਰ ਦੀ ਅਤੇ ਸਾਡੀ, ਭਰਜਾਈ ਜੀ ਤੋਂ ਹੋਣ ਵਾਲੀ ਤੈਅਕੀਕਾਤ ਬਾਰੇ ਸੋਚ-ਸੋਚ ਕੇ ਅਸੀਂ ਬੇਹੇ ਪਾਣੀ ਵਿਚ ਬੈਠਦੇ ਜਾ ਰਹੇ ਸਾਂ। ਦਿਲ ਤਾਂ ਅਸੀਂ ਉਦੋਂ ਧਰਿਆ, ਜਦੋਂ ਸਾਡੇ ਸੁਹਿਰਦ ਬੇਲੀਆਂ ਨੇ ਬੋਤਲ ਦਾ ਨਾਂ ਲਿਆ। ਅਸੀਂ ਤਾਂ ਸੁਣਦੇ ਸਾਰ ਹੀ ਗਿੱਦੜੋਂ ਸ਼ੇਰ ਬਣ ਗਏ। ਤਲੀਆਂ ਮਲਦੇ, ਜ਼ੈਡ ਸਿਕਿਊਰਿਟੀ ਵਾਲਿਆਂ ਵਾਂਗ ਕਾਰ ਨੂੰ ਘੇਰਾ ਘੱਤ ਲਿਆ।

ਦੋ-ਦੋ ਕਰੜੇ ਪੈੱਗ ਲਾਏ। ਸਾਰਾ ਫਿਕਰ ਲਹਿ ਗਿਆ। ਮਨ ਲਲਕਾਰੇ ਮਾਰਨ ਲੱਗ ਪਿਆ। ਭਰਜਾਈ ਦੇ ਖੌਂਸੜੇ ਭੁੱਲ ਗਏ ਅਤੇ ਦਿਲ ਵਿਚ ਆਪਣੀ ਖੜਮਸਤ ਦੁਨੀਆਂ ਆ ਵਸੀ।

"ਕੀ ਨਾਂ ਰੱਖਿਐ ਮੁੰਡੇ ਦਾ?" ਭਾਈਬੰਦ ਨੇ ਪੁੱਛਿਆ। ਉਸ ਦੀ ਮੋਟੀ ਜ਼ੁਬਾਨ ਮੂੰਹ ਵਿਚ 'ਡੱਕ-ਡੱਕ' ਵੱਜ ਰਹੀ ਸੀ।

"ਥੋਤੋਂ ਬਿਨਾ ਕਿਮੇਂ ਰੱਖਲੂੰ ਯਾਰ...? ਆਪਣੀ ਯਾਰੀ ਐ, ਛੋਲਿਆਂ ਦਾ ਵੱਢ ਨ੍ਹੀ!"

"ਕੀ ਰੱਖਣੈਂ ਫਿਰ ਨਾਂ?"

"ਗੱਡੀ ਕਰੋ ਘਰੇ ਖੜ੍ਹੀ ਤੇ ਨਵੀਂ ਬੋਤਲ ਖੋਲ੍ਹ ਕੇ ਨਾਂ ਰੱਖਾਂਗੇ! ਆਏਂ ਤਾਂ ਨਜ਼ਾਰਾ ਜਿਆ ਨ੍ਹੀਂ ਆਉਣਾ।"

ਗੱਡੀ ਘਰੇ ਆ ਗਈ। ਨਵੀਂ ਬੋਤਲ ਖੁੱਲ੍ਹ ਗਈ। ਬੋਤਲ ਬਰੂਦ ਬਣਦੀ ਥੱਲੇ ਜਾ ਲੱਗੀ। ਸਾਰੇ ਅਲਕ ਵਹਿੜਕੇ ਵਾਂਗ ਝੂਲਣ ਜਿਹੇ ਲੱਗ ਪਏ। ਜਿਵੇਂ ਸਾਰਿਆਂ ਨੂੰ ਉੱਚਾ ਸੁਣਨ ਲੱਗ ਪਿਆ ਸੀ। ਸਾਰੇ ਸਪੀਕਰ ਵਾਂਗ ਬੋਲ ਰਹੇ ਸਨ। ਪਹਿਲਾਂ ਭਾਅ ਜੀ, ਫੇਰ ਬਾਈ ਅਤੇ ਹੁਣ ਸਾਰੇ 'ਉਏ' ਤੋਂ ਬਾਅਦ "ਓਏ ਹੈਲੋ" 'ਤੇ ਆ ਗਏ ਸਨ।

"ਨਾਂ ਵੀ ਯਾਰ ਮੂੰਹ ਦੇਖ ਕੇ ਰੱਖਾਂਗੇ।" ਪਹਿਲਾ ਭਾਈਬੰਦ ਬੋਲਿਆ।

"ਮੂੰਹ ਤੋਂ ਮੈਨੂੰ ਯਾਦ ਆ ਗਿਆ ਬਾਈ ਸਿਆਂ।" ਦੂਜੇ ਨੇ ਕਿਹਾ।

"ਕੀ?"

"ਬਾਈ, ਜਦੋਂ ਮੈਂ ਐਥੇ ਆਇਆ ਸੀ ਨਾ, ਉਦੋਂ ਮੇਰਾ ਮੂੰਹ ਤੇਰੇ ਮੂੰਹ ਨਾਲੋਂ ਵੀ ਭੈੜ੍ਹਾ ਸੀ।"

"ਤੇ ਤੂੰ ਸਾਲਿਆ ਕ੍ਰਿਸ਼ਨ ਭਗਵਾਨ ਐਂ?" ਭਾਈਬੰਦ ਭੂਸਰ ਗਿਆ।

"ਨਾ ਬਈ ਲੜੋ ਨਾ।"

"ਨਾ ਤੂੰ ਮੇਰੇ ਮੂੰਹ ਨੂੰ ਭੈੜਾ ਆਖਿਐ, ਮੈਂ ਕਿਸੇ ਦੀ...।" ਅਸੀਂ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ।

"ਤੇਰੀ ਭੈਣ ਦੀ...ਨਿਕਲ ਮੇਰੇ ਘਰੋਂ!"

"ਮੈਂ ਮੇਰਿਆ ਸਾਲਿਆ ਤੇਰੇ ਘਰ 'ਤੇ ਧਾਰ ਨ੍ਹੀਂ ਮਾਰਦਾ।"

"ਤੂੰ ਇਹਨੂੰ ਗਾਲ੍ਹ ਕੱਢਦੈਂ ਉਏ, ਭੈਣ ਦਿਆ ਲੱਕੜਾ?" ਪਹਿਲਾ ਰੇਲ ਦੇ ਕੰਨ ਵਾਂਗ ਉਠ ਕੇ ਖੜ੍ਹਾ ਹੋ ਗਿਆ।

"ਕੱਢੂੰਗਾ! ਤੂੰ ਉਹਦਾ ਸਾਲੈਂ?" ਭਾਈਬੰਦ ਨੇ ਉਸ ਦਾ ਗਲ ਫੜ ਲਿਆ ਤਾਂ ਪਹਿਲੇ ਨੇ ਉਸ ਦੇ ਦੋ ਹੂਰੇ ਜੜ ਦਿੱਤੇ। ਅਸੀਂ ਜਿੰਨੀ ਕੁ ਜੋਕਰੇ ਸੀ, ਹੀਲ-ਹੁੱਜਤ ਕਰ ਕੇ ਉਸ ਨੂੰ ਛੁਡਾਇਆ। ਸਾਡੇ ਤਾਂ ਆਪਦੇ ਪੈਰ ਨਹੀਂ ਖੜ੍ਹ ਰਹੇ ਸਨ!

"ਤੂੰ ਰਾਤ ਨੂੰ ਕੰਮ 'ਤੇ ਆਈਂ, ਫੇਰ ਕੱਢਾਂਗੇ ਤੇਰੀ ਚੌਧਰ।"

"ਤੂੰ ਜਿਹੜਾ...!" ਉਹ ਕੋਰੜਾ ਛੰਦ ਪੜ੍ਹਨ ਹੀ ਲੱਗਿਆ ਸੀ ਕਿ ਅਸੀਂ ਫਿਰ ਲੀਕ ਕਰਦੀ ਨਾਲੀ ਵਾਂਗ ਉਸ ਦਾ ਮੂੰਹ ਘੁੱਟ ਲਿਆ।

"ਲੈ ਹੁਣ ਕੱਢਾਂਗੇ ਤੇਰੀ ਧੌਣ ਦਾ ਕਿੱਲਾ, ਕੈਮ ਹੋ ਕੇ ਆਈਂ!" ਤੇ ਉਹ ਧੱਕਮ-ਧੱਕੀ ਹੁੰਦੇ, ਭੂਸਰੇ ਊਠ ਵਾਂਗ ਤੜਾਫੇ ਜਿਹੇ ਮਾਰਦੇ ਭੱਜ ਗਏ। ਲਓ, ਰੱਖ ਲਓ ਕਾਕਾ ਜੀ ਦਾ ਨਾਂ! ਕਾਕੇ ਦੀ ਖੁਸ਼ੀ ਕਿਸੇ ਹੋਰ ਹੀ ਰਾਹ ਤੁਰ ਪਈ ਸੀ। ਅਸੀਂ ਕਦੇ ਬੋਤਲ ਵੱਲ ਅਤੇ ਕਦੇ ਮੁੰਡੇ ਦੇ ਪਿਉ ਵੱਲ ਪਿਆਸੇ ਕਾਂ ਵਾਂਗ ਝਾਕ ਰਹੇ ਸਾਂ। ਕਾਕੇ ਦਾ ਨਾਂ ਕੁੱਕੜ-ਲੜਾਈ ਵਿਚ ਹੀ ਉਲਝ ਕੇ ਰਹਿ ਗਿਆ ਸੀ। ਕਾਕੇ ਦੇ ਨਾਂ ਦਾ ਮਸਲਾ ਅਗਲੇ ਦਿਨ 'ਤੇ ਪਾ ਕੇ ਅਸੀਂ ਬਲਦ ਮੂਤਣੀਆਂ ਪਾਉਂਦੇ ਘਰ ਨੂੰ ਤੁਰ ਪਏ।

---

# ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਖੇਡ ਰਚਨਾ

*(ਪਿਛਲੇ ਸਫੇ ਦੀ ਬਾਕੀ)*

ਮਜ਼ਹਬੀ ਨਫਰਤਾਂ ਦੀ ਅੱਗ ਨੇ ਸਾੜ ਸੁੱਟਿਆ। ਤੀਆਂ ਦੇ ਗੀਤਾਂ ਨੂੰ ਵੈਣਾਂ ਵਿਚ ਬਦਲ ਦਿੱਤਾ। ਪੀਂਘਾਂ ਝੂਟਣ ਵਾਲੀਆਂ ਲੱਜਾਂ ਬਰੋਟਿਆਂ 'ਤੇ ਲਮਕਦੀਆਂ ਰਹਿ ਗਈਆਂ। ਪਿਆਰ ਪੀਂਘਾਂ ਤੇ ਇਸ਼ਕ-ਸੁਨੇਹੇ ਅੱਧਵਾਟਿਓਂ ਟੁੱਟ ਗਏ। ਖੁਸ਼ੀਆਂ ਗਮੀਆਂ ਵਿਚ ਬਦਲ ਗਈਆਂ। ਉਸ ਕਹਿਰ ਦਾ ਵਰਣਨ ਕਰਨ ਲੱਗਿਆਂ ਜੀਭ 'ਤੇ ਛਾਲੇ ਪੈ ਜਾਂਦੇ ਹਨ। ਸੁਰਮੇ ਵਾਲੀਆਂ ਅੱਖਾਂ ਚੋਭਲ ਸੁੱਟੀਆਂ ਗਈਆਂ। ਦੁਨੀਆਂ ਦੇ ਕਿਸੇ ਹਿੱਸੇ 'ਚ ਵੀ ਅਜਿਹਾ ਕਹਿਰ ਕਦੇ ਨਹੀਂ ਸੀ ਵਾਪਰਿਆ...।

### ਮੇਰਾ ਪਹਿਲਾ ਹਾਫ ਸਟੈੱਪ ਐਂਡ ਜੰਪ

ਮੇਰੀ ਉਮਰ ਦਾ ਸੋਲ੍ਹਵਾਂ ਵਰ੍ਹਾ ਦਸਤਕ ਦੇ ਚੁਕਾ ਸੀ। ਦਸਵੀਂ ਕਲਾਸ ਦਾ ਵਿਦਿਆਰਥੀ ਸਾਂ। ਸਰਕਾਰੀ ਹਾਈ ਸਕੂਲ ਸੰਦੌੜ ਨਵਾਂ ਨਵਾਂ ਹੋਂਦ 'ਚ ਆਇਆ ਸੀ। ਸ. ਹਰਭਜਨ ਸਿੰਘ ਵਾਈ. ਐਮ. ਸੀ. ਏ. ਮਦਰਾਸ ਤੋਂ ਪੀ. ਟੀ. ਆਈ. ਦਾ ਕੋਰਸ ਕਰ ਕੇ ਸਾਡੇ ਸਕੂਲ ਪੜ੍ਹਾਉਣ ਲੱਗਾ ਸੀ। ਸਰਦਾਰ ਇੰਦਰਜੀਤ ਸਿੰਘ ਸਾਡੇ ਸਕੂਲ ਦੇ ਮੁੱਖ ਅਧਿਆਪਕ ਸਨ। ਮੁੱਖ ਅਧਿਆਪਕ ਤੇ ਸ. ਹਰਭਜਨ ਸਿੰਘ ਨੇ ਰਲ ਕੇ ਸਕੂਲ 'ਚ ਸਾਲਾਨਾ ਸਪੋਰਟਸ ਕਰਾਉਣ ਦਾ ਮਤਾ ਪਕਾਇਆ। ਪੀ. ਟੀ. ਆਈ. ਹਰਭਜਨ ਸਿੰਘ ਨੇ ਇਕ ਨਵੇਂ ਈਵੈਂਟ, ਹੌਪ ਸਟੈੱਪ ਐਂਡ ਜੰਪ ਦੀ ਸਕੂਲ ਦੇ ਖਿਡਾਰੀਆਂ ਨੂੰ ਜਾਣਕਾਰੀ ਦਿੱਤੀ। ਇਹ ਈਵੈਂਟ ਸਾਰਿਆਂ ਲਈ ਨਵਾਂ ਤੇ ਅਨੋਖਾ ਸੀ, ਜੋ ਸਾਡੇ ਸਕੂਲ ਵਿਚ ਪਹਿਲੀ ਵਾਰ ਕਰਾਇਆ ਜਾਣਾ ਸੀ। ਕਈ ਦਿਨ ਮੈਂ ਇਸ ਨਵੇਂ ਈਵੈਂਟ ਬਾਰੇ ਆਪਣੇ ਮਨ 'ਚ ਸੋਚਦਾ ਰਿਹਾ। ਖੇਡ ਅਣਜਾਣੀ ਸੀ, ਪਰ ਮੈਂ ਮਨ 'ਚ ਧਾਰ ਲਿਆ ਕਿ ਇਸੇ ਵਿਚ ਭਾਗ ਲਵਾਂਗਾ ਤੇ ਕਿਸੇ ਹੋਰ ਖੇਡ ਵਿਚ ਨਹੀਂ ਪਵਾਂਗਾ। ਦ੍ਰਿੜ ਇਰਾਦਾ ਕਰ ਲਿਆ ਕਿ ਇਸ ਵਿਚ ਲਾਜ਼ਮੀ ਜਿੱਤ ਹਾਸਲ ਕਰਨੀ ਹੈ। ਮੈਂ ਇਸ ਨਵੀਂ ਚਣੌਤੀ ਨਾਲ ਜੂਝਣਾ ਸਵੀਕਾਰ ਕਰ ਲਿਆ। ਇਹ ਮੇਰੇ ਲਈ, ਹੋਰਨਾਂ ਖਿਡਾਰੀਆਂ ਲਈ, ਦਰਸ਼ਕਾਂ ਲਈ, ਸਕੂਲ ਲਈ, ਨਵੀਂ ਤੇ ਅਜੀਬ ਖੇਡ ਸੀ। ਮੁਸ਼ਕਿਲ ਸੀ, ਪਰ ਚੈਲੰਜ ਸੀ।

ਮੈਂ ਮਾਨਸਿਕ ਤੌਰ 'ਤੇ ਇਹ ਜੰਪ ਕਈ ਵਾਰ ਲਾ ਚੁਕਾ ਸਾਂ। ਆਖਰ ਉਡੀਕ ਦੀਆਂ ਘੜੀਆਂ ਮੁੱਕੀਆਂ। ਜੰਪ ਲਾਉਣ ਦਾ ਸਮਾਂ, ਸਥਾਨ ਤੇ ਕਾਰਜ ਨੇੜੇ ਆਣ ਢੁੱਕਾ। ਅਨੇਕਾਂ ਖਿਡਾਰੀਆਂ ਨੇ ਆਪਣੀ ਕਿਸਮਤ ਅਜ਼ਮਾਈ। ਮੇਰੀ ਜੰਪ ਕਰਨ ਦੀ ਵਾਰੀ ਆਈ। ਤਾੜੀਆਂ ਦੀ ਗੂੰਜ ਵਿਚ ਮੈਂ ਪਹਿਲੇ ਨੰਬਰ 'ਤੇ ਛਾਲ ਮਾਰ ਵਿਖਾਈ। ਛਾਲ ਮਾਪਣ ਲਈ ਫੀਤੇ ਦੀ ਵਰਤੋਂ ਕੀਤੀ ਤਾਂ ਮੇਰੀ ਛਾਲ ਸਕੂਲ ਦੇ ਸਾਰੇ ਖਿਡਾਰੀਆਂ ਨਾਲੋਂ 10 ਫੁੱਟ ਅੱਗੇ ਸੀ। ਇਉਂ ਮੈਂ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲ ਖੇਡਾਂ ਵਿਚ ਰੱਖਿਆ ਰਿਕਾਰਡ ਤੋੜ ਦਿੱਤਾ। ਮੈਂ ਨੰਗੇ ਪੈਰੀਂ ਛਾਲ ਮਾਰੀ ਸੀ। ਇਉਂ ਨਵਾਂ ਅਜੂਬਾ ਸਥਾਪਤ ਕਰ ਵਿਖਾਇਆ। ਕਦੇ ਸੋਚਿਆ ਤਕ ਨਹੀਂ ਸੀ। ਨਵੀਂ ਖੇਡ ਨੇ, ਨਵੇਂ ਅਜੂਬੇ ਨੇ, ਮੈਨੂੰ ਸਕੂਲ ਦਾ, ਸਕੂਲ ਦੇ ਖਿਡਾਰੀਆਂ ਦਾ ਨਾਇਕ ਬਣਾ ਦਿੱਤਾ। ਇਹ ਬੜੇ ਫਖਰ ਵਾਲੀ ਗੱਲ ਸੀ। ਇਕ ਨਵੀਂ ਕਿਸਮ ਦੀ ਹਲਚਲ ਸੀ, ਅਜੂਬਾ ਸੀ। ਉਹ ਗੂੜ੍ਹ ਗਿਆਨ ਦੀਆਂ ਗੱਲਾਂ ਵੀ ਕਰਦਾ ਹੈ:

### ਅਜੂਬਾ ਨਹੀਂ ਸੁਭਾਵਿਕ ਘਟਨਾ ਸੀ

ਕੈਨੇਡਾ ਦੇ ਡਾਕਟਰ ਬਲੱਈ ਨੇ ਵਿਸ਼ਵ ਨੂੰ ਲਾਂਗ-ਟਰਮ ਅਥਲੈਟਿਕ ਡਿਵੈਲਪਮੈਂਟ ਮਾਡਲ ਪਿਛਲੀ ਸਦੀ ਦੇ ਅੰਤਲੇ ਦਹਾਕੇ ਵਿਚ ਦਿੱਤਾ ਹੈ। ਇਸ ਨੂੰ ਤਕਰੀਬਨ ਸਾਰੇ ਹੀ ਦੇਸ਼ਾਂ ਨੇ ਸਵੀਕਾਰ ਕੀਤਾ ਹੈ। ਇਹ 21ਵੀਂ ਸਦੀ ਦੇ ਖਿਡਾਰੀਆਂ ਅਤੇ ਆਮ ਜੀਵਨ-ਸ਼ੈਲੀ ਦੇ ਪੂਰੀ ਤਰ੍ਹਾਂ ਅਨੁਕੂਲ ਹੈ। ਇਸ ਮਾਡਲ ਦੀਆਂ ਸਟੇਜਾਂ ਸਕੂਲ ਦੇ ਛੇ ਸਾਲਾਂ ਦੇ ਬੱਚੇ ਤੋਂ ਹੀ ਅਰੰਭ ਹੁੰਦੀਆਂ ਹਨ। ਸਕੂਲੀ ਉਮਰ ਯਾਨਿ 6-16 ਸਾਲ ਤਕ ਇਨ੍ਹਾਂ ਤੱਤਾਂ ਬਾਰੇ ਧਿਆਨ ਦੇਣਾ ਜ਼ਰੂਰੀ ਹੈ।

ਫਾਊਂਡੇਸ਼ਨ ਯਾਨਿ ਨੀਂਹ ਪੱਕੀ ਕਰਨ ਵਾਲੇ ਤੱਤ। ਬੱਚੇ ਨੂੰ ਖੇਡਾਂ ਅਤੇ ਜੀਵਨ ਵਿਚ ਵਿਚਰਨ ਲਈ ਪਹਿਲਾਂ ਨੀਂਹ ਪੱਕੀ ਕਰਨੀ ਜ਼ਰੂਰੀ ਹੈ। ਜਿਹੜਾ ਬੱਚਾ ਇਸ ਤੋਂ ਸੱਖਣਾ ਰਹਿੰਦਾ ਹੈ, ਉਹ ਇਸ ਕਮੀ ਨੂੰ ਜੀਵਨ ਭਰ ਮਹਿਸੂਸ ਕਰਦਾ ਰਹਿੰਦਾ ਹੈ। ਉਹ ਇਹ ਕਮੀ ਬਾਅਦ ਵਿਚ ਕਦੇ ਵੀ ਪੂਰੀ ਨਹੀਂ ਕਰ ਸਕਦਾ।

ਏ. ਬੀ. ਸੀ. ਐੱਸ. ਆਫ ਅਥਲੈਟਿਕਸ ਯਾਨਿ ਦੌੜਨਾ, ਕੁੱਦਣਾ, ਛੁੱਟਣਾ ਤੇ ਫੈਂਕਣਾ ਆਦਿ। ਏ-ਏਜ਼ਿਲਟੀ ਯਾਨਿ ਲਚਕ। ਬੀ-ਬੈਲੈਂਸ ਯਾਨਿ ਸਮਤੋਲਤਾ। ਸੀ-ਕੁਆਰਡੀਨੇਸ਼ਨ ਯਾਨਿ ਤਾਲ-ਮੇਲ। ਐੱਸ-ਸਪੀਡ ਯਾਨਿ ਗਤੀ ਦਾ ਅਧਿਐਨ ਹੋਣਾ ਚਾਹੀਦਾ ਹੈ। ਇਸ ਨਾਲ ਹੀ ਸਾਨੂੰ ਵਧੀਆ ਤੁਰਨਾ-ਫਿਰਨਾ, ਨੱਚਣਾ-ਟੱਪਣਾ, ਯਾਨਿ ਹਰ ਤਰ੍ਹਾਂ ਦੀਆਂ ਮੋਟਰ ਸਕਿੱਲਾਂ ਤੇ ਹਰਕਤੀ ਹੁਨਰ ਪ੍ਰਾਪਤ ਕਰਨ ਵਿਚ ਕਾਮਯਾਬੀ ਮਿਲਦੀ ਹੈ। ਫਿਰ ਅੱਗੇ ਜਾ ਕੇ ਖੇਡ ਹੁਨਰ ਵੀ ਕਮਾਲ ਦੇ ਸਿੱਖ ਜਾਂਦੇ ਹਾਂ।

ਫਿਜ਼ੀਕਲ ਲਿਟਰੇਸੀ ਯਾਨਿ ਸਰੀਰਕ ਸਾਕਸ਼ਰਤਾ। ਅੱਲ੍ਹੜ ਅਵੱਸਥਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰੀਰਕ ਸਾਕਸ਼ਰਤਾ ਪ੍ਰਾਪਤ ਕਰਨ ਦੀਆਂ ਗਤੀਵਿਧੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਇਹ ਸਾਕਸ਼ਰਤਾ ਉਮਰ ਭਰ ਲਈ ਵਿਕਸਿਤ ਹੁੰਦੀ ਰਹਿੰਦੀ ਹੈ। ਵਿਸ਼ਵ ਪੱਧਰ ਦੀਆਂ ਵੱਡੀਆਂ ਖੇਡ ਪ੍ਰਾਪਤੀਆਂ ਇਸ ਬਿਨਾ ਸੰਭਵ ਨਹੀਂ। ਮੈਂ ਬਹੁਤ ਸਰਗਰਮ ਰਹਿ ਕੇ ਆਪਣਾ ਬਚਪਨ ਬਿਤਾਇਆ ਸੀ। ਹਿਰਨਾਂ ਤੇ ਖਰਗੋਸ਼ਾਂ ਮਗਰ ਦੌੜਿਆ ਸੀ। ਟਿੱਬੇ ਗਾਹੇ ਸਨ। ਟਪੂਸੀਆਂ ਮਾਰੀਆਂ ਸਨ। ਮੁੜ੍ਹਕਾ ਵਹਾਇਆ ਸੀ। ਤਪ ਕੀਤਾ ਸੀ। ਮੈਨੂੰ ਬਹੁਤ ਉੱਚੇ ਦਰਜੇ ਦੀ ਫਿਜ਼ੀਕਲ ਲਿਟਰੇਸੀ ਆਪਣੀ 16 ਸਾਲ ਦੀ ਉਮਰ ਤਕ ਮਿਲੀ ਚੁਕੀ ਸੀ। ਇਸੇ ਕਾਰਨ ਮੈਂ ਹੌਪ, ਸਟੈੱਪ ਐਂਡ ਜੰਪ ਵਿਚ ਜੀਵਨ ਦੀ ਪਹਿਲੀ ਛਾਲ ਮਾਰ ਕੇ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ ਸੀ।

ਲਾਭ ਸਿੰਘ ਦੱਸਦਾ ਹੈ ਕਿ ਉਹ ਤੇ ਅਜਮੇਰ ਸਿੰਘ ਸਰਕਾਰੀ ਕਾਲਜ ਮਲੇਰਕੋਟਲੇ ਪੜ੍ਹਨ ਪਿੱਛੋਂ ਜਦੋਂ ਸਰੀਰਕ ਸਿੱਖਿਆ ਕਾਲਜ ਗਵਾਲੀਅਰ ਵਿਚ ਪੜ੍ਹਦੇ ਸਨ ਤਾਂ 1960 ਦੀਆਂ ਰੋਮ ਓਲੰਪਿਕਸ ਖੇਡਾਂ ਦੀ ਰੇਡੀਓ ਤੋਂ ਕੁਮੈਂਟਰੀ ਸੁਣੀ ਸੀ। ਉਸ ਵਿਚ 'ਮਿਲਖਾ ਮਿਲਖਾ' ਹੋ ਰਹੀ ਸੀ। ਅਸੀਂ ਕੁਮੈਂਟਰੀ ਸੁਣ ਕੇ ਤਹੱਈਆ ਕਰ ਲਿਆ ਕਿ ਚਾਰ ਸਾਲਾਂ ਬਾਅਦ ਆਪਾਂ ਵੀ ਮਿਲਖਾ ਸਿੰਘ ਵਾਂਗ ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਚੱਲਾਂਗੇ। ਦ੍ਰਿੜ ਇਰਾਦੇ ਤੇ ਕਠਨ ਮਿਹਨਤ ਨਾਲ ਅਸੀਂ ਸੱਚਮੁੱਚ ਟੋਕੀਓ ਓਲੰਪਿਕਸ ਵਿਚ ਗਏ। ਐਸਾ ਕੁਝ ਵੀ ਨਹੀਂ ਹੈ, ਜੋ ਬੰਦਾ ਕਰ ਨਹੀਂ ਸਕਦਾ। ਹਿੰਮਤ ਤੇ ਮਿਹਨਤ ਨਾਲ ਸਭ ਕੁਝ ਕੀਤਾ ਜਾ ਸਕਦੈ। ਓਲੰਪੀਅਨ ਲਾਭ ਸਿੰਘ ਦੀ ਇਹ ਪੁਸਤਕ ਹਿੰਮਤੀ ਗੱਲਾਂ ਨਾਲ ਭਰੀ ਪਈ ਹੈ। ਮੈਂ ਚਾਹਾਂਗਾ ਉਹ ਫਾਈਨਲ ਛਾਲ ਲਾਉਣ ਵਾਂਗ ਫਾਈਨਲ ਪੁਸਤਕ 'ਸੰਦੌੜ ਤੋਂ ਸਿਆਟਲ' ਵੀ ਲਿਖੇ, ਜਿਸ ਨਾਲ ਪੰਜਾਬੀ ਖੇਡ ਸਾਹਿਤ ਵਿਚ ਹੋਰ ਵਾਧਾ ਹੋਵੇ।

# ਖੇਡਾਂ, ਖਿਡਾਰੀਆਂ ਤੇ ਪਹਿਲਵਾਨੀ ਦਾ ਚਮਕਦਾ ਸਿਤਾਰਾ ਪਿੰਡ ਮਾਹਿਲ ਗਹਿਲਾ

ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395



ਨੌਰਾ, ਭੌਰਾ, ਉਚਾ, ਝਿੱਕਾ, ਮੋਰਾਂਵਾਲੀ, ਕਜ਼ਲਾ, ਖਮਾਚੋਂ ਪਿੰਡਾਂ ਵਿਚਾਲੇ ਘਿਰੇ ਮਾਹਿਲ ਗਹਿਲਾ ਦਾ 'ਰਵਿੰਦਰ ਮੈਮੋਰੀਅਲ ਖੇਡ ਕੰਪਲੈਕਸ' ਪੂਰੇ ਇਲਾਕੇ 'ਚ ਜਾਣਿਆ ਜਾਂਦਾ। ਉਠਦੇ ਖਿਡਾਰੀਆਂ ਲਈ ਇਹ ਜਿਮਨੇਜ਼ੀਅਮ ਵੱਡਾ ਪਲੇਟ-ਫਾਰਮ ਹੈ। ਚੜ੍ਹਦੀ ਵਰੇਸ ਦੇ ਨੌਜਵਾਨਾਂ ਨੂੰ ਨਸ਼ਿਆਂ ਬਗੈਰਾ ਤੋਂ ਦੂਰ ਰੱਖਣ ਅਤੇ ਸਿਹਤ ਬਣਾਉਣ ਲਈ ਵੱਡਾ ਸਾਧਨ ਹੈ। ਪਿੰਡ ਦੇ ਪਰਵਾਸੀ ਵੀਰਾਂ, ਖਾਸਕਰ ਕੈਲੀਫੋਰਨੀਆ ਵਸਦੇ ਦਾਨੀਆਂ ਦਾ ਵੱਡਾ ਉਪਰਾਲਾ ਹੈ। ਖੇਡਾਂ ਦੇ ਸ਼ੌਕੀਨ ਦਾਨੀ ਸੱਜਣਾਂ ਦੀਆਂ ਸੇਵਾਵਾਂ ਸਦਕਾ ਇਹ ਕਲੱਬ ਸ਼ਾਨੋ-ਸ਼ੌਕਤ ਨਾਲ ਦਿਨੋ-ਦਿਨ ਅੱਗੇ ਵਧ ਰਿਹੈ।

ਇੰਗਲੈਂਡ ਵਸਦੇ ਸ. ਸੁਰਜੀਤ ਸਿੰਘ ਮਾਹਲ ਨੇ ਜ਼ਮੀਨ ਦਾਨ ਕਰਕੇ ਆਪਣੇ ਮਰਹੂਮ ਪੁੱਤਰ ਰਵਿੰਦਰ ਸਿੰਘ ਮਾਹਲ ਦੀ ਮਿੱਠੀ ਯਾਦ ਨੂੰ ਸਮਰਪਿਤ ਰਵਿੰਦਰ ਮੈਮੋਰੀਅਲ ਖੇਡ ਕੰਪਲੈਕਸ ਦੀ ਨੀਂਹ ਰੱਖੀ। ਮਾਹਿਲ ਗਹਿਲਾ ਦੇ ਦੁਨੀਆ ਦੇ ਕੋਨੇ ਕੋਨੇ 'ਚ ਵਸੇ ਦਾਨੀ ਪਰਿਵਾਰਾਂ, ਖਿਡਾਰੀ ਸੱਜਣਾਂ ਅਤੇ ਹੋਰ ਦਾਨੀ ਮਿੱਤਰਾਂ ਦਾ ਵੱਡਾ ਹੱਥ ਹੈ। ਆਲਮਗੀਰ ਅਖਾੜੇ ਦੇ ਕੈਲੀਫੋਰਨੀਆ ਰਹਿੰਦੇ ਪਹਿਲਵਾਨ ਧੰਨਾ ਸਿੰਘ ਦਾ ਪਿੰਡ ਤਾਂ ਭਾਵੇਂ ਖੰਨੇ ਕੋਲ ਮਹੌਣ ਹੈ ਪਰ ਮਾਹਿਲ ਗਹਿਲਾ ਖੇਡ ਕੰਪਲੈਕਸ ਵਿਚ ਤਨੋਂ, ਮਨੋਂ, ਧਨੋਂ ਹਿੱਸਾ ਪਾ ਰਿਹਾ ਹੈ ਤੇ ਹੋਰਨਾਂ ਨੂੰ ਵੀ ਉਤਸ਼ਾਹਤ ਕਰ ਰਿਹਾ ਹੈ। ਇੰਗਲੈਂਡ ਰਹਿੰਦੇ ਬਲਦੇਵ ਮਾਨ ਨੇ ਵੀ ਬੜੀ ਮਾਇਕ ਸਹਾਇਤਾ ਕੀਤੀ। ਅਫਸੋਸ, ਹੁਣ ਉਹ ਸਾਥੋਂ ਵਿਛੜ ਗਿਆ ਹੈ। ਕੰਪਲੈਕਸ 'ਤੇ ਲੱਖਾਂ ਰੁਪਏ ਲੱਗ ਚੁੱਕੇ ਹਨ ਤੇ ਲੱਖਾਂ ਹਾਲੇ ਹੋਰ ਲੱਗਣੇ ਨੇ। ਬਾਬੇ ਨਾਨਕ ਦੀ ਬੜੀ ਕ੍ਰਿਪਾ ਹੈ, ਪੈਸੇ ਦੀ ਕੋਈ ਘਾਟ ਨਹੀਂ ਆ ਰਹੀ। ਜਿੰਮ 'ਚ ਹਰ ਤਰ੍ਹਾਂ ਦੇ ਖਿਡਾਰੀ ਤਿਆਰ ਹੋ ਰਹੇ ਨੇ। ਕੁਸ਼ਤੀਆਂ ਵਾਲੇ ਗੱਦੇ ਹਨ। ਮਿੱਟੀ ਦਾ ਅਖਾੜਾ ਹੈ। ਫੁੱਟਬਾਲ, ਵਾਲੀਬਾਲ ਤੇ ਰੱਸਾਕਸ਼ੀ ਦੇ ਖਿਡਾਰੀ ਸਖਤ ਮਿਹਨਤ ਕਰ ਰਹੇ ਨੇ। ਛੋਟੀ ਉਮਰ ਦੇ ਵਧੀਆ ਪਹਿਲਵਾਨ ਤਿਆਰ ਹੋ ਰਹੇ ਨੇ। ਪਿੰਡ ਦੇ ਪੁਰਾਣੇ ਪਹਿਲਵਾਨ ਧੰਨਾ ਸਿੰਘ ਦੇ ਰਾਹਾਂ 'ਤੇ ਚੱਲ ਰਹੇ ਨੇ। ਜਲੰਧਰ ਦਾ ਕੁਸ਼ਤੀ ਕੋਚ ਜਗਦੀਸ਼ ਨਵੇਂ ਪਹਿਲਵਾਨਾਂ ਨੂੰ ਕੁਸ਼ਤੀ ਦੀ ਟਰੇਨਿੰਗ ਦੇ ਰਿਹਾ ਹੈ। ਪੱਕੀ ਰਿਹਾਇਸ਼ ਉਹਦੀ ਕੰਪਲੈਕਸ ਵਿਚ ਹੀ ਹੈ। ਟਰੱਸਟ ਵਲੋਂ ਉਸ ਨੂੰ ਹਰ ਮਹੀਨੇ ਪੱਕੀ ਤਨਖਾਹ ਦਿਤੀ ਜਾਂਦੀ ਹੈ ਪਰ ਉਹਦੇ ਸਾਰੇ ਨਿੱਜੀ ਖਰਚੇ ਚੁੱਕਣ ਦੀ ਸੇਵਾ ਸਰਬਜੀਤ ਮਾਹਿਲ ਨੇ ਸੰਭਾਲੀ ਹੋਈ ਹੈ।

ਫੁੱਟਬਾਲ ਖਿਡਾਰੀਆਂ, ਪਹਿਲਵਾਨਾਂ, ਅਥਲੀਟਾਂ, ਖੇਡ ਪ੍ਰੋਮੋਟਰਾਂ, ਪ੍ਰੈਸ ਰਿਪੋਰਟਰਾਂ, ਲਿਖਾਰੀਆਂ ਤੇ ਸ਼ਾਇਰਾਂ ਦਾ ਬਹੁਗੁਣਾਂ ਪਿੰਡ ਹੈ। 1967-68 'ਚ ਮਾਹਿਲ ਗਹਿਲਾ 'ਚ ਟੂਰਨਾਮੈਂਟਾਂ ਦੀ ਸ਼ੁਰੂਆਤ ਹੋਈ ਸੀ। ਪਿੰਡ ਦਾ ਪੁਰਾਣਾ ਫੁੱਟਬਾਲ ਖਿਡਾਰੀ ਦਰਸ਼ਨ ਸਿੰਘ ਮਾਹਲ ਸ਼ੁਰੂ ਤੋਂ ਲੈ ਕੇ ਅੱਜ ਤੱਕ ਪਿੰਡ ਦੀਆਂ ਖੇਡਾਂ ਨਾਲ ਜੁੜਿਆ ਹੋਇਆ ਹੈ। ਉਹ ਐਸ.ਐਨ. ਕਾਲਜ ਬੰਗਾ ਅਤੇ ਖਾਲਸਾ ਕਾਲਜ ਜਲੰਧਰ ਦਾ ਨਾਮਵਰ ਫੁੱਟਬਾਲ ਖਿਡਾਰੀ ਰਹਿ ਚੁੱਕਾ ਹੈ। 1971 'ਚ ਉਹ ਕੈਨੇਡਾ ਚਲੇ ਗਿਆ। ਕੈਨੇਡਾ ਰਹਿੰਦਾ ਵੀ ਪਿੰਡ ਪ੍ਰਤੀ ਹਮੇਸ਼ਾ ਫਿਕਰਮੰਦ ਰਿਹਾ। ਹੁਣ ਉਹ ਹਰ ਸਾਲ ਕੈਨੇਡਾ ਤੋਂ ਪਿੰਡ ਜਾ ਕੇ ਨੌਜਵਾਨਾਂ ਨੂੰ ਫੁੱਟਬਾਲ, ਕਬੱਡੀ ਤੇ ਹੋਰ ਖੇਡਾਂ ਲਈ ਉਤਸ਼ਾਹਤ ਕਰਦਾ ਹੈ। ਸਹਿਯੋਗੀ ਸੱਜਣਾਂ ਦੇ ਸਹਾਰੇ ਟੂਰਨਾਮੈਟਾਂ ਦੀ ਕਮਾਂਡ ਅੱਜ ਤੱਕ ਸਾਂਭੀ ਹੋਈ ਹੈ। ਇਸ ਸਾਲ 2021 ਦਾ ਟੂਰਨਾਮੈਂਟ ਮੁਲਤਵੀ ਕਰਨਾ ਪਿਆ, ਕਰੋਨਾ ਕਾਲ ਕਰਕੇ। ਉਹ ਪਿੰਡ ਦੇ ਤਕੜੇ ਖਿਡਾਰੀਆਂ 'ਚੋਂ ਸੀ। ਉਸ ਨਾਲ ਉਸ ਵੇਲੇ ਪਿੰਡ ਦੇ ਮੋਹਣੀ ਰੇਲਵੇ ਦਾ, ਰਾਜ ਪੰਡਿਤ ਦਿੱਲੀ ਪੁਲਿਸ, ਮਿੰਦੀ, ਚੂਹੜ ਸਿੰਘ, ਮੋਹਣੀ, ਬਾਗ ਵਾਲਿਆਂ ਦੇ ਤਰਲੋਕ ਸਿੰਘ ਮਾਹਲ ਤੇ ਸੰਤੋਖ ਸਿੰਘ ਮਾਹਲ (ਦੋਵੇਂ ਭਰਾ), ਦਰਸ਼ਨ ਸਿੰਘ ਦਾਸ਼ੀ ਤੇ ਬਲਦੇਵ ਸਿੰਘ ਭਲਵਾਨ ਹੁੰਦੇ ਸਨ। ਪਿੰਡ ਦੇ ਹੋਰ ਫੁੱਟਬਾਲ ਖਿਡਾਰੀਆਂ 'ਚ ਬੋਸ਼ੀ, ਤੇਲੂ, ਕਰਮਜੀਤ ਸਿੰਘ ਪਾਲ ਕੈਨੇਡਾ, ਅਵਤਾਰ ਚੰਦ, ਵੱਡਾ ਮੱਖਣ, ਛੋਟਾ ਮੱਖਣ, ਬਹਾਦੁਰ ਸਿੰਘ ਕੇਬੀ (ਫੁੱਟਬਾਲ ਖਿਡਾਰੀ ਤੇ ਰੇਸਰ) ਪਿੰਡ ਦੇ ਖਿਡਾਰੀ ਹੁੰਦੇ ਸਨ।

ਮਾਹਿਲ ਗਹਿਲਾ ਨੂੰ ਕਦੇ ਧੰਨੇ ਦੀਆਂ ਮਾਹਲਾਂ ਵੀ ਕਿਹਾ ਜਾਂਦਾ ਸੀ। ਪੁਰਾਣੇ ਬਜ਼ੁਰਗ ਇਸ ਨੂੰ ਗਹਿਲੇ ਦੀਆਂ ਮਾਹਲਾਂ ਕਰਕੇ ਵੀ ਜਾਣਦੇ ਸਨ ਪਰ ਹੁਣ ਮਾਹਿਲ ਗਹਿਲਾ ਕਰਕੇ ਇਲਾਕੇ ਭਰ ਵਿਚ ਮਸ਼ਹੂਰ ਹੈ। ਪਹਿਲਵਾਨ ਧੰਨਾ ਆਪਣੇ ਸਮੇਂ ਦਾ ਵੱਡਾ ਮੱਲ ਹੋਇਆ ਹੈ। ਉਹ ਸ਼ੰਕਰੀਏ ਗੁਰਦਾਵਰ ਦੇ ਜੋੜ ਦਾ ਪਹਿਲਵਾਨ ਸੀ। ਉਮਰ ਪੱਖੋਂ ਧੰਨਾ ਗੁਰਦਾਵਰ ਨਾਲੋਂ ਕਈ ਸਾਲ ਵੱਡਾ ਸੀ ਪਰ ਧੰਨਾ ਗੁਰਦਾਵਰ ਦੇ ਬਰਾਬਰ ਘੁਲ ਜਾਂਦਾ ਸੀ। ਗੁਰਦਾਵਰ ਕਹਿਣ ਹੁੰਦਾ ਸੀ- "ਜੱਟ ਦੀਆਂ ਬਾਹਾਂ 'ਚ ਬੜਾ ਜ਼ੋਰ ਐ।" ਉਹ ਪਾਕਿਸਤਾਨ ਘੁਲਣ ਜਾਂਦੇ ਰਹੇ। ਪਾਕਿਸਤਾਨੀ ਪਹਿਲਵਾਨਾਂ 'ਚ ਉਹਨਾਂ ਦੀ ਬੜੀ ਦਹਿਸ਼ਤ ਹੁੰਦੀ। ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ ਦੇ ਪਹਿਲਵਾਨ ਪੁੱਤਰ ਕਸ਼ਮੀਰਾ ਸਿੰਘ ਦੇ ਦੱਸਣ ਅਨੁਸਾਰ ਉਹਨੇ ਛੋਟੇ ਹੁੰਦੇ ਧੰਨੇ ਪਹਿਲਵਾਨ ਨੂੰ ਉਹਨਾਂ ਦੇ ਪਿੰਡ ਰਾਏਪੁਰ ਡੱਬੇ ਘੋੜੀ 'ਤੇ ਘੁੰਮਦਾ ਦੇਖਿਆ। ਪਿੰਡ ਵਾਸੀਆਂ ਹੁਣ ਉਸ ਦੀ ਨਿੱਘੀ ਯਾਦ ਵਿਚ ਮਾਹਿਲ ਗਹਿਲਾ ਵਿਚ ਵੱਡਾ ਗੇਟ ਬਣਾਇਆ ਹੋਇਆ ਹੈ। ਕੈਨੇਡਾ ਰਹਿੰਦਾ ਬਲਦੇਵ ਸਿੰਘ ਅਤੇ ਬੱਲੀ ਚੰਗੇ ਪਹਿਲਵਾਨਾਂ 'ਚ ਰਹੇ।



ਮਾਧੋ ਸਿੰਘ ਮਾਹਿਲ | ਡਾ. ਮਹਿੰਦਰ ਸਿੰਘ ਮਾਹਿਲ (ਯੂ.ਕੇ.) | ਬਲਦੇਵ ਸਿੰਘ ਮਾਨ (ਯੂ.ਕੇ.) | ਸੁਰਜੀਤ ਸਿੰਘ ਮਾਹਿਲ (ਯੂ.ਕੇ.) | ਦਰਸ਼ਨ ਸਿੰਘ ਮਾਹਿਲ (ਕੈਨੇਡਾ)

ਮਾਹਿਲ ਗਹਿਲਾ ਦਾ ਹਾਈ ਸਕੂਲ ਇਲਾਕੇ ਭਰ 'ਚ ਕਦੇ ਇਕੋ-ਇਕ ਪ੍ਰਾਈਵੇਟ ਸਕੂਲ ਹੁੰਦਾ ਸੀ ਜਿਥੇ ਦੂਰੋਂ-ਦੂਰੋਂ ਤੁਰ ਕੇ ਵਿਦਿਆਰਥੀ ਪੜ੍ਹਨ ਆਉਂਦੇ। ਹੁਣ ਤਾਂ ਪਿੰਡ-ਪਿੰਡ ਸਕੂਲ ਖੁੱਲ੍ਹ ਗਏ ਹਨ। 1947-48 ਦੇ ਲਗਭਗ ਮੇਰੇ ਪਿੰਡ ਜੱਬੋਵਾਲ ਦੇ ਵਿਦਿਆਰਥੀ ਕੱਚੇ ਰਾਹਾਂ ਵਿਚੀਂ ਤੁਰ ਕੇ ਪੜ੍ਹਨ ਜਾਂਦੇ ਫਿਰ ਨਹਿਰ ਬਣੀ ਅਤੇ ਨਹਿਰੇ-ਨਹਿਰ ਤੁਰ ਕੇ ਜਾਂਦੇ ਰਹੇ। ਡਾ. ਗੁਰਦੇਵ ਰਾਮ ਤੇ ਗੁਰਦਿਆਲ ਸਿੰਘ ਪੰਜਾਬ ਸਿਲੈਕਟਿਡ ਫੁੱਟਬਾਲ ਖਿਡਾਰੀ ਇਸੇ ਹਾਈ ਸਕੂਲ ਦੇ ਵਿਦਿਆਰਥੀ ਸਨ। ਮੇਰਾ ਵੱਡਾ ਭਾਈ ਗਿਆਨ ਸਿੰਘ ਵੀ ਇਥੋਂ ਪੜ੍ਹਿਆ ਤੇ ਫੁੱਟਬਾਲ ਖੇਡਿਆ। ਪ੍ਰਾਈਵੇਟ ਸਕੂਲ ਸਮੇਂ ਪਹਿਲਾਂ ਇਥੇ ਸ੍ਰੀ ਮਿੰਦੀ ਦਾਸ ਜੀ ਹੈੱਡਮਾਸਟਰ ਹੁੰਦੇ ਸਨ ਤੇ ਨੌਰੇ ਵਾਲੇ ਸ੍ਰੀ ਧਨਪਤ ਰਾਏ ਜੀ ਸੈਕਿੰਡ ਹੈਡਮਾਸਟਰ। ਫਿਰ ਧਨਪਤ ਰਾਏ ਸਾਹਿਬ ਜੀ ਹੈਡਮਾਸਟਰ ਬਣੇ।

1974-75 ਵਿਚ ਮੈਂ ਵੀ (ਲੇਖਕ) ਇਸੇ ਹਾਈ ਸਕੂਲ ਤੋਂ ਨੌਵੀਂ, ਦਸਵੀਂ ਦੀ ਪੜ੍ਹਾਈ ਕੀਤੀ। 1975 ਵਿਚ ਵਿਦਿਆ ਮੰਤਰੀ ਚੌਧਰੀ ਗੁਰਦੇਵ ਸਿੰਘ ਸਕਰੁਲੀ ਨੇ ਸਰਕਾਰੀ ਸਕੂਲ ਦਾ ਦਰਜਾ ਦਵਾਇਆ। ਸ੍ਰੀ ਰਾਮ ਗੋਪਾਲ ਜੀ ਉਸ ਵੇਲੇ ਜ਼ਿਲ੍ਹਾ ਡੀ.ਸੀ. ਸਨ। ਮਾਹਿਲ ਗਹਿਲਾ ਉਦੋਂ ਜ਼ਿਲ੍ਹਾ ਜਲੰਧਰ ਵਿਚ ਆਉਂਦਾ ਸੀ। ਨਵਾਂ ਸ਼ਹਿਰ ਜ਼ਿਲ੍ਹਾ ਅਜੇ ਨਹੀਂ ਸੀ। ਸਕੂਲ ਸਟਾਫ ਵਿਚ ਉਸ ਵੇਲੇ ਹੈੱਡਮਾਸਟਰ ਗੁਰਦਿਆਲ ਸਿੰਘ ਮਾਹਲ, ਮਾਸਟਰ ਮੋਹਣ ਸਿੰਘ ਰਾਏਪੁਰ ਡੱਬਾ, ਸ. ਤਰਸੇਮ ਸਿੰਘ ਨੌਰਾ, ਪੰਡਿਤ ਲੇਖ ਰਾਜ ਜੀ, ਜ਼ੋਰਾਵਰ ਸਿੰਘ ਕਰਨਾਣਾ, ਸ. ਜਸਵੰਤ ਸਿੰਘ ਉਚਾ ਲਧਾਣਾ , ਸ. ਸ਼ਮਸ਼ੇਰ ਸਿੰਘ, ਸ. ਗਿਆਨ ਸਿੰਘ, ਮੰਗਤ ਰਾਮ, ਕੇਦਾਰ ਨਾਥ ਅਤੇ ਭੌਰੇ ਵਾਲਾ ਪੀ.ਟੀ. ਮਾਸਟਰ ਕਰਨੈਲ ਸਿੰਘ ਸੀ ਜਿਸ ਨੂੰ 'ਚੁੱਘੂ' ਕਰਕੇ ਵੱਧ ਜਾਣਦੇ ਸਨ। ਪੀ.ਟੀ. ਭਾਵੇਂ ਚੁੱਘੂ ਸੀ ਪਰ ਸਕੂਲ ਦੀ ਫੁੱਟਬਾਲ ਟੀਮ ਤਿਆਰ ਕਰਨ ਦੀ ਸਾਰੀ ਜ਼ਿੰਮੇਵਾਰੀ ਸ. ਤਰਸੇਮ ਸਿੰਘ ਨੌਰਾ ਦੀ ਹੁੰਦੀ। ਸ. ਤਰਸੇਮ ਸਿੰਘ ਮਿਹਨਤੀ ਹੋਣ ਕਰਕੇ ਸਕੂਲ ਦੇ ਖਿਡਾਰੀਆਂ ਨਾਲ ਖੁਦ ਨਿੱਕਰ-ਬੁਨੈਣ ਪਾ ਕੇ ਗਰਾਊਂਡ ਵਿਚ ਜਾ ਵੜਦਾ। ਸਕੂਲਾਂ ਦੇ ਸਾਲਾਨਾ ਖੇਡ ਮੁਕਾਬਲਿਆਂ 'ਚ ਮਾਹਿਲ ਗਹਿਲਾ ਟੀਮ ਦੀ ਪੂਰੀ ਚੜ੍ਹਤ ਹੁੰਦੀ। ਦੂਜੇ ਸਕੂਲਾਂ ਵਾਲੇ ਮਾਹਿਲ-ਗੈਹਲਾ ਤੋਂ ਭੈਅ ਖਾਂਦੇ। ਮੈਚ ਕਦੇ ਜਲੰਧਰ ਕਦੇ ਚੌ-ਨਗਰੇ ਅਤੇ ਕਦੇ ਐਸ.ਐਨ. ਕਾਲਜ ਬੰਗਾ ਦੀ ਗਰਾਊਂਡ ਵਿਚ ਹੁੰਦੇ। ਐਸ.ਐਨ. ਕਾਲਜ ਬੰਗਾ ਤੇ ਖਾਲਸਾ ਹਾਈ ਸਕੂਲ ਦੀ ਸਾਂਝੀ ਗਰਾਊਂਡ ਸੀ। ਖਿਡਾਰੀਆਂ ਵਿਚ ਮੋਰਾਂਵਾਲੀ ਦਾ ਸੋਹਣ, ਪਾਲੀ ਭੌਰਾ, ਸੱਤਾ ਨੌਰਾ, ਸੱਬੀ ਮੋਰਾਂਵਾਲੀ, ਸ਼ਿੰਦਰ ਮਾਹਲ, ਗੇਲਾ ਸੂਰਾਪੁਰ, ਵੀਰ੍ਹਾ ਨੌਰਾ, ਪੱਲੀਆਂ ਵਾਲਾ ਪਿੰਦਾ, ਡਾ. ਰਾਕੇਸ਼ ਕੌਸ਼ਲ ਪੱਪੂ, ਜਗਵਿੰਦਰ ਕਾਲਾ, ਜੋਗਾ ਸਿੰਘ ਭੌਰ, ਦਰਸ਼ਨ ਨੌਰਾ। ਪਾਲੀ ਤੇ ਸੱਤੇ ਦਾ ਬੜਾ ਤਾਲਮੇਲ ਸੀ। ਸੱਤੇ ਨੇ ਬਾਲ ਦਿਤਾ ਨੀ ਤੇ ਪਾਲੀ ਨੇ ਗੋਲ ਨੀ। ਪਾਲੀ ਇਲਾਕੇ ਭਰ ਦੇ ਤਕੜੇ ਖਿਡਾਰੀਆਂ 'ਚੋਂ ਇਕ ਸੀ। 1990-91 'ਚ ਉਹ ਸਾਥੋਂ ਵਿਛੜ ਗਿਆ ਸੀ। ਉਹ ਨਿਊ ਯਾਰਕ ਰਹਿੰਦਾ ਸੀ। ਨਿਊ ਯਾਰਕ ਰਹਿੰਦਾ ਮੈਂ ਵੀ ਕਦੇ-ਕਦਾਈਂ ਜਾ ਕੇ ਮਿਲ ਲੈਂਦਾ ਸਾਂ।



ਰਵਿੰਦਰ ਸਿੰਘ ਮਾਹਿਲ ਮੈਮੋਰੀਅਲ ਜਿੰਮ ਅਤੇ ਪਾਰਕ ਹੈਲਥ ਕਲੱਬ, ਪਿੰਡ ਮਾਹਿਲ ਗਹਿਲਾ

ਮਾਹਿਲ ਗਹਿਲਾ ਸਕੂਲ ਦੀ ਦਸਵੀਂ ਦੀ ਪੜ੍ਹਾਈ ਖਤਮ ਕਰਦੇ ਹੀ ਉਚੇਰੀ ਵਿਦਿਆ ਲਈ ਅਸੀਂ ਸਾਰੇ ਐਸ.ਐਨ. ਕਾਲਜ ਬੰਗਾ ਜਾ ਦਾਖਲ ਹੋਏ। ਸ਼ਿੰਦਰ ਮਾਹਲ, ਜਗਵਿੰਦਰ ਸਿੰਘ ਕਾਲਾ, ਜੋਗਾ ਸਿੰਘ ਭੌਰ, ਰਘਵੀਰ ਸਿੰਘ, ਸ਼ਿਵਰਾਜ ਸਿੰਘ, ਸਰਬਜੀਤ ਸਿੰਘ, ਮੱਖਣ ਸਿੰਘ, ਰਛਪਾਲ ਸਿੰਘ ਪਾਲੀ, ਸਤਨਾਮ ਸਿੰਘ ਸੱਤਾ, ਨਿਰਮਲ ਸਿੰਘ ਗੜਿੰਦੀ ਭੌਰਾ ਸਾਰੇ ਦਾ ਸਾਰਾ ਗਰੁੱਪ ਉਥੇ ਚਲਾ ਗਿਆ। ਕਾਲਜ ਜਾ ਕੇ ਮਾਹਿਲ ਗਹਿਲਾ ਦੇ ਸੰਗ ਸਾਥੀਆਂ ਘੁੰਮਦਾ ਫਿਰਦਾ ਕਰਕੇ ਸਾਰੇ ਮੈਨੂੰ ਮਾਹਿਲ ਗਹਿਲਾ ਦਾ ਸਮਝਦੇ। ਫਿਰ ਹੌਲੀ-ਹੌਲੀ ਸਾਰੇ ਵਾਕਫ ਹੋ ਗਏ ਤੇ ਮੇਰੇ ਪਿੰਡ ਜੱਬੋਵਾਲ ਦਾ ਪਤਾ ਲੱਗਾ। ਸ਼ਿੰਦਰ ਮਾਹਲ ਦੀ ਖਾਸੀਅਤ ਸੀ, ਉਸ ਵਿਚ ਬੜੇ ਗੁਣ ਸਨ। ਸ਼ਰਾਰਤਾਂ, ਭੰਗੜਾ, ਫੁੱਟਬਾਲ, ਹੈਮਰ-ਥਰੋ, ਗਾਉਣਾ। ਬੰਗਾ ਕਾਲਜ ਦੀ ਬੀ.ਏ. ਦੀ ਪੜ੍ਹਾਈ ਤੋਂ ਬਾਅਦ ਐਮ.ਏ. ਦੀ ਪੜ੍ਹਾਈ ਲਈ ਉਹ ਖਾਲਸਾ ਕਾਲਜ ਜਲੰਧਰ ਜਾ ਦਾਖਲ ਹੋਇਆ ਜਿਥੇ ਪੜ੍ਹਾਈ, ਸਭਿਆਚਾਰਕ ਪ੍ਰੋਗਰਾਮਾਂ ਤੇ ਖੇਡਾਂ ਵਿਚ 'ਮਾਹਲ-ਮਾਹਲ' ਕਰਾਈ। ਹੁਣ ਉਹ ਇੰਗਲੈਂਡ ਦੇ ਸ਼ਹਿਰ ਲੈਸਟਰ ਰਹਿ ਰਿਹਾ ਹੈ। ਪਹਿਲਾ ਉਹ ਰਾਜ ਰੇਡੀਓ ਵਿਚ ਕੰਮ ਕਰਦਾ ਸੀ, ਹੁਣ ਸਿੱਖ ਟੀ.ਵੀ. ਚੈਨਲ 'ਤੇ ਪ੍ਰੋਗਰਾਮ ਵਿਚ ਖਿਡਾਰੀਆਂ, ਪਹਿਲਵਾਨਾਂ, ਗੀਤਕਾਰਾਂ, ਗਾਇਕਾਂ, ਸਿਆਸੀ ਤੇ ਧਾਰਮਿਕ ਲੋਕਾਂ ਦੀ ਇੰਟਰਵਿਊ ਬਗੈਰਾ ਕਰਦਾ ਹੈ।

ਮਾਹਿਲ ਗਹਿਲਾ ਦੇ ਮੁੱਖ ਅਧਿਆਪਕਾਂ ਤੇ ਅਧਿਆਪਕਾਂ ਵਿਚ ਗੁਰਦਿਆਲ ਸਿੰਘ ਮਾਹਲ, ਹੈੱਡਮਾਸਟਰ ਅਨਵਰ ਸ਼ੇਖ, ਪ੍ਰੋ. ਨਿਸ਼ਾਨ ਸਿੰਘ, ਸ. ਰਘਵੀਰ ਸਿੰਘ, ਸ. ਅਵਤਾਰ ਸਿੰਘ (ਸਰਬਣ ਸਿੰਘ), ਸ. ਜਸਵੀਰ ਸਿੰਘ (ਤਿੰਨੇ ਭਰਾ), ਸ੍ਰੀ ਸੁਰੇਸ਼ ਕੁਮਾਰ, ਸ. ਅਜੀਤ ਸਿੰਘ ਮਾਂਡਿਆਂ ਦੇ, ਸ੍ਰੀ ਮੰਗਤ ਰਾਮ, ਸ. ਰਾਜਿੰਦਰ ਸਿੰਘ, ਸ. ਹਰਜੀਤ ਸਿੰਘ ਤੇ ਸ. ਅਮਰਜੀਤ ਸਿੰਘ (ਤਿੰਨੇ ਭਰਾ ਸਕੇ ਭਰਾ, ਅਫਸੋਸ ਰਾਜਿੰਦਰ ਤੇ ਅਮਰਜੀਤ ਸਾਥੋਂ ਵਿਛੜ ਗਏ ਸਨ), ਸੁਰਜੀਤ ਰਾਮ ਤੇ ਉਹਦਾ ਭਰਾ ਕੇਬੀ। ਪਿੰਡ ਦੀਆਂ ਮੈਡਮ ਟੀਚਰਾਂ ਸੁਰਜੀਤ ਕੌਰ ਮਿਸਿਜ਼ ਸ. ਰਘਵੀਰ ਸਿੰਘ, ਰਛਪਾਲ ਕੌਰ ਮਿਸਿਜ਼ ਸ. ਸਰਬਣ ਸਿੰਘ ਤੇ ਸਰਬਜੀਤ ਕੌਰ ਮਿਸਿਜ਼ ਸ. ਜਸਵੀਰ ਸਿੰਘ ਤੇ ਗੁਰਦੀਪ ਕੌਰ ਮਿਸਿਜ਼ ਸ. ਨਿਸ਼ਾਨ ਸਿੰਘ।

ਆਪਣੇ ਸਮੇਂ ਦੇ ਧੱਕੜ ਸਰਪੰਚ ਮਾਧੋ ਸਿੰਘ ਨੇ ਪਿੰਡ ਲਈ ਬੜਾ ਕੁਝ ਕੀਤਾ ਹੈ। ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲੇ ਸ. ਮਾਧੋ ਸਿੰਘ ਨੇ ਆਪਣੇ ਅਸਰ-ਰਸੂਖ ਸਦਕਾ ਮੰਤਰੀਆਂ ਤੇ ਹੋਰ ਸਿਆਸੀ ਲੋਕਾਂ ਦੇ ਸਹਿਯੋਗ ਨਾਲ ਪਿੰਡ ਵਿਚ ਕੋਆਪਰੇਟਿਵ ਸੁਸਾਇਟੀ ਦੀ ਸਥਾਪਨਾ ਕੀਤੀ। ਜਿਥੋਂ ਰੋਜ਼ਾਨਾ ਵਰਤੋਂ ਦੀਆਂ ਘਰੇਲੂ ਵਸਤਾਂ ਕੱਪੜਾ, ਕਰਿਆਨਾ, ਖਾਦ, ਪੈਸਾ, ਸ਼ਹਿਰਾਂ ਵਾਂਗ ਸਭ ਸਹੂਲਤਾਂ ਹਨ। ਪਿੰਡ ਦੇ ਵਿਕਾਸ ਪ੍ਰਤੀ ਉਹ ਬੜਾ ਇਮਾਨਦਾਰ ਸੀ। ਰਾਜਦੂਤ ਮੋਟਰਸਾਇਕਲ 'ਤੇ ਘੁੰਮਣ ਵਾਲਾ ਵੱਖਰੀ ਰੋਹਬਦਾਰ ਸ਼ਖਸੀਅਤ ਦਾ ਮਾਲਕ ਸੀ। ਇਹ 1974-75 ਦੀ ਗੱਲ ਹੈ।

ਪਿੰਡ ਦੇ ਦਾਨੀ ਸੱਜਣਾਂ ਡਾ. ਮਹਿੰਦਰ ਸਿੰਘ ਗੋਗੀ ਵਲੋਂ ਪਿੰਡ ਦੇ ਹਾਈ ਸਕੂਲ ਦੀ ਇਮਾਰਤ ਲਈ ਮਾਇਆ ਦਾ ਵੱਡਾ ਯੋਗਦਾਨ ਹੈ। ਪਿੰਡ ਵੱਡਾ ਹੋਣ ਕਰਕੇ ਮਾਹਿਲ ਗਹਿਲਾ ਨੇ ਛੋਟੇ ਕਸਬੇ ਰੂਪ ਧਾਰਨ ਕੀਤਾ ਹੋਇਆ ਹੈ। ਇਥੇ ਹਰ ਸਾਲ ਛਿੰਝ ਪੈਂਦੀ ਹੈ ਤੇ ਦਸਹਿਰਾ ਵੀ ਲੱਗਦਾ ਹੈ। ਲੋਕਾਂ ਦੀ ਸਹੂਲਤ ਲਈ ਪੋਸਟ ਆਫਿਸ ਹੈ। ਸਿਹਤ ਸੇਵਾਵਾਂ ਲਈ ਪਿੰਡ 'ਚ ਕਈ ਮੈਡੀਕਲ ਸਟੋਰ ਤੇ ਕਈ ਡਾਕਟਰਾਂ ਦੀਆਂ ਦੁਕਾਨਾਂ ਮੌਜੂਦ ਨੇ। ਡਾ. ਰਛਪਾਲ ਸਿੰਘ ਵੀ ਪ੍ਰੈਕਟਿਸ ਕਰ ਰਿਹਾ ਹੈ। ਆਪਣੇ ਸਮੇਂ ਸਕੂਲਾਂ, ਕਾਲਜਾਂ 'ਚ ਪੜ੍ਹਦਾ ਉਹ ਵੀ ਦੌੜਾਂ ਲਾਉਂਦਾ ਰਿਹਾ ਹੈ।

ਪਿੰਡ ਦੀ ਕੋਆਪਰੇਟਿਵ ਸੁਸਾਇਟੀ ਤੋਂ ਬਾਅਦ ਦੂਜੇ ਨੰਬਰ 'ਤੇ ਪਿੰਡ 'ਚ ਬਿੱਟੂ ਭੱਟੀ ਦੀ ਦੁਕਾਨ ਹੈ ਜਿਥੇ ਹਰ ਤਰ੍ਹਾਂ ਦੀ ਘਰੇਲੂ ਚੀਜ਼ਾਂ ਉਪਲਬਧ ਹੈ। ਦੁਕਾਨਦਾਰੀ ਦੇ ਨਾਲ-ਨਾਲ ਉਹ ਪੱਤਰਕਾਰੀ, ਗਾਇਕਾਂ, ਗੀਤਕਾਰਾਂ ਬਾਰੇ ਬਾਖੂਬ ਲਿਖਦਾ ਹੈ। ਗੀਤਕਾਰਾਂ, ਕਲਾਕਾਰਾਂ ਤੇ ਸੰਗੀਤ ਨਾਲ ਜੁੜੀਆਂ ਹੋਰ ਹਸਤੀਆਂ ਨੇ ਉਹਨੂੰ ਮਾਣ ਬਖਸ਼ਿਆ ਅਤੇ 'ਸੁਰਤਾਲ ਆਵਾਜ਼ ਵੈਲਫੇਅਰ ਕਮੇਟੀ' ਜ਼ਿਲ੍ਹਾ ਨਵਾਂ ਸ਼ਹਿਰ ਦਾ ਪ੍ਰਧਾਨਗੀ ਅਹੁਦਾ ਥਾਪਿਆ ਹੈ। ਮਹਿਮਾਨਨਿਵਾਜ਼ੀ ਵਿਚ ਵੀ ਉਹਦੀ ਕੋਈ ਰੀਸ ਨਹੀਂ। ਟੋਰਾਂਟੋ ਰਹਿੰਦਾ ਇਕਬਾਲ ਮਾਹਲ ਨੇ ਗੀਤਕਾਰਾਂ ਤੇ ਕਲਾਕਾਰਾਂ ਨੂੰ ਕੈਨੇਡਾ ਸੱਦ ਕੇ ਸ਼ੋਅ ਕਰਵਾਏ। ਕਲਮ ਚਲਾਉਣ ਦੇ ਸ਼ੌਕੀਨ ਮਾਹਲ ਨੇ ਗੀਤਕਾਰਾਂ-ਕਲਾਕਾਰਾਂ ਬਾਰੇ ਕਿਤਾਬ ਵੀ ਛਪਾਈ ਸੀ। ਉਹ ਟੋਰਾਂਟੋ, ਪਾਕਿਸਤਾਨ ਅਤੇ ਹੋਰ ਹਿੱਸਿਆਂ ਦੇ ਮੁਸ਼ਾਇਰਿਆਂ 'ਚ ਹਿੱਸਾ ਲੈਂਦਾ ਰਹਿੰਦਾ ਹੈ। ਹੈੱਡਮਾਸਟਰ ਅਨਵਰ ਸ਼ੇਖ ਦਾ ਬੇਟਾ ਬਲਰਾਜ ਸ਼ੇਖ ਗਾਉਣ ਦਾ ਝੱਸ ਪੂਰਾ ਕਰ ਲੈਂਦਾ। 1993-94 ਵਿਚ ਉਹਨੇ ਦੋ ਕੈਸਿਟਾਂ ਵੀ ਰਿਕਾਰਡ ਕਰਵਾਈਆਂ ਸਨ। ਪਹਿਲੀ- 'ਦਿਲ ਸਾਡਾ ਲੈ ਗਈ ਲੁੱਟ ਕੇ' ਤੇ ਦੂਜੀ 'ਗੋਰੀਆਂ ਨੇ ਦਿਲ ਫੜ ਲਏ'। ਮਾਹਿਲ ਗਹਿਲਾ ਹਾਈ ਸਕੂਲ ਦਾ ਉਹ ਸਾਡਾ ਸਾਥੀ ਹੈ ਤੇ ਇਸ ਵਕਤ ਪਰਿਵਾਰ ਸਮੇਤ ਫਗਵਾੜਾ ਰਹਿੰਦਾ ਹੋਇਆ ਵਾਟਰ ਸਪਲਾਈ ਮਹਿਕਮੇ ਵਿਚ ਨੌਕਰੀ ਕਰ ਰਿਹਾ ਹੈ। ਉਹਦਾ ਛੋਟਾ ਭਾਈ ਅਕਬਰ ਸ਼ੇਖ ਵਧੀਆ ਪੇਂਟਰ ਸੀ। ਮਾਹਲ-ਗਹਿਲਾ ਦੇ ਹਾਈ ਸਕੂਲ ਦਾ ਸਾਡਾ ਸਾਥੀ ਜਸਵਿੰਦਰ ਸਿੰਘ ਵੀ ਨਿਊ ਯਾਰਕ ਰਹਿ ਰਿਹਾ ਹੈ।

ਮਾਹਿਲ ਗਹਿਲਾ ਦੇ ਹਾਈ ਸਕੂਲ ਨੇ ਸਮੇਂ-ਸਮੇਂ 'ਤੇ ਵਧੀਆ ਖਿਡਾਰੀ ਦਿੱਤੇ। 1985 ਦਾ ਦਹਾਕਾ ਹਾਈ ਸਕੂਲ ਦੇ ਖਿਡਾਰੀਆਂ ਵਾਸਤੇ ਸੁਨਿਹਰੀ ਮੌਕਾ ਸੀ। ਜਿਥੋਂ ਉਸ ਵੇਲੇ ਪੀ.ਟੀ. ਸਰਬਜੀਤ ਸਿੰਘ ਸਰਬਾ ਮੰਗੂਵਾਲ ਨੇ ਮਿਹਨਤ ਕਰਾ ਕੇ ਤਕੜੇ ਫੁੱਟਬਾਲ ਖਿਡਾਰੀ ਤਿਆਰ ਕੀਤੇ। ਛੇ ਫੁੱਟਬਾਲ ਖਿਡਾਰੀ ਸਟੇਟ ਵਾਸਤੇ ਚੁਣੇ ਗਏ ਸਨ। ਨੈਸ਼ਨਲ ਲੈਵਲ ਦੇ ਜੁਗਵਿੰਦਰ ਸਿੰਘ ਸ਼ੇਰੀ ਕੈਨੇਡਾ (ਪ੍ਰੋ. ਨਿਸ਼ਾਨ ਸਿੰਘ ਦਾ ਪੁੱਤਰ), ਰਘਵੀਰ ਸਿੰਘ ਕਾਲਾ, ਤਜਿੰਦਰ ਸਿੰਘ ਕਿੰਦਾ, ਜਸਵਿੰਦਰ ਬਿੰਦਾ, ਸਤਵਿੰਦਰ ਪਾਲਾ ਨੌਰਾ, ਤਰਸੇਮ ਨੌਰਾ (ਨੌਂ ਸਾਲ ਜੇ.ਸੀ.ਟੀ. ਖਿਡਾਰੀ), ਸੁਰਿੰਦਰ ਪਾਲ ਪੱਪੀ (ਜੇ.ਸੀ.ਟੀ. ਪਲੇਅਰ), ਸੰਦੀਪ ਲਾਲ (ਜੇ.ਸੀ.ਟੀ.), ਮਿੰਟਾਂ (ਜੇ.ਸੀ.ਟੀ.), ਬੂਟਾ ਲਾਲ ਯੂ.ਕੇ., ਸੁਰਜੀਤ ਰਾਮ (ਸਾਬਕਾ ਸਰਪੰਚ ਮਾਹਿਲ ਗਹਿਲਾ), ਮਨੋਜ ਭਾਸਕਰ ਮੰਨੂ (ਯੂ.ਕੇ.) ਅਤੇ ਰਮਣੀਕ ਸ਼ਰਮਾ ਰੰਮੀ ਖਿਡਾਰੀ ਦਿਤੇ।

ਅਗਰ ਮਾਹਿਲ ਗਹਿਲਾ ਫੁੱਟਬਾਲ ਕਰਕੇ ਮਸ਼ਹੂਰ ਹੈ ਤਾਂ ਕਬੱਡੀ ਵਿਚ ਵੀ ਕੈਲੀਫੋਰਨੀਆ ਰਹਿੰਦੇ ਮਾਹਲ ਭਰਾਵਾਂ- ਸਰਬਜੀਤ ਤੇ ਜਸਵੀਰ ਨੇ ਧੰਨ-ਧੰਨ ਕਰਾਈ। ਕੈਲੀਫੋਰਨੀਆ ਅਤੇ ਹੋਰ ਸ਼ਹਿਰਾਂ ਵਿਚ ਆਪਣੇ ਨਾਂ ਦੀ ਪਛਾਣ ਬਣਾਈ। ਦੋਵਾਂ ਭਰਾਵਾਂ ਨੇ ਪਹਿਲਵਾਨ ਧੰਨਾ ਸਿੰਘ ਦੀ ਦੇਖ-ਰੇਖ ਹੇਠ ਕਈ ਸਾਲ ਪਹਿਲਵਾਨੀ ਦੇ ਨਾਲ-ਨਾਲ ਤਕੜੀ ਕਬੱਡੀ ਖੇਡੀ। ਸਰਬਜੀਤ ਦੇ ਪੁੱਤਰ ਰਾਜਵਿੰਦਰ ਸਿੰਘ ਰਵੀ ਮਾਹਲ ਤੇ ਗੈਰੀ ਮਾਹਲ ਫੁੱਟਬਾਲ ਦੇ ਨਾਮਵਰ ਖਿਡਾਰੀ ਰਹੇ। ਦੋਵੇਂ ਪੁੱਤਰ ਦੋ ਸਾਲ 'ਨੇਸ਼ਨ ਕੱਪ' ਖੇਡਣ ਕੈਨੇਡਾ ਜਾਂਦੇ ਰਹੇ। ਰਵੀ ਮਾਹਲ ਤਾਂ ਸਾਰੇ ਕੈਨੇਡਾ 'ਚ ਖੇਡ ਆਇਆ ਹੈ। ਮਾਹਿਲ ਗਹਿਲਾ ਦੀਆਂ ਤਰੱਕੀਆਂ ਤੋਂ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ, ਉਹ ਦਿਨ ਦੂਰ ਨਹੀਂ ਜਦੋਂ ਇਥੇ ਸਕੂਟਰਾਂ, ਗੱਡੀਆਂ ਦੀਆਂ ਏਜੰਸੀਆਂ, ਵੱਡੇ-ਵੱਡੇ ਸ਼ੋਅਰੂਮ ਖੁੱਲ੍ਹਣਗੇ। ਮਾਹਿਲ ਗਹਿਲਾ ਦਿਨੋ-ਦਿਨ ਬੰਗਾ ਸ਼ਹਿਰ ਦੇ ਪੰਜੇ 'ਚ ਜਾ ਰਿਹਾ ਹੈ। ਰਵਿੰਦਰ ਖੇਡ ਕੰਪਲੈਕਸ ਦੀ ਇਲਾਕੇ ਭਰ ਵਿਚ ਚਰਚਾ ਹੈ। ਉਠਦੇ ਖਿਡਾਰੀਆਂ ਦਾ ਖੇਡ ਖਜ਼ਾਨਾ ਹੈ। ਹੁਣ ਤਾਂ ਪੰਜਾਬ ਤੋਂ ਬਾਹਰ ਦੇ ਪਹਿਲਵਾਨ ਇਥੇ ਆ ਕੇ ਮਿਹਨਤ ਕਰਦੇ ਹਨ ਤੇ ਰਿਹਾਇਸ਼ ਬਗੈਰਾ ਸਭ ਖੇਡ ਕੰਪਲੈਕਸ ਵਿਚ ਹੀ ਹੈ। ਮਾਹਿਲ ਗਹਿਲਾ ਜ਼ਿੰਦਾਬਾਦ...।

ਸਿਹਤ ਬਣਾਉਣ ਦਾ ਸ਼ੌਕ ਤਾਂ ਹਰ ਕੋਈ ਰੱਖਦੈ,
ਤੜਕੇ ਉਠਦਾ ਕੋਈ ਕੋਈ ਏ।
ਪਹਿਲਵਾਨੀ ਦਾ ਸ਼ੌਕ ਤਾਂ ਰੱਖਣ ਬਹੁਤੇ,
ਅਖਾੜੇ ਜਾਂਦਾ ਕੋਈ ਕੋਈ ਏ।
ਮਿਹਰਦੀਨ ਬੁੱਧੂ ਬਿੱਲਾ ਬਣਨਾ ਹਰ ਕੋਈ ਚਾਹੁੰਦਾ,
ਸੱਚੀ ਲਗਨ ਦਾ ਪੱਕਾ ਕੋਈ ਕੋਈ ਏ।
'ਇਕਬਾਲ ਸਿੰਹਾਂ' ਨਸ਼ਿਆਂ ਤੋਂ ਬਚਣ ਦਾ ਹੋਕਾ ਦੇ ਦਿਉ ਨੌਜਵਾਨੀ ਨੂੰ,
ਨਹੀਂ ਤਾਂ ਜ਼ਿੰਦਗੀ 'ਚ ਬਚਦਾ ਕੋਈ ਕੋਈ ਏ।

ਕਹਾਣੀ

# ਰੱਬ ਜੀ

ਉਹ ਜਦੋਂ ਵੀ ਆਉਂਦਾ ਨਿੱਜੀ ਦੁੱਖ ਬਾਰੇ ਨਵੀਂ ਗੱਲ ਛੇੜ ਲੈਂਦਾ।

'ਅਪਸਰਾ! ਝੱਗਾ ਚੱਕਿਆਂ ਆਵਦਾ ਢਿੱਡ ਨੰਗਾ ਹੁੰਦਾ।'

ਫਿਰ ਉਹ ਆਪਣਾ ਝੱਗਾ ਚੱਕਦਾ ਤੇ ਨੰਗੇ ਹੋਏ ਢਿੱਡ ਬਾਰੇ ਦੱਸਣ ਲੱਗਦਾ। ਮੈਨੂੰ ਉਹ ਦਿਨ ਅਜੇ ਵੀ ਯਾਦ ਹੈ ਜਦੋਂ ਉਸਨੇ ਪਹਿਲੀ ਵਾਰ ਆਪਣਾ ਢਿੱਡ ਮੇਰੇ ਸਾਹਮਣੇ ਨੰਗਾ ਕੀਤਾ ਸੀ।

'ਅਪਸਰਾ! ਬਾਜੇ ਬਾਜੇ ਬੰਦੇ ਗਰੀਬ ਦੀ ਤੀਮੀ 'ਤੇ ਅੱਖ ਰੱਖ ਲੈਂਦੇ। ਹੁਣ ਸਾਡੇ ਆਲੇ ਸਰਬੇ ਪੰਚ ਦੀ ਕਰਤੂਤ ਵੇਖ'ਲਾ। ਮੇਰੇ ਪਿਉ ਨੇ ਵੀਹ ਸਾਲ ਸੀਰ ਕੀਤਾ ਇਨ੍ਹਾਂ ਨਾਲ। ਘਰਦਾ ਜੀਅ ਬਣਕੇ ਰਿਹਾ। ਜਦੋਂ ਈ ਮੈਂ ਨੌਕਰ ਦੀ ਥਾਂ ਸੁੱਥ ਪਾਉਣ ਜੋਗਾ ਹੋਇਆਂ, ਉਦੋਂ ਦਾ ਮੈਂ ਸੀਰ ਕਮਾ ਰਿਹਾਂ। ਹੱਥੀਂ ਕੱਢ ਕੱਢ ਕੇ ਦਾਰੂ ਪਿਆਈ ਭਰੱਮਾਂ ਦੇ ਭਰੱਮ। ਤੈਨੂੰ ਕਿਹੜਾ ਭੁੱਲ ਐ। ਮੌਲੇ ਬਲਦ ਵਾਂਗੂੰ ਕੰਮ ਕੀਤਾ ਏਸ ਘਰ ਵਾਸਤੇ।



**ਗੁਰਮੀਤ ਕੜਿਆਲਵੀ**
ਫੋਨ: 91-98726-40994
gurmeetkaryalvi@gmail.com

ਕੀਤਾ ਕਿ ਨ੍ਹੀ ਕੀਤਾ?' ਉਹ ਮੇਰਾ ਹੁੰਗਾਰਾ ਭਰਾਉਣ ਲਈ ਰੁੱਕ ਗਿਆ ਸੀ।

'ਨਾ ਰੱਬ ਜੀ, ਕੋਈ ਝੂਠ ਨਹੀਂ ਏਸ ਗੱਲ 'ਚ।' ਮੈਂ ਰੱਬ ਨੂੰ ਬੜਾ ਸੰਖੇਪ ਜਿਹਾ ਜਵਾਬ ਦਿੱਤਾ। ਮੈਂ ਕਿੰਨਾ ਚਿਰ ਦਿਮਾਗ 'ਤੇ ਜ਼ੋਰ ਪਾ ਕੇ ਉਸਦਾ ਅਸਲੀ ਨਾਂ ਯਾਦ ਕਰਦਾ ਰਿਹਾ ਪਰ ਯਾਦ ਨਾ ਆਇਆ। ਅਸਲੀ ਨਾਂ ਤਾਂ ਸ਼ਾਇਦ ਉਸਨੂੰ ਆਪ ਵੀ ਨਾ ਯਾਦ ਹੋਵੇ। ਪਿੰਡ 'ਚ ਸਾਰੇ ਉਸਨੂੰ 'ਰੱਬ' ਜਾਂ 'ਰੱਬ ਜੀ' ਕਰਕੇ ਹੀ ਬੁਲਾਉਂਦੇ ਸਨ। ਉਂਝ ਜਿਸ ਕਿਸੇ ਨੇ ਵੀ ਉਸਦਾ ਇਹ ਨਾਂ ਰੱਖਿਆ ਸੀ, ਠੀਕ ਹੀ ਰੱਖਿਆ ਸੀ। ਦੀਨ-ਦੁਨੀਆ ਵਲੋਂ ਬੇਪਰਵਾਹ ਹੋ ਕੇ ਆਪਣੇ ਕੰਮ 'ਚ ਲੱਗੇ ਰਹਿਣ ਵਾਲੇ ਬੰਦੇ ਲਈ ਇਹ ਨਾਂ ਜਵਾਂ ਢੁੱਕਵਾਂ ਸੀ।

'ਏਹਦੀਆਂ ਸਾਰੀਆਂ ਰਿਸ਼ਤੇਦਾਰੀਆਂ 'ਚ ਮਾਨਤਾ ਸੀ ਮੇਰੀ। ਏਹਦੀਆਂ ਭੈਣਾਂ ਕੋਲ ਵੀ ਮੈਂ ਈ ਜਾਂਦਾ ਆਉਂਦਾ ਸੀਗਾ। ਕੋਈ ਚੀਜ਼ ਵਸਤ ਲੈ ਕੇ ਜਾਣੀ—ਕੋਈ ਲੈ ਕੇ ਆਉਣੀ। ਭੈਣਾਂ-ਭਣਵਈਆਂ ਨੇ ਵੀ ਕਦੇ ਜਰੈਤ ਨ੍ਹੀ ਸੀ ਕੀਤੀ ਮੇਰੇ ਨਾਲ। ਆਪ ਤਾਂ ਇਹ ਕਿਧਰੇ ਜਾਂਦਾ ਆਉਂਦਾ ਹੈਨੀ। ਤੈਨੂੰ ਕਿਹੜਾ ਭੁੱਲ ਐ। ਦਾਦਿਓ-ਬਾਬਿਓਂ ਸ਼ੌਡੇ ਲਾਣੇ 'ਚੋਂ ਈ ਐ। ਪਰ ਅਪਸਰੇ, ਸ਼ੌਡੇ ਤਾਂ ਪੈਰ ਦੀ ਚੀਚੀ ਦੀ ਵੀ ਰੀਸ ਨ੍ਹੀ ਕਰ ਸਕਦਾ। ਤੁਸੀਂ ਹੋਏ ਗਰੀਬ-ਗੁਰਬੇ ਦੀ ਇਜ਼ਤ ਦੇ ਸਾਂਝੀ ਤੇ ਏਹ ਗਰੀਬ ਦੀ ਇਜ਼ਤ ਤਕਾਉਣ ਵਾਲਾ, ਯਾਰ ਮਾਰ।' ਉਹ ਮੇਰੇ ਜ਼ੋਰ ਲਾਉਣ 'ਤੇ ਵੀ ਕੁਰਸੀ 'ਤੇ ਨਾ ਬਹਿੰਦਾ ਤੇ 'ਅਪਸਰਾ ਆਪਣੇ ਤੋਂ ਨ੍ਹੀ ਏਹਦੇ 'ਚ ਵੜਿਆ ਜਾਂਦਾ' ਆਖਦਿਆਂ ਅਕਸਰ ਪੈਰਾਂ ਭਾਰ ਉਕੜੂ ਜਿਹੇ ਹੋ ਕੇ ਬੈਠ ਜਾਂਦਾ। ਏਧਰ ਓਧਰ ਉਸਲਵੱਟੇ ਲੈਂਦਾ ਤਾਂ ਮੈਨੂੰ ਉਸਦੀ ਚਾਹ ਵਾਲੀ ਤੋੜ ਦਾ ਪਤਾ ਲੱਗ ਜਾਂਦਾ।

'ਅਪਸਰਾ! ਏਹਦੇ ਚਾਚੇ ਦੀ ਕੁੜੀ ਹੁੰਦੀ ਸੀ ਨਾ ਹਮੀਰਾਂ, ਜਮਾ ਮੂਰਤ ਅਰਗੀ। ਜਿਮੇ ਦੀਆਂ ਟੈਲੀਵਿਜ਼ਨ 'ਚ ਆਉਂਦੀਆਂ। ਤੈਨੂੰ ਕਿਹੜਾ ਭੁੱਲ ਐ। ਕੇਰਾਂ ਮੇਰੇ ਸਾਮ੍ਹਣੇ ਆ ਖੜੀ। ਅੱਖਾਂ 'ਚ ਲਾਲ ਡੋਰੇ। ਖਾ ਜਾਣ ਵਾਲਿਆਂ ਵਾਂਗੂੰ ਝਾਕੇ। ਜਾਣੀਦਾ ਸਾਬਤ ਨੂੰ ਈ ਡਕਾਰਜੂ। ਬੰਦੇ ਤੋਂ ਉੱਚੀਆਂ ਚਰੀਆਂ। ਹਮੀਰਾਂ ਲਾਟ ਬਣੀ ਖੜੀ ਸੀ। ਏਹ ਉਦੋਂ ਦੀਆਂ ਗੱਲਾਂ ਜਦੋਂ ਮੇਰਾ ਖੂਨ ਵੀ ਤੱਤਾ ਹੁੰਦਾ ਸੀ।' ਉਹ ਦੂਰ ਖਲਾਅ 'ਚ ਝਾਕਣ ਲੱਗਾ ਸੀ।

'ਪਰ ਅਪਸਰਾ ਤੇਰੀ ਸਹੁੰ! ਖੂਨ 'ਚ ਉਬਾਲ ਆਇਆ ਈ ਨ੍ਹੀ। ਐਵੇਂ ਆਖਾਂ, ਹਮੀਰਾਂ ਹੁਣ ਤਾਈਂ ਏਹ ਗੱਲ ਚਿਤਾਰਦੀ ਅਖੇ ਵੀਰਾ ਜੇ ਤੂੰ ਉਦਣ ਡੋਲ ਜਾਂਦਾ ਮੇਰੀ ਜਿੰਦਗੀ ਨਰਕ ਹੋ ਜਾਣੀ ਸੀ। ਵਿਚਾਰੀ ਅੱਜ ਤੱਕ ਭੈਣਾਂ ਵਾਂਗੂੰ ਵਰਤਦੀ ਐ। ਤੈਨੂੰ ਕਿਹੜਾ ਭੁੱਲ ਐ?'

ਮੈਂ ਹਿਸਾਬ ਲਾ ਲਿਆ ਸੀ ਕਿ ਉਹ ਅਸਲ ਗੱਲ ਦੱਸਣ ਤੋਂ ਪਹਿਲਾਂ ਏਧਰ ਓਧਰ ਦੀਆਂ ਮਾਰਕੇ ਖੁੱਦ ਨੂੰ ਤਿਆਰ ਕਰ ਰਿਹਾ ਸੀ। ਉਸਨੇ ਢਿੱਡ ਤੋਂ ਝੱਗਾ ਚੁੱਕ ਜ਼ਰੂਰ ਦਿੱਤਾ ਸੀ ਪਰ ਨੰਗ ਅਜੇ ਵੀ ਜ਼ਾਹਰ ਨਹੀਂ ਸੀ ਕੀਤਾ।

'ਅਪਸਰਾ! ਤੈਨੂੰ ਆਵਦਾ ਭਰਾ ਮੰਨਦਾਂ। ਤੈਥੋਂ ਕਾਹਦਾ ਲੁਕੋ। ਸਾਲੀ ਹਰਾਮ ਦੀ ਸੱਟ ਸਰਬਾ ਹੁਣ ਮੇਰੇ ਘਰਵਾਲੀ 'ਤੇ ਕਬਜ਼ਾ ਕਰੀ ਬੈਠਾ। ਤੈਨੂੰ ਕਿਹੜਾ ਭੁੱਲ ਐ? ਅਸਕਰ ਨੂੰ ਤੂੰ ਵੀ ਤਾਂ ਪਿੰਡ 'ਚ ਈ ਰਹਿਨੈ। ਡਿਊਟੀ ਕਰਕੇ ਆਥਣ ਨੂੰ ਘਰੇ ਤਾਂ ਆ ਈ ਜਾਨੈ। ਸੁਣ ਈ ਲਿਆ ਹੋਊ ਏਧਰੋਂ-ਓਧਰੋਂ।'

'ਨਾ ਵਈ ਰੱਬਾ, ਐਵੇਂ ਆਖਾਂ ਆਪਾਂ ਤਾਂ ਨ੍ਹੀ ਸੁਣੀ ਕੋਈ ਚੰਗੀ ਮਾੜੀ। ਉਂ ਹੋ ਸਕਦਾ ਝੂਠ ਹੋਵੇ। ਤੈਨੂੰ ਕਿਸੇ ਨੇ ਸ਼ੱਕ ਪਾ'ਤਾ ਹੋਵੇ। ਦਾੜੀ ਦੇ ਤਾਂ ਇੱਕ ਪਾਸੇ ਹੁੰਦੇ ਪਰ ਸਾਲੀ ਦੁਨੀਆਂ ਦੇ ਦੋ ਪਾਸੇ ਹੁੰਦੇ ਹੈ। ਨਾਲੇ ਭਰਜਾਈ ਕਿਸੇ ਵੱਲ ਕਿਉਂ ਝਾਕੂ, ਤੈਨੂੰ ਕੀ ਹੋਇਆ? ਚੰਗਾ ਭਲਾ ਏਂ। ਵਹਿਮ ਨ੍ਹੀ ਕਰੀਦਾ। ਨਾਲੇ ਲੋਕਾਂ ਦੀਆਂ ਨ੍ਹੀ ਸੁਣੀਦੀਆਂ। ਲੋਕ ਬੜੇ—।' ਰੱਬ ਜੀ ਨੂੰ ਹੌਸਲਾ ਦੇਣ ਲਈ ਇਸ ਤੋਂ ਹੋਰ ਵੱਡੇ ਸ਼ਬਦ ਮੈਨੂੰ ਨਹੀਂ ਸੀ ਅਹੁੜੇ।

'ਅਪਸਰਾ! ਠਾਣੇ ਲੰਬੜ ਆਲੀ ਤੀਮੀ ਆਵਦੇ ਭਈਏ ਨਾਲ ਨ੍ਹੀ ਸੀ ਫੜੀ ਗਈ? ਤੈਨੂੰ ਕਿਹੜਾ ਭੁੱਲ ਐ? ਹੁਣ ਤੂੰ ਦੱਸ, ਠਾਣੇ ਲੰਬੜ 'ਚ ਕੀ ਘਾਟ ਐ? ਮਖ ਐਥੇ ਪਿਆ ਚੁਗਾਠਾ। ਦੋ ਬੰਦਿਆਂ ਨੂੰ ਕੱਛਾਂ 'ਚ ਘੁੱਟ ਕੇ ਮਾਰ ਦੇਵੇ। ਮੇਰੇ ਵਾਗੂੰ ਭੁੱਖਾ ਵੀ ਨ੍ਹੀ ਮਰਦਾ, ਘਰੇ ਦੁੱਧ ਘਿਉ ਬਥੇਰਾ। ਤੈਨੂੰ ਕਿਹੜਾ ਭੁੱਲ ਐ।' ਉਹ ਮੈਨੂੰ ਨਿਰਉਤਰ ਕਰਕੇ ਤੁਰ ਗਿਆ ਸੀ।

ਇਸ ਗੱਲ ਨੂੰ ਕਈ ਦਿਨ ਲੰਘ ਜਾਂਦੇ ਹਨ। ਉਸ ਨਾਲ ਮੇਲ ਨਹੀਂ ਹੁੰਦਾ। ਸਵੇਰੇ ਡਿਊਟੀ 'ਤੇ ਚਲਾ ਜਾਂਦਾ ਹਾਂ ਤੇ ਸ਼ਾਮੀ ਦੇਰੀ ਨਾਲ ਘਰ ਪਰਤਦਾ ਹਾਂ। ਪਤਨੀ ਨਿਰਮਲ ਨੇ ਦੱਸਿਆ ਕਿ ਉਹ ਮੇਰੇ ਪਿੱਛੋਂ ਦੋ ਤਿੰਨ ਵਾਰ ਆ ਕੇ ਗਿਆ ਸੀ।

ਰੱਬ ਦਾ ਮੇਰੇ ਨਾਲ ਖਾਸਾ ਸਨੇਹ ਹੈ। ਮੇਰਾ ਘਰ ਸਰਬੇ ਕੇ ਰੋਹੀ ਵਾਲੇ ਖੇਤਾਂ ਨੂੰ ਜਾਂਦੇ ਰਾਹ 'ਤੇ ਪੈਂਦਾ ਹੋਣ ਕਰਕੇ ਰੱਬ ਖੇਤਾਂ ਨੂੰ ਜਾਂਦਿਆਂ ਅਕਸਰ ਮੇਰੇ ਕੋਲ ਆ ਜਾਂਦਾ ਹੈ। ਉਹ ਲੰਘਦਾ-ਵੜਦਾ ਮੇਰੇ ਵਲੋਂ ਕੋਠੀ 'ਚ ਲਾਈਆਂ ਸਬਜ਼ੀਆਂ ਭਾਜੀਆਂ ਦੀ ਗੋਡ-ਗੁਡਾਈ ਵੀ ਕਰ ਜਾਂਦਾ ਹੈ। ਘਰ ਦੇ ਹੋਰ ਛੋਟੇ ਮੋਟੇ ਕੰਮ ਵੀ ਕਰ ਦਿੰਦਾ। ਦਾਸੇ ਬੀਸੇ ਦੀ ਲੋੜ ਵੀ ਮੇਰੇ ਤੋਂ ਹੀ ਪੂਰੀ ਕਰਦਾ ਹੈ। ਮੈਂ ਹੀ ਨਹੀਂ ਨਿਰਮਲ ਵੀ ਉਸਦਾ ਮਾਣ-ਤਾਣ ਕਰਦੀ ਹੈ। ਉਸਦੇ ਵੇਲੇ-ਕੁਵੇਲੇ ਆਉਣ 'ਤੇ ਕਦੇ ਮੱਥੇ ਵੱਟ ਨਹੀਂ ਪਾਉਂਦੀ। ਉਹ ਤਾਂ ਸਗੋਂ ਮੈਨੂੰ ਵੀ ਉਸਦੀ ਮਦਦ ਕਰਨ ਲਈ ਕਹਿੰਦੀ ਰਹਿੰਦੀ ਹੈ।

ਉਸ ਦਿਨ ਛੁੱਟੀ ਸੀ। ਮੈਂ ਕੇਸੀ ਇਸ਼ਨਾਨ ਕਰਨ ਤੋਂ ਬਾਅਦ ਸਿਆਲਾਂ ਦੀ ਕੋਸੀ ਕੋਸੀ ਧੁੱਪ 'ਚ ਵਾਲ ਸੁਕਾ ਰਿਹਾ ਸਾਂ। ਮੇਰੇ ਚਾਰ ਚੁਫੇਰੇ ਅਖਬਾਰਾਂ ਦਾ ਝੁਰਮਟ ਸੀ। ਅਮਰੀਕੀ ਸਦਰ ਦੀ ਧੌਂਸ ਬਾਰੇ ਦੇਸ਼ ਦੇ ਪ੍ਰਸਿੱਧ ਪੱਤਰਕਾਰ ਦੇ ਲਿਖੇ ਆਰਟੀਕਲ 'ਚ ਖੁੱਭੇ ਨੂੰ ਮੈਨੂੰ ਪਤਾ ਹੀ ਨਹੀਂ ਲੱਗਾ, ਰੱਬ ਕਦੋਂ ਮੇਰੇ ਕੋਲ ਆ ਖੜਿਆ ਸੀ।

'ਅਪਸਰਾ! ਬਾਅਲਾ ਈ ਡੂੰਘਾ ਖੁੱਭਿਆ ਪਿਆਂ। ਐਹੋ ਜ੍ਹੀ ਕੀ ਸ਼ੈਅ ਐ ਪੜ੍ਹਨ ਆਲੀ?'

'ਰੱਬ ਜੀ, ਆਹ ਜਿਹੜਾ ਮੁਲਕ ਐ ਨਾ ਅਮਰੀਕਾ, ਇਹ ਕੰਜਰ ਦਾ ਸਾਰਿਆਂ 'ਤੇ ਈ ਧੌਂਸ ਜਮਾਉਂਦਾ। ਐਵੇਂ ਨਜਾਇਜ਼ ਈ। ਗਰੀਬ ਦੇਸ਼ਾਂ ਨੂੰ ਤਾਂ ਉਂਗਲਾਂ 'ਤੇ ਨਚਾਉਂਦਾ।'

'ਅਪਸਰਾ! ਡਾਹਡੇ ਦਾ ਸੱਤੀ ਵੀਹੀਂ ਸੌ ਹੁੰਦਾ। ਭਮੇ ਬੰਦਾ ਹੋਵੇ ਚਾਹੇ ਮੁਲਕ, ਮਾੜੇ ਨੂੰ ਦਬਾਉਂਦਾ ਈ ਦਬਾਉਂਦਾ। ਗਰੀਬ ਦੀ ਜਨਾਨੀ ਨੂੰ ਤਾਂ ਸ਼ਾਮਲਾਟ ਈ ਸਮਝਦੈ। ਹਰੇਕ ਈ ਕੋਠਾ ਛੱਤਣ ਨੂੰ ਫਿਰਦਾ ਹੁੰਦਾ। ਆਹ ਸ਼ਾਡੇ ਆਲਾ ਸਰਦਾਰ ਸਰਬ ਸਿੰਹੁ ਕਿਹੜਾ 'ਮਰੀਕਾ ਨਾਲੋਂ ਘੱਟ ਐ। ਸ਼ਰੇਆਮ ਧੱਕਾ ਕਰਦਾ। ਤੈਨੂੰ ਕਿਹੜਾ ਭੁੱਲ ਐ—?'

ਰੱਬ ਕੋਲ ਸੁਣਾਉਣ ਲਈ ਹੁਣ ਹੋਰ ਨਵੀਂ ਕਹਾਣੀ ਸੀ। ਮੈਂ ਹੱਥ ਦਾ ਇਸ਼ਾਰਾ ਕਰਕੇ ਨਿਰਮਲ ਨੂੰ ਦੋ ਕੱਪ ਚਾਹ ਭੇਜਣ ਲਈ ਆਖ ਦਿੱਤਾ ਸੀ।

'ਹੁਣ ਕੀ ਹੋ ਗਿਆ?'

'ਹੁਣ ਤਾਂ ਸਾਰਾ ਕੁਛ ਸ਼ਰੇਆਮ ਈ ਹੋ ਗਿਆ। ਸਾਲਾ ਢਿੱਡ ਨੰਗਾ ਕਰਨ ਦੀ ਵੀ ਲੋੜ ਨ੍ਹੀ ਰਈ। ਪਹਿਲਾਂ ਤਾਂ ਸਾਹਬੋ ਨੂੰ ਰਖੇਲ ਬਣਾ ਕੇ ਮੋਟਰ 'ਤੇ ਰੱਖਦਾ ਸੀਗਾ—ਹੁਣ ਤਾਂ ਧੱਕੇ ਨਾਲ ਘਰੇ ਈ ਆ ਪੈਂਦਾ। ਦੱਸ ਦਿੱਤਾ ਹੋਊ ਦੱਸਣ ਆਲਿਆਂ। ਤੈਨੂੰ ਕੋਈ ਭੁੱਲ ਐ?'

'ਨਿਹਾਇਤ ਮਾੜੀ ਗੱਲ ਹੈ ਦੋਵਾਂ ਵਾਸਤੇ ਈ।'

'ਮੈਂ ਤਾਂ ਉਹਨਾਂ ਭਾਣੇ ਮਿੱਟੀ ਈ ਆਂ—ਹੋਇਆ ਨਾ ਹੋਇਆ ਇੱਕ ਬਰੋਬਰ।'

'ਤੂੰ ਘਰੇ ਨ੍ਹੀ ਹੁੰਦਾ?'

'ਧੱਕੇ ਨਾਲ ਭੇਜ ਦਿੰਦਾ ਬੀਬੀ 'ਤੇ—ਅਖੇ ਤੈਂਅ ਘਰੇ ਕੀ ਕਰਨਾ। ਜਾਹ ਜਾ ਕੇ ਪਾਣੀ ਲਾ। ਜੀਰੀ ਸੁੱਕਜੂ।'

'ਤੂੰ ਤੁਰ ਜਾਨੈ ਚੁੱਪ ਕਰਕੇ?'

'ਮੈਂ ਸੀਰੀ ਸਾਂਝੀ ਬੰਦਾ, ਨਾਂਹ ਨੁੱਕਰ ਵੀ ਨ੍ਹੀ ਕਰ ਸਕਦਾ। ਨਾਲੇ ਕਲੇਸ਼ ਤੋਂ ਡਰਦਾ ਰਹਿਨੈ। ਉਹ ਕਾਲੀ ਜੀਭ ਆਲੀ ਅਸਮਾਨ ਸਿਰ 'ਤੇ ਚੱਕ ਲੈਂਦੀ ਐ। ਮਰਨ ਮਾਰਨ ਦੀਆਂ ਗੱਲਾਂ ਕਰਨ ਲੱਗਦੀ ਐ। ਮੈਂ ਤਾਂ ਡਰਦਾ ਰਹਿਨੈ ਵ੍ਹੀ ਜੇ ਕੁੱਛ ਕਰ'ਗੀ ਤਾਂ ਸਾਰੀ ਉਮਰ ਜੇਲ੍ਹ 'ਚ ਸੜਦਾ ਰਹੂੰ। ਜੁਆਕ ਅੱਡ ਰੁੱਲ ਜਾਣਗੇ।'

'ਆਹ ਗੱਲ ਤਾਂ ਹੈਗੀ।'

'ਤੈਨੂੰ ਕਿਹੜਾ ਭੁੱਲ ਐ? ਹਰੀਏ ਪੱਤੀ ਆਲੇ ਮਿੱਠੂ ਨਾਲ ਕੀ ਹੋਇਆ ਸੀਗਾ। ਉਹ ਤੀਮੀ ਨੂੰ ਰੋਕਦਾ ਸੀਗਾ ਚੰਗੇ ਮੰਦੇ ਥਾਈਂ ਜਾਣੋ। ਉਹ ਦਵਾਈ ਖਾ'ਗੀ ਚੂਹਿਆਂ ਆਲੀ—ਵੇਖਲਾ ਮਿੱਠੂ ਵਿਚਾਰਾ ਅਜੇ ਤੱਕ ਰੋਟੀਆਂ ਭੰਨ੍ਹੀ ਜਾਂਦਾ ਜੇਲ੍ਹ ਦੀਆਂ। ਜਿਹੜੀ ਜ਼ਮੀਨ ਸੀਗੀ ਦੋ ਕਿੱਲੇ ਉਹ ਕੇਸ 'ਤੇ ਲੱਗਗੀ।'

'ਯਾਰ ਰੱਬਾ, ਆਏਂ ਤਾਂ ਫਿਰ ਜਿਉਣਾ ਈ ਔਖਾ ਆ।'

'ਅਪਸਰਾ! ਹੈ ਤਾਂ ਔਖਾ ਪਰ ਜਿਉਂਈ ਜਾਨੈ। ਅਸਲ ਗੱਲ ਐ, ਸਹੁਰੀ ਦੇ ਜੁਆਕਾਂ ਦਾ ਮੋਹ ਮਾਰਦਾ। ਤਰਸ ਆਉਂਦਾ ਉਹਨਾਂ ਅੱਲੀਂ ਵੇਖ ਵੇਖ



ਕੇ। ਕਦੇ ਕਦੇ ਜੀਅ 'ਚ ਆਉਂਦਾ ਘੱਲਾਂ ਆਲੀਆਂ ਨਹਿਰਾਂ 'ਚ ਛਾਲ ਮਾਰ ਦਿਆਂ ਪਰ ਕੀ ਕਰਾਂ, ਸੋਚਦਾਂ ਜੁਆਕਾਂ ਦਾ ਕੀ ਕਸੂਰ। ਉਹਨਾਂ ਨੇ ਕੀ ਵੇਖ ਲਿਆ ਜੱਗ 'ਤੇ ਆ ਕੇ।'

ਸੁਣ ਕੇ ਮੈਂ ਕੰਬ ਗਿਆ। ਮੈਨੂੰ ਉਸਦੀ ਲਾਸ਼ ਨਹਿਰ 'ਚ ਤਰਦੀ ਹੋਈ ਦਿਖਾਈ ਦੇਣ ਲੱਗੀ।

'ਕੋਈ ਨਹੀਂ—ਉਤਲੇ 'ਤੇ ਭਰੋਸਾ ਰੱਖੀਦੈ। ਐਹੋ ਜਿਹੀ ਗੱਲ ਨ੍ਹੀ ਲਿਆਉਣੀ ਕਦੇ ਦਿਮਾਗ 'ਚ। ਸਾਰਾ ਕੁੱਝ ਠੀਕ ਹੋ ਜਾਊ।' ਸੁੱਕੇ ਵਾਲਾਂ ਦਾ ਜੂੜਾ ਕਰਕੇ ਮੈਂ ਪਰਨਾ ਲਪੇਟ ਲਿਆ।

'ਨਈਂ—ਨਈਂ, ਆਏਂ ਤਾਂ ਨ੍ਹੀ ਮਰਦਾ। ਨਾਲੇ ਮਰਨਾ ਵੀ ਕਾਹਨੂੰ? ਰੱਬ ਨੇ ਮਸਾਂ ਤਾਂ ਮਾਣਸ ਦੇਹ ਦਿੱਤੀ ਐ। ਆਪੇ ਕੀਤੀਆਂ ਭੁਗਤਣਗੇ ਮਾੜੀਆਂ ਕਰਨ ਆਲੇ। ਅੱਗੇ ਕਿਹੜਾ ਭੁਗਤੀਆਂ ਨ੍ਹੀ। ਤੈਨੂੰ ਕਿਹੜਾ ਭੁੱਲ ਐ। ਗੋਲ ਕੋਠੀ ਆਲਿਆਂ ਦੇ ਬੱਠਲ ਜਿਹੇ ਨੇ ਵੀ ਆਏਂ ਅੱਤ ਚੱਕੀ ਸੀਗੀ ਸਰਬੇ ਆਗੂੰ। ਸਾਰੀ ਦਿਹਾੜੀ ਪਿੰਡ ਦੀਆਂ ਜਨਾਨੀਆਂ ਦੀਆਂ ਸੁੱਥਣਾਂ ਸੁੰਘਦਾ ਰਹਿੰਦਾ ਸੀ। ਟਰੈਕਟਰ ਥੱਲੇ ਆ ਕੇ ਰੀੜ ਦੀ ਹੱਡੀ ਦੇ ਮਣਕੇ ਟੁੱਟ'ਗੇ। ਤੀਮੀ ਛੱਡ ਕੇ ਤੁਰ'ਗੀ। ਰਿੜਕ ਰਿੜਕ ਕੇ ਮਰਿਆ ਕੁੱਤੇ ਆਲੀ ਮੌਤ। ਪਏ ਪਏ ਦੇ ਕੀੜੇ ਪੈਗੇ ਸੀਗੇ। ਐਥੇ ਵੇਖਲੀਂ, ਏਹਨਾਂ ਨਾਲ ਵੀ ਆਏਂ ਹੋਣੀ। ਨਾ ਹੋਈ ਤਾਂ ਮੈਨੂੰ ਰੱਬ ਨਾ ਆਖੀਂ।'

ਰੱਬ ਦੇ ਜਾਣ ਬਾਅਦ ਵੀ ਕਿੰਨਾ ਚਿਰ ਉਸਦੇ ਬਾਰੇ ਹੀ ਸੋਚਦਾ ਰਿਹਾ।

'ਕੁੱਝ ਨਹੀਂ ਜੂਨ ਏਸ ਵਿਚਾਰੇ ਦੀ ਵੀ।' ਨਿਰਮਲ ਨੇ ਆਖਿਆ ਤਾਂ ਮੈਂ ਹੋਰ ਵਧੇਰੇ ਪ੍ਰੇਸ਼ਾਨ ਹੋ ਗਿਆ ਸਾਂ। ਇਸਦਾ ਮਤਲਬ ਰੱਬ ਦੇ ਘਰ ਦੀਆਂ ਗੱਲਾਂ ਲੋਕਾਂ ਦੇ ਚੁੱਲ੍ਹਿਆਂ ਚੌਂਕਿਆਂ ਤੱਕ ਆ ਗਈਆਂ ਸਨ।

ਫਿਰ ਥੋੜੇ ਦਿਨਾਂ ਬਾਅਦ ਉਹ ਹੋਰ ਦੁਖਦਾਈ ਗੱਲ ਸੁਣਾ ਗਿਆ।

'ਅਪਸਰਾ! ਹੁਣ ਤਾਂ ਸਾਰੇ ਪੜਦੇ ਈ ਚੱਕੇ ਗਏ। ਰਾਤ ਨੂੰ ਮੇਰੇ ਹੁੰਦਿਆਂ ਵੀ ਆ ਜਾਂਦਾ। ਉਹ ਤੇ ਸਾਹਬੋ—। ਚੱਲ ਛੱਡ, ਤੈਨੂੰ ਕਿਹੜਾ ਭੁੱਲ ਐ। ਦੋਵੇਂ ਕੀ ਕੀ ਗੁੱਲ ਖਲਾਉਂਦੇ ਐ, ਗੱਲ ਤਾਂ ਕੁੱਲ ਪਿੰਡ ਦੀਆਂ ਜੁੱਲੀਆਂ 'ਚ ਵੜੀ ਫਿਰਦੀ ਹੋਊ।' ਸੁਣ ਕੇ ਮੈਂ ਸੁੰਨ ਹੋ ਗਿਆ। ਕੋਈ ਐਨਾ ਬੇਅਣਖਾ ਵੀ ਹੋ ਸਕਦੈ? ਸੋਚ ਕੇ ਮੇਰਾ ਸਿਰ ਚਕਰਾਉਣ ਲੱਗਾ। ਮੈਨੂੰ ਕਈ ਸਾਲ ਪਹਿਲਾਂ ਪੜੀ ਜਾਂ ਸੁਣੀ ਘਟਨਾ ਚੇਤੇ ਆ ਗਈ। ਕਿਸੇ ਨੇ ਆਪਣੀ ਪਤਨੀ ਦੇ ਆਸ਼ਕ ਦਾ ਸਿਰ ਵੱਢ ਕੇ ਥਾਣੇਦਾਰ ਦੇ ਮੇਜ਼ 'ਤੇ ਲਿਆ ਰੱਖਿਆ ਸੀ।

'ਯਾਰ ਤੂੰ ਜਿਉਂਦਾ ਕਿਵੇਂ?' ਇਹ ਗੱਲ ਤਾਂ ਮੈਂ ਸੋਚਾਂ ਵਿੱਚ ਹੀ ਆਖੀ ਸੀ ਪਰ ਸ਼ਾਇਦ ਰੱਬ ਨੂੰ ਸੁਣ ਗਈ ਸੀ।

'ਅਪਸਰਾ! ਮੈਨੂੰ ਪਤਾ ਤੂੰ ਕੀ ਸੋਚਦੈਂ। ਰੱਬ ਕਰਨ ਨੂੰ ਤਾਂ ਕੀ ਨ੍ਹੀ ਕਰ ਸਕਦਾ ਪਰ ਬਲੂੰਗਾਂ ਅਰਗੇ ਜੁਆਕ ਦੀਂਹਦੇ ਅੱਖਾਂ ਮੂਹਰੇ। ਉਹਨਾਂ ਕਰਕੇ ਈ ਨਰੈਣਾ ਬਣਿਆ ਪਿਐਂ। ਨਾਲੇ ਬਾਈ ਸਿਆਂ ਮੇਰਾ ਤਾਂ ਕੋਈ ਸੁੱਚੇ ਸੂਰਮੇ ਅਰਗਾ ਭਰਾ ਵੀ ਹੈਨੀ।' ਮੈਂ ਸੋਚਿਆ ਰੱਬ ਰੋ ਪਵੇਗਾ ਪਰ ਉਹ ਤਾਂ ਸਾਧਾਰਨ ਰੌਅ 'ਚ ਹੀ ਗੱਲਾਂ ਕਰ ਰਿਹਾ ਸੀ। ਕੀ ਪਤਾ ਅੰਦਰ ਪੀੜਾਂ ਦਾ ਕਿੰਨਾ ਕੁ ਵੱਡਾ ਦਰਿਆ ਡੱਕੀ ਫਿਰਦਾ ਸੀ। ਇਹ ਜ਼ਰੂਰੀ ਤਾਂ ਨਹੀਂ ਹੁੰਦਾ ਕਿ ਦੁੱਖ ਬੋਲ ਕੇ ਹੀ ਸੁਣਾਇਆ ਜਾਵੇ।

'ਅਪਸਰਾ! ਗੱਲ ਸਾਰੀ ਸੋਚਣ ਦੀ ਹੁੰਦੀਓ। ਹੁਣ ਤਾਂ ਮੈਂ ਹੋਰੂੰ ਸੋਚਦਾਂ। ਤੂੰ ਪੁੱਛ ਕਿਮੇ?'

'ਮੈਨੂੰ ਤਾਂ ਏਨਾ ਹੀ ਬਹੁਤ ਐ ਕਿ ਰੱਬ ਕੁੱਝ ਸੋਚਦਾ ਤਾਂ ਹੈ।' ਮੇਰੇ ਬੋਲਾਂ ਦੇ ਵਿਅੰਗ 'ਚ ਰੱਬ ਉਲਝਿਆ ਨਹੀਂ ਸੀ।

'ਸੋਚਦਾਂ ਸਾਹਬੋ ਸਰਦਾਰਾਂ ਦੀ ਨੂੰਹ ਐ—ਮੇਰੇ ਕੋਲ ਤਾਂ ਕਦੇ ਕਦਾਈਂ ਰਾਤ ਕੱਟ ਜਾਂਦੀ। ਜੀਕਣ ਤੂੰ ਕਹਿਨੈ ਹੁੰਨਾ, ਬਦਲ ਲਿਆ। ਕੀ ਕਹਿੰਨਾ ਹੁੰਨਾ?'

'ਦ੍ਰਿਸ਼ਟੀਕੋਣ।'

'ਹਾਂਅ ਦਰਸ਼ਟੀਕੋਣ। ਉਂ ਤੇਰਾ ਕੀ ਖਿਆਲ?' ਉਹ ਕਿੰਨਾ ਚਿਰ 'ਹੀਂ--ਹੀਂ' ਕਰਕੇ ਹੱਸਦਾ ਰਿਹਾ। ਮੈਂ ਹਿਸਾਬ ਲਾਇਆ ਉਹ ਚਾਹੁੰਦਾ ਸੀ ਕਿ ਮੈਂ ਆਖਾਂ, 'ਆਹ ਗੱਲ ਤਾਂ ਤੇਰੀ ਦਰੁਸਤ ਹੈ,' ਪਰ ਮੈਂ ਆਖ ਨਾ ਸਕਿਆ। ਮੈਂ ਸਮਝਦਾ ਸਾਂ ਆਪਣੀ ਪਤਨੀ ਬਾਰੇ ਅਜਿਹੀ ਗੱਲ ਕੋਈ ਵੀ ਨਹੀਂ ਆਖ ਸਕਦਾ ਭਾਵੇਂ ਰੱਬ ਹੀ ਕਿਉਂ ਨਾ ਹੋਵੇ। ਰੱਬ ਵੀ ਇਹ ਗੱਲ ਅੰਦਰੋਂ ਨਹੀਂ ਸੀ ਆਖ ਰਿਹਾ।

ਉਸ ਦਿਨ ਉਹ ਬੜੇ ਸਹਿਜ ਭਾਅ ਨਾਲ ਗੱਲਾਂ ਕਰਦਾ ਰਿਹਾ। ਨਿਰਮਲ ਚਾਹ ਫੜਾਉਣ ਆਈ। ਰੱਬ ਨੇ ਚਾਹ ਵਾਲਾ ਕੱਪ ਫੜਦਿਆਂ ਵਾਪਸ ਮੁੜਦੀ ਨਿਰਮਲ ਨੂੰ ਸੁਣਾਉਣ ਲਈ ਥੋੜਾ ਉੱਚੀ ਆਵਾਜ਼ 'ਚ ਆਖਿਆ, 'ਨਿਰਮਲ ਭੈਣ ਜੀ ਅਰਗੀ ਤੀਮੀ ਨ੍ਹੀ ਹੋਣੀ ਸਾਰੇ ਜੱਗ ਜਹਾਨ 'ਤੇ। ਅਪਸਰਾ, ਪੈਰ ਧੋ ਧੋ ਕੇ ਪੀਆ ਕਰ ਸਵੇਰੇ-ਆਥਣੇ।'

ਨਿਰਮਲ ਮੇਰੇ ਵੱਲ ਟੇਢਾ ਜਿਹਾ ਵੇਖ ਕੇ ਮੁਸਕਰਾਉਂਦਿਆਂ ਚਲੀ ਗਈ। ਉਸਦੇ ਦੂਰ ਜਾਂਦਿਆਂ ਹੀ ਰੱਬ ਬੜੀ ਮਰੀਅਲ ਜਿਹੀ ਆਵਾਜ਼ 'ਚ ਬੋਲਿਆ, 'ਸਾਹਬੋ ਵੀ ਤਾਂ ਤੀਮੀ ਐ। ਕਿੱਥੇ ਨਿਰਮਲ ਭੈਣ ਤੇ ਕਿੱਥੇ ਸਾਹਬੋ। ਕੋਈ ਤੀਮੀ ਜੁਆਕ ਜੰਮ ਦੇਣ ਨਾਲ ਈ ਤਾਂ ਤੀਮੀ ਨ੍ਹੀ ਬਣ ਜਾਂਦੀ।' ਉਸ ਨੇ ਚਾਹ ਪੀ ਕੱਪ ਮੰਜੇ ਦੇ ਹੇਠ ਨੂੰ ਸਿਰਕਾ ਦਿੱਤਾ।

ਇਸ ਗੱਲ ਨੂੰ ਮਹੀਨਾ ਡੂਢ ਮਹੀਨਾ ਲੰਘ ਗਿਆ। ਪੰਚਾਇਤੀ ਚੋਣਾਂ ਦੀ ਡਿਊਟੀ ਕਰਕੇ ਮੈਂ ਵੀ ਕੁੱਝ ਵਧੇਰੇ ਹੀ ਰੁਝੇਵੇਂ 'ਚ ਫਸਿਆ ਰਿਹਾ। ਸਵੇਰੇ ਸਾਝਰੇ ਜਾ ਕੇ ਦੇਰ ਰਾਤ ਗਏ ਘਰ ਮੁੜਦਾ। ਇੱਕ ਦਿਨ ਮੈਂ ਡਿਊਟੀ 'ਤੇ ਜਾਣ ਲਈ ਗੱਡੀ ਬਾਹਰ ਕੱਢੀ ਹੀ ਸੀ ਕਿ ਸਾਹਮਣੇ ਤੋਂ ਰੱਬ ਆਉਂਦਾ ਦਿਖਾਈ ਦਿੱਤਾ। ਵੇਖਣ ਨੂੰ ਉਹ ਕੁੱਝ ਰੌਅ ਵਿੱਚ ਲੱਗਦਾ ਸੀ।

'ਬਾਈ! ਬਾਹਲੀ ਕਾਹਲੀ ਤਾਂ ਨ੍ਹੀ ਜਾਣ ਦੀ?' ਮੈਂ ਨੋਟ ਕੀਤਾ ਉਸਨੇ ਸੰਬੋਧਨ ਕਰਨ ਲਈ ਅਪਸਰੇ ਦੀ ਥਾਂ 'ਬਾਈ' ਸ਼ਬਦ ਵਰਤਿਆ ਸੀ।

'ਹੈ ਤਾਂ ਕਾਹਲੀ ਈ ਪਰ ਐਨੀ ਵੀ ਨੀ। ਤੂੰ ਦੱਸ ਅੱਜ ਰੱਬ ਨੇ ਕਿਵੇਂ ਦਰਸ਼ਨ ਦਿੱਤੇ ਐਨੇ ਦਿਨਾਂ ਬਾਅਦ?'

'ਸ਼ੌਡੇ ਨਾਲ ਇੱਕ ਗੱਲ ਕਰਨੀ ਸੀਗੀ।'

'ਇੱਕ ਕਿਉਂ ਦੋ ਕਰ'ਲਾ। ਚੱਲ ਪਹਿਲਾਂ ਤੇਰੀ ਸੁਣ ਲੈਨੇ ਆਂ।' ਮੈਂ ਕਾਰ ਬੰਦ ਕਰਕੇ ਚਾਬੀ ਵਾਪਸ ਪੈਂਟ ਦੀ ਜੇਬ 'ਚ ਪਾ ਲਈ। ਅਸੀਂ ਵਰਾਂਡੇ 'ਚ ਕੁਰਸੀਆਂ 'ਤੇ ਆ ਬੈਠੇ।

'ਫੁਰਮਾਓ ਰੱਬ ਜੀ!'

'ਬਾਈ ਇੱਕ ਕੰਮ ਸੀ।'

ਮੈਂ ਪੈਂਟ ਦੀ ਪਿਛਲੀ ਜੇਬ 'ਚੋਂ ਪਰਸ ਕੱਢਣ ਲੱਗਾ।

'ਜੇ ਤਾਂ ਦੋ ਚਾਰ ਸੌ ਚਾਹੀਦਾ ਹੁਣੇ ਲੈ ਜਾ, ਜੇ ਜ਼ਿਆਦਾ ਦੀ ਲੋੜ ਆ ਤਾਂ ਆਥਣੇ ਫੜ'ਲੀਂ। ਮੈਂ ਬੈਂਕ 'ਚੋਂ ਕਢਾ ਲਿਆਊਂ।' ਮੈਂ ਪਰਸ 'ਚੋਂ ਸੌ ਸੌ ਦੇ ਤਿੰਨ ਨੋਟ ਕੱਢ ਕੇ ਉਸ ਵੱਲ ਵਧਾ ਦਿੱਤੇ। ਰੱਬ ਨੂੰ ਜਦੋਂ ਪੈਸੇ ਧੇਲੇ ਦੀ ਜ਼ਰੂਰਤ ਪੈਂਦੀ, ਮੇਰੇ ਕੋਲੋਂ ਹੀ ਲੈ ਕੇ ਜਾਂਦਾ ਸੀ।

'ਨਹੀਂ ਬਾਈ ਪੈਸੇ ਨ੍ਹੀ ਚਾਈਦੇ। ਸੌਨੂੰ ਹੋਰ ਸਵਾਲ ਪਾਉਣਾ।' ਪੈਸਿਆਂ ਵਾਲਾ ਹੱਥ ਉਸਨੇ ਪਿੱਛੇ ਨੂੰ ਧੱਕ ਦਿੱਤਾ।

'ਰੱਬ ਦੇ ਹੁਕਮ ਨੂੰ ਕਿਹੜਾ ਭੜੂਆ ਟਾਲ ਸਕਦੈ?' ਮੈਂ ਸ਼ਰਾਰਤ ਨਾਲ ਆਖਿਆ।

'ਬਾਈ ਸਿਆਂ, ਜੇ ਲਿਆ ਕੇ ਦੇ ਸਕਦੈਂ ਤਾਂ ਇੱਕ ਰਮਾਲ ਲਿਆ ਦੇ ਸਿਰੇ ਦਾ। ਮਹਿੰਗੇ ਤੋਂ ਮਹਿੰਗਾ। ਸਾਲਾ ਦੂਰੋਂ ਚਲਕਾਰੇ ਮਾਰਦਾ ਹੋਵੇ। ਜਾਣੀਦਾ ਜੀਹਨੂੰ ਵੇਂਹਦਿਆਂ ਸਾਰ ਕਹਿੰਦੀ ਕਹਾਉਂਦੀ ਤੀਮੀ ਗਸ਼ ਖਾ ਕੇ ਡਿੱਗ'ਪੇ।' ਰੱਬ ਨੇ ਵਿਚਾਰਾ ਜਿਹਾ ਬਣ ਕੇ ਆਖਿਆ।

'ਹਾ ਹਾ ਹਾ ! ਵਾਹ ਉਏ ਰੱਬਾ—-!' ਉਸ ਦੀ ਅਲੋਕਾਰੀ ਮੰਗ 'ਤੇ ਮੈਂ ਖੁੱਲ੍ਹ ਕੇ ਹੱਸਿਆ।

'ਬਾਈ ਹੈਦੇ 'ਚ ਹੱਸਣ ਆਲੀ ਕੀ ਗੱਲ ਐ?'

'ਰੱਬਾ! ਪਤੰਦਰਾ ਬਾਹਲੇ ਪੁਰਾਣੇ ਟਾਈਮਾਂ ਦੀਆਂ ਗੱਲਾਂ ਕਰਦੈਂ। ਬਾਪੂ ਦੀ ਜਵਾਨੀ ਵੇਲੇ ਦੀਆਂ। ਅੱਜਕੱਲ੍ਹ ਦੀਆਂ ਜਨਾਨੀਆਂ ਰੁਮਾਲਾਂ 'ਤੇ ਨ੍ਹੀ ਡਿਗਦੀਆਂ ਗਸ਼ ਖਾ ਕੇ। ਹੁਣ ਮੋਬਾਇਲਾਂ ਦਾ ਯੁੱਗ ਹੈ।'

'ਜਿਨ੍ਹਾਂ ਨੇ ਡਿੱਗਣਾ ਹੋਵੇ ਡਿੱਗ ਪੈਂਦੀਆਂ ਹਜੇ ਵੀ। ਤੈਨੂੰ ਕਿਹੜਾ ਭੁੱਲ ਐ। ਨਾਲੇ ਅਪਸਰਾ ਤੈਂਅ ਕੀ ਲੈਣਾ ਹੈਸ ਗੱਲ 'ਚੋਂ। ਲਿਆ ਕੇ ਦੇ ਸਕਦੈਂ ਤਾਂ ਦੱਸ, ਨੀ ਤਾਂ ਕੋਈ ਹੋਰ ਖੂਹ ਪੱਟਾਂ। ਨਾਲੇ ਪੈਸਿਆਂ ਦੀ ਕੋਈ ਪਰਵਾਹ ਨ੍ਹੀ ਭਮੇ ਕਿੰਨੇ ਲੱਗ ਜਾਣ।'

'ਰੁਮਾਲ ਦੀ ਤਾਂ ਕੋਈ ਗੱਲ ਨਹੀਂ ਇੱਕ ਛੱਡ ਚਾਰ ਲਿਆਦੂੰ ਪਰ ਇਹ ਤਾਂ ਦੱਸ ਦੇਣਾ ਕੀਹਨੂੰ ਹੈ?'

'ਏਸ ਗੁੱਧੜ-ਗੁੰਮੇ 'ਚੋਂ ਤੈਂਅ ਕੀ ਵਣੇਵੇਂ ਲੈਣੇ? ਮੈਂ ਭਮੇ ਕਾਲੀ ਕੁੱਤੀ ਨੂੰ ਦੇਮਾਂ। ਤੂੰ ਬੱਸ ਕੇਰਾਂ ਲਿਆ ਦੇ। ਫੇਰ ਵੇਖੀਂ ਰੱਬ ਦੇ ਰੰਗ। ਭੂਤ ਭੰਗੜਾ ਪੈਂਦਾ ਦਿਖਾਊਂ ਤੈਨੂੰ।' ਉਸ ਅੰਦਰੋਂ ਅਜੀਬ ਕਿਸਮ ਦਾ ਵਿਸ਼ਵਾਸ਼ ਬੋਲ ਰਿਹਾ ਸੀ।

ਮੈਂ ਮੁਸਕਰਾਉਂਦਿਆਂ ਆਪਣਾ ਸੱਜਾ ਹੱਥ ਉਸਦੇ ਮੋਢੇ ਤੇ ਰੱਖ ਕੇ ਮੋਢਾ ਹਲਕਾ ਜਿਹਾ ਦਬਾ ਦਿੱਤਾ। ਉਸਦੇ ਚਿਹਰੇ 'ਤੇ ਚੜਦੇ ਸੂਰਜ ਵਰਗੀ ਲਾਲੀ ਨਜ਼ਰ ਆਉਣ ਲੱਗੀ।

ਉਸੇ ਦਿਨ ਮੈਂ ਸ਼ਹਿਰ ਦੀਆਂ ਬਹੁਤ ਸਾਰੀਆਂ ਦੁਕਾਨਾਂ ਘੁੰਮ ਕੇ ਇੱਕ ਬੇਸ਼ਕੀਮਤੀ ਰੁਮਾਲ ਖਰੀਦਿਆ ਤੇ ਸ਼ਾਮੀ ਘਰ ਲੈ ਆਇਆ। ਉਸੇ ਦਿਨ ਹੀ ਉਹ ਲੈਣ ਵੀ ਆ ਗਿਆ। ਮੈਂ ਦੇਖਿਆ ਕਿ ਉਸ ਦੇ ਚਿਹਰੇ 'ਤੇ ਮੁਸਕਾਨ ਨੱਚਦੀ ਫਿਰਦੀ ਸੀ। ਜਾਣ ਲੱਗਿਆਂ ਉਹ ਦਰਵਾਜ਼ੇ 'ਤੋਂ ਵਾਪਸ ਆ ਗਿਆ।

'ਬਾਈ ਸਿਆਂ, ਲੱਗਦੇ ਹੱਥ ਕੋਈ ਇਤਰ ਫਲੇਲ ਵੀ ਦੇਦੇ ਉੱਤੇ ਛਿੜਕਣ ਆਸਤੇ। ਸਾਲੀਆਂ ਲਫਟਾਂ ਆਉਣ ਡੂਢ ਮੀਲ ਤੋਂ।' ਰੱਬ ਦੀ ਮੰਗ ਕਿਵੇਂ ਅਣਗੌਲਿਆਂ ਕਰ ਦਿੰਦਾ। ਮੈਂ ਫਰਾਂਸ ਰਹਿੰਦੇ ਮਿੱਤਰ ਵਲੋਂ ਦਿੱਤਾ ਪਰਫਿਊਮ ਲਿਆ ਕੇ ਫੜਾ ਦਿੱਤਾ। ਜਾਣ ਲੱਗੇ ਰੱਬ ਦੇ ਪੱਬ ਧਰਤੀ 'ਤੇ ਨਹੀਂ ਸੀ ਲੱਗ ਰਹੇ।

ਅਗਲੇ ਦਿਨ ਸਾਝਰੇ ਹੀ ਉਸਨੇ ਮੇਰਾ ਬੂਹਾ ਆਣ ਮੱਲਿਆ। ਉਹ ਕਹੀ ਮੋਢੇ 'ਤੇ ਰੱਖੀ ਖੇਤ ਜਾ ਰਿਹਾ ਸੀ ਤੇ ਕਾਹਲੀ ਵਿੱਚ ਸੀ। ਉਸਨੇ ਨਹਿਰ ਦੇ ਪਾਣੀ ਦੀ ਵਾਰੀ ਲੈਣੀ ਸੀ। ਮੇਰੇ ਕਹਿਣ 'ਤੇ ਵੀ ਉਹ ਮੰਜੇ 'ਤੇ ਨਾ ਬੈਠਿਆ ਤੇ ਖੜਾ ਖੜਾ ਹੀ ਰੁਮਾਲ ਦੀ ਕਾਰਗੁਜ਼ਾਰੀ ਬਾਰੇ ਦੱਸਣ ਲੱਗਾ।

'ਬਾਈ ਸਿਆਂ, ਕੱਲ੍ਹ ਮੈਂ ਜਾਂਦਿਆਂ ਈ ਸਰਬੇ ਨੇੜੇ ਹੋ ਕੇ ਬੋਝੇ 'ਚੋਂ ਰੁਮਾਲ ਕੱਢਿਆ। ਮਾਰ ਲਫਟਾਂ ਆਉਣ। ਸਰਬੇ ਦੀਆਂ ਤਾਂ ਅੱਖਾਂ ਈ ਟੱਡੀਆਂ ਰਹਿ ਗਈਆਂ।' ਉਸਨੇ ਬਿਨਾਂ ਦੇਰੀ

(ਬਾਕੀ ਅਗਲੇ ਸਫੇ 'ਤੇ)

# ਮਿੱਟੀ ਵਾਲਾ ਰਿਸ਼ਤਾ

ਜ਼ਿੰਦਗੀ ਦੇ ਵਰਕਿਆਂ ਤੋਂ



ਅਜੀਤ ਸਤਨਾਮ ਕੌਰ

ਲੌਕਡਾਊਨ ਕਾਰਨ ਮੈਨੂੰ ਭਾਰਤ ਲੰਬਾ ਸਮਾਂ ਰਹਿਣਾ ਪੈ ਗਿਆ। ਮੈਨੂੰ ਇਸ ਮਹਾਂਮਾਰੀ ਦੇ ਸਮੇਂ ਵਿਚ ਰਿਸ਼ਤਿਆਂ ਨੂੰ ਬਹੁਤ ਨਜ਼ਦੀਕ ਤੋਂ ਵੇਖਣ ਦਾ ਮੌਕਾ ਮਿਲਿਆ!

ਗਲੀ ਦੇ ਚੌਥੇ ਘਰ ਦੇ ਬੂਹੇ ਮੂਹਰੇ ਬੁੱਢੀ ਰੱਜੋ ਅੰਮਾ ਆਪਣੀ ਸੋਟੀ ਨਾਲ ਹੌਲੀ-ਹੌਲੀ ਜ਼ਮੀਨ ਦੀ ਮਿੱਟੀ ਨੂੰ ਖੁਰਚ ਰਹੀ ਸੀ... ਬਹੁਤ ਖਾਮੋਸ਼...ਦੁਖੀ...ਇੱਕਲੀ!

ਕਰੋਨਾ ਟੀਮ ਨੇ ਆ ਕੇ ਘਰ ਵਿਚ ਭੜਥੂ ਪਾ ਦਿੱਤਾ, 'ਮਰਨ ਵਾਲੇ ਦਾ ਨਾਮ ਨੰਦੂ ਹੈ?...ਕਿੱਥੇ ਹੈ ਲਾਸ਼?...ਵੇਰਵੇ ਦੇ ਕਾਗਜ਼ ਦੇਵੋ?...ਪਰਿਵਾਰ ਦੇ ਸਾਰੇ ਲੋਕ ਮ੍ਰਿਤਕ ਨਾਲ ਨਹੀਂ ਜਾਣੇ, ਜਿਸ ਨੇ 'ਲਾਂਬੂ' ਲਾਣਾ, ਓਹ ਹੀ ਬਾਹਰ ਆਵੇ। ਦੋ ਹੋਰ ਜਣੇ ਨਾਲ ਜਾ ਸਕਦੇ ਨੇ, ਬੱਸ...!' ਕਰੋਨਾ ਟੀਮ ਵਾਲੇ ਆਪਣਾ ਕੰਮ ਪੂਰਾ ਕਰਦੇ ਹੋਏ ਅਵਾ-ਤਵਾ ਜ਼ਰੂਰੀ ਗੱਲਾਂ ਦੀ ਸੂਚਨਾ ਦੇ ਰਹੇ ਸਨ।

ਰੱਜੋ ਅੰਮਾ ਰੋ-ਰੋ ਬੇਹਾਲ ਹੋਈ, ਜ਼ਮੀਨ ਉੱਤੇ ਪਈ, ਵਿਹੜੇ ਵਿਚ ਬਣੇ ਕਮਰਿਆਂ ਦੇ ਬੂਹਿਆਂ ਵੱਲ ਬੜੀ ਆਸ ਨਾਲ ਤੱਕ ਰਹੀ ਸੀ।

ਰੱਜੋ ਅੰਮਾ ਦੇ ਦੋ ਪੁੱਤ-ਨੰਦੂ ਅਤੇ ਬੰਟੀ ਸਨ। ਇੱਕ ਧੀ, ਜੋ ਵਿਆਹ ਕੇ ਆਪਣੇ ਘਰ ਚਲੀ ਗਈ ਸੀ। ਦੋਵੇਂ ਪੁੱਤ ਵੀ ਵਿਆਹੇ ਗਏ ਸਨ। ਦੋਹਾਂ ਦਾ ਭਰਿਆ-ਪੂਰਿਆ ਪਰਿਵਾਰ ਸੀ। ਇਸ ਵਿਹੜੇ ਵਿਚ ਆਪਣੀ-ਆਪਣੀ ਹੱਦ ਬਣਾ ਕੇ, ਅੰਮਾ ਦੇ ਦੋਵੇਂ ਪੁੱਤਾਂ ਦੇ ਪਰਿਵਾਰ ਆਪਣੀਆਂ-ਆਪਣੀਆਂ ਰੋਟੀਆਂ ਸੇਕ ਰਹੇ ਸਨ। ਰੱਜੋ ਦਾ ਪਤੀ ਸੂਰਜ ਮੱਲ ਵਿਹਲੜ ਸੁਭਾਅ ਦਾ ਸੀ ਅਤੇ ਆਪਣੀ ਜ਼ਿੰਮੇਵਾਰੀ ਨਹੀਂ ਸੀ ਸਮਝਦਾ। ਇਸ ਲਈ ਰੱਜੋ ਅੰਮਾ ਤਿੰਨੋ ਨਿਆਣਿਆਂ ਨੂੰ ਪਾਲਣ ਲਈ ਕੋਠੀਆਂ ਵਿਚ ਕੰਮ ਕਰ, ਜਵਾਨੀ ਵਿਚ ਆਪਣੀਆਂ ਹੱਡੀਆਂ ਨੂੰ ਰਗੜਦੀ ਰਹੀ। ਬੱਚੇ ਜਦੋਂ ਆਪਣੀ ਕਮਾਈਆਂ ਵਾਲੇ ਹੋ ਗਏ ਤਾਂ ਰੱਜੋ ਦੀਆਂ ਕਮਜ਼ੋਰ ਪੈ ਰਹੀਆਂ ਹੱਡੀਆਂ ਨੇ ਸੁੱਖ ਦਾ ਸਾਹ ਲਿਆ। ਸਾਲ 2020 ਵਿਚ 'ਕਰੋਨਾ' ਨੇ ਰੱਜੋ ਦੇ ਪਤੀ ਨੂੰ ਆਪਣੀ ਚਪੇਟ ਵਿਚ ਲੈ ਲਿਆ...!

'ਘਰ ਵਿਚ ਛੋਟੇ ਬੱਚੇ ਹਨ, ਅੰਮਾ...! ਇਸ ਨੂੰ ਕਹਿ ਕੇ ਸਰਕਾਰੀ ਹਸਪਤਾਲ ਜਾ ਕੇ ਟੈਸਟ ਕਰਵਾ ਲੈ...ਹਰ ਵੇਲੇ ਖਊਂ-ਖਊਂ ਕਰਦਾ ਰਹਿੰਦਾ ਹੈ!' ਰੱਜੋ ਦੇ ਵੱਡੇ ਪੁੱਤਰ ਨੰਦੂ ਨੇ ਰੋਸ ਕੀਤਾ। ਕੱਲ੍ਹ ਹੀ ਹਜੇ ਛੋਟਾ ਬੇਟਾ ਬੰਟੀ ਪਿਉ ਨਾਲ ਉਲਝ ਕੇ ਹਟਿਆ ਸੀ। ਰੱਜੋ ਦਾ ਪਤੀ ਸੂਰਜ ਮੱਲ ਬਿਮਾਰ ਹੋ ਗਿਆ ਸੀ।

'...ਮੈਂ ਕੋਠੀ ਵਾਲਿਆਂ ਨੂੰ ਪੁੱਛ ਕੇ ਆਈ ਹਾਂ, ਤੂੰ ਜਾਹ ਸਰਕਾਰੀ ਹਸਪਤਾਲ! ਉਥੇ ਕੀਰਤ ਸਿੰਘ ਕੰਮ ਕਰਦਾ ਹੈ, ਕੋਠੀ ਵਾਲੇ ਦਾ ਨਾਮ ਲੈ ਦੇਵੀਂ, ਆਪੇ ਤੇਰਾ ਦਾਖਲਾ ਹੋ'ਜੂ!' ਘਰ ਵਿਚ ਮੱਚਦੇ ਕਲੇਸ਼ ਨੂੰ ਠੱਲ੍ਹ ਪਾਉਣ ਲਈ, ਰੱਜੋ ਨੇ ਆਪ ਹੀ ਭੱਜ-ਨੱਠ ਕਰ ਕੇ ਬਿਮਾਰ ਪਤੀ ਸੂਰਜ ਮੱਲ ਨੂੰ ਹਸਪਤਾਲ ਭਰਤੀ ਕਰਵਾਉਣ ਲਈ ਲੋਕਾਂ ਦਾ ਮਿੰਨਤ-ਤਰਲਾ ਕਰ ਲਿਆ। 'ਕਰੋਨਾ' ਹੋਣ ਦੇ ਸ਼ੱਕ ਕਾਰਨ ਘਰੋਂ ਦੋਵੇਂ ਪੁੱਤਰ, ਆਪਣੇ ਪਿਉ ਸੂਰਜ ਮੱਲ ਨਾਲ ਹਸਪਤਾਲ ਲਈ ਨਾ ਟੁਰੇ। 'ਪਤਨੀ ਧਰਮ' ਨਿਭਾਉਣ ਲਈ ਰੱਜੋ ਨੇ ਪਤੀ ਨਾਲ ਜਾਣਾ ਹੀ ਆਪਣਾ 'ਫਰਜ਼' ਸਮਝਿਆ...।

'...ਹਾਏ ਵੇ! ਤੇਰੇ ਬਾਪੂ ਨੂੰ 'ਕਰੋਨਾ' ਹੋ ਗਿਆ...ਉਨ੍ਹਾਂ ਤੇਰੇ ਬਾਪੂ ਨੂੰ ਹਸਪਤਾਲ ਵਿਚ ਭਰਤੀ ਕਰ ਲਿਆ ਹੈ!' ਘਰ ਦੇ ਬੂਹੇ ਤੋਂ ਹੀ ਹਾਕ ਜਿਹੀ ਮਾਰ ਕੇ ਰੱਜੋ ਅੰਮਾ ਨੇ ਪਰਿਵਾਰ ਨੂੰ ਸੂਚਨਾ ਦਿੱਤੀ।



'...ਤੇਰਾ ਦਿਮਾਗ ਖਰਾਬ ਹੋ ਗਿਆ ਹੈ? ਜਦ ਪਤਾ ਸੀ ਕਿ 'ਬੁੱਢਾ' ਖੰਘ ਰਿਹਾ ਹੈ, ਤਾਂ ਨਾਲ ਜਾਣਾ ਕਿੰਨਾ ਕੁ ਜ਼ਰੂਰੀ ਸੀ? ਇਹ ਘਾਤਕ ਮਹਾਂਮਾਰੀ ਹੈ, ਇਸ ਵਿਚ ਰਿਸ਼ਤਿਆਂ ਦਾ ਨਹੀਂ, ਆਪਣੀ ਜਾਨ ਦਾ ਫਿਕਰ ਕਰ ਅੰਮਾ...!' ਵੱਡੇ ਪੁੱਤ ਨੰਦੂ ਨੇ ਦਹਾੜ ਮਾਰੀ। ਜਦੋਂ ਮਾਂ ਕੋਲੋਂ ਪਤਾ ਚੱਲਿਆ ਕਿ ਬਾਪੂ ਹਸਪਤਾਲ ਦੀ ਰਿਪੋਰਟ ਵਿਚ 'ਕਰੋਨਾ' ਪਾਜ਼ੇਟਿਵ ਆਇਆ ਹੈ।

'...!' ਰੱਜੋ ਅੰਮਾ ਦਾ ਸਰੀਰ ਕੰਬ ਗਿਆ ਅਤੇ ਅੱਖਾਂ ਛਲ-ਛਲ ਬਰਸ ਪਈਆਂ। ਰੱਜੋ ਧਰਵਾਸ ਮਿਲਣ ਦੀ ਆਸ ਕਰ ਰਹੀ ਸੀ, ਪਰ ਪਤੀ ਦਾ ਸਾਥ ਦੇਣ ਕਾਰਨ ਪੁੱਤਾਂ ਨੇ ਜਿਵੇਂ ਉਸ ਨੂੰ ਅਪਰਾਧੀ ਘੋਸ਼ਿਤ ਕਰ ਦਿੱਤਾ ਹੋਵੇ।

'ਘਰ ਵਿਚ ਸਾਡੇ ਬੱਚੇ ਨੇ...ਅੰਮਾ ਤੂੰ ਹੁਣ ਦਸ ਦਿਨ ਆਪਣੇ ਕਮਰੇ ਵਿਚ ਹੀ ਰਹੀਂ, ਉਥੇ ਹੀ ਤੇਰੀ ਰੋਟੀ ਪਹੁੰਚ ਜਾਏਗੀ!' ਛੋਟੇ ਪੁੱਤ ਬੰਟੀ ਨੇ ਵੱਡੇ ਭਰਾ ਦਾ ਸਾਥ ਦਿੱਤਾ। ਆਪਣੇ ਚੁੰਨੀ ਦੇ ਪੱਲੇ ਨੂੰ ਅੱਖਾਂ 'ਤੇ ਰੱਖ ਰੱਜੋ ਚੁੱਪ ਚਾਪ ਭਾਰੀ ਕਦਮਾਂ ਨਾਲ ਆਪਣੇ ਕਮਰੇ 'ਚ ਚਲੀ ਗਈ, ਬਿਮਾਰ ਪਤੀ ਦਾ ਸਾਥ ਦੇਣ ਦੀ ਸਜ਼ਾ ਭੁਗਤਣ ਲਈ!

ਹਰ ਦਿਨ ਆਪਣੇ ਪਤੀ ਸੂਰਜ ਮੱਲ ਦੀ ਚੰਗੀ ਸਿਹਤ ਦੀ ਅਰਦਾਸ ਕਰਦੀ ਅਤੇ ਘਰ ਮੁੜ ਆਉਣ ਦੀਆਂ ਔਂਸੀਆਂ ਪਾ ਰਹੀ ਸੀ, ਪਰ ਦੋਵੇਂ ਪੁੱਤਰ ਨਿਸ਼ਚਿੰਤ ਜਿਹੇ ਹੋ ਗਏ ਸੀ ਕਿ ਜੋ ਹੋਣਾ ਉਹ ਤਾਂ ਹਸਪਤਾਲ ਦੀ ਹੀ ਡਿਊਟੀ ਸੀ। ਚਾਰ ਕੁ ਦਿਨ ਬਾਅਦ ਹੀ ਹਸਪਤਾਲ ਤੋਂ ਸੂਚਨਾ ਆ ਗਈ ਕਿ ਸੂਰਜ ਮੱਲ ਕਰੋਨਾ ਦੀ ਬਿਮਾਰੀ ਕਾਰਨ ਮਰ ਗਿਆ ਹੈ। ਲਾਸ਼ ਘਰ ਨਹੀਂ ਆਉਣੀ ਸੀ ਅਤੇ ਘਰੋਂ ਹਸਪਤਾਲ ਕੋਈ ਗਿਆ ਨਹੀਂ ਸੀ, ਨਾ ਹੀ ਰੱਜੋ ਨੂੰ ਜਾਣ ਦਿੱਤਾ ਸੀ, 'ਕੀ ਕਰਨਾ ਜਾ ਕੇ? ਉੱਥੇ ਕਿਹੜਾ ਮ੍ਰਿਤਕ ਦਾ ਮੂੰਹ ਵੇਖਣ ਦਿੰਦੇ ਨੇ, ਉਲਟਾ ਤੂੰ ਹੋਰ ਕੋਈ ਬਿਮਾਰੀ ਚਮੇੜ ਲਿਆਏਂਗੀ!'

ਰੱਜੋ ਦਿਨ ਵਿਚ ਕਈ ਵਾਰ ਆਪਣੇ ਪਤੀ ਨੂੰ ਯਾਦ ਕਰ ਰੋ ਲੈਂਦੀ। ਰੱਜੋ ਨੂੰ ਇਸ ਗੱਲ ਦਾ ਸੰਤੋਖ ਅਤੇ ਸੰਤੁਸ਼ਟੀ ਸੀ ਕਿ ਬਿਮਾਰ ਪਤੀ ਦੀ ਬਾਂਹ ਫੜ ਆਪ ਹਸਪਤਾਲ ਇਲਾਜ ਲਈ ਲੈ ਗਈ ਸੀ। ਜਦੋਂ ਨਰਸ ਸੂਰਜ ਮੱਲ ਨੂੰ ਵ੍ਹੀਲ-ਚੇਅਰ 'ਤੇ ਬਿਠਾ ਕੇ ਲਿਜਾਣ ਲੱਗੀ ਸੀ ਤਾਂ ਬਿਮਾਰੀ ਨਾਲ ਨਿਰਬਲ ਪਤੀ ਨੇ ਰੱਜੋ ਦਾ ਹੱਥ ਫੜ ਲਿਆ। ਸੂਰਜ ਮੱਲ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਉਸ ਦੇ ਮਨ ਦੇ ਦਰਦ ਨੂੰ ਪ੍ਰਗਟ ਕਰ ਰਹੀਆਂ ਸਨ, 'ਰੱਜੋ, ਜਵਾਨ ਪੁੱਤ ਘਰ ਹੋਣ ਦੇ ਬਾਵਜੂਦ ਤੇਰੇ ਬੁੱਢੇ ਸਰੀਰ ਨੇ ਹੀ ਮੇਰਾ ਸਾਥ ਦਿੱਤਾ। ਤੇਰੇ 'ਪਤਨੀ-ਧਰਮ' ਨੂੰ ਮੇਰਾ ਪ੍ਰਣਾਮ ਹੈ! ਠੀਕ ਹੋ ਕੇ ਜਦ ਵਾਪਸ ਘਰ ਮੁੜਿਆ, ਤਾਂ ਤੇਰੀ ਖੂਬ ਸੇਵਾ ਕਰੂੰਗਾ!' ਸੂਰਜ ਮੱਲ ਦਾ ਹਿਰਦਾ ਪਾਰੇ ਵਾਂਗ ਪਿਘਲ ਰਿਹਾ ਸੀ। ਪਤੀ ਦਾ ਦਰਦ ਰੱਜੋ ਦੀਆਂ ਅੱਖਾਂ 'ਚੋਂ ਚੋਅ ਰਿਹਾ ਸੀ। ਨਰਸ ਨੇ ਰੱਜੋ ਨੂੰ ਹਾਲ-ਰੂਮ ਤੋਂ ਅੱਗੇ ਜਾਣ ਤੋਂ ਮਨ੍ਹਾਂ ਕਰ ਦਿੱਤਾ। ਨਰਸ ਸੂਰਜ ਮੱਲ ਨੂੰ ਹੌਲੀ ਹੌਲੀ ਹਸਪਤਾਲ ਦੇ 'ਵਾਰਡ' ਵਿਚ ਲੈ ਜਾ ਰਹੀ ਸੀ। ਦੇਖਦਿਆਂ ਦੇਖਦਿਆਂ ਰੱਜੋ ਦਾ ਪਤੀ ਉਸ ਦੀਆਂ ਅੱਖਾਂ 'ਤੋਂ ਓਹਲੇ ਹੋ ਗਿਆ ਅਤੇ ਚਾਰ ਦਿਨ ਬਾਅਦ ਇਸ ਦੁਨੀਆਂ ਤੋਂ ਹੀ ਸਦਾ ਲਈ ਅਲੋਪ ਹੋ ਗਿਆ।

ਖਬਰਾਂ ਨੇ ਘੜਮੱਸ ਪੱਟੀ ਹੋਈ ਸੀ ਕਿ ਇਹ ਬਿਮਾਰੀ ਕੁਝ ਮਹੀਨੇ ਹੋਰ ਰਹੇਗੀ, ਫਿਰ ਸਭ ਠੀਕ ਹੋ ਜਾਏਗਾ, ਪਰ ਸਾਲ 2021 ਚੜ੍ਹ ਆਇਆ ਅਤੇ 'ਕਰੋਨਾ' ਦੀ ਦੂਸਰੀ ਲਹਿਰ ਨੇ ਹੋਰ ਵੀ ਭਿਆਨਕ ਰੂਪ ਧਾਰ ਲਿਆ। ਇਸ ਵਾਰ ਜਵਾਨ ਮੌਤਾਂ 'ਕਾਲ' ਦਾ ਰੂਪ ਧਾਰ ਨੱਚ ਰਹੀਆਂ ਸਨ। ਰੱਜੋ ਅੰਮਾ ਉੱਤੇ ਕੁਦਰਤ ਦਾ ਕਹਿਰ ਹਜੇ ਬਾਕੀ ਸੀ।

'ਅੰਮਾ...ਆਓ ਦੇਖੋ! ਇਨ੍ਹਾਂ ਦਾ ਬੁਖਾਰ ਤਾਂ ਸਿਰ ਨੂੰ ਚੜ੍ਹ ਗਿਆ ਲੱਗਦਾ?' ਘਬਰਾਈ ਵੱਡੇ ਪੁੱਤ ਨੰਦੂ ਦੀ ਘਰਵਾਲੀ ਚੰਪਾ ਨੇ ਆਪਣੀ ਸੱਸ ਰੱਜੋ ਨੂੰ ਹਾਕ ਮਾਰੀ।

ਰੱਜੋ ਨੇ ਦੌੜ ਕੇ ਆਣ ਆਪਣੇ ਪੁੱਤ ਨੰਦੂ ਨੂੰ ਵੇਖਿਆ, ਜੋ ਬੁਖਾਰ ਨਾਲ ਬੇਸੁੱਧ ਹੋਇਆ ਪਿਆ ਸੀ। ਉਸ ਦੀ ਖੰਘ ਤਾਂ ਘਟ ਗਈ ਸੀ, ਪਰ ਬੁਖਾਰ ਨੇ ਢਾਹਿਆ ਹੋਇਆ ਸੀ। 'ਕਰੋਨਾ' ਦੇ ਚੱਲਦਿਆਂ ਨੰਦੂ ਨੂੰ ਵੱਖਰੇ ਕਮਰੇ ਵਿਚ ਪਾਇਆ ਹੋਇਆ ਸੀ। ਸਾਰਾ ਪਰਿਵਾਰ ਬਿਮਾਰ ਨੰਦੂ ਨੂੰ ਹਸਪਤਾਲ ਦਾਖਲ ਨਹੀਂ ਸੀ ਕਰਵਾਉਣਾ ਚਾਹੁੰਦਾ।

'...ਬਾਪੂ ਹਸਪਤਾਲ ਗਿਆ ਚਾਰ ਦਿਨਾਂ ਵਿਚ ਮਾਰ ਕੇ ਫੂਕ ਵੀ ਦਿੱਤਾ...ਨੰਦੂ ਦੀ ਘਰੇ ਹੀ ਖੰਘ ਅਤੇ ਬੁਖਾਰ ਦੀ ਦਵਾਈ ਲੈ ਆਓ...ਖੌਰੇ ਕੀ-ਕੀ ਕਰੀ ਜਾਂਦੇ ਨੇ ਹਸਪਤਾਲ ਵਾਲੇ? ਸੁਣਿਆਂ ਅੰਗ ਕੱਢ ਕੇ ਵੇਚ ਰਹੇ ਨੇ? ਨਕਲੀ ਟੀਕੇ ਲਾਈ ਜਾ ਰਹੇ ਨੇ? ਬੁੱਢਿਆਂ ਨੂੰ ਬਿਨਾ ਇਲਾਜ ਮਾਰੀ ਜਾ ਰਹੇ ਨੇ...?' 'ਕਰੋਨਾ' ਦੀ ਦਹਿਸ਼ਤ ਨੇ ਮਨੁੱਖਤਾ ਦੀ ਸੋਚਣ ਸ਼ਕਤੀ ਨੂੰ ਹੀ ਬੌਣੀ ਅਤੇ ਸ਼ੱਕੀ ਕੀਤਾ ਹੋਇਆ ਸੀ। ਜਿੰਨੇ ਲੋਕ, ਉਤਨੀਆਂ ਖਬਰਾਂ। ਭਾਂਤ-ਭਾਂਤ ਦੇ ਕਿਆਫੇ।

ਨੰਦੂ ਦਾ ਬਿਮਾਰ ਹੋਣਾ ਰੱਜੋ ਲਈ ਕਿਸੇ ਹੋਣੀ ਤੋਂ ਘੱਟ ਨਹੀਂ ਸੀ। ਅੰਮਾ ਦਾ ਛੋਟਾ ਪੁੱਤ ਬੰਟੀ ਆਪਣੇ ਬਿਮਾਰ ਵੱਡੇ ਭਰਾ ਨੰਦੂ ਦੇ ਨੇੜੇ ਨਹੀਂ ਸੀ ਲੱਗਦਾ। ਰੱਜੋ ਅੰਮਾ ਦੇ ਵੇਖਦੇ-ਵੇਖਦੇ ਹੀ ਨੰਦੂ ਦੀ ਬੇਹੋਸ਼ੀ ਗਹਿਰੀ ਹੋ ਗਈ ਅਤੇ ਅਚਾਨਕ ਇੱਕ ਹਉਕੇ ਜਿਹੇ ਨਾਲ ਸਾਹ ਥੰਮ੍ਹ ਗਏ।

'ਨ...ਨਹੀਂ...ਮੇਰੇ ਪੁੱਤ! ਇੰਜ ਨਾ ਜਾਈਂ, ਵੇ ਮੇਰੇ ਸ਼ੇਰਾ!!' ਚੀਕਾਂ ਮਾਰਦੀ ਰੱਜੋ ਜ਼ਮੀਨ ਉੱਤੇ ਡਿੱਗ, ਪਿੱਟਣ ਲੱਗ ਪਈ। ਮ੍ਰਿਤਕ ਨੰਦੂ ਦੀ ਪਤਨੀ ਚੰਪਾ ਨੇ ਜਦੋਂ ਆਪਣੀ ਸੱਸ ਦਾ ਵਿਰਲਾਪ ਸੁਣਿਆ ਤਾਂ ਆਪਣੇ ਆਪ ਨੂੰ ਅਤੇ ਬੱਚਿਆਂ ਨੂੰ 'ਸੈਨੇਟਾਈਜ਼' ਕਰ ਕਮਰੇ ਵਿਚ ਸਪਰੇਅ ਕਰ, ਬੂਹਾ ਮਾਰ ਲਿਆ।

'ਕਰੋਨਾ ਟੀਮ' ਨੂੰ ਮੌਤ ਦੀ ਸੂਚਨਾ ਦਿੱਤੀ ਗਈ। ਆ ਕੇ ਟੀਮ ਨੇ ਫੇਰ ਪੁੱਛਿਆ, 'ਕੌਣ ਜਾਏਗਾ ਨਾਲ ਮੁਰਦਘਾਟ?'

ਰੱਜੋ ਅੰਮਾ ਨੇ ਵੇਖਿਆ ਖਿੜਕੀਆਂ ਵਿਚੋਂ ਕੁਝ ਅੱਖਾਂ ਝਾਕ ਰਹੀਆਂ ਸਨ, ਪਰ ਬੂਹਿਆਂ 'ਤੇ ਕੋਈ ਹਲ-ਚਲ ਨਹੀਂ ਸੀ, ਬੂਹੇ ਅੰਦਰੋਂ ਬੰਦ ਸਨ। ਵਿਹੜੇ ਵਿਚ ਸੰਨਾਟਾ ਛਾ ਗਿਆ।

ਰੱਜੋ ਅੰਮਾ ਨੇ ਆਪਣੀ ਸੋਟੀ ਚੁੱਕੀ ਅਤੇ ਆਪਣੇ ਘਰਵਾਲੇ ਦੀਆਂ 'ਚੱਪਲਾਂ' ਆਪਣੇ ਪੈਰਾਂ ਵਿਚ ਪਾ, ਗੱਡਾ ਬਣੇ ਕਦਮਾਂ ਨੂੰ ਜ਼ੋਰ ਲਾ ਕੇ ਘਸੀਟਦੀ ਹੋਈ, ਘਰ ਦੇ ਬੂਹਿਓਂ ਬਾਹਰ ਤੁਰ ਪਈ। ਸਦੀਵੀ ਖਾਮੋਸ਼ ਪਏ ਮ੍ਰਿਤਕ ਪੁੱਤ ਨੰਦੂ ਦੇ ਕਹੇ ਬੋਲਾਂ ਨੇ ਰੱਜੋ ਦੇ ਦਿਮਾਗ 'ਚ ਕਟਾਰ ਮਾਰੀ, 'ਇਸ ਮਹਾਂਮਾਰੀ ਵਿਚ ਰਿਸ਼ਤੇ ਨਿਭਾਉਣ ਦਾ ਨਹੀਂ... ਆਪਣੇ-ਆਪ ਨੂੰ ਬਚਾਉਣ ਦਾ ਸਮਾਂ ਹੈ!!'...ਰੱਜੋ ਨੇ ਪਰਤ ਕੇ ਨਹੀਂ ਵੇਖਿਆ ਕਿ ਨੰਦੂ ਦੀ ਪਤਨੀ, ਬੱਚਿਆਂ ਜਾਂ ਭਰਾ ਵਿਚੋਂ ਕਿਸੇ ਰਿਸ਼ਤੇ ਨੇ ਨੰਦੂ ਦੀ ਆਖਰੀ ਯਾਤਰਾ ਵਿਚ ਸ਼ਾਮਲ ਹੋਣ ਦਾ ਹੁੰਗਾਰਾ ਭਰਿਆ ਜਾਂ ਨਹੀਂ। ਲੜਖੜਾਉਂਦੇ ਕਦਮ ਪੁੱਟਦੀ ਰੱਜੋ ਅੰਮਾ ਗਲੀ ਪਾਰ ਕਰ 'ਕਰੋਨਾ' ਵਾਲਿਆਂ ਦੀ ਗੱਡੀ ਕੋਲ ਜਾ ਖੜ੍ਹੀ ਹੋਈ। ਰੱਜੋ ਅੰਮਾ ਦਾ ਅੰਦਰ ਨਿਸ਼ਬਦ ਚੀਖਾਂ ਮਾਰ ਚਿਤਕਾਰ ਕਰ ਰਿਹਾ ਸੀ।

ਮੈਂ ਮੂੰਹ 'ਤੇ 'ਮਾਸਕ' ਲਾ, ਰੱਜੋ ਅੰਮਾ ਕੋਲ ਜਾ ਪੁੱਜੀ। ਰੱਜੋ ਨੇ ਆਪਣੀ ਸੋਟੀ ਨਾਲ ਮਿੱਟੀ ਖੁਰਚਣੀ ਰੋਕ ਕੇ ਕਿਹਾ, 'ਆ ਧੀਏ! ਦੋਸ਼ ਤੇ ਰੋਸ ਕਿਸੇ 'ਤੇ ਨਹੀਂ ਹੈ। ਜਿਸ 'ਮਿੱਟੀ' ਨੂੰ ਮੈਂ ਆਪਣੀ 'ਮਿੱਟੀ' ਨਾਲ ਬਣਾਇਆ ਸੀ, ਉਸ 'ਮਿੱਟੀ' ਦੀ ਜ਼ਿੰਮੇਵਾਰ ਵੀ ਮੈਂ ਹੀ ਸੀ....!!'

ਰੱਜੋ ਅੰਮਾ ਸ਼ਾਇਦ ਮੋਏ ਪੁੱਤ ਦੀਆਂ ਕਹਾਣੀਆਂ ਨਹੀਂ ਸੀ ਪਾਉਣਾ ਚਾਹੁੰਦੀ, ਇਸ ਲਈ ਇੱਕ ਮਾਂ ਆਪਣੀਆਂ ਆਂਦਰਾਂ ਪ੍ਰਤੀ ਆਪਣਾ ਫਰਜ਼ ਸਿਰਫ ਇੱਕ ਵਾਕ ਵਿਚ ਬਿਆਨ ਕਰ, ਸ਼ਾਂਤ ਹੋ ਗਈ। ਮੈਂ ਨਿਰੁੱਤਰ ਹੋ ਸੋਚ ਰਹੀ ਸਾਂ, 'ਇਤਨੀ ਮਹਾਨ ਅਤੇ ਸਹਿਨਸ਼ੀਲ ਸਿਰਫ 'ਤੇ ਸਿਰਫ ਇੱਕ ਮਾਂ ਹੀ ਹੋ ਸਕਦੀ ਹੈ!... ਦੁਨੀਆਂ ਵਿਚ ਹਰ ਰਿਸ਼ਤਾ ਆਪਣੀ ਹੋਂਦ ਬਦਲ ਸਕਦਾ ਹੈ, ਪਰ 'ਮਿੱਟੀ' ਦੇ ਰਿਸ਼ਤੇ ਦੀ ਪੈਰਵੀ ਮਾਂ ਦੇ ਹੱਥ ਹੋਣ ਕਾਰਨ 'ਕੁੱਖ' ਤੋਂ ਉਪਜ ਕੇ ਮਿੱਟੀ, ਮਰ-ਮੁੱਕ ਜਾਣ ਤੋਂ ਬਾਅਦ, ਧਰਤੀ ਮਾਂ ਦੇ ਆਗੋਸ਼ ਵਿਚ ਸਮਾਅ ਫੇਰ ਮਿੱਟੀ ਵਿਚ ਜਾ ਰਲਦੀ ਹੈ। ਇੱਕ ਮਾਂ ਆਪਣੀ ਮਿੱਟੀ ਨੂੰ, ਦੂਜੀ ਮਾਂ ਨੂੰ ਸੌਂਪ ਨਿਸ਼ਚਿੰਤ ਹੋ ਜਾਂਦੀ ਹੈ।

# ਰੱਬ ਜੀ

*(ਪਿਛਲੇ ਸਫੇ ਦੀ ਬਾਕੀ)*

ਕੀਤਿਆਂ ਸਰਬੇ ਨਾਲ ਹੋਈ ਗੱਲਬਾਤ ਸੁਣਾ ਦਿੱਤੀ।

'ਕੰਜ਼ਰ ਦੀਏ ਜਾਤੇ—-ਹਾਅ ਤੈਂਅ ਕਿੱਥੋਂ ਲੈ ਲਿਆ ਐਨਾ ਮਹਿੰਗਾ।'

'ਮੁੱਲ ਲਿਆਂਦਾ ਸ਼ਹਿਰੋਂ।'

'ਐਨਾ ਮਹਿੰਗਾ?'

'ਯਾਰੀ ਨਾਲੋਂ ਕੁੱਛ ਮਹਿੰਗਾ ਨ੍ਹੀ ਹੁੰਦਾ।'

'ਹੈ ਕੰਜ਼ਰ ਦੀ ਜਾਤ—ਬਿਨ੍ਹਾ ਖੰਭਾਂ ਤੋਂ ਈ ਉੱਡੀ ਜਾਂਦੀ ਐ।'

'ਸਰਦਾਰਾ! ਯਾਰ ਦੀ ਯਾਰੀ ਮਗਰ ਜਾਈਦਾ, ਰੁਪਈਏ-ਪੈਸੇ ਮਗਰ ਨ੍ਹੀ। ਤੈਨੂੰ ਕਿਹੜਾ ਭੁੱਲ ਐ। ਕਿਸੇ ਨਾਲ ਨਵੀਂ ਨਵੀਂ ਯਾਰੀ ਲੱਗੀ ਐ, ਉਹਦੇ ਆਸਤੇ ਲਿਆਂਦਾ। ਸਮਝ ਲੈ ਜਿਮੇ ਤੂੰ ਆਵਦੇ ਆਲੀ ਸਾਹਬੋ ਨੂੰ ਨਵੇਂ ਨਵੇਂ ਸੂਟ ਲਿਆ ਕੇ ਦਿੰਨਾਂ, ਆਪਾਂ ਆਵਦੇ ਆਲੀ ਨੂੰ ਆਹ ਦੇ ਦੇਣਾ।'

'ਹੀਂ—ਹੀਂ—ਹੀਂ! ਕੁੱਤੀ ਜਾਤ ਦੁਪਿਹਰੇ ਗਿੱਧਾ। ਸੌਣਾ ਰੂੜੀਆਂ 'ਤੇ ਸੁਪਨੇ ਸ਼ੀਸ਼ ਮਹਿਲਾਂ ਦੇ।'

ਸਰਬੇ ਨਾਲ ਹੋਈ ਬੀਤੀ ਆਪਣੀ ਗੱਲਬਾਤ ਸੁਣਾ ਕੇ ਰੱਬ ਨੇ ਮੇਰੇ ਅੰਦਰ ਉਤਸੁਕਤਾ ਵਧਾ ਦਿੱਤੀ ਸੀ। ਉਹ ਤਾਂ ਫਿਰ ਕਈ ਦਿਨ ਨਾ ਬਹੁੜਿਆ ਪਰ ਮੈਂ ਰੱਬ ਜੀ ਵਲੋਂ ਰੁਮਾਲ ਨਾਲ ਨਵੇਂ ਕੱਢੇ ਸੱਪ ਦੀ ਉਡੀਕ ਕਰਨ ਲੱਗਾ। ਜਿੰਨੇ ਵਿਸ਼ਵਾਸ਼ ਨਾਲ ਉਸਨੇ ਗੱਲ ਸੁਣਾਈ ਸੀ, ਮੈਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਰੱਬ ਕੋਈ ਸੱਪ ਜਰੂਰ ਕੱਢੂ।

ਇੱਕ ਦਿਨ ਮੈਂ ਅਜੇ ਘਰ ਆਇਆ ਹੀ ਸੀ ਕਿ ਪਾਣੀ ਲੈ ਕੇ ਆਈ ਨਿਰਮਲ ਨਵੀਂ ਕਹਾਣੀ ਲੈ ਆਈ ਸੀ।

'ਸੁਣਲੋ ਵੱਡੇ ਲੀਡਰ ਸਰਦਾਰ ਸਰਬਜੀਤ ਸਿੰਹੁ ਦੀ ਕਰਤੂਤ।'

'ਕੀ ਕਰਤਾ?'

'ਕਰਤੂਤ !'

'ਕਰਤੂਤਾਂ ਤਾਂ ਨਿੱਤ ਈ ਕਰਦਾ, ਕੋਈ ਨਵਾਂ ਚੰਦ ਚਾੜਿਆ ਤਾਂ ਦੱਸ।'

'ਭੈਣ ਜੀ ਕਮਲ ਨੂੰ ਕੁੱਟਿਆ ਬੁਰੀ ਤਰ੍ਹਾਂ। ਆਂਡ-ਗੁਆਂਢ ਨੇ ਆ ਕੇ ਛੁਡਾਇਆ ਨਹੀਂ ਤਾਂ ਖੌਰੇ ਮਾਰ ਈ ਦਿੰਦਾ। ਸੂਰ ਜਿਹੇ ਨੇ ਕੁੱਟ ਕੁੱਟ ਕੇ ਪੱਸਲੀਆਂ ਅੰਦਰ ਪਾਤੀਆਂ ਦਰਵੇਸ਼ਣੀ ਦੀਆਂ।'

ਸਰਬੇ ਦੀ ਘਰਵਾਲੀ ਕਮਲ ਅਤੇ ਨਿਰਮਲ ਇੱਕੋ ਪਿੰਡ ਦੀਆਂ ਹੋਣ ਕਰਕੇ ਇੱਕ ਦੂਜੇ ਦਾ ਖਾਸਾ ਮੋਹ ਕਰਦੀਆਂ। ਸਰਬੇ ਦੀ ਕਮਾਈ 'ਇਜ਼ਤ' ਕਰਕੇ ਭਾਵੇਂ ਉਹਨਾਂ ਦੇ ਘਰ ਨਾਲ ਬਹੁਤਾ ਵਾਹ ਵਾਸਤਾ ਨਹੀਂ ਸੀ ਰੱਖੀਦਾ ਪਰ ਨਿਰਮਲ ਅਕਸਰ ਕਮਲ ਕੋਲ ਜਾ ਆਉਂਦੀ ਸੀ। ਕਮਲ ਵੀ ਕਦੇ ਕਦਾਈਂ ਨਿਰਮਲ ਕੋਲ ਗੇੜਾ ਮਾਰ ਜਾਂਦੀ ਤੇ ਦੁੱਖ ਰੋ ਜਾਂਦੀ।

'ਤੁਹਾਡੇ ਆਉਣ ਤੋਂ ਥੋੜਾ ਚਿਰ ਪਹਿਲਾਂ ਪਤਾ ਲੈ ਕੇ ਆਈ ਹਾਂ। ਕੁੱਤੇ ਦੇ—।' ਗਾਹਲ੍ਹ ਨਿਰਮਲ ਨੇ ਮੂੰਹ 'ਚ ਹੀ ਘੁੱਟ ਲਈ।

'ਨਾ ਕੁੱਟਿਆ ਕਿਹੜੀ ਗੱਲੋਂ?'

'ਆਂਹਦਾ ਇਸ਼ਕ ਲੜਾਉਂਦੀ ਐ ਕੰਮੀਆਂ ਕਮੀਣਾਂ ਨਾਲ।' ਗੁੱਸੇ ਨਾਲ ਭਰੀ ਪੀਤੀ ਨਿਰਮਲ ਤਾਂ ਏਨਾ ਆਖ ਕੇ ਚੁੱਪ ਕਰ ਗਈ ਪਰ ਮੇਰੀਆਂ ਸੋਚਾਂ ਦੀ ਰੀਲ ਘੋੜੇ ਵਾਂਗ ਸਰਪੱਟ ਦੌੜਨ ਲੱਗੀ। ਮਹਿੰਗਾ ਵਿਦੇਸ਼ੀ ਰੁਮਾਲ ਫੜੀ ਰੱਬ ਮੇਰੀਆਂ ਅੱਖਾਂ ਅੱਗੋਂ ਲੰਘ ਗਿਆ।

'ਸਾਰੀ ਦਿਹਾੜੀ ਹਰਲ ਹਰਲ ਕਰਦਾ ਫਿਰੂ। ਕੀਹਨੂੰ ਨ੍ਹੀ ਪਤਾ ਏਹਦੀਆਂ ਭੱਦਰਕਾਰੀਆਂ ਦਾ। ਸਾਰੇ ਜਹਾਨ ਦਾ ਛਟਿਆ। ਲੁੱਚਾ ਲਫੰਗਾ ਤੇ ਬਦਮਾਸ਼। ਥਾਂ-ਕੁਥਾਂ ਗੰਦ 'ਚ ਮੂੰਹ ਮਾਰਨ ਵਾਲਾ ਸੂਰ। ਚਵਲ ਕਿਸੇ ਥਾਂ ਦਾ।' ਕੁੱਲ ਦੁਨੀਆ ਦੇ ਵਿਸ਼ੇਸ਼ਣ ਲਾਉਂਦੀ ਗੁੱਸੇ ਨਾਲ ਭਰੀ ਪੀਤੀ ਨਿਰਮਲ ਚਾਹ ਬਣਾਉਣ ਲਈ ਰਸੋਈ 'ਚ ਚਲੀ ਗਈ।

ਮੈਂ ਅਜੇ ਮੂੰਹ ਹੱਥ ਧੋ ਕੇ ਤੇ ਕੱਪੜੇ ਬਦਲ ਕੇ ਹਟਿਆ ਸਾਂ ਕਿ ਰੱਬ ਨੇ ਆਣ ਦਰਸ਼ਨ ਦਿੱਤੇ। ਉਹ ਚੁੱਪ ਚਾਪ ਮੰਜੇ 'ਤੇ ਬਹਿ ਗਿਆ। ਅੱਜ ਉਹ ਪਹਿਲਾਂ ਨਾਲੋਂ ਵੀ ਵਧੇਰੇ ਸ਼ਾਂਤ ਤੇ ਮਸਤ ਨਜ਼ਰ ਆਉਂਦਾ ਸੀ।

'ਨਹੀਂ ਟਲਿਆ? ਤ੍ਰਰਤਾ'ਤਾ ਭਾਣਾ ਰੱਬ ਜੀ ਨੇ।'

'ਵਰਤ ਈ ਗਿਆ। ਤੈਨੂੰ ਕਿਹੜਾ ਭੁੱਲ ਐ।'

'ਜੇ ਭਲਾ ਨਿਰਮਲ ਨੂੰ ਪਤਾ ਲੱਗ'ਜੇ ਵਈ ਏਸ ਭਾਣੇ 'ਚ ਮੈਂ ਵੀ ਇੱਕ ਧਿਰ ਹਾਂ, ਚੰਗੀ ਇਜ਼ਤ ਬਣੂ। ਉੱਤੋਂ ਸ਼ਰੀਕੇ ਦਾ ਮਾਮਲਾ, ਜੇ ਗੱਲ ਨਿਕਲ'ਗੀ—?' ਮੈਂ ਆਪਣਾ ਡਰ ਰੱਬ ਅੱਗੇ ਰੱਖਿਆ ਭਾਵੇਂ ਕਿ ਮੈਨੂੰ ਪਤਾ ਸੀ ਕਿ ਮੇਰਾ ਸ਼ੰਕਾ ਬਿਲਕੁੱਲ ਨਿਰਮੂਲ ਹੈ। ਰੱਬ ਅੰਦਰਲੇ ਭੇਤ ਦਾ ਦੁਨੀਆ ਨੂੰ ਪਤਾ ਲੱਗਣਾ ਮੁਸ਼ਕਲ ਹੀ ਨਹੀਂ ਅਸੰਭਵ ਕੰਮ ਹੁੰਦਾ ਹੈ।

'ਮੇਰੇ ਤੋਂ ਗੱਲ ਬਾਹਰ ਨਿਕਲਜੂ? ਤੈਨੂੰ ਕਿਹੜਾ ਭੁੱਲ ਐ?'

'ਪਰ ਰੱਬ ਜੀ ਇਹ ਭਾਣਾ ਵਰਤਾਇਆ ਕਿਵੇਂ?'

ਮੇਰਾ ਸੁਆਲ ਸੁਣਕੇ ਰੱਬ ਭੇਤ ਭਰੀ ਮੁਸਕਰਾਹਟ ਬੁੱਲ੍ਹਾਂ 'ਤੇ ਲੈ ਆਇਆ।

'ਆਥਣੇ ਜਦੋਂ ਲਵੇਰੀਆਂ ਨੂੰ ਪੱਠੇ-ਦੱਥੇ ਪਾਉਣ ਗਿਆ, ਕਿਸੇ ਕੰਮ ਦੇ ਬਹਾਨੇ ਸਰਬੇ ਦੀ ਬਹੂ ਕੋਲ ਚਲਾ ਗਿਆ। ਸਰਬ ਸਿੰਹੁ ਦਾ ਤਾਂ ਸ਼ੌਨੂੰ ਪਤਾ ਈ ਐ ਚੜਿਆ ਰਹਿੰਦੈ ਢਾਕੇ ਬੰਗਾਲੇ। ਗੱਲਾਂ ਕਰਦਿਆਂ ਕਰਦਿਆਂ ਜਾਣ ਬੁੱਝ ਕੇ ਦੋ ਤਿੰਨ ਵਾਰ ਰੁਮਾਲ ਕੱਢ ਕੇ ਸਰਦਾਰਨੀ ਕੋਲ ਕੀਤਾ। ਚਮਕਾਰੇ ਮਾਰਦਾ ਰੁਮਾਲ, ਉੱਤੋਂ ਤੇਰੇ ਆਲੇ ਇਤਰ ਦੀ ਬਾਸ਼ਨਾ। ਚੜਗੀ ਸਿਰ ਨੂੰ ਘੁੰਮੇਰ ਪਾ ਕੇ।'

ਮੈਂ ਹੈਰਾਨੀ ਨਾਲ ਰੱਬ ਦੇ ਮੂੰਹ ਵੱਲੀਂ ਵੇਖਣ ਲੱਗਾ। ਰੱਬ ਤਾਂ ਕਲਾਕਾਰ ਸੀ। ਉਸਨੇ ਕਿਸੇ ਮੰਜੇ ਹੋਏ ਅਦਾਕਾਰ ਵਾਂਗ ਹੋਈ ਬੀਤੀ ਮੇਰੇ ਅੱਗੇ ਰੱਖ ਦਿੱਤੀ।

'ਵੇ ਰੱਬਾ! ਹਾਅ ਕਿੱਥੋਂ ਲਈ ਫਿਰਦੈਂ ਐਨਾ ਸੋਹਣਾ ਰੁਮਾਲ। ਤੈਂਅ ਤਾਂ ਸਾਰੇ ਵਿਹੜੇ 'ਚ ਈ ਮਹਿਕਾਂ ਖਿਲਾਰਤੀਆਂ।'

'ਭੈਣ ਮੇਰੀਏ ਕਿਸੇ ਕਨੇਡੇ ਮਰੀਕੇ ਆਲੇ ਯਾਰ ਬੇਲੀ ਨੇ ਲਿਆ'ਤਾ। ਭਾਈ ਜੇ ਸ਼ੌਨੂੰ ਪਸੰਦ ਐ, ਤੂੰ ਰੱਖ'ਲਾ। ਆਪਣਾ ਭੈਣ-ਭਰਾਮਾ ਦਾ ਕੁੱਛ ਵੰਡਿਆ।'

'ਵੇ ਮੈਂ ਤਾਂ ਵੈਸੇ ਈ ਆਖਿਆ। ਮੈਂ ਕੀ ਕਰਨਾ ਇਹ?'

'ਨਈਂ ਨਈਂ ਭੈਣੇ ਰੱਖ'ਲਾ ਤੂੰ। ਮੇਰੇ ਅਰਗੇ ਸੀਰੀ ਸਾਂਝੀ ਬੰਦੇ ਨੇ ਕੀ ਕਰਨੀ ਐਨੀ ਮਹਿੰਗੀ ਚੀਜ਼। ਐਮੀ ਖੇਹ ਖਰਾਬ ਈ ਹੋਊ ਤੂੜੀ-ਤੰਦ 'ਚ ਹੱਥ ਮਾਰਦਿਆਂ।'

ਮੈਂ ਰੱਬ ਵੱਲੋਂ ਦੱਸੀ ਜਾ ਰਹੀ ਕਹਾਣੀ ਨੂੰ ਵਿਚਾਲਿਓਂ ਹੀ ਰੋਕ ਲਿਆ।

'ਇਹਦਾ ਮਤਲਬ ਰੁਮਾਲ ਮੱਲੋਜ਼ੋਰੀ ਦਿੱਤਾ ਤੂੰ?'

'ਕਾਹਨੂੰ, ਰਮਾਲ ਤਾਂ ਉਹਨੇ ਫੜਿਆ ਈ ਨ੍ਹੀ।'

'ਫੇਰ?'

'ਅੱਖ ਬਚਾ ਕੇ ਉਹਨਾਂ ਦੀ ਸਬਾਤ 'ਚ ਸੌਣ ਆਲੇ ਬਿੱਡਾਂ ਦੀ ਢੋਅ 'ਤੇ ਰੱਖ ਆਂਦਾ। ਅਗਾਂਹ ਕੀ ਹੋਇਆ-ਕੀ ਨਹੀਂ ਹੋਇਆ, ਕੁੱਲ ਪਿੰਡ ਨੂੰ ਪਤਾ। ਤੈਨੂੰ ਕਿਹੜਾ ਭੁੱਲ ਐ? '

ਮੈਂ ਆਪਣਾ ਸਿਰ ਦੋਵਾਂ ਹੱਥਾਂ 'ਚ ਘੁੱਟ ਲਿਆ। ਰੱਬ ਕਿੰਨੀ ਖਤਰਨਾਕ ਗੇਮ ਖੇਡ ਗਿਆ ਸੀ। ਬੈੱਡ 'ਤੇ ਪਿਆ ਰੱਬ ਜੀ ਦਾ ਰੁਮਾਲ ਵੇਖ ਕੇ ਸਰਬਾ ਕਿਵੇਂ ਭੜਕਿਆ ਹੋਊ, ਇਸਦੀ ਕਲਪਨਾ ਕਰਦਿਆਂ ਹੀ ਮੈਂ ਡੌਰ-ਭੌਰਾ ਹੋ ਗਿਆ।

'ਮੈਤਾਂ ਸਰਦਾਰ ਸਰਬ ਸਿੰਹੁ ਨੂੰ ਅਸਾਸ ਈ ਕਰਾਉਣਾ ਸੀ ਮਾੜਾ ਜਿਆ। ਵੇਖ'ਲਾ ਕਿਮੇ ਤੜਫ ਉੱਠਿਆ ਜਿਮੇ ਮੱਛੀ ਪਾਣੀ ਬਿਨਾ ਤੜਫਦੀ ਹੁੰਦੀ ਐ।' ਆਖਦਿਆਂ ਉਸਨੇ ਤਸੱਲੀ ਭਰਿਆ ਲੰਮਾ ਸਾਹ ਲਿਆ।

'ਅਪਸਰਾ, ਤੂੰ ਦੱਸ ਰੱਬ ਨੇ ਚੰਗਾ ਕੀਤਾ ਕਿ ਮਾੜਾ?' ਰੱਬ ਦੇ ਸੁਆਲ ਨੇ ਮੈਨੂੰ ਸੋਚਾਂ 'ਚੋਂ ਬਾਹਰ ਕੱਢ ਲਿਆਂਦਾ। ਮੈਂ ਉਸਦੇ ਸਵਾਲ ਦਾ ਜਵਾਬ ਸੋਚਣ ਲੱਗਾ। ਕਦੇ ਮੇਰਾ ਜੀਅ ਕੀਤਾ ਆਖਾਂ ਕਿ ਰੱਬਾ ਤੂੰ ਸਰਬੇ ਵਰਗੇ ਇਖ਼ਲਾਕ ਤੋਂ ਗਿਰੇ ਬੰਦੇ ਨੂੰ ਅਹਿਸਾਸ ਕਰਾ ਕੇ ਬੜਾ ਚੰਗਾ ਕੀਤਾ, ਕਦੇ ਮੇਰਾ ਜੀਅ ਕਰੇ ਕਿ ਆਖਾਂ, 'ਰੱਬ ਜੀ, ਯਾਰ ਤੂੰ ਰੱਬ ਵਰਗੀ ਤੀਵੀਂ ਦੇ ਕੁੱਟ ਪਵਾ ਕੇ ਚੰਗਾ ਨ੍ਹੀ ਕੀਤਾ।' ਪਰ ਦੁਚਿੱਤੀ ਦੇ ਭੰਵਰ 'ਚ ਘਿਰੇ ਨੇ ਮੈਂ ਕੋਈ ਜਵਾਬ ਨਾ ਦਿੱਤਾ।

'ਰੱਬ ਨੇ ਚੰਗਾ ਨ੍ਹੀ ਕੀਤਾ ਅਪਸਰਾ।' ਉਸਦੀ ਆਵਾਜ਼ ਜਿਵੇਂ ਬਹੁਤ ਡੂੰਘੇ ਖੂਹ 'ਚੋਂ ਆਈ ਸੀ। ਲੜਖੜਾਉਂਦੇ ਕਦਮਾਂ ਨਾਲ ਉਹ ਬਾਹਰਲਾ ਬੂਹਾ ਲੰਘ ਗਿਆ ਸੀ।

# ਬੈਚ ਫੁੱਲ ਵ੍ਹਾਈਟ ਚੈਸਟਨਟ: ਖੁੱਭਵੇਂ ਖਿਆਲ

ਹਰ ਇਕ ਬੈਚ ਫੁੱਲ ਦਵਾਈ ਨੂੰ ਵਾਰ ਵਾਰ ਮਹੱਤਵਪੂਰਣ ਲਿਖਦਿਆਂ ਇਕ ਝਿਜਕ ਜਿਹੀ ਪੈਦਾ ਹੁੰਦੀ ਹੈ। ਸੰਕੋਚ ਇਸ ਗੱਲ ਤੋਂ ਹੈ ਕਿ ਕਿਤੇ ਪਾਠਕ ਇਹ ਨਾ ਸਮਝ ਲੈਣ ਕਿ ਇਸ ਦਾ ਤਾਂ ਕੰਮ ਹੀ ਹਰੇਕ ਫੁੱਲ ਦਵਾਈ ਨੂੰ ਅਤਿਅੰਤ ਚੰਗੀ ਦੱਸਣਾ ਹੈ। ਡਰ ਇਹ ਵੀ ਹੈ ਕਿ ਕੋਈ ਇਹ ਨਾ ਸਮਝ ਲਵੇ ਕਿ ਇਨ੍ਹਾਂ ਦਵਾਈਆਂ ਦੀ ਬਹੁਤੀ ਪ੍ਰਸ਼ੰਸਾ ਕਰ ਕੇ ਮੈਂ ਆਪਣੀ ਜਾਂ ਕਿਸੇ ਹੋਰ ਦੀ ਮਸ਼ਹੂਰੀ ਕਰ ਰਿਹਾ ਹਾਂ; ਪਰ ਅਜਿਹਾ ਕੁਝ ਵੀ ਨਹੀਂ ਹੈ। ਮਾਂ ਬੋਲੀ ਵਿਚ ਇਨ੍ਹਾਂ ਦਵਾਈਆਂ ਦੀ ਜਾਣਕਾਰੀ ਕੇਵਲ ਲੋਕ ਹਿੱਤ ਵਿਚ ਦਿੱਤੀ ਜਾ ਰਹੀ ਹੈ ਤਾਂ ਜੋ ਅਣਜਾਣਪੁਣੇ ਵਿਚ ਫਸੀ ਲੁਕਾਈ ਕਈ ਮਾਨਸਿਕ ਤੇ ਸਰੀਰਕ ਸਮੱਸਿਆਵਾਂ ਨੂੰ ਲਾਇਲਾਜ ਸਮਝ ਕੇ ਐਵੇਂ ਨਾ ਪਿਸਦੀ ਚਲੀ ਜਾਵੇ। ਬਾਜ਼ਾਰ ਵਿਚ ਸ਼ਰ੍ਹੇਆਮ ਮਿਲਦੀਆਂ ਇਨ੍ਹਾਂ ਦਵਾਈਆਂ ਨੂੰ ਕੋਈ ਵੀ ਅਜ਼ਮਾ ਸਕਦਾ ਹੈ ਤੇ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਲਾਭ ਉਠਾ ਸਕਦਾ ਹੈ। ਇਸ ਵਿਚ ਮੇਰੀ ਜਾਂ ਕਿਸੇ ਹੋਰ ਦੀ ਸਿਫਾਰਸ਼ ਦੀ ਕੋਈ ਲੋੜ ਨਹੀਂ। ਇਨ੍ਹਾਂ ਦੀ ਤਾਰੀਫ ਕਰਨਾ ਕੋਈ ਮੇਰਾ ਓ. ਸੀ. ਡੀ. (O C D) ਵੀ ਨਹੀਂ ਤੇ ਨਾ ਹੁਣ ਵ੍ਹਾਈਟ ਚੈਸਟਨਟ ਦੀ ਵਡਿਆਈ ਕਰਨ ਵੇਲੇ ਆਪਣੀ ਚੰਗਾ ਚੰਗਾ ਕਹਿਣ ਦੀ ਰਟ ਨੂੰ ਤੋੜਨ ਲਈ ਮੈਂ ਇਸ ਦੀ ਕੋਈ ਖੁਰਾਕ ਲਈ ਹੈ। ਕੋਈ ਕਰੇ ਵੀ ਕੀ! ਜੇ ਇਹ ਫੁੱਲ ਦਵਾਈਆਂ ਹੋਣ ਹੀ ਇਕ ਤੋਂ ਇਕ ਵੱਧ ਉਪਯੋਗੀ। ਮੈਂ ਤਾਂ ਸਮਝਦਾਂ ਜੇ ਇਨ੍ਹਾਂ ਵਿਚੋਂ ਇਕ ਵੀ ਈਜ਼ਾਦ ਹੋਣੋਂ ਰਹਿ ਜਾਂਦੀ ਤਾਂ ਇਹ ਮਨੁੱਖਤਾ ਲਈ ਬਹੁਤ ਘਾਟੇ ਵਾਲੀ ਗੱਲ ਹੋਣੀ ਸੀ। ਬਸ ਇਹੀ ਇਕ ਕਾਰਨ ਹੈ ਕਿ ਇਨ੍ਹਾਂ ਸਾਰੀਆਂ ਨੂੰ ਮਹੱਤਵਪੂਰਣ ਕਹਿਣ ਨੂੰ ਮਨ ਕਰਦਾ ਹੈ।

ਫੁੱਲ ਦਵਾਈ ਵ੍ਹਾਈਟ ਚੈਸਟਨਟ (White Chestnut) ਇਕ ਅਤਿਅੰਤ ਸੁਖਦਾਇਕ ਤੇ ਮਨੁੱਖਤਾ ਨੂੰ ਵੱਡੇ ਪੈਮਾਨੇ 'ਤੇ ਰਾਹਤ ਦੇਣ ਵਾਲੀ ਦਵਾਈ ਹੈ। ਇਹ ਹਾਰਸ ਚੈਸਟਨਟ (Horse Chestnut) ਭਾਵ ਸੁਪਾਰੀ ਦੇ ਬੂਟੇ ਦੇ ਫੁੱਲਾਂ ਤੋਂ ਤਿਆਰ ਹੁੰਦੀ ਹੈ, ਜਿਸ ਨੂੰ ਪੌਦਾ ਵਿਗਿਆਨ ਭਾਸ਼ਾ ਵਿਚ ਐਸਕਿਊਲਸ ਹਿਪੋਕਾਸਟਾਨਮ (Aesculus Hippocastanum) ਕਹਿੰਦੇ ਹਨ। ਇਸ ਦਾ ਫਲ ਜ਼ਹਿਰੀਲਾ ਹੁੰਦਾ ਹੈ ਤੇ ਕੱਚਾ ਖਾਣ 'ਤੇ ਮਾਰ ਵੀ ਦਿੰਦਾ ਹੈ, ਪਰ ਦਵਾਈ ਰੂਪ ਵਿਚ ਇਹ ਮਰਦਿਆਂ ਨੂੰ ਬਚਾ ਲੈਂਦਾ ਹੈ। ਕੋਈ ਘੱਟ ਕੋਈ ਵੱਧ, ਸਾਰੇ ਹੀ ਇਸ ਦਵਾਈ ਦੀਆਂ ਅਲਾਮਤਾਂ ਤੋਂ ਪੀੜਤ ਹੁੰਦੇ ਹਨ। ਜੀਵਨ ਵਿਚ ਕਿਸੇ ਨਾ ਕਿਸੇ ਵੇਲੇ ਤਾਂ ਹਰ ਇਕ ਨੂੰ ਹੀ ਇਸ ਦੀ ਲੋੜ ਪੈਂਦੀ ਹੈ, ਪਰ ਬਹੁਤੇ ਇਸ ਦੇ ਪੱਕੇ ਮਰੀਜ਼ ਹੁੰਦੇ ਹਨ। ਜਿਨ੍ਹਾਂ ਨੂੰ ਇਸ ਫੁੱਲ ਦਵਾਈ ਦੀਆਂ ਰਿਣਾਤਮਿਕ ਪ੍ਰਭਾਵਾਂ ਨੇ ਜੰਮ ਕੇ ਪਕੜਿਆ ਹੁੰਦਾ ਹੈ, ਉਨ੍ਹਾਂ ਦੀ ਹਾਲਤ ਤਰਸਯੋਗ ਹੁੰਦੀ ਹੈ। ਉਹ ਇਨ੍ਹਾਂ ਦੇ ਚੁੰਗਲ ਵਿਚ ਫਸੇ ਤੜਪਦੇ ਰਹਿੰਦੇ ਹਨ ਅਤੇ ਉਨ੍ਹਾਂ ਲਈ ਕਿਸੇ ਸਿਸਟਮ ਵਿਚ ਕੋਈ ਰਾਹਤ ਨਹੀਂ। ਇੱਥੋਂ ਤੀਕ ਕਿ ਦੇਸੀ ਟੋਟਕੇ ਤੇ ਆਧੁਨਿਕ ਟਾਨਿਕ ਵੀ ਉਨ੍ਹਾਂ ਲਈ ਬੇਕਾਰ ਸਿੱਧ ਹੁੰਦੇ ਹਨ। ਇਨ੍ਹਾਂ ਮਰੀਜ਼ਾਂ ਵਿਚੋਂ ਬਹੁਤੇ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ ਤੇ ਕਈ ਉਂਜ ਹੀ ਸਮਾਜ ਨਾਲੋਂ ਕਟ ਜਾਂਦੇ ਹਨ।

ਅਜਿਹਾ ਕਿਸ ਨਾਲ ਨਹੀਂ ਵਾਪਰਦਾ ਕਿ ਘਰ, ਬਾਜ਼ਾਰ, ਸੜਕ ਜਾਂ ਦਫਤਰ ਵਿਚ ਕਿਸੇ ਨਾਲ ਕੋਈ ਗਰਮਾ ਗਰਮ ਬਹਿਸ ਹੋ ਜਾਵੇ। ਮਿਹਣਿਆਂ ਤੇ ਦਲੀਲਾਂ ਦੀ ਝੜੀ ਲਗਦੀ ਹੈ, ਗੱਲ ਖਤਮ ਹੋ ਜਾਂਦੀ ਹੈ ਤੇ ਪੂਰਨ ਸ਼ਾਂਤੀ ਵਰਤ ਜਾਂਦੀ ਹੈ। ਪਰ ਇਹ ਘਟਨਾ ਵ੍ਹਾਈਟ ਚੈਸਟਨਟ ਦੇ ਕਿਰਦਾਰ ਦੇ ਦਿਲੋਂ ਨਹੀਂ ਨਿਕਲਦੀ। ਉਹ ਸਾਰਾ ਦਿਨ ਉਨ੍ਹਾਂ ਹੀ ਦਲੀਲਾਂ ਜਾਂ ਮਿਹਣਿਆਂ ਵਿਚ ਉਲਝਿਆ ਰਹਿੰਦਾ ਹੈ। ਉਸ ਦੇ ਮਨ ਵਿਚ ਨਵੇਂ ਨਵੇਂ ਵਿਚਾਰ ਉਮਡ ਕੇ ਘੁੰਮਣਘੇਰੀਆਂ ਲਾਉਂਦੇ ਰਹਿੰਦੇ ਹਨ। ਉਹ ਨਵੇਂ ਤੋਂ ਨਵਾਂ ਤਰਕ ਘੜਦਾ ਹੈ ਤੇ ਮਨ ਹੀ ਮਨ ਉਸ ਨੂੰ ਸ਼ਕਤੀਸ਼ਾਲੀ ਸ਼ਬਦਾਂ ਵਿਚ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਮਨ ਅੰਦਰ ਹੀ ਡਾਇਲਾਗ ਬੋਲਦਾ ਰਹਿੰਦਾ ਹੈ। ਉਸ ਦੇ ਬੁੱਲ੍ਹ ਫੜਫੜਾਉਂਦੇ ਹਨ ਤੇ ਕਦੇ ਕਦੇ ਤਾਂ ਭੜਕਾਹਟ ਵਿਚ ਬੋਲਦਾ ਵੀ ਸੁਣਾਈ ਦਿੰਦਾ ਹੈ। ਜੇ ਖਿਆਲਾਂ ਦੀ ਇਕ ਲੜੀ ਖਤਮ ਹੁੰਦੀ ਹੈ ਤਾਂ ਦੂਜੀ ਸ਼ੁਰੂ ਹੋ ਜਾਂਦੀ ਹੈ। ਸਤਾਊ ਵਿਚਾਰਾਂ ਦਾ ਇਹ ਚੱਕਰਵਰਤੀ (Cyclic) ਸਿਲਸਿਲਾ ਉਸ ਦੇ ਮਨ ਵਿਚ ਲਗਾਤਾਰ ਘੁੰਮਦਾ ਰਹਿੰਦਾ ਹੈ। ਨਾ ਉਹ ਕੁਝ ਖਾ ਸਕਦਾ ਹੈ, ਨਾ ਪੀ ਸਕਦਾ ਹੈ ਤੇ ਨਾ ਕਿਸੇ ਹੋਰ ਚੀਜ਼ ਵੱਲ ਧਿਆਨ ਦੇ ਸਕਦਾ ਹੈ। ਵਾਹਨ ਚਲਾਉਣ ਵੇਲੇ ਵੀ ਬੇਧਿਆਨਾ ਹੋ ਕੇ ਐਕਸੀਡੈਂਟ ਕਰ ਦਿੰਦਾ ਹੈ। ਉਸ ਨੂੰ ਤਾਂ ਇਹ ਵੀ ਪਤਾ ਨਹੀਂ ਚਲਦਾ ਹੈ ਕਿ ਉਸ ਨੂੰ ਹੋ ਕੀ ਗਿਆ ਹੈ। ਬਸ ਇਹੀ ਕਹਿੰਦਾ ਹੈ ਕਿ ਮੇਰੀ ਤਬੀਅਤ ਠੀਕ ਨਹੀਂ। ਕਈ ਲੋਕ ਇਸ ਤਕਲੀਫ ਨਾਲ ਕਈ ਕਈ ਦਿਨ ਪ੍ਰਭਾਵਿਤ ਰਹਿੰਦੇ ਹਨ ਤੇ ਕਈ ਤਾਂ ਡਿਪਰੈਸ਼ਨ ਵਿਚ ਚਲੇ ਜਾਂਦੇ ਹਨ। ਉਨ੍ਹਾਂ ਨੂੰ ਕੀ ਪਤਾ ਕਿ ਇਸ ਸੰਸਾਰ ਵਿਚ ਰਹਿਣ ਲਈ ਉਹ ਵਧੇਰੇ ਹੀ ਕੂਲੇ ਹਨ। ਪਤਾ ਵੀ ਹੋਵੇ ਤਾਂ ਵੀ ਉਹ ਕੀ ਕਰ ਲੈਣਗੇ? ਜੇ ਫੁੱਲ ਦਵਾਈ ਵ੍ਹਾਈਟ ਚੈਸਟਨਟ ਦਾ ਪਤਾ ਨਾ ਹੋਵੇ, ਉਨ੍ਹਾਂ ਦਾ ਕਲਿਆਣ ਹੋਣਾ ਮੁਸ਼ਕਿਲ ਹੈ।

ਡਾ. ਬੈਚ ਨੇ ਇਸ ਦਵਾਈ ਦਾ ਕਾਰਜ ਬੜੇ ਚੋਣਵੇਂ ਸ਼ਬਦਾਂ ਨਾਲ ਬਿਆਨ ਕੀਤਾ ਹੈ। ਉਸ ਅਨੁਸਾਰ "ਇਹ ਫੁੱਲ ਦਵਾਈ ਉਨ੍ਹਾਂ ਲਈ ਹੈ, ਜੋ ਅਣਚਾਹੇ ਵਿਚਾਰਾਂ ਜਾਂ ਦਲੀਲਾਂ ਨੂੰ ਆਪਣੇ ਮਨ ਵਿਚ ਦਾਖਲ ਹੋਣੋਂ ਰੋਕ ਨਹੀਂ ਸਕਦੇ, ਖਾਸ ਕਰ ਉਦੋਂ, ਜਦੋਂ ਕਿ ਮੌਕੇ ਮੁਤਾਬਿਕ ਦਿਮਾਗ ਨੂੰ ਅਜਿਹੇ ਵਿਚਾਰਾਂ ਨਾਲ ਭਰਨਾ ਉਨ੍ਹਾਂ ਦੇ ਹਿੱਤ ਵਿਚ ਨਾ ਹੋਵੇ। ਇਹ ਉਹ ਵਿਚਾਰ ਹੁੰਦੇ ਹਨ, ਜੋ ਸਤਾਉਂਦੇ ਹਨ ਤੇ ਮਨੋਂ ਬਾਹਰ ਨਿਕਲਣ ਦਾ ਨਾਂ ਨਹੀਂ ਲੈਂਦੇ ਅਤੇ ਜੇ ਥੋੜ੍ਹੇ ਸਮੇਂ ਲਈ ਕੱਢ ਵੀ ਦਿੱਤੇ ਜਾਣ ਤਾਂ ਮੁੜ ਪਰਤ ਆਉਂਦੇ ਹਨ। ਉਹ ਚੱਕਰਵਾਤ ਵਾਂਗ ਮਨ ਵਿਚ ਉਮਡਦੇ ਰਹਿੰਦੇ ਹਨ ਤੇ ਇਸ ਨੂੰ ਦੁਖੀ ਕਰਦੇ ਹਨ। ਇਨ੍ਹਾਂ ਦੇ ਚਲਦਿਆਂ ਮਨੁੱਖ ਨਾ ਸਹੀ ਤਰ੍ਹਾਂ ਸੋਚ ਸਕਦਾ ਹੈ, ਨਾ ਕੰਮ ਕਰ ਸਕਦਾ ਹੇ ਤੇ ਨਾ ਹੀ ਆਪਣੇ ਮਨ ਨੂੰ ਬਹਿਲਾ ਸਕਦਾ ਹੈ।"

ਜੇ ਡਾ. ਬੈਚ ਦੀ ਇਸ ਇਬਾਰਤ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਤਿੰਨ ਚਾਰ ਅਹਿਮ ਗੱਲਾਂ ਸਾਹਮਣੇ ਆਉਂਦੀਆਂ ਹਨ। ਜੇ ਇਨ੍ਹਾਂ ਗੱਲਾਂ ਨੂੰ ਧਿਆਨ ਨਾਲ ਯਾਦ ਕਰ ਲਿਆ ਜਾਵੇ ਤਾਂ ਇਸ ਫੁੱਲ ਦਵਾਈ ਨੂੰ ਵਰਤਣਾ ਬੜਾ ਆਸਾਨ ਹੋ ਜਾਵੇਗਾ। ਫਿਰ ਜਿਸ ਕਿਸੇ ਨੂੰ ਵੀ ਇਹ ਦੇਣੀ ਬਣਦੀ ਹੈ, ਉਸ ਨੂੰ ਦਿੱਤੀ ਜਾ ਸਕੇਗੀ। ਉਨ੍ਹਾਂ ਅਨੁਸਾਰ ਪਹਿਲੀ ਵੱਡੀ ਗੱਲ ਇਹ ਹੈ ਕਿ ਮਨੁੱਖ ਦੇ ਮਨ ਵਿਚ ਕੁਝ ਅਜਿਹੇ ਵਿਚਾਰ ਦਾਖਲ ਹੋ ਜਾਂਦੇ ਹਨ, ਜਿਨ੍ਹਾਂ ਨੂੰ ਉਹ ਅੰਦਰ ਵੜਨ ਨਹੀਂ ਦੇਣਾ ਚਾਹੁੰਦਾ। ਜਦੋਂ ਇਹ ਦਾਖਲ ਹੁੰਦੇ ਹਨ, ਉਸ ਵੇਲੇ ਮਨੁੱਖ ਦੀ ਅਵਸਥਾ ਅਜਿਹੀ ਨਹੀਂ ਹੁੰਦੀ ਕਿ ਉਹ ਇਨ੍ਹਾਂ ਨੂੰ ਆਪਣੇ ਅੰਦਰ ਥਾਂ ਦੇ ਸਕੇ। ਇਸ ਲਈ ਇਹ ਵਿਚਾਰ ਬੇਮੌਕੇ, ਬੇਥਾਂਵੇਂ ਤੇ ਅਣਚਾਹੇ ਹੁੰਦੇ ਹਨ। ਇਹ ਵਿਚਾਰ ਅਕਸਰ ਦਲੀਲਾਂ, ਤਰਕਾਂ, ਮਿਹਣਿਆਂ, ਪ੍ਰਤੀਕਰਮਾਂ ਜਾਂ ਮੋੜਵੇਂ ਜਵਾਬਾਂ ਦੇ ਰੂਪ ਵਿਚ ਹੁੰਦੇ ਹਨ। ਇਹ ਵਿਚਾਰ ਕਿਤੇ ਵਰਤੇ ਨਹੀਂ ਜਾ ਸਕਦੇ, ਕਿਉਂਕਿ ਇਨ੍ਹਾਂ ਨੂੰ ਵਰਤਣ ਦਾ ਸਹੀ ਸਮਾਂ ਲੰਘ ਗਿਆ ਹੁੰਦਾ ਹੈ। ਇਹ ਤਾਂ ਮਨੁੱਖ ਦੇ ਮਨ ਵਿਚ ਹੀ ਚਲਦੇ ਫਿਰਦੇ ਰਹਿੰਦੇ ਹਨ। ਦੂਜੇ, ਇਨ੍ਹਾਂ ਬੇਲੋੜੇ ਵਿਚਾਰਾਂ ਨੂੰ ਮਨੁੱਖ ਆਪਣੇ ਮਨ ਵਿਚ ਆਉਣੋਂ ਰੋਕ ਨਹੀਂ ਸਕਦਾ। ਅਰਥਾਤ ਉਸ ਦਾ ਇਨ੍ਹਾਂ ਵਿਚਾਰਾਂ ਉੱਤੇ ਕੋਈ ਵਸ ਨਹੀਂ ਹੁੰਦਾ। ਉਹ ਜਿੰਨੀ ਮਰਜ਼ੀ ਕੋਸ਼ਿਸ਼ ਕਰੇ, ਇਹ ਉਸ ਦੇ ਮਨ ਵਿਚੋਂ ਨਹੀਂ ਨਿਕਲਦੇ, ਭਾਵ ਇਹ ਉਸ ਦੇ ਮਨ ਵਿਚ ਖੁੱਭੇ ਰਹਿੰਦੇ ਹਨ। ਜੇ ਉਹ ਆਪਣਾ ਧਿਆਨ ਪਲਟ ਕੇ ਇਨ੍ਹਾਂ ਨੂੰ ਕੁਝ ਸਮੇਂ ਤੀਕ ਭੁਲਾਉਣਾ ਵੀ ਚਾਹੇ ਜਾਂ ਭੁਲਾਉਣ ਵਿਚ ਕਾਮਯਾਬ ਹੋ ਜਾਵੇ ਤਾਂ ਵੀ ਇਹ ਪਰਤ ਆਉਂਦੇ ਹਨ। ਲੱਖ ਯਤਨਾਂ ਬਾਅਦ ਵੀ ਇਹ ਮੁੜ ਵਾਪਸ ਆ ਜਾਂਦੇ ਹਨ ਤੇ ਫਿਰ ਉਸੇ ਤਰ੍ਹਾਂ ਦਿਮਾਗ ਨੂੰ ਰਿੜਕਣਾ ਸ਼ੁਰੂ ਕਰ ਦਿੰਦੇ ਹਨ।

ਤੀਜੀ ਤੇ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇਹ ਵਿਚਾਰ ਤਕਲੀਫਦਾਇਕ ਹੁੰਦੇ ਹਨ। ਇਹ ਮਨੁੱਖ ਦੇ ਮਨ ਵਿਚ ਚੁੱਪ ਚਾਪ ਨਹੀਂ ਬੈਠਦੇ, ਸਗੋਂ ਘੁੰਮਣਘੇਰੀਆਂ ਪੈਦਾ ਕਰ ਕੇ ਰੱਖਦੇ ਹਨ। ਇਨ੍ਹਾਂ ਵਿਚ ਪੈ ਕੇ ਮਨੁੱਖ ਦਾ ਮਨ ਦੁਖੀ ਹੁੰਦਾ ਹੈ। ਉਹ ਇਕ ਅਜਿਹੀ ਰਟ ਵਿਚ ਫਸ ਜਾਂਦਾ ਹੈ, ਜਿਸ ਵਿਚੋਂ ਉਹ ਨਿਕਲ ਨਹੀਂ ਸਕਦਾ। ਇਹ ਨਾ ਹਟਣ ਵਾਲੇ ਵਿਚਾਰ ਉਸ ਨੂੰ ਖਾਹਮਖਾਹ ਤੰਗ ਕਰਦੇ ਰਹਿੰਦੇ ਹਨ, ਜਿਸ ਕਾਰਨ ਉਸ ਦਾ ਚਿਤ ਸੰਸਾਰ ਦੇ ਹੋਰ ਲਾਭਦਾਇਕ ਤੇ ਪ੍ਰਗਤੀਸ਼ੀਲ ਰੁਝੇਵਿਆਂ ਵਿਚ ਨਹੀਂ ਲਗਦਾ। ਇਨ੍ਹਾਂ ਵਿਚਾਰਾਂ ਦੀ ਲੜੀ ਕੇਵਲ ਵ੍ਹਾਈਟ ਚੈਸਟਨਟ ਹੀ ਤੋੜ ਸਕਦੀ ਹੈ।

ਪਰ ਇਸ ਵਿਚ ਵੱਡੀ ਸਮੱਸਿਆ ਪਛਾਣ ਦੀ ਹੈ। ਮਨੁੱਖ ਦੇ ਮਨ ਅੰਦਰ ਚਲ ਰਹੀਆਂ ਇਨ੍ਹਾਂ ਪ੍ਰਕ੍ਰਿਆਵਾਂ ਦਾ ਬਾਹਰ ਕਿਵੇਂ ਪਤਾ ਚਲੇ ਤਾਂ ਜੋ ਉਸ ਨੂੰ ਦਵਾਈ ਦਿੱਤੀ ਜਾ ਸਕੇ। ਇਹ ਕੰਮ ਔਖਾ ਜਰੂਰ ਹੈ, ਪਰ ਹੋ ਜਾਂਦਾ ਹੈ। ਜਦੋਂ ਕੋਈ ਅੰਤਰ ਧਿਆਨ ਹੋਇਆ ਸੋਚਦਾ ਹੋਵੇ ਤੇ ਦੂਜਿਆਂ ਦੀ ਕਹੀ ਗੱਲ ਦਾ ਜਵਾਬ ਨਾ ਦੇਵੇ ਤਾਂ ਸਮਝੋ ਉਸ ਦੇ ਮਨ ਵਿਚ ਜ਼ੋਰਦਾਰ ਤੁਫਾਨੀ ਵਿਚਾਰ ਚਲ ਰਹੇ ਹਨ। ਜੇ ਕੋਈ ਗੱਡੀ ਚਲਾਉਂਦਾ ਹੋਇਆ ਵਾਰ ਵਾਰ ਰਸਤਾ ਭੁੱਲ ਕੇ ਅੱਗੇ ਲੰਘ ਜਾਵੇ ਤਾਂ ਵੀ ਉਹ ਅੰਦਰਖਾਤੇ ਖਿਆਲਾਂ ਵਿਚ ਉਲਝਿਆ ਹੋ ਸਕਦਾ ਹੈ, ਪਰ ਇੱਥੇ ਭੇਦ ਹੈ। ਪੁੱਛਣ 'ਤੇ ਜੇ




ਉਹ ਆਖੇ, "ਕੁਝ ਨਹੀਂ ਐਵੇਂ ਬਿਜਨਸ ਬਾਰੇ ਜਾਂ ਸੈਰ-ਸਪਾਟੇ ਬਾਰੇ ਸੋਚ ਰਿਹਾ ਸਾਂ," ਤਾਂ ਸਮਝੋ ਉਹ ਕਲੀਮੈਟਿਸ ਦਾ ਮਰੀਜ਼ ਹੈ। ਪਰ ਜੇ ਕਹੇ, "ਮੈਂ ਉਸ ਕਮੀਨੇ ਨੂੰ ਐਵੇਂ ਜਾਣ ਦਿੱਤਾ, ਖਰੀਆਂ ਖਰੀਆਂ ਸੁਣਾਉਣੀਆਂ ਸਨ। ਮਿਲਣ ਦੇ ਮੇਰੇ...ਨੂੰ ਕਿਤੇ", ਫਿਰ ਵ੍ਹਾਈਟ ਚੈਸਟਨਟ ਦਿਓ। ਕਈ ਵਾਰ ਮਰੀਜ਼ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਆਪ ਆ ਕੇ ਦੱਸ ਦਿੰਦੇ ਹਨ ਕਿ ਉਨ੍ਹਾਂ ਨੂੰ ਇਹ ਤਕਲੀਫ ਹੈ ਤੇ ਕਈ ਵਾਰ ਮਾਪੇ ਜਾਂ ਰਿਸ਼ਤੇਦਾਰ ਉਨ੍ਹਾਂ ਬਾਰੇ ਕਿਸੇ ਢੰਗ ਨਾਲ ਗੱਲ ਕਰ ਦਿੰਦੇ ਹਨ।

ਮੇਰੇ ਕੋਲ ਇਕ ਔਰਤ ਦਾ ਫੋਨ ਆਇਆ, ਪੁੱਛਣ ਲੱਗੀ, "ਤੁਹਾਡੀ ਪੜ੍ਹਾਈ ਲਿਖਾਈ (Qualification) ਕਿੰਨੀ ਕੁ ਹੈ?" ਮੈਂ ਕਿਹਾ, "ਬੀਬਾ ਜੀ, ਮੈਂ ਤਾਂ ਪੜ੍ਹਾਉਣਾ ਲਿਖਾਉਣਾ ਕਦੋਂ ਦਾ ਛੱਡਿਆ ਹੋਇਆ ਹੈ।" ਉਹ ਬੋਲੀ, "ਚਲੋ ਉੱਦਾਂ ਤਾਂ ਪੜ੍ਹੇ ਲਿਖੇ ਹੀ ਹੋਵੋਗੇ, ਮੈਂ ਤਾਂ ਆਪਣੀ ਨੂੰਹ ਦਾ ਇਲਾਜ ਕਰਵਾਉਣਾ ਸੀ।" ਮੈਂ ਉਸ ਦੀ ਨੂੰਹ ਦੀ ਤਕਲੀਫ ਪੁੱਛੀ। ਕਹਿਣ ਲੱਗੀ, "ਉਸ ਕੋਲ ਇਕ ਮਹੀਨੇ ਦੀ ਲੜਕੀ ਹੈ। ਸ਼ੁਰੂ ਵਿਚ ਤਾਂ ਉਹ ਉਸ ਨੂੰ ਠੀਕ ਢੰਗ ਨਾਲ ਦੁੱਧ ਚੁੰਘਾਉਂਦੀ ਰਹੀ, ਪਰ ਹੁਣ ਉਸ ਦੀਆਂ ਛਾਤੀਆਂ ਵਿਚ ਦੁੱਧ ਆਉਣੋਂ ਹਟ ਗਿਆ ਹੈ। ਹਸਪਤਾਲ ਲੈ ਕੇ ਗਏ ਸਾਂ, ਪਰ ਉਨ੍ਹਾਂ ਦੀ ਦਵਾਈ ਉਹ ਲੈ ਨਹੀਂ ਸਕਦੀ, ਕਿਉਂਕਿ ਉਸ ਨਾਲ ਉਸ ਦਾ ਮਨ ਬਹੁਤਾ ਖਰਾਬ ਹੁੰਦਾ ਸੀ। ਇਕ ਹੋਮਿਓਪੈਥ ਤੋਂ ਵੀ ਦਵਾਈ ਲਈ ਹੈ, ਉਸ ਨਾਲ ਵੀ ਕੋਈ ਫਰਕ ਨਹੀਂ ਪਿਆ। ਤੁਹਾਡੇ ਕੋਲ ਹੈ ਇਸ ਦਾ ਕੋਈ ਇਲਾਜ?" ਬੀਬੀ ਬੜੀ ਕਾਹਲੀ ਸੀ। ਫਟਾ-ਫਟ ਇਲਾਜ ਚਾਹੁੰਦੀ ਸੀ। ਉਸ ਦਾ ਆਪਣਾ ਕੇਸ ਹੁੰਦਾ ਤਾਂ ਮੈਂ ਉਸ ਨੂੰ ਕਾਹਲਪੁਣੇ ਲਈ ਫੁੱਲ ਦਵਾਈ ਇੰਪੇਸ਼ੈਂਜ਼ (Impatiens) ਦੇ ਦਿੰਦਾ, ਪਰ ਉਹ ਕਿਸੇ ਹੋਰ ਲਈ ਮੰਗ ਰਹੀ ਸੀ। ਇਸ ਲਈ ਮੈਂ ਉਸ ਨੂੰ ਕਿਹਾ, "ਬੀਬੀ ਇਲਾਜ ਤਾਂ ਹੈ, ਪਰ ਇਹ ਮਰੀਜ਼ ਨਾਲ ਗੱਲ ਕੀਤੇ ਬਿਨਾ ਸੰਭਵ ਨਹੀਂ।" ਉਸ ਨੇ ਕਿਹਾ ਕਿ ਉਸ ਦੀ ਨੂੰਹ ਮੈਨੂੰ ਕਾਲ ਕਰੇਗੀ।

ਦੋ ਕੁ ਘੰਟੇ ਬਾਅਦ ਉਸ ਦੀ ਨੂੰਹ ਦਾ ਫੋਨ ਆਇਆ। ਉਸ ਨੇ ਵੀ ਉਹੀ ਸਮੱਸਿਆ ਦੁਹਰਾਈ। ਮੈਂ ਉਸ ਨੂੰ ਦੁੱਧ ਉਤਰਨਾ ਬੰਦ ਹੋਣ ਦਾ ਕਾਰਨ ਪੁੱਛਿਆ, ਪਰ ਉਸ ਨੇ ਕੋਈ ਕਾਰਨ ਨਾ ਦੱਸਿਆ। ਮੈਂ ਉਸ ਨੂੰ ਖੁਰਾਕ ਦੀ ਤਬਦੀਲੀ, ਛਾਤੀਆਂ ਦੀ ਹਾਲਤ ਤੇ ਬੱਚੇ ਦੀ ਚੁੰਘਣ ਪ੍ਰਤੀਕ੍ਰਿਆ ਬਾਰੇ ਸਵਾਲ ਪੁੱਛੇ, ਪਰ ਕੋਈ ਸੁਰਾਗ ਨਾ ਮਿਲਿਆ। ਅਖੀਰ ਮੈਂ ਉਸ ਨੂੰ ਪੁੱਛਿਆ ਕਿ ਉਹ ਦੁੱਧ ਚੁੰਘਾਉਣ ਵੇਲੇ ਕੀ ਕਰ ਰਹੀ ਹੁੰਦੀ ਹੈ। ਉਸ ਨੇ ਦੱਸਿਆ, "ਕਰਦੀ ਤਾਂ ਜੀ ਕੁਝ ਨਹੀਂ ਬਸ ਝੂਰ ਰਹੀ ਹੁੰਦੀ ਹਾਂ ਕਿ ਲੜਕਾ ਹੋ ਜਾਂਦਾ ਤਾਂ ਠੀਕ ਸੀ। ਉਂਜ ਲੜਕੀ ਨਾਲ ਮੈਨੂੰ ਕੋਈ ਨਫਰਤ ਨਹੀਂ, ਸਗੋਂ ਕਈ ਵਾਰ ਮਨ ਵਿਚ ਸਫਾਈਆਂ ਘੜ੍ਹਦੀ ਹਾਂ ਕਿ ਲੜਕੀ ਵੀ ਮਾੜੀ ਨਹੀਂ, ਪਰ ਲੜਕੇ ਬਾਰੇ ਸੋਚਣਾ ਮੇਰੀ ਮਜਬੂਰੀ ਜਿਹੀ ਬਣ ਗਈ ਹੈ। ਮੇਰੇ ਘਰਦਿਆਂ ਨੇ ਮੈਨੂੰ ਇਸ ਬਾਰੇ ਕਦੇ ਕੁਝ ਨਹੀਂ ਕਿਹਾ, ਪਰ ਉਨ੍ਹਾਂ ਨੂੰ ਸਾਹਮਣੇ ਰੱਖ ਕੇ ਮੇਰੇ ਅੰਦਰੋਂ ਇਹ ਵਿਚਾਰ ਬਣੀ ਜਾਂਦੇ ਹਨ ਕਿ ਸ਼ਾਇਦ ਲੜਕੇ ਨੂੰ ਦੇਖ ਕੇ ਉਹ ਜ਼ਿਆਦਾ ਖੁਸ਼ ਹੁੰਦੇ। ਜੋਰ ਲਾਇਆਂ ਵੀ ਇਹ ਖਿਆਲ ਮੇਰਾ ਖਹਿੜਾ ਨਹੀਂ ਛੱਡਦੇ। ਮੁੜ-ਘਿੜ ਕੇ ਇਹ ਮੇਰੇ ਸਾਹਮਣੇ ਆਈ ਜਾਂਦੇ ਹਨ। ਮੈਂ ਉਸ ਨੂੰ ਫੁੱਲ ਦਵਾਈ ਵ੍ਹਾਈਟ ਚੈਸਟਨਟ ਦਿਨ ਵਿਚ ਤਿੰਨ ਵਾਰ ਲੈਣ ਲਈ ਦਿੱਤੀ। ਉਸੇ ਦਿਨ ਤੋਂ ਉਸ ਦੇ ਵਾਧੂ ਖਿਆਲ ਖਤਮ ਹੋ ਗਏ ਤੇ ਦੁੱਧ ਪੂਰਾ ਆਉਣ ਲੱਗ ਪਿਆ। ਯਾਦ ਰਹੇ, ਇਹ ਫੁੱਲ ਦਵਾਈ ਕੋਈ ਦੁੱਧ ਉਤਾਰਨ ਦੀ ਦਵਾਈ ਨਹੀਂ। ਇਸ ਦਾ ਕੰਮ ਤਾਂ ਮਨ ਵਿਚੋਂ ਅਣਚਾਹੇ ਵਿਚਾਰਾਂ ਦੀ ਰਟ ਤੋੜਨਾ ਹੈ; ਪਰ ਜੇ ਉਨ੍ਹਾਂ ਵਿਚਾਰਾਂ ਨੇ ਵਿਆਕਤੀ ਦੇ ਸਰੀਰ ਦਾ ਕੋਈ ਕਾਰਜ ਰੋਕਿਆ ਹੈ ਤਾਂ ਉਨ੍ਹਾਂ ਦੇ ਜਾਂਦਿਆਂ ਹੀ ਉਹ ਕਾਰਜ ਪੂਰਾ ਹੋਣ ਲੱਗੇਗਾ।

ਵ੍ਹਾਈਟ ਚੈਸਟਨਟ ਦੇ ਮਰੀਜ਼ ਦਾ ਹਾਲ ਘਸੇ ਹੋਏ ਗ੍ਰਾਮੋਫੋਨ ਰਿਕਾਰਡ ਜਿਹਾ ਹੁੰਦਾ ਹੈ। ਉਹ ਵਾਰ ਵਾਰ ਇਕੋ ਧੀਰੀ 'ਤੇ ਚਲਦਿਆਂ ਇਕੋ ਆਵਾਜ਼ ਕੱਢਦਾ ਰਹਿੰਦਾ ਹੈ-ਭਾਵ ਨਾ ਉਹ ਅੱਗੇ ਚਲਦਾ ਹੈ ਤੇ ਨਾ ਪੂਰੀ ਤਰ੍ਹਾਂ ਰੁਕਦਾ ਹੈ। ਜਿਵੇਂ ਦਾ ਰਸਤਾ ਇਹ ਰਿਕਾਰਡ ਦੇ ਸਰੀਰ ਉੱਤੇ ਗਾਹੁੰਦਾ ਫਿਰਦਾ ਹੈ, ਉਸੇ ਤਰ੍ਹਾਂ ਦਾ ਸੰਗੀਤ ਇਹ ਸੁਣਨ ਵਾਲੇ ਦੇ ਮਨ ਵਿਚ ਉਤਪੰਨ ਕਰਦਾ ਹੈ। ਇਹੀ ਹਾਲ ਇਸ ਫੁੱਲ ਦਵਾਈ ਦੇ ਮਰੀਜ ਦਾ ਹੁੰਦਾ ਹੈ। ਇਕ ਪਾਸੇ ਉਸ ਦੇ ਮਨ ਵਿਚ ਅਣਚਾਹੇ ਵਿਚਾਰ ਚਲਦੇ ਹੁੰਦੇ ਹਨ ਤੇ ਦੂਜੇ ਪਾਸੇ ਸਰੀਰ ਵਿਚ ਵਿਕਾਰ। ਇਸ ਲਈ ਇਹ ਫੁੱਲ ਦਵਾਈ ਉਨ੍ਹਾਂ ਸਭ ਮਾਨਸਿਕ ਰੋਗਾਂ ਨੂੰ ਠੀਕ ਕਰਦੀ ਹੈ, ਜੋ ਰੁਕ ਰੁਕ ਕੇ ਇਕੋ ਰੂਪ ਵਿਚ ਆਉਂਦੇ ਰਹਿੰਦੇ ਹਨ। ਤਰ੍ਹਾਂ ਤਰ੍ਹਾਂ ਦੇ ਅੰਧਵਿਸ਼ਵਾਸੀ ਵਿਸ਼ਵਾਸ (Delusions), ਝਾਉਲੇ (Illusions), ਹੌਲ (Hallucinations), ਅਣਹੋਈਆਂ ਚੀਜ਼ਾਂ ਦਾ ਸਾਹਮਣੇ ਪ੍ਰਗਟ ਹੋਣਾ (Apparitions), ਭੂਤ ਪ੍ਰੇਤਾਂ ਦਾ ਦਿਖਾਈ ਦੇਣਾ (Encounter with Ghosts) ਆਦਿ ਬਿਮਾਰੀਆਂ ਇਸ ਦੀ ਵਰਤੋਂ ਨਾਲ ਠੀਕ ਹੁੰਦੀਆਂ ਹਨ। ਤਰ੍ਹਾਂ ਤਰ੍ਹਾਂ ਦੇ ਤੰਗ ਕਰਨ ਵਾਲੇ ਤੇ ਮਨ ਵਿਚ ਘੁੰਮਦੇ ਰਹਿਣ ਵਾਲੇ ਖਿਆਲ ਵੀ ਇਸੇ ਫੁੱਲ ਦਵਾਈ ਨਾਲ ਜਾਂਦੇ ਹਨ। ਇਸੇ ਤਰ੍ਹਾਂ ਹੀ ਸਰੀਰ ਦੇ ਕਈ ਅੰਗਾਂ ਦੀਆਂ ਅਣਚਾਹੀਆਂ ਹਰਕਤਾਂ (Passive motions) ਵੀ ਇਸ ਨਾਲ ਠੀਕ ਹੁੰਦੀਆਂ ਹਨ। ਜਿਨ੍ਹਾਂ ਦੇ ਸਿਰ ਹਿੱਲਦੇ ਹਨ, ਜਿਨ੍ਹਾਂ ਦੀਆਂ ਅੱਖਾਂ ਫਰਕਦੀਆਂ ਹਨ, ਜੋ ਬਿਨਾ ਚਾਹੇ ਅੱਖ ਮਾਰ ਦਿੰਦੇ ਹਨ, ਜਿਹੜੇ ਘੜੀ ਘੜੀ ਗਰਦਨ ਘੁਮਾਉਂਦੇ ਹਨ, ਜਿਨ੍ਹਾਂ ਦੇ ਹੱਥੋਂ ਚੀਜ਼ਾਂ ਡਿੱਗ ਪੈਂਦੀਆਂ ਹਨ, ਜਿਹੜੇ ਬਿਨਾ ਮਤਲਬ ਮੂੰਹ ਵਿਚ ਬੁੜ ਬੁੜ ਕਰਦੇ ਰਹਿੰਦੇ ਹਨ, ਜਿਹੜੇ ਵਾਰ ਵਾਰ ਇਕੋ ਸ਼ਬਦ (ਤਕੀਆ ਕਲਾਮ) ਦੁਹਰਾਉਂਦੇ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਕਵਿਤਾ ਦੀ ਕੋਈ ਟੂਕ ਵਾਰ ਵਾਰ ਚਲਦੀ ਰਹਿੰਦੀ ਹੈ, ਜਿਹੜੇ ਇਕੋ ਗੀਤ ਵਾਰ ਵਾਰ ਗਾਈ ਜਾਂਦੇ ਹਨ, ਜਿਨ੍ਹਾਂ ਦੀ ਜੁਬਾਨ 'ਤੇ ਇਕੋ ਡਾਇਲਾਗ ਚੜ੍ਹਿਆ ਹੁੰਦਾ ਹੈ, ਜਿਹੜੇ ਮਨ ਵਿਚ ਮੁੜ ਮੁੜ ਸੌ ਤੀਕ ਗਿਣਤੀ ਗਿਣਦੇ ਰਹਿੰਦੇ ਹਨ, ਉਹ ਸਭ ਅਤੇ ਹਜ਼ਾਰਾਂ ਹੋਰ ਅਜਿਹੀਆਂ ਹਰਕਤਾਂ ਕਰਨ ਵਾਲੇ ਲੋਕ ਇਸੇ ਦਵਾਈ ਨਾਲ ਠੀਕ ਹੁੰਦੇ ਹਨ। ਯਾਦ ਰਹੇ, ਚੈਰੀ ਪਲੱਮ ਤੇ ਚੈਸਟਨਟ ਬੱਡ ਵੀ ਇਸੇ ਕਿਸਮ ਦੀਆਂ ਦਵਾਈਆਂ ਹਨ। ਇਸ ਲਈ ਉਪਰੋਕਤ ਕੇਸਾਂ ਵਿਚ ਇਨ੍ਹਾਂ ਨੂੰ ਵੀ ਵਿਚਾਰ ਲਿਆ ਜਾਣਾ ਚਾਹੀਦਾ ਹੈ।

ਕੋਈ ਅੱਠ ਕੁ ਸਾਲ ਪਹਿਲਾਂ ਪਟਿਆਲੇ ਵਿਚ ਇਕ ਵਿਅਕਤੀ ਆਪਣੇ ਛੋਟੇ ਭਰਾ ਨੂੰ ਲੈ ਕੇ ਮੇਰੇ ਕੋਲ ਆਇਆ। ਕਹਿਣ ਲੱਗਿਆ, "ਸਾਨੂੰ ਕਿਸੇ ਤੋਂ ਪਤਾ ਲੱਗਿਆ ਐ ਤੁਸੀਂ ਦਿਮਾਗ ਤੇਜ਼ ਕਰਨ ਦੀ ਦਵਾਈ ਦਿੰਦੇ ਹੋ। ਇਹ ਮੇਰਾ ਛੋਟਾ ਭਾਈ ਐ, ਇਸ ਦਾ ਦਿਮਾਗ ਤਾਂ ਬਿਲਕੁਲ ਖੜ੍ਹਿਆ ਹੈ। ਤਿੰਨ ਸਾਲ ਹੋ'ਗੇ ਕੰਪਾਰਟਮੈਂਟ ਦਾ ਪਰਚਾ ਨ੍ਹੀਂ ਨਿਕਲਿਆ। ਇਸ ਨੂੰ ਦੇਖੋ।" ਮੈਂ ਉਸ ਨੂੰ ਮੋੜ ਕੇ ਪੁੱਛਿਆ, "ਜੇ ਬਾਕੀ ਦੇ ਪੇਪਰ ਕੱਢ ਲਏ ਹਨ ਤੇ ਇਕ ਨਹੀਂ ਨਿਕਲਦਾ ਤਾਂ ਦਿਮਾਗ ਬਿਲਕੁਲ ਕਿਵੇਂ ਖੜ੍ਹ ਗਿਆ?" ਉਸ ਨੂੰ ਦਰੁਸਤ ਕਰਦਿਆਂ ਉਸ ਦਾ ਭਰਾ ਕਹਿਣ ਲੱਗਿਆ, "ਦਿਮਾਗ ਤਾਂ ਉਂਜ ਚਲਦਾ ਐ ਜੀ, ਪਰ ਇਮਤਿਹਾਨ ਵਿਚ ਜਾ ਕੇ ਖੜ੍ਹ ਜਾਂਦਾ ਹੈ।" ਮੈਂ ਉਸ ਨੂੰ ਫਿਰ ਪੁੱਛਿਆ, "ਕਿਉਂ ਇਮਤਿਹਾਨ ਵਿਚ ਜਾ ਕੇ ਤੈਨੂੰ ਨੀਂਦ ਆ ਜਾਂਦੀ ਹੈ?" ਉਹ ਵੇਰਵੇ ਨਾਲ ਸਮਝਾਉਂਦਾ ਬੋਲਿਆ, "ਨਹੀਂ, ਨੀਂਦ ਤਾਂ ਨਹੀਂ ਆਉਂਦੀ ਪਰ ਲਿਖਣ ਵਲ ਧਿਆਨ ਨਹੀਂ ਜਾਂਦਾ। ਸੋਚਦਾ ਕੁਝ ਹਾਂ ਪਰ ਕੁਝ ਹੋਰ ਵਿਚਾਰਾਂ ਵਿਚ ਉਲਝ ਜਾਂਦਾ ਹਾਂ। ਕਦੇ ਕਿਸੇ ਵਿਆਹ ਸਾਦੀ ਦੇ, ਕਦੇ ਕਿਸੇ ਪ੍ਰਾਹੁਣਚਾਰੀ ਦੇ ਤੇ ਕਦੇ ਕਿਸੇ ਘਰੇਲੂ ਗੱਲ ਦੇ ਖਿਆਲ ਦਿਲ ਵਿਚ ਘੁੰਮਣ ਲੱਗ ਜਾਂਦੇ ਹਨ। ਪੇਪਰ ਬਾਰੇ ਯਾਦ ਕੀਤੀਆਂ ਗੱਲਾਂ ਤਾਂ ਸਾਹਮਣੇ ਹੀ ਨਹੀਂ ਆਉਂਦੀਆਂ। ਫਾਲਤੂ ਵਿਚਾਰਾਂ ਨੂੰ ਪਾਸੇ ਕਰ ਕੇ ਲਿਖਣ ਦੀ ਬਥੇਰੀ ਕੋਸ਼ਿਸ਼ ਕਰਦਾ ਹਾਂ, ਪਰ ਹੌਲੀ ਹੌਲੀ ਧਿਆਨ ਫਿਰ ਉੱਥੇ ਹੀ ਜਾ ਪਹੁੰਚਦਾ ਹੈ।" ਕਈ ਹੋਰ ਸੁਆਲ ਪੁੱਛਣ ਤੋਂ ਬਾਅਦ ਮੈਂ ਉਸ ਨੂੰ ਉਸ ਦੇ ਇਮਤਿਹਾਨਾਂ ਤੀਕ ਫੁੱਲ ਦਵਾਈ ਵ੍ਹਾਈਟ ਚੈਸਟਨਟ ਹਰ ਰੋਜ਼ ਦੋ ਦਫਾ ਖਾਣ ਨੂੰ ਦਿੱਤੀ ਤੇ ਇਮਤਿਹਾਨ ਦੇ ਦਿਨ ਵੀ ਲੈਣ ਨੂੰ ਕਿਹਾ। ਮੇਰੇ ਕਹੇ ਅਨੁਸਾਰ ਉਹ ਹਫਤੇ ਬਾਅਦ ਇਤਲਾਹ ਦਿੱਤੀ ਕਿ ਠੀਕ ਹੈ। ਉਸ ਤੋਂ ਬਾਅਦ ਉਸ ਨਾਲ ਸੰਪਰਕ ਨਹੀਂ ਹੋਇਆ, ਉਮੀਦ ਹੈ ਪਾਸ ਹੋ ਗਿਆ ਹੋਵੇਗਾ।

ਕਈ ਵਿਦਿਆਰਥੀ ਆਪਣੇ ਵਿਸ਼ੇ ਨੂੰ ਘੋਟਾ ਲਾਉਂਦੇ ਫਿਰਦੇ ਵਿਚਾਰਾਂ ਵਿਚ ਇੰਨਾ ਖੋ ਜਾਂਦੇ ਹਨ ਕਿ ਉਨ੍ਹਾਂ ਨੂੰ ਬਾਹਰ ਦੀ ਸੁੱਧ-ਬੁੱਧ ਨਹੀਂ ਰਹਿੰਦੀ। ਕਈ ਤਾਂ ਸਾਰੇ ਦੇ ਸਾਰੇ ਲੈਬ ਐਕਸਪੈਰੀਮੈਂਟ ਦਿਮਾਗ ਵਿਚ ਘੁਮਾ ਘੁਮਾ ਕੇ ਹੀ ਪੱਕੇ ਕਰਦੇ ਹਨ। ਬਹੁਤ ਵਾਰ ਉਹ ਕੰਧ ਨਾਲ ਜਾ ਟਕਰਾਉਂਦੇ ਹਨ। ਕਵੀ ਲੋਕ ਕਵਿਤਾ ਲਿਖਣ ਵੇਲੇ ਮਤਲੇ ਘੜ੍ਹਦੇ ਹੋਏ ਭੁੱਲ ਹੀ ਜਾਂਦੇ ਹਨ ਕਿ ਨਾਲ ਉਹ ਦੋ ਛੋਟੇ ਬੱਚਿਆਂ ਦੀ ਦੇਖ-ਭਾਲ ਵੀ ਕਰ ਰਹੇ ਹਨ। ਬੇਧਿਆਨੀ ਵਿਚ ਉਨ੍ਹਾਂ ਦਾ ਬੱਚਾ ਡਿਗ ਕੇ ਚੋਟ ਖਾ ਲੈਂਦਾ ਹੈ। ਕਈ ਕਾਰ ਚਾਲਕਾਂ ਦੇ ਮਨ ਵਿਚ ਘਰ ਦੀ ਤਲਖੀ ਮੰਡਰਾਉਂਦੀ ਰਹਿੰਦੀ ਹੈ ਤੇ ਉਹ ਐਕਸੀਡੈਂਟ ਕਰ ਬੈਠਦੇ ਹਨ। ਔਰਤਾਂ ਲੜ ਝਗੜ ਕੇ ਰਸੋਈ ਦਾ ਕੰਮ ਕਰਨ ਲਗਦੀਆਂ ਹਨ, ਪਰ ਅੰਦਰ ਵਿਚਾਰਾਂ ਦੀ ਆਕਰਮਣਕਾਰੀ ਜੱਦੋ-ਜਹਿਦ ਚਲਦੀ ਹੋਣ ਕਾਰਨ ਉਹ ਹੱਥ ਜਲਾ ਲੈਂਦੀਆਂ ਹਨ। ਇਨ੍ਹਾਂ ਸਭਨਾਂ ਦੀ ਦਵਾਈ ਵ੍ਹਾਈਟ ਚੈਸਟਨਟ ਹੈ, ਜੋ ਉਨ੍ਹਾਂ ਦੇ ਬੇਲੋੜੇ ਵਿਚਾਰਾਂ ਨੂੰ ਦਿਮਾਗੋਂ ਕੱਢ ਕੇ ਉਨ੍ਹਾਂ ਨੂੰ ਅੰਦਰ ਤੇ ਬਾਹਰ ਇਕਸਾਰਤਾ ਕਾਇਮ ਕਰਨ 'ਚ ਮਦਦ ਕਰਦੀ ਹੈ।

ਕਈ ਵਾਰ ਅਚਨਚੇਤ ਕੋਈ ਖਿਆਲ ਆਉਣ ਨਾਲ ਮਨੁੱਖ ਬੋਲਦਾ ਬੋਲਦਾ ਰੁਕ ਜਾਂਦਾ ਹੈ। ਲੈਕਚਰ ਦਿੰਦਾ ਅਧਿਆਪਕ ਅਸਲ ਮੁੱਦੇ ਤੋਂ ਭਟਕ ਕੇ ਕਿਸੇ ਹੋਰ ਵਹਿਣ ਵਿਚ ਵਹਿਣ ਲਗਦਾ ਹੈ। ਚੋਣ ਰੈਲੀਆਂ ਵਿਚ ਬੋਲਦੇ ਨੇਤਾ ਤੇ ਧਾਰਮਿਕ ਪ੍ਰਵਚਨ ਕਰਦੇ ਪ੍ਰਵਕਤਾ ਕੁਝ ਸੋਚ ਕੇ ਰੁਕ ਜਾਂਦੇ ਹਨ ਤੇ ਫਿਰ ਭੁੱਲ ਜਾਂਦੇ ਹਨ ਕਿ ਉਹ ਕੀ ਕਹਿ ਰਹੇ ਸਨ। ਕਈਆਂ ਦਾ ਖਿਆਲ ਪ੍ਰਵਾਹ ਇੰਨਾ ਡੂੰਘਾ ਚਲਦਾ ਹੁੰਦਾ ਹੈ ਕਿ ਉਹ ਆਪਣੇ ਨਾਲ ਹੀ ਗੱਲਾਂ ਕਰਦੇ ਰਹਿੰਦੇ ਹਨ। ਕਈ ਤਾਂ ਹਰ ਵੇਲੇ ਅਗਿਆਤ ਵਿਅਕਤੀਆਂ ਨੂੰ ਤਰਕ ਸਿਖਾਉਂਦੇ ਫਿਰਦੇ ਰਹਿੰਦੇ ਹਨ। ਕਈ ਸਵਾਣੀਆਂ ਲੈਣ ਕੁਝ ਜਾਣਗੀਆਂ ਤੇ ਚੁੱਕ ਕੁਝ ਲਿਆਉਣਗੀਆਂ ਤੇ ਫਿਰ ਆਪਣੀ ਮੱਤ ਨੂੰ ਦੋਸ ਦੇਣਗੀਆਂ। ਅਜਿਹੀਆਂ ਸਭ ਮਾਨਸਿਕ ਉਲਝਣਾਂ ਵਿਚ ਫਸੇ ਲੋਕਾਂ ਦੀ ਇਕੋ ਦਵਾਈ ਹੈ, ਵ੍ਹਾਈਟ ਚੈਸਟਨਟ।

ਇਸ ਫੁੱਲ ਦਵਾਈ ਦੀਆਂ ਸਰੀਰਕ ਪੱਖ ਤੋਂ ਵੀ ਕਈ ਨਿਵੇਕਲੀਆਂ ਅਲਾਮਤਾਂ ਹਨ। ਕਈਆਂ ਨੂੰ ਬੈਠੇ ਬੈਠੇ ਮੋਢਾ ਹਿਲਾਉਣ ਦੀ ਆਦਤ ਹੁੰਦੀ ਹੈ ਤੇ ਕਈ ਮੰਜੇ 'ਤੇ ਬੈਠੇ ਪੈਰ ਹਿਲਾਈ ਜਾਂਦੇ ਹਨ, ਕਈ ਉਂਗਲੀਆਂ ਮਟਕਾਈ ਜਾਂਦੇ ਹਨ ਤੇ ਕਈ ਕਿਸੇ ਦੂਜੇ ਦੇ ਸਰੀਰ ਨੂੰ ਥਾਪੜ ਕੇ ਗੱਲ ਸਮਝਾਉਂਦੇ ਹਨ। ਬਚਪਨ ਵਿਚ ਇਕ ਵਾਰ ਮਾਂ ਬੀਮਾਰ ਹੋ ਗਈ ਤਾਂ ਬਾਪੂ ਉਸ ਨੂੰ ਦਵਾਈ ਦਿਵਾਉਣ ਲਈ ਹਰ ਹਫਤੇ ਅੰਬਾਲਾ ਛਾਉਣੀ ਦੇ

*(ਬਾਕੀ ਅਗਲੇ ਸਫੇ 'ਤੇ)*

# 'ਰੇਤਲਾ ਸ਼ਹਿਰ': ਮਿਆਰੀ ਗਜ਼ਲਾਂ ਦੀ ਝਲਕ

**ਪੁਸਤਕ ਚਰਚਾ**

ਸੁਰਿੰਦਰਜੀਤ ਚੌਹਾਨ ਪੰਜਾਬੀ ਸਾਹਿਤ ਵਿਚ ਇਕ ਚਰਚਿਤ ਹਸਤਾਖਰ ਹੈ। ਉਸ ਨੇ ਕੁਝ ਸਾਲਾਂ ਤੋਂ ਪ੍ਰਕਾਸ਼ਕ ਦੇ ਤੌਰ 'ਤੇ ਆਪਣੀ ਪਛਾਣ ਬਣਾ ਲਈ ਹੈ। ਨਵੇਂ ਲੇਖਕਾਂ ਦੇ ਨਾਲ-ਨਾਲ ਪੁਰਾਣੇ ਲੇਖਕ ਵੀ ਉਸ ਤੋਂ ਆਪਣੀਆਂ ਪੁਸਤਕਾਂ ਪ੍ਰਕਾਸ਼ਿਤ ਕਰਵਾ ਰਹੇ ਹਨ, ਕਿਉਂਕਿ ਉਹ ਕਿਤਾਬਾਂ ਦੀ ਦਿੱਖ ਵੱਲ ਉਚੇਚਾ ਧਿਆਨ ਦਿੰਦਾ ਹੈ ਅਤੇ ਪੁਸਤਕ ਦੇ ਮਿਆਰੀ ਹੋਣ ਦਾ ਧਿਆਨ ਵੀ ਰੱਖਦਾ ਹੈ। ਆਪਣੀ ਪ੍ਰਕਾਸ਼ਨਾਂ ਦੀਆਂ ਕਿਤਾਬਾਂ ਦੇ ਰਿਲੀਜ਼ ਸਮਾਰੋਹਾਂ ਲਈ ਦੂਰ ਦੁਰਾਡੇ ਦੀਆਂ ਸਾਹਿਤ ਸਭਾਵਾਂ ਵਿਚ ਹਾਜ਼ਰੀ ਭਰਦਿਆਂ ਉਸ ਨੇ ਸਰੋਤਿਆਂ ਨੂੰ ਵੀ ਆਪਣੇ ਨਾਲ ਜੋੜਿਆ ਹੈ। ਪੰਜਾਬੀ ਦੇ ਨਵੇਂ ਗਜ਼ਲਕਾਰਾਂ ਦੇ ਖੇਤਰ ਵਿਚ ਉਸ




**ਰਵਿੰਦਰ ਸਿੰਘ ਸੋਢੀ**
**ਰਿਚਮੰਡ, ਕੈਨੇਡਾ**
**ਫੋਨ: 604-369-2371**

ਦਾ ਨਾਂ ਵੀ ਸ਼ੁਮਾਰ ਹੋ ਚੁਕਾ ਹੈ। ਉਸ ਨੇ ਛੇ ਕਾਵਿ ਸੰਗ੍ਰਹਿ ਵੀ ਸੰਪਾਦਿਤ ਕੀਤੇ ਹਨ। ਹੁਣ ਉਹ ਗਜ਼ਲਾਂ ਦੀ ਮੌਲਿਕ ਪੁਸਤਕ 'ਰੇਤਲਾ ਸ਼ਹਿਰ' ਲੈ ਕੇ ਪਾਠਕਾਂ ਦੇ ਸਨਮੁੱਖ ਹੋਇਆ ਹੈ।

ਇਸ ਪੁਸਤਕ ਦੇ ਮੁੱਖ ਬੰਦ ਵਿਚ ਪੰਜਾਬੀ ਕਾਵਿ ਜਗਤ ਦੀ ਮਾਣਮੱਤੀ ਸ਼ਖਸੀਅਤ ਦਰਸ਼ਨ ਬੁੱਟਰ ਨੇ ਲਿਖਿਆ ਹੈ, "ਕਵਿਤਾ ਜੀਵਨ ਦੀਆਂ ਪੀੜਾਂ ਦੀ ਕਹਾਣੀ ਦਾ ਨਾਂ ਹੀ ਹੈ, ਇਹ ਪੀੜ ਨਿਜੀ ਵੀ ਹੋ ਸਕਦੀ ਹੈ, ਸਮੂਹਿਕ ਵੀ।" ਅੱਗੇ ਉਹ ਲਿਖਦਾ ਹੈ, "ਕਵਿਤਾ ਮਨੁੱਖੀ ਮਸਲਿਆਂ ਨੂੰ ਮਹਿਸੂਸ ਕਰਕੇ, ਮਹਿਸੂਸ ਕਰਾ ਦੇਣ ਦੀ ਪ੍ਰਕਿਰਿਆ ਹੈ।" ਇਕ ਹੋਰ ਸਥਾਪਿਤ ਪੰਜਾਬੀ ਕਵੀ ਕ੍ਰਿਸ਼ਨ ਭਨੋਟ ਨੇ ਆਪਣੀ ਟਿੱਪਣੀ ਵਿਚ ਲਿਖਿਆ ਹੈ, "ਉਸ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੀ ਹੈ, ਉਸ ਦੀ ਕਵਿਤਾ ਵਾਦ-ਵਿਵਾਦ ਨਹੀਂ ਛੇੜਦੀ, ਸਗੋਂ ਸੰਵਾਦ ਰਚਾਉਂਦੀ ਹੈ।" 'ਮੇਰੇ ਵੱਲੋਂ' ਸਿਰਲੇਖ ਹੇਠ ਸੁਰਿੰਦਰਜੀਤ ਲਿਖਦਾ ਹੈ, "ਹਰਫਾਂ ਦਾ ਸਫਰ ਬਾਲ ਉਮਰੇ ਹੀ ਮੇਰਾ ਸਹਿਪਾਠੀ ਹੋ ਗਿਆ ਸੀ।" ਆਪਣੀ ਕਾਵਿ ਸਿਰਜਣਾ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ, "ਮੈਂ ਜਿਆਦਾਤਰ ਗੀਤ ਅਤੇ ਛੰਦਬੰਦੀ ਵਾਲੀਆਂ ਕਵਿਤਾਵਾਂ ਲਿਖਦਾ ਹਾਂ" ਅਤੇ ਆਪਣੀ ਪ੍ਰਸਤੁਤ ਪੁਸਤਕ ਨੂੰ ਉਹ 'ਕਾਵਿ ਸੰਗ੍ਰਹਿ' ਕਹਿੰਦਾ ਹੈ।

ਪੁਸਤਕ ਸਬੰਧੀ ਕੁਝ ਕਹਿਣ ਤੋਂ ਪਹਿਲਾਂ ਮੈਂ ਇਕ ਹੋਰ ਨੁਕਤੇ 'ਤੇ ਚਰਚਾ ਕਰਨੀ ਚਾਹੁੰਦਾ ਹਾਂ। ਦਰਸ਼ਨ ਬੁੱਟਰ ਨੇ 'ਰੇਤਲਾ ਸ਼ਹਿਰ' ਵਿਚ ਦਰਜ ਰਚਨਾਵਾਂ ਨੂੰ 'ਗਜ਼ਲਨੁਮਾ ਕਵਿਤਾਵਾਂ' ਕਿਹਾ ਹੈ, ਕ੍ਰਿਸ਼ਨ ਭਨੋਟ ਨੇ ਸ਼ਬਦ 'ਕਵਿਤਾ' ਹੀ ਵਰਤਿਆ ਹੈ ਅਤੇ ਖੁਦ ਸੁਰਿੰਦਰਜੀਤ ਨੇ ਇਨ੍ਹਾਂ ਨੂੰ 'ਛੰਦਬੰਦੀ ਵਾਲੀ ਕਵਿਤਾ' ਕਿਹਾ ਹੈ। ਮੈਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਸੰਗ੍ਰਹਿ ਦੀਆਂ ਕਰੀਬ ਸਾਰੀਆਂ ਹੀ ਰਚਨਾਵਾਂ (ਕੁਝ ਵੱਖਰੇ ਵੱਖਰੇ ਸ਼ੇਅਰਾਂ ਵਾਲੀਆਂ ਰਚਨਾਵਾਂ ਤੋਂ ਇਲਾਵਾ) ਗਜ਼ਲ ਰੂਪ ਦੇ ਦਾਇਰੇ ਵਿਚ ਆਉਂਦੀਆਂ ਹਨ। ਇਹ ਹੋ ਸਕਦਾ ਹੈ ਕਿ ਗਜ਼ਲ ਦੇ ਤਕਨੀਕੀ ਪੱਖ 'ਤੇ ਖਰੀਆਂ ਨਾ ਉਤਰਦੀਆਂ ਹੋਣ। ਮੇਰਾ ਵਿਅਕਤੀਗਤ ਵਿਚਾਰ ਹੈ ਕਿ ਅਜੋਕੇ ਸਮੇਂ ਵਿਚ ਸਾਹਿਤ ਦੇ ਕਿਸੇ ਵੀ ਰੂਪ ਦੀ ਪਰਖ ਸਮੇਂ ਤਕਨੀਕੀ ਪੱਖਾਂ ਨਾਲੋਂ ਇਸ ਗੱਲ ਦਾ ਵਧੇਰੇ ਧਿਆਨ ਰੱਖਿਆ ਜਾਂਦਾ ਹੈ ਕਿ ਸਾਹਿਤਕ ਰੂਪ ਵਿਚ ਕੀ ਕਿਹਾ ਗਿਆ ਹੈ? ਜੋ ਕੁਝ ਕਿਹਾ ਗਿਆ ਹੈ, ਉਸ ਦੀ ਸਾਰਥਕਤਾ ਕੀ ਹੈ? ਕੀ ਬਿਆਨਿਆ ਜਾ ਰਿਹਾ ਵਿਸ਼ਾ ਆਮ ਵਰਗ ਦੇ ਪਾਠਕਾਂ ਨੂੰ ਸਮਝ ਆਉਣ ਵਾਲਾ, ਸੇਧ ਦੇਣ ਵਾਲਾ, ਉਨ੍ਹਾਂ ਦੀ ਸਾਹਿਤਕ ਭੁੱਖ ਤ੍ਰਿਪਤ ਕਰਨ ਵਾਲਾ, ਉਨ੍ਹਾਂ ਦੀ ਸੋਚ ਨੂੰ ਟੁੰਬਣ ਵਾਲਾ, ਉਨ੍ਹਾਂ ਨੂੰ ਦੇਰ ਤੱਕ ਯਾਦ ਰਹਿਣ ਵਾਲਾ ਹੈ? ਜੇ ਅਜਿਹੇ ਪ੍ਰਸ਼ਨਾਂ ਦਾ ਉੱਤਰ ਹਾਂ-ਪੱਖੀ ਹੈ ਤਾਂ ਤਕਨੀਕੀ ਨੁਕਤਿਆਂ ਦੀ ਬਹੁਤੀ ਅਹਿਮੀਅਤ ਨਹੀਂ ਰਹਿ ਜਾਂਦੀ। ਦੂਜੀ ਗੱਲ ਇਹ ਵੀ ਹੈ ਕਿ ਤਕਨੀਕੀ ਨੁਕਤੇ ਮੁਢਲੇ ਦੌਰ ਵਿਚ ਵਿਚਾਰਨ ਯੋਗ ਨਹੀਂ ਹੁੰਦੇ। ਮਸਲਨ ਜਦੋਂ ਕਿਸੇ ਨੂੰ ਗੱਡੀ ਚਲਾਉਣੀ ਸਿਖਾਉਣੀ ਹੈ ਤਾਂ ਮਸ਼ੀਨਰੀ ਦੀ ਸਿਖਲਾਈ ਨਹੀਂ ਦਿੱਤੀ ਜਾਂਦੀ, ਸਗੋਂ ਸਟੇਅਰਿੰਗ ਸੰਭਾਲਣਾ, ਗੇਅਰ ਬਦਲਣਾ, ਬ੍ਰੇਕ ਲਾਉਣੀ ਵਰਗੇ ਨੁਕਤੇ ਦੱਸੇ ਜਾਂਦੇ ਹਨ।







ਇਹ ਲਿਖਣ ਤੋਂ ਮੇਰਾ ਭਾਵ ਇਹ ਹੈ ਕਿ ਸੁਰਿੰਦਰਜੀਤ ਦਾ 'ਰੇਤਲਾ ਸ਼ਹਿਰ' ਗਜ਼ਲ ਸੰਗ੍ਰਹਿ ਹੈ। ਉਸ ਨੂੰ ਪਤਾ ਹੈ ਕਿ ਗਜ਼ਲ ਕਿਵੇਂ ਕਹਿਣੀ ਹੈ, ਕੀ ਕਹਿਣਾ ਹੈ। ਉਸ ਨੇ ਆਪਣੀਆਂ ਗਜ਼ਲਾਂ ਦੇ ਸ਼ੇਅਰ ਆਪਣੇ ਆਲੇ ਦੁਆਲੇ ਦੇ ਵਿਚਰਦੇ ਹਾਲਾਤ ਵਿਚੋਂ ਲਏ ਹਨ, ਉਸ ਦੀਆਂ ਗਜ਼ਲਾਂ ਪਾਠਕਾਂ ਨੂੰ ਸਮਝ ਆਉਣ ਵਾਲੀਆਂ ਹੀ ਨਹੀਂ, ਸਗੋਂ ਝੰਜੋੜ ਦੇਣ ਵਾਲੀਆਂ ਹਨ, ਉਹ ਆਮ ਲੋਕਾਂ ਦੀ ਭਾਸ਼ਾ ਵਿਚ ਗੱਲ ਕਰਦਾ ਹੈ, ਸਰੋਤੇ/ਪਾਠਕ ਉਨ੍ਹਾਂ ਨੂੰ ਮਾਣਦੇ ਹਨ, ਸ਼ੇਅਰ ਜੁਬਾਨ 'ਤੇ ਚੜ੍ਹਨ ਵਾਲੇ ਹਨ। ਕਿਸੇ ਨਵੇਂ ਗਜ਼ਲਕਾਰ ਦੀ ਅਜਿਹੀ ਪ੍ਰਾਪਤੀ ਰਸ਼ਕ ਯੋਗ ਹੁੰਦੀ ਹੈ। ਰਹੀ ਗੱਲ ਗਜ਼ਲ ਦੇ ਤਕਨੀਕੀ ਪੱਖਾਂ ਦੀ, ਉਹ ਹੌਲੀ-ਹੌਲੀ ਸਿਖਦਾ ਰਹੇਗਾ।

'ਰੇਤਲਾ ਸ਼ਹਿਰ' ਦੀ ਇਹ ਗੱਲ ਵਿਸ਼ੇਸ਼ ਲੱਗੀ ਕਿ ਸੁਰਿੰਦਰਜੀਤ ਨੇ ਪਿਆਰ, ਇਸ਼ਕ ਦੇ ਰੋਣੇ ਰੋਣ ਨਾਲੋਂ ਹੋਰ ਭਾਵਪੂਰਤ ਵਿਸ਼ਿਆਂ 'ਤੇ ਆਪਣੀਆਂ ਗਜ਼ਲਾਂ ਕੇਂਦਰਿਤ ਕੀਤੀਆਂ ਹਨ। ਦੋ ਗਜ਼ਲਾਂ ਵਿਚ ਉਸ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਪਿਆਰ ਇਸ਼ਕ ਨਾਲੋਂ ਹੋਰ ਵੀ ਕਈ ਜਰੂਰੀ ਮਸਲੇ ਹਨ:

ਬਾਤ ਇਸ਼ਕ ਦੀ ਹਰ ਕੋਈ ਪਾਉਂਦਾ
ਕੋਈ ਵੱਖਰੀ ਛੇੜ ਤਾਰ ਤੂੰ ਯਾਰ। (96)
ਕਦੇ ਛੱਡ ਗੱਲਾਂ ਇਸ਼ਕ ਦੀਆਂ
ਵੇਖੇ ਭੁੱਖੀਆਂ ਜਿੰਦਾਂ ਸਿਸਕਦੀਆਂ। (102)

ਗਜ਼ਲ ਇਕ ਅਜਿਹਾ ਕਾਵਿ ਰੂਪ ਹੈ, ਜਿਸ ਵਿਚ ਗਜ਼ਲਕਾਰ ਕੋਲ ਇਹ ਖੁੱਲ੍ਹ ਹੁੰਦੀ ਹੈ ਕਿ ਉਹ ਆਪਣੀ ਗਜ਼ਲ ਵਿਚ ਇਕੋ ਵਿਸ਼ੇ 'ਤੇ ਸ਼ੇਅਰ ਕਹੇ ਜਾਂ ਹਰ ਸ਼ੇਅਰ ਵੱਖਰੇ ਵਿਸ਼ੇ 'ਤੇ ਕਹੇ। ਮੈਨੂੰ ਸੁਰਿੰਦਰਜੀਤ ਦੀ ਇਸ ਪੇਸ਼ਕਸ਼ ਵਿਚ ਇਹ ਦੋਵੇਂ ਰੂਪ ਹੀ ਮਿਲੇ ਹਨ। ਮਸਲਨ ਪੰਨਾ 56 'ਤੇ ਦਰਜ ਗਜ਼ਲ 'ਧੀਆਂ' ਇਕ ਹੀ ਵਿਸ਼ੇ ਨੂੰ ਪੇਸ਼ ਕਰਦੀ ਹੈ। ਇਸ ਦੇ ਉਲਟ 'ਵੈਰੀ' ਗਜ਼ਲ (ਪੰਨਾ 88) ਵਿਚ ਅੱਠ ਸ਼ੇਅਰ ਵੱਖਰੇ-ਵੱਖਰੇ ਅੰਦਾਜ਼ ਦੇ ਹਨ ਅਤੇ ਸਾਰੇ ਹੀ ਵਧੀਆ ਸ਼ੇਅਰ ਹਨ। ਸੋਨੇ 'ਤੇ ਸੁਹਾਗਾ ਇਹ ਹੈ ਕਿ ਸ਼ੇਅਰ ਇਸ ਗਜ਼ਲ ਦੇ ਸ਼ੇਅਰ ਵੱਖਰੀ ਸੁਰ ਦੇ ਹੁੰਦੇ ਹੋਏ ਵੀ ਇਕ ਸੂਤਰ ਵਿਚ ਬੱਝੇ ਹੋਏ ਹਨ। ਇਹ ਇਕ ਉਸਤਾਦ ਗਜ਼ਲ ਸਿਰਜਕ ਦੀ ਖਾਸੀਅਤ ਹੁੰਦੀ ਹੈ। ਇਹੋ ਜਿਹੀਆਂ ਹੋਰ ਕਈ ਗਜ਼ਲਾਂ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹਨ।

ਪ੍ਰਸਤੁਤ ਪੁਸਤਕ ਦੀਆਂ ਗਜ਼ਲਾਂ ਵਿਚ ਲੇਖਕ ਨੇ ਆਪਣੇ ਚੌਗਿਰਦੇ ਵਾਪਰ ਰਹੇ ਕਰੀਬ ਹਰ ਪੱਖ ਨੂੰ ਹੀ ਆਪਣੇ ਕਲਾਵੇ ਵਿਚ ਸਮੇਟਿਆ ਹੈ। ਅੱਜ ਦੇ ਸਮੇਂ ਦੇ ਭਖਦੇ ਮਸਲੇ ਕਿਸਾਨ ਅੰਦੋਲਨ ਤੋਂ ਲੈ ਕੇ ਕਿਸਾਨੀ ਜੀਵਨ ਦੀਆਂ ਮੁਸ਼ਕਿਲਾਂ, ਕਿਸਾਨਾਂ ਦਾ ਕਰਜ਼ੇ ਦੀ ਘੁੰਮਣ-ਘੇਰੀ ਵਿਚ ਫਸੇ ਹੋਣਾ, ਭਾਰੀ ਹੁੰਦੀ ਜਾ ਰਹੀ ਕਰਜ਼ੇ ਦੀ ਪੰਡ ਕਾਰਨ ਆਤਮ ਹੱਤਿਆ ਦੇ ਰਾਹ ਪੈਣਾ, ਨੌਜਵਾਨਾਂ ਵਿਚ ਨਸ਼ਿਆਂ ਦਾ ਸੇਵਨ, ਦਾਜ ਪ੍ਰਥਾ ਦਾ ਵਿਕਰਾਲ ਰੂਪ, ਭਰੂਣ ਹੱਤਿਆ, ਨੌਜਵਾਨਾਂ ਦਾ ਵਿਦੇਸ਼ੀ ਉਡਾਰੀਆਂ ਵੱਲ ਵਧ ਰਿਹਾ ਰੁਝਾਨ, ਰਾਜਸੀ, ਧਾਰਮਿਕ ਖੇਤਰ ਵਿਚ ਆ ਰਹੀ ਗਿਰਾਵਟ, ਸਿਖਰ 'ਤੇ ਪਹੁੰਚ ਚੁਕਾ ਡੇਰਾਵਾਦ ਦਾ ਮੱਕੜ ਜਾਲ, ਨੌਜਵਾਨ ਲੜਕੀਆਂ ਵੱਲੋਂ ਸਟੇਜਾਂ 'ਤੇ ਨੱਚਣ ਲਈ ਮਜਬੂਰ ਹੋਣਾ, ਦਫਤਰਾਂ ਵਿਚ ਵਧ ਰਹੀ ਰਿਸ਼ਵਤਖੋਰੀ, ਮਾਂ ਬੋਲੀ ਤੋਂ ਮੂੰਹ ਮੋੜਨ ਦਾ ਰੁਝਾਨ, ਅਜੋਕੇ ਗਾਇਕਾਂ ਦੇ ਗਾਇਕੀ ਰੁਝਾਨ ਅਤੇ ਹੋਰ। ਮੇਰਾ ਖਿਆਲ ਹੈ, ਸੁਰਿੰਦਰਜੀਤ ਨੇ ਆਪਣੀਆਂ ਗਜ਼ਲਾਂ ਵਿਚ ਅੱਜ ਦੇ ਸਮੇਂ ਦੇ ਕਰੀਬ ਕਰੀਬ ਹਰ ਪ੍ਰਮੁੱਖ ਵਿਸ਼ੇ ਨੂੰ ਛੋਹਿਆ ਹੈ। ਇਸ ਤੋਂ ਇਹ ਭਲੀਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਦੀਆਂ ਗਜ਼ਲਾਂ ਅਜੋਕੇ ਸਮੇਂ ਦੀ ਆਰਸੀ ਹਨ। ਵਿਸ਼ੇ ਪੱਖੋਂ ਉਸ ਦੀਆਂ ਗਜ਼ਲਾਂ ਇਤਿਹਾਸਕ ਦਸਤਾਵੇਜ਼ ਵੀ ਕਹੀਆਂ ਜਾ ਸਕਦੀਆਂ ਹਨ।

ਇਨ੍ਹਾਂ ਗਜ਼ਲਾਂ ਦੀ ਭਾਸ਼ਾ ਆਮ ਬੋਲ ਚਾਲ ਦੀ ਭਾਸ਼ਾ ਹੈ, ਇਸੇ ਲਈ ਇਹ ਆਮ ਪਾਠਕਾਂ/ਸਰੋਤਿਆਂ ਨੂੰ ਆਪਣੇ ਨਾਲ ਜੋੜਨ ਦੇ ਸਮਰਥ ਹਨ। ਇਸ ਸੰਗ੍ਰਹਿ ਵਿਚ ਆਮ ਜ਼ਿੰਦਗੀ ਵਿਚ ਵਰਤੇ ਜਾਂਦੇ ਮੁਹਾਵਰਿਆਂ ਨੂੰ ਕਲਾਮਈ ਢੰਗ ਨਾਲ ਵਰਤਿਆ ਗਿਆ ਹੈ। ਇਹ ਉਸ ਦੀ ਗਜ਼ਲ ਸ਼ੈਲੀ ਦਾ ਮੀਰੀ ਗੁਣ ਹੋ ਨਿਬੜਿਆ ਹੈ। ਸ਼ੈਲੀ ਪੱਖੋਂ ਹੀ ਉਸ ਦੀਆਂ ਗਜ਼ਲਾਂ ਦੀ ਇਕ ਹੋਰ ਖਾਸੀਅਤ ਇਹ ਹੈ ਕਿ ਉਸ ਨੇ ਸਪੱਸ਼ਟ ਬਿਆਨੀ, ਲੋੜ ਮੁਤਾਬਿਕ ਵਿਅੰਗਾਤਮਕ ਜਾਂ ਵਿਦਰੋਹੀ ਸੁਰ ਅਪਨਾਈ ਹੈ। ਉਸ ਨੇ ਆਪਣੀ ਕਲਮ ਨੂੰ ਮਾਰੂ ਹਥਿਆਰ ਵਜੋਂ ਨਹੀਂ ਵਰਤਿਆ, ਸਗੋਂ ਇਕ ਸਰਜਨ ਦੇ ਔਜ਼ਾਰਾਂ ਦੀ ਤਰ੍ਹਾਂ ਵਰਤਿਆ ਹੈ, ਜਿਨ੍ਹਾਂ ਦਾ ਮਕਸਦ ਸਰੀਰ ਵਿਚ ਪੈਦਾ ਹੋਏ ਨਕਾਰਾਤਮਕ ਤੰਤੂਆਂ ਨੂੰ ਕੱਢ ਕੇ ਸਰੀਰ ਨੂੰ ਅਰੋਗ ਬਣਾਉਣਾ ਹੁੰਦਾ ਹੈ। ਉਹ ਇਕ ਸੁਹਿਰਦ ਸਮਾਜ ਸੇਵਕ ਦੀ ਤਰ੍ਹਾਂ ਗਲਤ ਵਰਤਾਰਿਆਂ ਵਿਰੁੱਧ ਜਾਗਰੂਕ ਕਰ ਰਿਹਾ ਹੈ। ਉਸ ਦੀਆਂ ਕਈ ਗਜ਼ਲਾਂ ਵਿਚ ਗੀਤਾਂ ਵਰਗੀ ਰਵਾਨੀ ਹੈ (ਵੈਰੀਆ ਦੀ ਭਾਲ, ਜ਼ਿੰਦਗੀ ਦੇ ਰੰਗ, ਕੁਰਸੀ, ਸੱਜਣ ਜੀ ਆਦਿ)। ਛੋਟੀ ਬਹਿਰ ਦੀਆਂ ਵੀ ਕਈ ਗਜ਼ਲਾਂ ਹਨ। ਕੋਰਾ ਸੱਚ, ਨਕਾਬ, ਸੱਚਾਈ ਆਦਿ ਗਜ਼ਲਾਂ ਦੀ ਰਵਾਨੀ ਦੇਖਣ ਵਾਲੀ ਹੈ।

ਉਪਰ ਲਿਖੇ ਤੱਥਾਂ ਦੇ ਪ੍ਰਮਾਣ ਵਜੋਂ ਉਸ ਦੀਆਂ ਗਜ਼ਲਾਂ ਵਿਚੋਂ ਕੁਝ ਸ਼ੇਅਰ ਦੇ ਰਿਹਾ ਹਾਂ ਤਾਂ ਜੋ ਪਾਠਕਾਂ ਨੂੰ ਉਸ ਦੀਆਂ ਗਜ਼ਲਾਂ ਦੀ ਮੁਢਲੀ ਜਾਣਕਾਰੀ ਹੋ ਸਕੇ:

ਜਾਬਰ ਨੂੰ ਕੋਈ ਆਖ ਦਿਓ ਰਾਹ ਛੱਡ ਦੇਵੇ ਕੁਤਾਹੀ ਦਾ
ਨਹੀਂ ਤਾਂ ਮਜਬੂਰਾਂ ਦੇ ਹੱਥ ਖੜਕਣੇ ਇਕ ਦਿਨ ਖੰਡੇ ਨੇ। (17)

---

ਖੇਤਾਂ ਬੰਨਿਆਂ ਤੋਂ ਤੁਰੇ ਛੱਡ ਪਿੰਡ ਘਰ-ਬਾਰ
ਰੱਖ ਹਲ ਤੇ ਪੰਜਾਲੀ ਟੱਪ ਢਾਬ ਆਏ ਹਾਂ। (19)

---

ਜੇ ਐਵੇਂ ਰਿਹਾ ਘੁਲਦਾ ਜ਼ਹਿਰ ਜਿਸਮਾਂ ਅੰਦਰ
ਰਾਜੇ ਮਿਲਣੇ ਨੀਂ ਪੰਜਾਬ ਦੀਆਂ ਰਾਣੀਆਂ ਨੂੰ। (28)

---

ਕੌਣ ਕਹਿੰਦਾ ਹੈ ਰਾਜ ਵੋਟਾਂ ਦਾ
ਇਥੇ ਧੰਦਾ ਚਲਦਾ ਨੋਟਾਂ ਦਾ। (31)

---

ਅੰਨਦਾਤਾ ਦੇ ਹਿੱਸੇ ਹੀ ਆਉਂਦੇ
ਕਿਉਂ ਕਿੱਕਰੀ ਲਟਕੇ ਫੰਦੇ ਨੇ। (38)

---

ਨੱਚਣਾ ਚੜ੍ਹ ਸਟੇਜੀ/ਸ਼ੌਕ ਨਹੀਂ ਮਜਬੂਰੀ ਹੈ। (40)

---

ਰੁਜ਼ਗਾਰ ਵੀ ਕਿਹੜਾ ਮਿਲਦਾ ਅੱਜ ਕੱਲ੍ਹ ਪੜ੍ਹ ਲਿਖ ਕੇ
ਤਾਂ ਹੀ ਹਰ ਮਾਂ ਆਪਣੀ ਅੰਦਰ ਪ੍ਰਦੇਸੀਂ ਘੱਲਦੀ ਐ। (49)

---

ਮੁੰਨੀ ਹੋਈ ਗੁੱਤ ਨਸ਼ੇੜੀ ਪੁੱਤ
ਮਸਲੇ ਦਿੱਤੀ ਢਿੱਲ ਦੇ ਨੇ। (53)

---

ਜੋ ਦੁਨੀਆਂ ਨੂੰ ਦਿੰਦਾ ਸਾਰੀ
ਉਸ ਦੇ ਨਾਂ ਹੀ ਮੰਗਣ ਚੰਦਾ। (54)

---

ਏਨੀ ਵੀ ਨਾ ਜ਼ਾਲਮੋ ਘੁੱਟੋ ਸੰਘੀ
ਆਖਰ ਬਲਦ ਵੀ ਜਾਂਦੇ ਤੋੜ ਤੜਾਗੀ ਐ। (78)

---

ਸਾਹਿਬ ਨੇ ਦਸਤਖਤ ਕਰਦਿਆਂ ਕਰਦਿਆਂ ਕਲਮ ਵਿਚੇ ਰੋਕ ਲਈ
ਸ਼ਾਇਦ ਹਿਸਾਬ ਬਾਕੀ ਸੀ ਰਿਸ਼ਵਤ ਦੇ ਕੀਤੇ ਨੋਟਾਂ ਦਾ। (85)

---

ਏਥੇ ਸੁੱਖੀ-ਸਾਂਦੀ ਬਾਂਝ ਹੋਣ ਮਾਂਵਾਂ
ਧੀਆਂ ਕੁੱਖ 'ਚ ਕਤਲ ਕਰਵਾਉਣ ਲੱਗੇ। (88)

---

ਜੇ ਜੱਗ ਰੌਸ਼ਨ ਕਰਨਾ ਸਾਰਾ
ਸੂਰਜ ਵਾਂਗੂੰ ਸੜਨਾ ਪੈਣਾ। (100)

---

ਲੋਕ ਵੀ ਕਿਹੜਾ ਘੱਟ ਨੇ ਯਾਰੋ
ਲੈ ਛਿੱਲੜ ਜਾਂਦੇ ਮੋਹਰਾਂ ਲਾਈ। (98)

ਇਸ ਗਜ਼ਲ ਸੰਗ੍ਰਹਿ ਵਿਚ ਏਨੀਆਂ ਖੂਬੀਆਂ ਦੇ ਹੁੰਦੇ ਹੋਏ ਕੁਝ ਉਣਤਾਈਆਂ ਵੀ ਨਜ਼ਰ ਆਈਆਂ ਹਨ। ਸੁਰਿੰਦਰਜੀਤ ਨੇ ਕਿਤਾਬ ਦੇ ਪੰਨੇ ਵਧਾਉਣ ਦੇ ਲਾਲਚ ਵਿਚ ਕੁਝ ਵੱਖ-ਵੱਖ ਸ਼ੇਅਰ ਵੀ ਦਰਜ ਕਰ ਦਿੱਤੇ ਹਨ। ਜੇ ਨਿਰੋਲ ਗਜ਼ਲਾਂ ਹੀ ਰਹਿਣ ਦਿੱਤੀਆਂ ਜਾਂਦੀਆਂ ਤਾਂ ਬਿਹਤਰ ਸੀ। ਇਸ ਪੁਸਤਕ ਵਿਚੋਂ ਦਸ ਕੁ ਪੰਨੇ ਅਸਾਨੀ ਨਾਲ ਮਨਫੀ ਕੀਤੇ ਜਾ ਸਕਦੇ ਸਨ। ਅਸਲ ਵਿਚ ਹਰ ਲੇਖਕ ਲਈ ਇਹ ਜਾਣਨਾ ਜਰੂਰੀ ਹੁੰਦਾ ਹੈ ਕਿ ਪੁਸਤਕ ਵਿਚ ਕੀ ਨਹੀਂ ਦੇਣਾ। ਖੈਰ, ਇਹ ਕੋਈ ਵੱਡਾ ਮਸਲਾ ਨਹੀਂ ਹੈ। ਆਸ ਹੈ, ਉਹ ਇਸ ਪੱਖੋਂ ਸੁਚੇਤ ਰਹੇਗਾ। ਸਾਰੀ ਪੁਸਤਕ ਵਿਚੋਂ ਦੋ ਜਗ੍ਹਾ ਹੀ ਉਸ ਨੇ ਕਾਫੀਆ ਮਿਲਾਉਣ ਵਿਚ ਕੁਤਾਹੀ ਕੀਤੀ ਹੈ। ਪੰਨਾ 17 'ਤੇ ਉਸ ਨੇ ਅੰਗਰੇਜ਼ੀ ਦਾ ਸ਼ਬਦ 'ਏਜੰਡੇ' ਵਰਤ ਕੇ ਕੰਮ ਸਾਰ ਲਿਆ ਅਤੇ ਦੂਜਾ ਪੰਨਾ 57 'ਤੇ ਵੀ ਇਹੋ ਸ਼ਬਦ ਵਰਤਿਆ ਹੈ, ਪਰ ਸ਼ਬਦ ਜੋੜ ਵੱਖਰੇ ਹਨ 'ਅਜੰਡੇ'।

ਸੁਰਿੰਦਰਜੀਤ ਨੂੰ ਕੋਸ਼ਿਸ਼ ਕਰਨੀ ਚਾਹੀਦੀ ਸੀ ਕਿ ਇਹ ਸ਼ੇਅਰ ਬਦਲ ਦਿੰਦਾ। ਖੈਰ, ਇਹ ਬਹੁਤੀਆਂ ਖਾਸ ਗੱਲਾਂ ਨਹੀਂ। ਉਸ ਕੋਲ ਗਜ਼ਲ ਕਹਿਣ ਦਾ ਹੁਨਰ ਹੈ। ਉਹ ਪਾਠਕਾਂ ਨਾਲ ਰਾਬਤਾ ਬਣਾਉਣ ਵਿਚ ਕਾਮਯਾਬ ਹੋਇਆ ਹੈ। ਮੈਨੂੰ ਪੂਰਾ ਯਕੀਨ ਹੈ ਕਿ ਉਹ ਆਲੋਚਕਾਂ ਦਾ ਧਿਆਨ ਵੀ ਖਿੱਚੇਗਾ। ਸਮੇਂ ਦੇ ਨਾਲ-ਨਾਲ ਉਸ ਦਾ ਹੁਨਰ ਹੋਰ ਬੁਲੰਦੀ ਵੱਲ ਜਾਵੇਗਾ ਅਤੇ ਦੂਜੀ ਗੱਲ ਇਹ ਕਿ ਅਗਲੀ ਪੁਸਤਕ ਨੂੰ ਉਹ 'ਕਾਵਿ ਸੰਗ੍ਰਹਿ' ਨਹੀਂ, 'ਗਜ਼ਲ ਸੰਗ੍ਰਹਿ' ਕਹਿ ਕੇ ਮਾਣ ਮਹਿਸੂਸ ਕਰੇਗਾ। ਉਸ ਦੇ ਪਲੇਠੇ ਉਪਰਾਲੇ ਲਈ ਉਸ ਦੀ ਤਾਰੀਫ ਕਰਨੀ ਬਣਦੀ ਹੈ।

## ਬੈਚ ਫੁੱਲ ਵ੍ਹਾਈਟ ਚੈਸਟਨਟ: ਖੁੱਭਵੇਂ ਖਿਆਲ

*(ਪਿਛਲੇ ਸਫੇ ਦੀ ਬਾਕੀ)*

ਡਾਕਟਰ ਅਗਸਤ ਮੁਨੀ ਦੇਵ ਕੋਲ ਲੈ ਕੇ ਜਾਂਦਾ। ਦਵਾਈ ਕਈ ਮਹੀਨੇ ਚਲੀ ਅਤੇ ਮਾਂ ਠੀਕ ਹੋ ਗਈ। ਉਹ ਕਦੇ ਕਦੇ ਦੱਸਿਆ ਕਰੇ ਕਿ ਡਾਕਟਰ ਗੱਲ ਬੜੀ ਘੋਟ ਕੇ ਕਰਦਾ ਹੈ। ਮੈਂ ਪੁੱਛਿਆ ਕਰਾਂ, "ਬੇਬੇ ਘੋਟ ਕੇ ਕਿਵੇਂ, ਗੱਲਾਂ ਨੂੰ ਘੋਟਾ ਲਾ ਕੇ ਆਉਂਦਾ ਹੈ? ਮੇਰਾ ਭਰਾ ਕਿਹਾ ਕਰੇ, ਨਹੀਂ, ਸਾਗ ਵਾਂਗ ਘੋਟ ਕੇ ਬੋਲਦਾ ਹੋਵੇਗਾ। ਮਾਂ ਕਿਹਾ ਕਰੇ, ਨਹੀਂ, ਉਹ ਬੋਲਦਾ ਬੋਲਦਾ ਗਰਦਨ ਨੂੰ ਕਬੂਤਰ ਵਾਂਗ ਘੁਮਾਉਂਦਾ ਹੈ। ਸਾਨੂੰ ਲੱਗਿਆ ਕਿ ਉਹ ਕੋਈ ਖਾਸ ਹੀ ਡਾਕਟਰ ਹੋਵੇਗਾ, ਨਹੀਂ ਤਾਂ ਸਾਡੇ ਮਾਂ-ਪਿਓ ਪਟਿਆਲੇ ਦੇ ਸਾਰੇ ਡਾਕਟਰ ਛੱਡ ਕੇ ਉਸ ਕੋਲ ਅੰਬਾਲਾ ਛਾਉਣੀ ਕਿਉਂ ਜਾਂਦੇ? ਅਸੀਂ ਜ਼ਿਦ ਕਰ ਕੇ ਉਨ੍ਹਾਂ ਨਾਲ ਉਸ ਨੂੰ ਦੇਖਣ ਚਲੇ ਗਏ। ਉਸ ਦੀ ਕਲਿਨਿਕ ਵਿਚ ਵੜਦਿਆਂ ਹੀ ਅਸੀਂ ਉਸ ਵਲ ਟਿਕ-ਟਿਕੀ ਲਾ ਲਈ। ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸ ਨੇ ਪਹਿਲੇ ਮਰੀਜ਼ ਦਾ ਹਾਲ ਪੁੱਛਣ ਵੇਲੇ ਹੀ ਗਰਦਨ ਘੁਮਾ ਦਿੱਤੀ ਤੇ ਫਿਰ ਹਰ ਚਾਰ-ਪੰਜ ਮਿੰਟਾਂ ਬਾਅਦ ਘੁਮਾ ਦਿੰਦਾ ਰਿਹਾ। ਗਰਦਨ ਘੁਮਾਉਂਦਿਆਂ ਉਹ ਪਹਿਲਾਂ ਮੂੰਹ ਨੂੰ ਸੱਜੇ ਕੰਨ ਤੀਕ ਘੁਮਾਉਂਦਾ ਤੇ ਫਿਰ ਖੱਬੇ ਕੰਨ ਤੀਕ ਤੇ ਫਿਰ ਸਿੱਧਾ ਕਰ ਕੇ ਇਸ ਨੂੰ ਹੇਠਾਂ ਵਲ ਨੂੰ ਇਵੇਂ ਦਬਾਉਂਦਾ ਜਿਵੇਂ ਬੇਰ ਦੀ ਗੁਠਲੀ ਅੰਦਰ ਲੰਘਾਉਂਦਾ ਹੋਵੇ। ਅਸੀਂ ਉਸ ਨੂੰ ਰੱਜ ਕੇ ਦੇਖਿਆ ਤੇ ਬਾਅਦ ਵਿਚ ਉਸੇ ਵਾਂਗ ਗਰਦਨ ਘੁਮਾ ਘੁਮਾ ਨਕਲਾਂ ਲਾਹੁੰਦੇ ਰਹੇ। ਹੁਣ ਸੱਤਰ ਸਾਲਾਂ ਬਾਅਦ ਤਾਂ ਉਹ ਡਾਕਟਰ ਗੁਜ਼ਰ ਗਿਆ ਹੋਵੇਗਾ। ਉਸ ਵੇਲੇ ਪਤਾ ਹੁੰਦਾ ਤਾਂ ਫੁੱਲ ਦਵਾਈ ਵ੍ਹਾਈਟ ਚੈਸਟਨਟ ਦੇ ਕੇ ਉਸ ਦਾ ਵੀ ਇਲਾਜ ਕਰ ਦੇਣਾ ਸੀ। ਗਰਦਨ ਹੀ ਨਹੀਂ, ਸਰੀਰ ਦਾ ਕੋਈ ਵੀ ਹੋਰ ਅੰਗ ਵੀ ਆਪ ਮੁਹਾਰਾ ਘੁੰਮੇ ਜਾਂ ਹਿੱਲੇ, ਇਸੇ ਦਵਾਈ ਨਾਲ ਠੀਕ ਹੁੰਦਾ ਹੈ।

ਇਕ ਤਰ੍ਹਾਂ ਨਾਲ ਦੇਖਿਆ ਜਾਵੇ ਤਾਂ ਮਨੁੱਖ ਦੀਆਂ ਪੱਕ ਚੁਕੀਆਂ ਆਦਤਾਂ ਵੀ ਉਸ ਦੇ ਮੁੜ ਮੁੜ ਵਾਪਰਨ ਵਾਲੇ ਕਾਰਜਾਂ ਵਾਂਗ ਹੀ ਹਨ। ਅਣਚਾਹੇ ਚਕਰਵਰਤੀ ਖਿਆਲਾਂ ਵਾਂਗ ਇਹ ਵੀ ਬਿਨ ਬੁਲਾਏ ਹੀ ਆਈਆਂ ਹੁੰਦੀਆਂ ਹਨ ਤੇ ਇਨ੍ਹਾਂ ਨੂੰ ਕੀਤੇ ਬਿਨਾ ਵੀ ਰਿਹਾ ਨਹੀਂ ਜਾ ਸਕਦਾ। ਕਈ ਆਪਣੇ ਨਹੁੰਆਂ ਨੂੰ ਦੰਦਾਂ ਨਾਲ ਕੱਟਦੇ ਹਨ। ਕਈ ਬੱਚੇ ਵੱਡੇ ਹੋ ਕੇ ਵੀ ਅੰਗੂਠਾ ਚੁੰਘੀ ਜਾਂਦੇ ਹਨ। ਹੋਰ ਵੱਡੇ ਹੋ ਜਾਣ 'ਤੇ ਉਹ ਨਿੱਪਲ ਨਹੀਂ ਛਡਦੇ ਤੇ ਕਾਫੀ ਵੱਡੇ ਹੋ ਜਾਣ ਤਾਂ "ਚਿਊਇੰਗਮ" (Chewing Gum) 'ਤੇ ਪੈ ਜਾਂਦੇ ਹਨ। ਜਵਾਨ ਹੋ ਕੇ ਉਹ ਸਿਗਰਟ, ਜ਼ਰਦਾ, ਸ਼ਰਾਬ ਤੇ ਅਫੀਮ ਜਿਹੀਆਂ ਕਈ ਹੋਰ ਆਦਤਾਂ ਸਹੇੜ ਲੈਂਦੇ ਹਨ। ਬੁਢਾਪੇ ਵਿਚ ਕਈਆਂ ਨੂੰ ਸੋਟੀ ਜਾਂ ਖੂੰਡਾ ਰੱਖਣ ਦੀ ਆਦਤ ਪੈ ਜਾਂਦੀ ਹੈ। ਫੁੱਲ ਦਵਾਈ ਵ੍ਹਾਈਟ ਚੈਸਟਨਟ ਮਨ ਦੇ ਭੈੜੇ ਖਿਆਲਾਂ ਵਾਂਗ ਇਨ੍ਹਾਂ ਕਰੂਰ ਆਦਤਾਂ ਦੇ ਤਿਆਗ 'ਚ ਵੀ ਮਦਦ ਕਰਦੀ ਹੈ।

ਇਸ ਤੋਂ ਇਲਾਵਾ ਘੜੀ ਘੜੀ ਪਿਸ਼ਾਬ ਕਰਨ ਜਾਣਾ, ਰਾਤ ਨੂੰ ਇਕ ਖਾਸ ਸਮੇਂ 'ਤੇ ਨੀਂਦ ਦਾ ਖੁੱਲ੍ਹ ਜਾਣਾ, ਅਰਾਧਨਾ ਵੇਲੇ ਸਾਧਨਾ ਭੰਗ ਹੋਣੀ, ਪੂਜਾ ਪਾਠ ਕਰਦਿਆਂ ਧਿਆਨ ਉਖੜਨਾ, ਦਿਮਾਗ ਨੂੰ ਅੱਤ ਦਾ ਚਾਅ ਚੜ੍ਹਨਾ, ਕਿਸੇ ਸਦਮੇ ਦਾ ਅਸਰ ਦਿਮਾਗ ਵਿਚੋਂ ਨਾ ਨਿਕਲਣਾ ਆਦਿ ਕਈ ਹੋਰ ਤਕਲੀਫਾਂ ਵੀ ਇਸ ਫੁੱਲ ਦਵਾਈ ਦੇ ਘੇਰੇ ਵਿਚ ਆਉਂਦੀਆਂ ਹਨ। ਵ੍ਹਾਈਟ ਚੈਸਟਨਟ ਇਨ੍ਹਾਂ ਨੂੰ ਬਾ-ਖੂਬੀ ਦੂਰ ਕਰਦੀ ਹੈ।

### -ਪੰਜਾਬ 'ਚ ਪਾਵਰ ਕੱਟ ਬਨਾਮ ਪੱਖੀਆਂ-

# "ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ"

**ਪ੍ਰੋ. ਜਸਵੰਤ ਸਿੰਘ ਗੰਡਮ, ਫਗਵਾੜਾ**
**ਫੋਨ: 91-98766-55055**

ਪੰਜਾਬ ਵਿਚ ਇਸ ਵਾਰ ਭਰ ਗਰਮੀਆਂ 'ਚ ਪਾਵਰ ਕੱਟਾਂ ਨੇ ਵੱਟ ਕੱਢ ਦਿੱਤੇ ਅਤੇ ਹੱਥ-ਪੱਖੀਆਂ/ਪੱਖੇ ਚੇਤੇ ਕਰਵਾ ਦਿੱਤੇ। ਮੱਧ ਅਤੇ ਨਿਮਨ ਵਰਗ ਦੇ ਬਹੁਤੇ ਲੋਕਾਂ ਨੇ ਜਾਂ ਤਾਂ ਮਾਂ-ਦਾਦੀ ਦੇ ਪੁਰਾਣੇ ਸੰਦੂਕਾਂ/ਪੇਟੀਆਂ 'ਚੋਂ ਪੱਖੀਆਂ ਕੱਢ ਲਈਆਂ ਅਤੇ ਜਾਂ ਬਾਜ਼ਾਰ ਵਿਚੋਂ ਖਰੀਦੀਆਂ। ਲੰਮੇ ਸਮੇਂ ਲਈ ਅਤੇ ਵਾਰ ਵਾਰ ਬਿਜਲੀ ਦੇ ਕੱਟ ਲੱਗਣ ਕਾਰਨ ਮੱਧ-ਵਰਗ ਦੇ ਘਰੀਂ ਲੱਗੇ ਇਨਵਰਟਰਾਂ ਦੀਆਂ ਬੈਟਰੀਆਂ ਕੁਵੇਲੇ ਠੁੱਸ ਹੋ ਗਈਆਂ। ਗਰੀਬ ਤਾਂ ਭਲਾ ਪਹਿਲਾਂ ਹੀ ਰੱਬ ਆਸਰੇ ਹੁੰਦੈ।

ਮੇਰੀ ਉਮਰ ਜਾਂ ਇਸ ਦੇ ਲਾਗੇ-ਚਾਗੇ ਦੀ ਉਮਰ ਵਾਲੇ ਸਭ ਲੋਕਾਂ ਨੇ ਪੱਖੀਆਂ/ਪੱਖਿਆਂ ਦਾ ਦੌਰ ਹੰਢਾਇਆ ਹੈ। ਪਹਿਲਾਂ ਤਾਂ ਪਿੰਡਾਂ ਵਿਚ ਬਿਜਲੀ ਹੀ ਨਹੀਂ ਸੀ ਹੁੰਦੀ ਤੇ ਜਦ ਆਈ ਵੀ ਤਾਂ ਇਹ ਲੰਗੇ ਡੰਗ ਹੀ ਆਉਂਦੀ ਸੀ। ਬਿਜਲੀ ਤੋਂ ਪਹਿਲੇ ਦਾ ਸਮਾਂ ਤਾਂ ਦੁਪਹਿਰ ਵੇਲੇ ਬੋਹੜ-ਪਿੱਪਲ ਦੀ ਛਾਂਵੇਂ ਬੈਠ ਪੱਖੀਆਂ ਦੀ ਝੱਲ ਮਾਰ-ਮਾਰ ਬਤੀਤ ਕਰੀਦਾ ਸੀ।

ਪੱਖੀ ਕਿਸੇ ਵੇਲੇ ਪੰਜਾਬੀ ਸਭਿਆਚਾਰ, ਖਾਸ ਕਰਕੇ ਪੇਂਡੂ ਰਹਿਤਲ ਦਾ ਇਕ ਅਨਿੱਖੜਵਾਂ ਅੰਗ ਹੁੰਦੀ ਸੀ। ਇਹ ਪੰਜਾਬੀ ਲੋਕਧਾਰਾ ਦਾ ਮਹੱਤਵਪੂਰਨ ਹਿੱਸਾ ਰਹੀ ਹੈ। ਇਹ ਵਰਤੋਂ-ਵਿਹਾਰ ਦੀ ਮੁੱਲਵਾਨ ਵਸਤ ਰਹੀ ਹੈ, ਜਿਸ ਦੀ ਪੂਰੀ ਪੈਠ ਹੁੰਦੀ ਸੀ। ਗਰਮੀ ਦੂਰ ਕਰਨ ਲਈ ਤਾਂ ਇਹ ਝੱਲੀ ਹੀ ਜਾਂਦੀ ਸੀ, ਪਰ ਘਰ ਆਏ-ਗਏ ਵਾਸਤੇ ਵੀ ਵਰਤੀ ਜਾਂਦੀ ਸੀ।

ਪ੍ਰਾਹੁਣੇ ਲਈ ਵਿਸ਼ੇਸ਼ ਕਢਾਈ ਅਤੇ ਝਾਲਰਾਂ ਵਾਲੀ ਪੱਖੀ ਰੱਖੀ ਜਾਂਦੀ ਸੀ। ਬਹੁਤੀ ਵਾਰ ਤਾਂ ਘਰ ਦਾ ਕੋਈ ਜੀਅ ਆਪ ਹੀ ਕੋਲ ਬਹਿ ਕੇ ਪ੍ਰਾਹੁਣੇ ਨੂੰ ਪੱਖੀ ਝਲਦਾ ਰਹਿੰਦਾ ਸੀ। ਇਹ ਪੰਜਾਬੀ ਪ੍ਰਾਹੁਣਚਾਰੀ ਦੇ ਪ੍ਰਗਟਾਵੇ ਦਾ ਬੜਾ ਪਿਆਰਾ ਢੰਗ ਹੁੰਦਾ ਸੀ।

ਹੁਨਰਮੰਦ ਪੰਜਾਬਣ ਕੁੜੀਆਂ-ਚਿੜੀਆਂ ਆਪਣੇ ਵਿਆਹ ਦੇ ਦਾਜ ਲਈ ਹੱਥੀਂ ਵਾਲੀਆਂ ਸੁੰਦਰ ਕਢਾਈਦਾਰ ਪੱਖੀਆਂ ਤਿਆਰ ਕਰਦੀਆਂ ਸਨ। ਹੱਥੀ ਪੱਖੀ ਨੂੰ ਸੁਖਾਲੇ ਢੰਗ ਨਾਲ ਘੁੰਮਾਉਣ ਦੇ ਕੰਮ ਆਉਂਦੀ ਸੀ। ਕਈ ਪੱਖੀਆਂ ਵਿਚ ਸ਼ੀਸ਼ੇ ਵੀ ਜੜੇ ਜਾਂਦੇ ਸਨ ਤੇ ਕਈਆਂ ਨਾਲ ਘੁੰਗਰੂ ਵੀ ਲਾਏ ਜਾਂਦੇ ਸਨ। ਇਸ ਸਬੰਧੀ ਪ੍ਰਕਾਸ਼ ਕੌਰ ਦਾ ਗਾਇਆ ਇਕ ਪ੍ਰਸਿੱਧ ਲੋਕ ਗੀਤ ਵੀ ਹੈ, "ਵੇ ਲੈ ਦੇ ਮੈਨੂੰ ਮਖਮਲ ਦੀ, ਪੱਖੀ ਘੁੰਗਰੂਆਂ ਵਾਲੀ...।"



ਇਸ ਗੀਤ ਵਿਚ ਮੁਟਿਆਰ ਆਪਣੀ ਇਸ ਮੰਗ ਦਾ ਕਾਰਨ ਦਸਦੀ ਹੋਈ ਆਪਣੇ ਚੰਨਮਾਹੀ ਨੂੰ ਕਹਿੰਦੀ ਹੈ, "ਕੀਤਾ ਮੁੜ੍ਹਕੇ ਪਾਣੀ ਪਾਣੀ, ਭਿੱਜ ਗਿਆ ਮੇਰਾ ਸੂਟ ਜਪਾਨੀ; ਪਿਘਲੇ ਗਰਮੀ ਨਾਲ ਜਵਾਨੀ, ਮੱਖਣਾਂ ਨਾਲ ਜੋ ਪਾਲੀ।" ਉਹ ਮਾਹੀਏ ਨੂੰ ਮਖਮਲੀ ਪੱਖੀ ਮੰਗਣ ਦੀ ਵਜ੍ਹਾ ਬਿਆਨ ਕਰਦਿਆਂ ਕਹਿੰਦੀ ਹੈ ਕਿ 'ਪੱਖਾ ਖਜੂਰੀ (ਨੇ) ਤਲੀਆਂ ਦੀ ਜੜ੍ਹ ਗਾਲੀ' ਹੈ। ਤੇ ਮਖਮਲੀ ਪੱਖੀ ਦੀ ਹਵਾ ਦਾ ਮਜ਼ਾ ਲੈਂਦਿਆਂ ਨੱਚੀ ਨੂੰ ਘੁੰਗਰੂਆਂ ਦੀ ਛਣ-ਛਣ ਦਾ ਸੰਗੀਤਕ ਮਾਹੌਲ ਤਾਂ ਫਿਰ ਚਾਹੀਦਾ ਈ ਐ!

ਲੋਕ ਗੀਤਾਂ ਵਿਚ ਹੋਰ ਵੀ ਸਤਰਾਂ ਹਨ,

-ਕਲਕੱਤਿਉਂ ਪੱਖੀ ਲਿਆ ਦੇ
ਝਲੂੰਗੀ ਸਾਰੀ ਰਾਤ।

-ਪੱਖੀ ਜ਼ਰੀ ਦੀ ਮੋਤੀਆਂ ਵਾਲੀ
ਝੱਲਨੀ ਏ ਚੰਨ ਮਾਹੀ ਨੂੰ।

ਧਾਰਮਿਕ ਅਸਥਾਨਾਂ ਉਪਰ ਸੰਗਤ ਨੂੰ ਝੱਲਣ ਲਈ ਵੱਡੇ ਵੱਡੇ ਪੱਖੇ ਹੁੰਦੇ ਸਨ-ਕੋਈ 4-5 ਫੁੱਟ ਲੰਮੇ ਅਤੇ ਡੇਢ ਦੋ ਫੁੱਟ ਚੌੜੇ। ਉਨ੍ਹਾਂ ਦੀ ਹੱਥੀ ਵੀ ਬਹੁਤ ਵੱਡੀ ਹੁੰਦੀ ਸੀ ਅਤੇ ਮਜ਼ਬੂਤੀ ਨਾਲ ਪਕੜਨ ਲਈ ਦੋ ਥਾਂਵਾਂ 'ਤੇ ਜਗ੍ਹਾ ਰੱਖੀ ਹੁੰਦੀ ਸੀ। ਸਿੱਖ ਧਰਮ ਵਿਚ ਪੱਖਾ ਝੱਲਣ ਅਤੇ ਪਾਣੀ ਪਿਆਉਣ ਦੀ ਸੇਵਾ ਬੜੀ ਮਹੱਤਤਾ ਰੱਖਦੀ ਹੈ। ਗੁਰਬਾਣੀ ਵਿਚ ਪੱਖੇ ਦਾ ਕਈ ਥਾਂ ਜ਼ਿਕਰ ਆਉਂਦਾ ਹੈ,

-ਲੇ ਪਖਾ ਪ੍ਰਿਅ ਝਲਉ ਪਾਏ॥
-ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥
-ਪਖਾ ਫੇਰੀ ਪਾਣੀ ਢੋਵਾ ਹਰਿਜਨ ਕੈ ਪੀਸਣੁ ਪੀਸਿ ਕਮਾਵਾ॥
-ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥
-ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥
-ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥

ਸਰਦੇ-ਪੁਜਦੇ ਘਰਾਂ ਵਿਚ ਦਰਵਾਜ਼ੇ ਕੋਲ ਛੱਤ ਦੇ ਲਾਗੇ ਇਕ ਵੱਡਾ ਸਾਰਾ ਪੱਖਾ ਬੱਝਿਆ ਹੁੰਦਾ ਸੀ, ਜਿਸ ਨੂੰ ਇਕ ਰੱਸੇ ਨਾਲ ਅੱਗੇ-ਪਿੱਛੇ ਖਿੱਚ ਕੇ ਕਮਰੇ ਅੰਦਰ ਹਵਾ ਦਾ ਵਸੀਲਾ ਕੀਤਾ ਜਾਂਦਾ ਸੀ। ਰੱਸਾ ਖਿੱਚਣ ਲਈ ਇਕ ਨੌਕਰ ਰੱਖਿਆ ਜਾਂਦਾ ਸੀ।

ਪੱਖੀਆਂ ਬੈਂਤ/ਬਾਂਸ ਦੀਆਂ ਵੀ ਬਣੀਆਂ ਹੁੰਦੀਆਂ ਹਨ। ਇਹ ਮੂੜ੍ਹੇ ਬਣਾਉਣ ਵਾਲੀ ਸਮੱਗਰੀ ਨਾਲ ਵੀ ਬਣਾਈਆਂ ਜਾਂਦੀਆਂ ਸਨ। ਪੱਖੀਆਂ ਪਲਾਸਟਿਕ ਦੀਆਂ ਵੀ ਹੁੰਦੀਆਂ ਹਨ। ਅੱਜ ਕੱਲ੍ਹ ਨਿੱਕੀਆਂ-ਨਿੱਕੀਆਂ ਫੈਸ਼ਨਦਾਰ ਪੱਖੀਆਂ ਵੀ ਹੁੰਦੀਆਂ ਹਨ, ਜੋ ਇਕੱਠਾਂ (ਫੋਲਡ) ਕਰਕੇ ਪਰਸ ਵਿਚ ਰੱਖੀਆਂ ਜਾ ਸਕਦੀਆਂ ਹਨ ਅਤੇ ਲੋੜ ਵੇਲੇ ਇਸ ਢੰਗ ਨਾਲ ਖੁੱਲ੍ਹ ਜਾਂਦੀਆਂ ਹਨ, ਜਿਵੇਂ ਮੋਰ ਦੇ ਖੰਭ ਪੈਲ ਪਾਉਣ ਵੇਲੇ ਖੁੱਲ੍ਹੇ ਹੁੰਦੇ ਹਨ!

ਮਹਾਨਕੋਸ਼ ਅਨੁਸਾਰ ਪੱਖਾ ਸੰਗਯਾ ਹੈ, ਜਿਸ ਦਾ ਅਰਥ ਹੈ-ਪਵਨ ਕੋਝਕ, ਪੰਖਾ। ਪੱਖੀ ਛੋਟਾ ਪੱਖਾ ਹੈ। ਅੰਗਰੇਜ਼ੀ ਵਿਚ ਇਸ ਨੂੰ 'ਫੈਨ' ਕਹਿੰਦੇ ਹਨ, ਜੋ ਲਾਤੀਨੀ ਭਾਸ਼ਾ ਦੇ 'ਵੈਨਸ', ਪੁਰਾਤਨ ਅੰਗਰੇਜ਼ੀ ਦੇ 'ਫੈੱਨ/ਫੈਨੀਯਨ' ਤੋਂ ਹੁੰਦਾ ਹੋਇਆ 'ਫੈਨ' 'ਤੇ ਪੁੱਜਾ। ਮੌਲਿਕ ਰੂਪ ਵਿਚ ਇਹ ਸ਼ਬਦ ਫਸਲਾਂ ਦੇ ਦਾਣਿਆਂ ਨੂੰ ਤੂੜੀ/ਭੋਹ ਨਾਲੋਂ ਵੱਖਰੇ ਕਰਨ ਲਈ ਹਵਾ ਨਾਲ ਧੂੜ ਉਡਾਉਣ ਵਾਲੇ ਯੰਤਰ ਲਈ ਵਰਤਿਆ ਜਾਂਦਾ ਸੀ।

ਫਿਰ ਬਿਜਲੀ ਦੇ ਪੱਖੇ, ਕੂਲਰ, ਏ. ਸੀ. ਆਉਣ ਨਾਲ ਹੱਥ-ਪੱਖੇ/ਪੱਖੀਆਂ ਅਲੋਪ ਹੋ ਗਏ। ਇਹ ਸਿਰਫ ਕਲਾ-ਕ੍ਰਿਤਾਂ ਦੇ ਰੂਪ ਵਿਚ ਨੁਮਾਇਸ਼-ਘਰਾਂ ਦੇ ਸ਼ਿੰਗਾਰ ਜੋਗੇ ਹੀ ਰਹਿ ਗਏ।

ਇਸ ਵਾਰ ਬਿਜਲੀ-ਕੱਟਾਂ ਨੇ ਇਕ ਵਾਰ ਫਿਰ ਇਨ੍ਹਾਂ ਦੇ ਦਰਸ਼ਨ ਕਰਵਾ ਦਿਤੇ!

ਜਿਵੇਂ ਪੈਟਰੋਲ ਅਤੇ ਡੀਜ਼ਲ ਦੀਆਂ ਅੰਬਰ ਛੂੰਹਦੀਆਂ ਕੀਮਤਾਂ ਉਪਰ ਚੋਟ ਕਰਨ ਲਈ ਵਿਰੋਧੀ ਧਿਰ ਦਾ ਇਕ ਆਗੂ ਟਰੈਕਟਰ ਉਪਰ ਚੜ੍ਹ ਕੇ ਸੰਸਦ ਜਾਂਦਾ ਦਿਖਾਈ ਦਿੱਤਾ, ਉਵੇਂ ਹੀ ਪੰਜਾਬ ਵਿਚ ਬਿਜਲੀ ਗੁੱਲ ਰਹਿਣ 'ਤੇ ਵਿਅੰਗ ਕਰਨ ਲਈ ਸੋਸ਼ਲ ਮੀਡੀਆ ਉਪਰ ਸਿਆਸੀ ਆਗੂ ਪੱਖੇ/ਪੱਖੀਆਂ ਝਲਦੇ ਦਿਖਾਈ ਦਿੱਤੇ!

ਅੱਜ-ਕੱਲ੍ਹ ਦੀ ਪੀੜ੍ਹੀ ਦੇ ਬੱਚਿਆਂ ਨੇ ਤਾਂ ਪੱਖੀਆਂ/ਪੱਖੇ ਦੇਖੇ ਹੀ ਪਹਿਲੀ ਵਾਰ ਹਨ!

ਇਕ ਅਤਿ-ਗਰਮੀ 'ਤੇ ਹੁੰਮਸ ਮਾਰੀ ਰਾਤ ਨੂੰ 3-4 ਘੰਟੇ ਦੀ ਪਾਵਰ ਕੱਟ 'ਮਾਣਨ' ਦੌਰਾਨ ਪੱਖੀ ਝਲਦਿਆਂ ਕਵੀ-ਮਨ ਅਠਖੇਲੀਆਂ ਲੈਣ ਲਗ ਪਿਆ (ਮਨ ਵੀ ਬੜੀ ਅਵੈੜ ਸ਼ੈਅ ਹੈ, ਭਰ ਗਰਮੀ 'ਚ ਅਠਖੇਲੀਆਂ ਲੈਣ ਲਗ ਜਾਂਦੈ !) ਅਤੇ ਇਹ ਸਤਰਾਂ ਲਿਖੀਆਂ ਗਈਆਂ,

ਪੱਖੀ ਝੱਲੂੰਗੀ ਕਰੂੰਗੀ ਹੱਥੀ ਛਾਂਵਾਂ,
ਮੁੜ ਆ ਵਤਨਾਂ ਨੂੰ!

ਪਰ ਸਿਰਲੇਖ ਵਾਲੇ ਲੋਕ ਗੀਤ ਦੀ ਸਤਰ 'ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ' ਤਾਂ ਅਮਰ ਸਤਰ ਹੈ!

## ਕਾਵਿ-ਕਿਆਰੀ

### ਬੇਮੌਸਮੀ ਹਵਾਵਾਂ

ਬੇਮੌਸਮੀ ਹਵਾਵਾਂ ਜੋ ਵਗਣ ਬਹਾਰ ਵਿਚ
ਲੰਮੀਆਂ ਪਾਉਣ ਫਸਲਾਂ ਖੇਤ ਤਿਆਰ ਵਿਚ
ਝਾੜਨ ਕੋਮਲ ਪੱਤੀਆਂ ਜੋ ਬਣਨੇ ਫੁੱਲ ਨੇ
ਅਗਲੀ ਪੀੜ੍ਹੀ ਦੇ ਫਲ ਬੀਜ ਹੁੰਦੇ ਗੁੱਲ ਨੇ।

ਅੱਜ ਕੱਲ੍ਹ ਤੱਤੀਆਂ 'ਵਾਵਾਂ ਵਤਨੀਂ ਵਗਦੀਆਂ
ਉਗਲਣ ਮੂੰਹੋਂ ਜ਼ਹਿਰ ਬਣ ਸੱਪ ਡੰਗਦੀਆਂ
ਜਾਤ-ਪਾਤ ਨੇ ਜਵਾਨਾਂ ਨੂੰ ਕੁੰਡਲ ਪਾ ਲਿਆ
ਧਰਮ ਵਿਸ਼ੀਅਰ ਨਾਗ ਨੂੰ ਗਲ ਲਾ ਲਿਆ।

ਭੀੜਤੰਤਰ ਫੈਲਦਾ ਮਿਲੇ ਹਾਕਮ ਤੋਂ ਸ਼ਹਿ ਹੈ
ਨਮੋਸ਼ੀ ਬਲਾਤਕਾਰਾਂ ਦੀ ਤੇ ਕਸ਼ਟ ਅਸਹਿ ਹੈ
ਰੱਖਿਆ ਨਾਰੀ ਦੀ ਕਰਨਾ ਜੋ ਰਾਜ ਧਰਮ ਹੈ
ਦਰਜਾਬੰਦੀ ਦੱਸਦੀ ਕਿ ਬੱਸ ਇਹ ਭਰਮ ਹੈ।

ਭੀੜਤੰਤਰ ਸ਼ੁਰੂ 'ਚ ਵਿਰੁੱਧ ਸੀ ਮੁਸਲਮਾਨ ਦੇ
ਬਣ ਛਾ ਰਿਹਾ ਅਤਿਵਾਦ ਪੂਰੇ ਹਿੰਦੁਸਤਾਨ 'ਤੇ
ਮਾਰੇ ਜਾ ਰਹੇ ਨੇ ਘੱਟ ਗਿਣਤੀ ਤੇ ਮੁਸਲਮਾਨ
ਕੋਈ ਬੱਚਾ ਚੋਰ ਕਹਿ ਕੇ, ਕੋਈ ਗਊ ਦੇ ਨਾਮ।

ਕਿੰਨੀ ਬਦਨੀਤ ਸਰਕਾਰ ਹੈ, ਨਾ ਠੱਲ੍ਹ ਪੈ ਰਹੀ
ਭੀੜ ਅਗਨੀਵੇਸ਼ ਨੂੰ ਵੀ ਫੇਰ ਟੁੱਟ ਕੇ ਪੈ ਰਹੀ
ਅੰਤਿਮ ਵਿਦਾਇਗੀ ਸ਼ਰਧਾਂਜਲੀ ਹਿੰਸਕ ਸੀ
ਕੀ ਕਹੀਏ ਹਾਕਮ ਧਿਰ ਖੁਦ ਨਿਪੁੰਸਕ ਸੀ?

ਅੱਗ ਲੱਗੇਗੀ ਜੰਗਲ ਵਿਚ ਬਚੇਗਾ ਨਾ ਕੋਈ
ਰਾਜਨੀਤਕ ਸੋਚ, ਜਾਪਦਾ ਹੈ ਦੀਵਾਲੀਆ ਹੋਈ
ਆਉਣ ਵਾਲੀ ਪੀੜ੍ਹੀ ਨੂੰ ਕੀ ਸੁਨੇਹਾ ਜਾ ਰਿਹਾ?
ਬੱਸ ਸਹਿਮ ਅਤੇ ਅਤਿਵਾਦ ਹੀ ਧਮਕਾ ਰਿਹਾ।

ਰੋਜ਼ੀ ਰੋਟੀ ਦਾ ਮਸਲਾ ਕਿੰਜ ਪਿੱਛੇ ਜਾ ਰਿਹਾ
ਕੁੱਲੀ ਜੁੱਲੀ ਭੁੱਲ ਕੇ ਬੰਦਾ ਬੰਦੇ ਨੂੰ ਖਾ ਰਿਹਾ
ਭੇਡਾਂ ਦਾ ਇੱਜੜ ਵੋਟਾਂ ਨੇ, ਵਿਕਾਸ ਸੰਭਵ ਨਹੀਂ
ਵਿਗਿਆਨਕ ਸੋਚ ਮਾਰ'ਤੀ ਤਰਕ ਮੰਤਵ ਨਹੀਂ।

*-ਸੇਵਾ ਸਿੰਘ ਨੂਰਪੁਰੀ*

### ਜਿੱਤਣੀ ਜੰਗ ਕਿਸਾਨਾਂ ਨੇ...

ਰਾਜ ਤੇਰਾ ਨਾ ਸਦ ਹੀ ਰਹਿਣਾ
ਜਿੱਤਣੀ ਜੰਗ ਕਿਸਾਨਾਂ ਨੇ,
ਤੂੰ ਹੈ ਤਖਤ ਤੋਂ ਥੱਲੇ ਲਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਕੀਤੇ ਅੱਤਿਆਚਾਰ ਬੜੇ ਤੂੰ
ਵਰਤੇ ਨੇ ਹਥਿਆਰ ਬੜੇ ਤੂੰ,
ਵਕਤ ਨੇ ਜਦੋਂ ਹਿਸਾਬ ਹੈ ਲੈਣਾ
ਜਿੱਤਣੀ ਜੰਗ ਕਿਸਾਨਾਂ ਨੇ।

ਦਿਲ ਦਾ ਬੇਈਮਾਨ ਬੜਾ ਤੂੰ
ਕੰਸ ਜਿਹਾ ਹੈਵਾਨ ਬੜਾ ਤੂੰ,
ਬੀਜਿਆ ਤੈਨੂੰ ਵੱਢਣਾ ਪੈਣਾ
ਜਿੱਤਣੀ ਜੰਗ ਕਿਸਾਨਾਂ ਨੇ।

ਬੁੱਢੇ ਬਾਪੂ, ਬੁਢੜੀਆਂ ਮਾਂਵਾਂ
ਹਰ ਪਲ ਭਰਦੇ ਹਉਕੇ ਹਾਵਾਂ,
ਬਦ-ਦੁਆਵਾਂ ਨੇ ਲੈ ਬਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਦੇਸ਼ ਦੇ ਇਹ ਕਿਸਾਨ ਨੇ ਸੂਰੇ
ਕਹਿਣੀ ਤੇ ਕਰਨੀ ਦੇ ਪੂਰੇ,
ਸ਼ੀਸ਼ ਮਹੱਲ ਹੁਣ ਤੇਰਾ ਢਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਗੰਗਾ ਦਾ ਅਪਮਾਨ ਤੂੰ ਕੀਤਾ
ਰੱਜ ਕੇ ਖੂਨ ਕਿਸਾਨ ਦਾ ਪੀਤਾ,
ਜਦ ਉਹ ਅੱਖੀਆਂ ਰਾਹੀਂ ਵਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਰਾਮ ਰਾਜ ਦੀਆਂ ਬਾਤਾਂ ਪਾਉਨੈਂ
ਮਾਨਵਤਾ ਦਾ ਖੂਨ ਵਹਾਉਨੈਂ,
ਇਕ ਦਿਨ ਦਰਦ ਬੜਾ ਤੂੰ ਸਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਜੰਗਲ ਉਦਾਸ ਹੈ...

**ਡਾ. ਅਨੁਰਾਗ**

ਸ਼ਾਮ ਵੇਲੇ ਅਸੀਂ ਦੋ ਤਿੰਨ ਦੋਸਤ ਉਸ ਬੁੱਢੇ ਵਰਦੀ ਵਾਲੇ ਬਾਬੇ ਕੋਲ ਜਾ ਬੈਠੇ, ਜਿਹੜਾ ਆਪਣੀ ਚੜ੍ਹਦੀ ਉਮਰੇ ਜੰਗਲ ਦਾ ਗਾਰਡ ਭਰਤੀ ਹੋ ਗਿਆ ਸੀ ਤੇ ਇਸ ਵੇਲੇ ਉਹ ਆਪਣੀ ਢਲਦੀ ਉਮਰ ਵਿਚ ਸੀ। "ਬਾਬਾ ਕੋਈ ਗੱਲਬਾਤ ਸੁਣਾ", ਮੇਰੇ ਇੱਕ ਦੋਸਤ ਨੇ ਕਿਹਾ। ਸਾਡੇ ਇਸ ਦੋਸਤ ਨੂੰ ਗੱਲਾਂ ਦਾ ਤੇ ਘੁੰਮਣ ਦਾ ਬੜਾ ਚਸਕਾ ਹੈ ਅਤੇ ਇਸ ਦੇ ਕਹਿਣ 'ਤੇ ਹੀ ਅਸੀਂ ਸਰਕਾਰ ਵਲੋਂ ਰਾਖਵੇਂ, ਪਹਾੜਾਂ ਵਿਚ ਸਥਿਤ ਇਸ ਜੰਗਲ ਵਿਚ ਜੰਗਲਾਤ ਮਹਿਕਮੇ ਦੇ ਰੈਸਟ ਹਾਊਸ ਇਕ ਦੋ ਰਾਤਾਂ ਰਹਿਣ ਦਾ ਪ੍ਰੋਗਰਾਮ ਉਲੀਕਿਆ ਸੀ। ਅਸੀਂ ਸੋਚਿਆ, ਚਲੋ ਸ਼ਹਿਰ ਤੋਂ ਦੂਰ ਜਾ ਕੇ ਕਿਸੇ ਸ਼ਾਂਤ ਤੇ ਇਕਾਂਤ ਥਾਂ 'ਤੇ ਮਨੁੱਖੀ ਸ਼ੋਰ ਤੋਂ ਬਚ ਕੇ ਕੁਦਰਤ ਦਾ ਅਨੰਦ ਮਾਣਿਆ ਜਾਵੇ। ਝਰਨਿਆਂ ਦੀ ਕਲ-ਕਲ ਨੂੰ ਸੁਣਿਆ ਜਾਵੇ। ਪੰਛੀਆਂ ਤੇ ਜਾਨਵਰਾਂ ਨੂੰ ਕੋਲ ਜਾ ਕੇ ਵੇਖਿਆ ਜਾਵੇ। ਠੰਢੀ ਹਵਾ ਨਾਲ ਆਤਮਾ ਨੂੰ ਸਰਸ਼ਾਰ ਕੀਤਾ ਜਾਏ!

ਹਾਂ, ਗੱਲ ਤਾਂ ਬਾਬੇ ਦੀ ਹੋ ਰਹੀ ਸੀ ਤੇ ਬਾਬਾ ਕਹਿਣ ਲੱਗਾ, "ਕੀ ਸੁਣਾਵਾਂ ਪੁੱਤਰੋ? ਇਹ ਰੱਖਾਂ, ਇਹ ਜੰਗਲ ਅੰਗਰੇਜ਼ਾਂ ਦੀ ਦੇਣ ਹਨ। ਅਸਲੀ ਕਦਰਦਾਨ ਤਾਂ ਉਹੀ ਸਨ, ਕੁਦਰਤ ਨੂੰ ਪਿਆਰ ਕਰਨ ਵਾਲੇ। ਆ ਜਿਸ ਬੰਗਲੇ ਵਿਚ ਤੁਸੀਂ ਠਹਿਰੇ ਹੋ ਨਾ, ਇਹ ਵੀ ਉਨ੍ਹਾਂ ਦਾ ਹੀ ਬਣਾਇਆ ਹੋਇਆ ਹੈ ਤੇ ਜਦੋਂ ਜੰਗਲਾਤ ਦੇ ਅੰਗਰੇਜ਼ ਅਫਸਰ ਦੌਰੇ 'ਤੇ ਆਉਂਦੇ ਤਾਂ ਇਨ੍ਹਾਂ ਬੰਗਲਿਆਂ ਵਿਚ ਠਹਿਰਦੇ। ਹੋਟਲ ਹਾਟਲ ਤਾਂ ਹੁਣ ਬਣੇ ਨੇ। ਕਦੇ ਗਰਮੀਆਂ ਦੀਆਂ ਛੁੱਟੀਆਂ ਪਰਿਵਾਰਾਂ ਸਮੇਤ ਇਥੇ ਬਿਤਾਉਂਦੇ। ਬੜਾ ਸਲੀਕਾ ਸੀ ਉਨ੍ਹਾਂ ਵਿਚ। ਕੁਦਰਤ ਨੂੰ ਬਹੁਤ ਪਿਆਰ ਕਰਦੇ ਸਨ। ਜੰਗਲ ਵੀ ਹਰੇ-ਭਰੇ ਪੰਛੂਆਂ ਅਤੇ ਜਨੌਰਾਂ ਨਾਲ ਭਰਪੂਰ ਸਨ। ਕਦੇ ਕਦੇ ਸ਼ਿਕਾਰ ਵੀ ਖੇਡਦੇ, ਪਰ ਉਜਾੜਾ ਨਾ ਪਾਉਂਦੇ। ਦਰਖਤਾਂ ਨੂੰ ਪੁੱਤਰਾਂ ਵਾਂਗ ਪਾਲਦੇ। ਮਜਾਲ ਕਿ ਕੋਈ ਹਰਿਆ ਦਰਖਤ ਵੱਢ ਕੇ ਲੈ ਜਾਏ। ਜੰਗਲੀ ਜਾਨਵਰਾਂ ਦੀ ਗਿਣਤੀ ਰੱਖਦੇ, ਪੂਰੀ ਇਮਾਨਦਾਰੀ ਵਰਤਦੇ। ਉਦੋਂ ਆਬਾਦੀ ਤੇ ਆਵਾਜਾਈ ਵੀ ਬੜੀ ਘੱਟ ਸੀ।"

"ਬਾਬਾ ਸਾਨੂੰ ਤਾਂ ਸਵਾ ਪਹਾੜੀ ਕਾਂ ਤੇ ਹੋਰ ਕੁਝ ਨਜ਼ਰ ਹੀ ਨਹੀਂ ਆਇਆ। ਜੰਗਲੀ ਜਾਨਵਰਾਂ ਦੀ ਤਾਂ ਗੱਲ ਹੀ ਛੱਡੋ, ਨਾ ਕੋਈ ਹਿਰਨ, ਨਾ ਪਾੜਾ; ਨਾ ਸੇਹ, ਨਾ ਖੇਹ। ਕੱਲ ਰਾਤ ਤੋਂ ਗਲ ਵਿਚ ਉਂ ਈ ਹਾਅ ਦੁਰਬੀਨ ਲਟਕਾਈ ਬੈਠੇ ਆਂ।" ਮੈਂ ਖਿਝ ਕੇ ਬੋਲਿਆ।

"ਹਾਂ, ਉਨ੍ਹਾਂ ਲੋਕਾਂ ਦਾ ਚੀਕ ਚਿਹਾੜਾ ਸੁਣਾਈ ਦੇ ਰਿਹਾ ਸੀ, ਜਿਹੜੇ ਸਵੇਰੇ ਹੀ ਇਥੇ ਪਿਕਨਿਕ ਮਨਾਉਣ ਲਈ ਆ ਜਾਂਦੇ ਨੇ ਤੇ ਮੇਰੀ ਜਾਚੇ ਲੋਕ ਤਾਂ ਸਾਰੀ ਰਾਤ ਪਾਰਟੀਆਂ ਕਰਨ, ਜੇ ਵੱਡੀ ਪੱਧਰ 'ਤੇ ਕਿਤੇ ਰਿਹਾਇਸ਼ਾਂ ਦਾ ਪ੍ਰਬੰਧ ਹੋ ਜਾਏ।"

ਇਹ ਸੁਣਦਿਆਂ ਬਾਬੇ ਦੇ ਚਿਹਰੇ 'ਤੇ ਸਾਰੇ ਜੰਗਲ ਦਾ ਦਰਦ ਉਭਰ ਆਇਆ। ਉਹ ਕਹਿਣ



ਲੱਗਾ, "ਪੁੱਤਰਾ ਸਾਨੂੰ ਤਾਂ ਆਪਣਿਆਂ ਨੇ ਮਾਰਿਆ। ਪਹਿਲੀ ਗੱਲ ਤਾਂ ਇਹ ਕਿ ਹੁਣ ਇਹ ਜੰਗਲ ਰਿਹਾ ਹੀ ਨਹੀਂ। ਨੇਤਾਵਾਂ ਤੇ ਠੇਕੇਦਾਰਾਂ ਨੇ ਰਲ ਕੇ ਬਹੁਤ ਪੁਰਾਣੇ ਤੇ ਕਈ ਕਿਸਮ ਦੇ ਬੇਸ਼ਕੀਮਤੀ ਲੱਕੜੀ ਵਾਲੇ ਦਰਖਤ ਵੇਚ ਦਿੱਤੇ ਜਾਂ ਆਪਣੀਆਂ ਕੋਠੀਆਂ ਵਿਚ ਬੂਹੇ-ਬਾਰੀਆਂ ਤੇ ਹੋਰ ਸਾਜ਼ੋ-ਸਾਮਾਨ ਲਈ ਵਰਤ ਲਏ। ਸ਼ਿਕਾਰੀਆਂ ਤੇ ਸ਼ਿਕਾਰ ਦੇ ਸ਼ੌਕੀਨ ਅਫਸਰਾਂ ਨੇ ਉਹ ਉਜਾੜਾ ਪਾਇਆ ਕਿ ਕੋਈ ਚਰਿੰਦ-ਪਰਿੰਦ ਨਜ਼ਰ ਹੀ ਨਹੀਂ ਆਉਂਦਾ। ਰਹਿੰਦੇ-ਖੂਹੰਦੇ ਲੋਕਾਂ ਦੇ ਰੌਲੇ-ਰੱਪੇ ਤੋਂ ਡਰਦਿਆਂ ਇਧਰ ਮੂੰਹ ਹੀ ਨਹੀਂ ਕਰਦੇ। ਬੇਕਦਰੇ ਲੋਕ ਝੁੰਡਾਂ ਦੇ ਝੁੰਡ ਵਿਚ ਸਵੇਰੇ ਹੀ ਇਥੇ ਆਉਣੇ ਸ਼ੁਰੂ ਹੋ ਜਾਂਦੇ ਆ, ਖਰਦੁਮ ਚੁੱਕਦੇ ਆ, ਖਾ-ਪੀ ਗੰਦ ਪਾ ਕੇ ਚਲੇ ਜਾਂਦੇ ਆ। ਅੱਗੇ ਇਥੇ ਬਾਂਦਰ ਤੇ ਲੰਗੂਰ ਆਮ ਮਿਲ ਜਾਂਦਾ ਸੀ, ਪਰ ਚਿਪਸਾਂ ਤੇ ਬਰੈੱਡਾਂ ਖੁਆ ਖੁਆ ਕੇ ਇਨ੍ਹਾਂ ਲੋਕਾਂ ਉਨ੍ਹਾਂ ਦੀਆਂ ਐਸੀਆਂ ਆਦਤਾਂ ਵਿਗਾੜੀਆਂ ਕਿ ਉਨ੍ਹਾਂ ਵੀ ਸ਼ਹਿਰ ਦਾ ਰੁਖ ਕਰ ਲਿਆ। ਸਭ ਤੋਂ ਵੱਡਾ ਸਿਤਮ ਇਹ ਕਿ ਜੰਗਲ ਦੇ ਕਿਨਾਰਿਆਂ 'ਤੇ ਵੱਸਦੇ ਪਿੰਡਾਂ ਦੇ ਲੋਕਾਂ ਨੇ ਨਾਜਾਇਜ਼ ਹੋਟਲ ਖੋਲ੍ਹ ਲਏ ਹਨ। ਰਾਤ ਨੂੰ ਵੀ ਆਵਾਜਾਈ ਲੱਗੀ ਰਹਿੰਦੀ ਆ। ਜੰਗਲੀ ਮੁਰਗੀਆਂ, ਤਿੱਤਰਾਂ, ਮੁਰਗਾਬੀਆਂ ਤੇ ਬਟੇਰਿਆਂ ਨਾਲ ਭਰੇ ਇਸ ਜੰਗਲ ਵਿਚ ਹੁਣ ਇਕ ਵੀ ਜੰਗਲੀ ਪੰਛੀ ਨਹੀਂ ਮਿਲਦਾ। ਜੰਗਲੀ ਸੂਰ, ਪਾੜ੍ਹੇ ਸਭ ਮਾਰ ਕੇ ਖਾ ਖੁ ਛੱਡੇ ਆ।"

ਮੈਂ ਕਿਹਾ, "ਬਾਬਾ ਸਰਕਾਰ ਕੀ ਕਰਦੀ ਆ?" ਬਾਬਾ ਹਲਕਾ ਜਿਹਾ ਹੱਸਿਆ ਤੇ ਕਹਿਣ ਲੱਗਾ, "ਜਦੋਂ ਕੁੱਤੀ ਚੋਰਾਂ ਨਾਲ ਰਲ ਜਾਏ ਤਾਂ ਫੇਰ ਕੀ ਰਹਿ ਜਾਂਦਾ ਕਾਕਾ। ਸਭ ਵੋਟਾਂ ਦੀਆਂ ਖੇਡਾਂ ਨੇ। ਪੁਲਿਸ, ਜੰਗਲਾਤ ਦਾ ਮਹਿਕਮਾ ਅਤੇ ਅਖੌਤੀ ਨੇਤਾਵਾਂ ਨੇ ਉਜਾੜ'ਤਾ ਇਹ; ਜੰਗਲ ਤਾਂ ਕੀ ਇਨ੍ਹਾਂ ਲਈ ਤਾਂ ਦੇਸ਼ ਵੀ ਪਏ ਢੱਠੇ ਖੂਹ ਵਿਚ।"

ਬਾਬਾ ਬਹੁਤ ਕੁਝ ਸੁਣਾਉਂਦਾ ਰਿਹਾ। ਸਾਡਾ ਮਨ ਉਦਾਸ ਹੋ ਗਿਆ। ਰਾਤ ਹੋ ਗਈ ਸੀ। ਪੱਤਿਆਂ ਤੋਂ ਤ੍ਰੇਲ ਦੇ ਤੁਪਕੇ ਡਿੱਗਣੇ ਸ਼ੁਰੂ ਹੋ ਗਏ ਸਨ। ਰੈਸਟ ਹਾਊਸ ਨੂੰ ਜਾਂਦਿਆਂ ਇੰਜ ਲੱਗ ਰਿਹਾ ਸੀ ਜਿਵੇਂ ਜੰਗਲ ਰੋ ਰਿਹਾ ਹੋਵੇ।

# ਅਦਾਕਾਰ ਵਿੱਕੀ ਕੌਸ਼ਲ 'ਸਰਦਾਰ ਊਧਮ'



ਨਿਰਦੇਸ਼ਕ ਸ਼ੁਜੀਤ ਸਰਕਾਰ ਨੇ ਦੱਸਿਆ ਕਿ ਉਹ ਆਪਣੀ ਆਉਣ ਵਾਲੀ ਫਿਲਮ 'ਸਰਦਾਰ ਊਧਮ' ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ ਦੀ ਚੋਣ ਨੂੰ ਕੋਈ ਗਲਤੀ ਨਹੀਂ ਸਮਝਦੇ ਸਗੋਂ ਇਹ ਫਿਲਮ ਦੇ ਹਿੱਤ ਵਿਚ ਸੋਚ-ਸਮਝ ਕੇ ਲਿਆ ਗਿਆ ਫੈਸਲਾ ਹੈ। ਇਹ ਫਿਲਮ 16 ਅਕਤੂਬਰ ਨੂੰ ਐਮਾਜ਼ੋਨ ਪ੍ਰਾਈਮ 'ਤੇ ਰਿਲੀਜ਼ ਹੋਵੇਗੀ।

ਯਾਦ ਰਹੇ ਕਿ ਫਿਲਮ 'ਸਰਦਾਰ ਊਧਮ' ਦੀ ਸ਼ੂਟਿੰਗ 2019 ਵਿਚ ਮੁਕੰਮਲ ਹੋ ਗਈ ਸੀ ਅਤੇ ਇਹ ਫਿਲਮ ਸਿਨੇਮਾ ਘਰਾਂ ਵਿਚ ਰਿਲੀਜ਼ ਕਰਨ ਦੀ ਉਮੀਦ ਕੀਤੀ ਜਾ ਰਹੀ ਸੀ ਪਰ ਕੁਝ ਕਾਰਨਾਂ ਕਰਕੇ ਇਸ ਫਿਲਮ ਦੀ ਰਿਲੀਜ਼ ਪਿੱਛੇ ਪੈਂਦੀ ਗਈ। ਫਿਰ ਕਰੋਨਾ ਵਾਇਰਸ ਕਾਰਨ ਸਾਰਾ ਕੁਝ ਠੱਪ ਹੋ ਗਿਆ। ਪਿਛਲੇ ਕੁਝ ਸਮੇਂ ਤੋਂ ਕੁਝ ਫਿਲਮਾਂ ਹੌਲੀ-ਹੌਲੀ ਕਰਕੇ ਰਿਲੀਜ਼ ਹੋ ਰਹੀਆਂ ਹਨ, ਭਾਵੇਂ ਦਰਸ਼ਕ ਅਜੇ ਹੁੰਗਾਰਾ ਠੀਕ-ਠੀਕ ਜਿਹਾ ਹੀ ਭਰ ਰਹੇ ਹਨ। ਫਿਲਮ ਦਾ ਟਰੇਲਰ ਰਿਲੀਜ਼ ਕਰਨ ਮੌਕੇ ਸ਼ੁਜੀਤ ਸਰਕਾਰ ਨੇ ਕਿਹਾ, "ਹਰ ਫਿਲਮ ਦੀ ਆਪਣੀ ਕਿਸਮਤ ਹੁੰਦੀ ਹੈ ਅਤੇ 'ਸਰਦਾਰ ਊਧਮ' ਐਮਾਜ਼ੋਨ ਪ੍ਰਾਈਮ 'ਤੇ ਰਿਲੀਜ਼ ਹੋਵੇਗੀ। ਜਦੋਂ ਅਸੀਂ ਫਿਲਮ ਦੀ ਸ਼ੂਟਿੰਗ ਕੀਤੀ ਸੀ ਤਾਂ ਹਾਲਾਤ ਅਜਿਹੇ ਨਹੀਂ ਸੀ। ਅਸੀਂ ਫਿਲਮ ਸਿਨੇਮਾ ਘਰਾਂ ਲਈ ਬਣਾਈ ਸੀ। ਮੈਨੂੰ ਕੋਈ ਪਛਤਾਵਾ ਨਹੀਂ ਹੈ ਕਿ ਹੁਣ ਇਸ ਨੂੰ ਅਸੀਂ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰ ਰਹੇ ਹਾਂ। ਮੈਨੂੰ ਨਹੀਂ ਲੱਗਦਾ ਕਿ ਇਹ ਕੋਈ ਗਲਤੀ ਹੈ ਜੋ ਮੈਂ ਕਰ ਰਿਹਾ ਹਾਂ।"



ਚੇਤੇ ਰਹੇ ਕਿ ਫਿਲਮਸਾਜ਼ ਸ਼ੁਜੀਤ ਸਰਕਾਰ ਦੀ ਡਿਜੀਟਲ ਪਲੇਟਫਾਰਮ ਐਮਾਜ਼ੋਨ ਪ੍ਰਾਈਮ 'ਤੇ ਰਿਲੀਜ਼ ਹੋਈ ਪਹਿਲੀ ਫਿਲਮ 'ਗੁਲਾਬੋ ਸੀਤਾਬੋ' ਸੀ, ਜਿਸ ਵਿਚ ਅਮਿਤਾਭ ਬੱਚਨ ਅਤੇ ਆਯੁਸ਼ਮਾਨ ਖੁਰਾਨਾ ਨੇ ਕੰਮ ਕੀਤਾ ਸੀ। ਫਿਲਮ 'ਸਰਦਾਰ ਊਧਮ' ਵਿਚ ਮੁੱਖ ਭੂਮਿਕਾ ਮਸ਼ਹੂਰ ਅਦਾਕਾਰ ਵਿੱਕੀ ਕੌਸ਼ਲ ਨਿਭਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਇਸ ਫਿਲਮ 'ਤੇ ਉਨ੍ਹਾਂ ਦੀ ਬਹੁਤ ਮਿਹਨਤ ਲੱਗੀ ਹੈ।

# ਅਦਾਕਾਰ ਜੈਕੀ ਸ਼ਰਾਫ ਦਾ ਮੰਤਰ

ਅਦਾਕਾਰ ਜੈਕੀ ਸ਼ਰਾਫ ਨੇ ਕਿਹਾ ਕਿ ਉਸ ਦਾ ਫਿਲਮੀ ਦੁਨੀਆ ਵਿਚ ਅੱਜ ਤੱਕ ਪ੍ਰਸੰਗਕ ਬਣੇ ਰਹਿਣ ਦਾ ਮੰਤਰ ਬਹੁਤ ਹੀ ਸਰਲ ਹੈ। ਉਸ ਨੇ ਕਿਹਾ, "ਮੇਰਾ ਪ੍ਰਸੰਗਕ ਰਹਿਣ ਦਾ ਮੰਤਰ ਬਹੁਤ ਹੀ ਸੌਖਾ ਹੈ, ਇਸ ਲਈ ਸਿਰਫ ਦਿਮਾਗ ਖੁੱਲ੍ਹਾ ਰੱਖਣਾ ਪੈਂਦਾ ਹੈ ਅਤੇ ਮੌਕੇ ਖੁਦ ਆਉਣਗੇ। ਹਾਲਾਂਕਿ ਮੈਂ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾਈਆਂ ਹਨ ਪਰ ਇਸ ਵਾਰ ਮੈਂ ਕੁਝ ਹਲਕਾ-ਫੁਲਕਾ ਕਰਨਾ ਚਾਹੁੰਦਾ ਹਾਂ।" ਜੈਕੀ ਨੇ ਅਗਾਂਹ ਕਿਹਾ, "ਮੈਨੂੰ ਫਿਲਮ 'ਰਾਧੇ' ਨਾਲ ਲੋਕਾਂ ਨੂੰ ਹਸਾਉਣ ਦਾ ਮੌਕਾ ਮਿਲਿਆ ਹੈ। ਮੈਂ ਅਜਿਹੀਆਂ ਹੋਰ ਭੂਮਿਕਾਵਾਂ ਨਿਭਾਉਣ ਲਈ ਉਤਸ਼ਾਹਿਤ ਹੋਇਆ ਹਾਂ।" ਯਾਦ ਰਹੇ ਕਿ 'ਰਾਧੇ' ਫਿਲਮ ਵਿਚ ਜੈਕੀ ਸ਼ਰਾਫ ਨਾਲ ਸਲਮਾਨ ਖਾਨ ਵੀ ਹੈ। ਜੈਕੀ ਨੇ ਕਿਹਾ ਕਿ ਉਹ ਸਲਮਾਨ ਖਾਨ ਨੂੰ ਸਾਲਾਂ ਤੋਂ ਜਾਣਦਾ ਹੈ ਅਤੇ ਉਸ ਨਾਲ ਕੰਮ ਕਰਕੇ ਹਮੇਸ਼ਾ ਖੁਸ਼ੀ ਮਿਲਦੀ ਹੈ।

ਪਹਿਲੀ ਫਰਵਰੀ 1957 ਨੂੰ ਜਨਮੇ ਜੈਕੀ ਸ਼ਰਾਫ ਨੇ ਕਰੀਅਰ ਦਾ ਆਰੰਭ ਸਾਲ 1982 ਵਿਚ ਦੇਵ ਆਨੰਦ ਦੀ ਫਿਲਮ 'ਸਵਾਮੀ ਦਾਦਾ' ਤੋਂ ਕੀਤਾ ਸੀ। ਉਂਜ, 1983 ਵਿਚ ਫਿਲਮਸਾਜ਼ ਸੁਭਾਸ਼ ਘਈ ਨੇ ਉਸ ਨੂੰ ਆਪਣੀ ਫਿਲਮ 'ਹੀਰੋ' ਵਿਚ ਬਤੌਰ ਹੀਰੋ ਪੇਸ਼ ਕੀਤਾ। ਪਹਿਲੀ ਹੀ ਫਿਲਮ ਨਾਲ ਜੈਕੀ ਸ਼ਰਾਫ ਹਿੱਟ ਹੋ ਗਿਆ ਅਤੇ ਉਸ ਦੀ ਗਿਣਤੀ ਪਹਿਲੀ ਕਤਾਰ ਦੇ ਅਦਾਕਾਰਾਂ ਵਿਚ ਹੋਣ ਲੱਗ ਪਈ।





# ਰਾਧਿਕਾ ਦੀ 'ਫੋਰੈਂਸਿਕ'

ਅਦਾਕਾਰਾ ਰਾਧਿਕਾ ਆਪਟੇ ਦਾ ਕਹਿਣਾ ਕਿ ਉਸ ਨੇ ਆਪਣੀ ਆਉਣ ਵਾਲੀ ਫਿਲਮ 'ਫੋਰੈਂਸਿਕ' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਸੋਹਮ ਰੌਕਸਟਾਰ ਐਂਟਰਟੇਨਮੈਂਟ ਪ੍ਰਾਈਵੇਟ ਲਿਮਿਟਡ ਅਤੇ ਮਿਨੀ ਫਿਲਮਜ਼ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਦਾ ਨਿਰਦੇਸ਼ਨ 'ਕ੍ਰਿਮੀਨਲ ਜਸਟਿਸ' ਲਈ ਜਾਣੇ ਜਾਂਦੇ ਵਿਸ਼ਾਲ ਫੁਰੀਆ ਨੇ ਕੀਤਾ ਹੈ।

ਰਾਧਿਕਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਜਾਣਕਾਰੀ ਦਿੰਦਿਆਂ ਸਾਥੀ ਅਦਾਕਾਰ ਵਿਕਰਾਂਤ ਮੈਸੀ ਨਾਲ ਤਸਵੀਰ ਵੀ ਸਾਂਝੀ ਕੀਤੀ ਹੈ। ਉਸ ਨੇ ਕੈਪਸ਼ਨ ਵਿਚ ਲਿਖਿਆ ਹੈ: "ਮੇਰੇ ਲਈ ਇਹ ਇੱਕ ਮੁਕੰਮਲ ਫਿਲਮ ਹੈ ਅਤੇ ਸਭ ਨੂੰ ਇਸ ਤੋਂ ਬਹੁਤ ਆਸਾਂ ਹਨ। ਦਰਸ਼ਕ ਵੀ ਇਸ ਫਿਲਮ ਨੂੰ ਪਸੰਦ ਕਰਨਗੇ। ਇਹ ਫਿਲਮ ਬਹੁਤ ਅਗਾਂਹ ਦੀ ਗੱਲ ਕਰਦੀ ਹੈ।" ਇਸ ਫਿਲਮ ਦੇ ਸਹਿ-ਨਿਰਮਾਤਾ ਹੁਨਰ ਮੁਕਟ ਹਨ। 'ਫੋਰੈਂਸਿਕ' ਤੋਂ ਇਲਾਵਾ ਰਾਧਿਕਾ ਆਪਟੇ ਫਿਲਮਸਾਜ਼ ਵਸਨ ਬਾਲਾ ਦੀ ਫਿਲਮ 'ਮੋਨਿਕਾ, ਓ ਮਾਈ ਡਾਰਲਿੰਗ' ਵਿਚ ਵੀ ਦਿਖਾਈ ਦੇਵੇਗੀ। ਨੈੱਟਫਲਿਕਸ 'ਤੇ ਰਿਲੀਜ਼ ਹੋਣ ਵਾਲੀ ਇਸ ਫਿਲਮ ਵਿਚ ਰਾਜਕੁਮਾਰ ਰਾਓ ਅਤੇ ਹੁਮਾ ਕੁਰੈਸ਼ੀ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ।

# ਉਸਤਾਦ ਝੰਡੇ ਖਾਨ ਦਾ ਸੰਗੀਤ

1930ਵਿਆਂ ਦੇ ਦਹਾਕੇ ਵਿਚ ਸ੍ਰੀ ਰਣਜੀਤ ਮੂਵੀਟੋਨ ਕੰਪਨੀ ਦੀਆਂ ਪੁਰਾਣਕ, ਸਮਾਜਕ ਤੇ ਮਜ਼ਾਹੀਆ ਫਿਲਮਾਂ ਵਿਚ ਆਪਣੀਆਂ ਸੰਗੀਤਕ ਸੇਵਾਵਾਂ ਸਦਕਾ ਭਰਪੂਰ ਸ਼ੋਹਰਤ ਖੱਟਣ ਵਾਲੇ ਉਸਤਾਦ ਝੰਡੇ ਖਾਨ ਉਰਫ ਪ੍ਰੋਫੈਸਰ ਝੰਡੇ ਖਾਨ ਉਰਫ ਗੁਲਾਮ ਮੁਸਤਫਾ ਦੀ ਪੈਦਾਇਸ਼ 1871 ਨੂੰ ਜੰਮੂ ਦੇ ਪਿੰਡ ਕੋਟਲੀ ਓਖਲਾਂ ਦੇ ਪੰਜਾਬੀ ਕਸ਼ਮੀਰੀ ਪਰਿਵਾਰ ਵਿਚ ਹੋਈ। ਉਥੇ ਥੋੜ੍ਹਾ ਸਮਾਂ ਰਹਿਣ ਤੋਂ ਬਾਅਦ ਉਹ ਸਿਆਲਕੋਟ ਤੇ ਫਿਰ ਲਾਹੌਰ ਆ ਗਏ।

ਉਨ੍ਹਾਂ ਨੇ ਮੌਸੀਕੀ ਦੀ ਤਾਲੀਮ ਸਕੇ ਉਸਤਾਦ ਭਰਾਵਾਂ ਛੱਜੂ ਖਾਨ, ਨਜ਼ੀਰ ਖਾਨ, ਖਾਦਮ ਹੁਸੈਨ ਭਿੰਡੀ ਬਾਜ਼ਾਰ, ਬੰਬਈ ਵਾਲਿਆਂ ਤੋਂ ਹਾਸਲ ਕੀਤੀ। 1895 ਵਿਚ ਝੰਡੇ ਖਾਨ ਜੁਬਲੀ ਥੀਏਟਰੀਕਲ, ਕੰਪਨੀ ਵਿਚ ਸ਼ਾਮਲ ਹੋ ਗਏ, ਜਿਸ ਦੇ ਮਾਲਕ ਲਾਲਾ ਬਦਰੀ ਪ੍ਰਸ਼ਾਦ ਦਿੱਲੀ ਸਨ। ਉਸ ਵੇਲੇ ਨਾਟਕ ਕੰਪਨੀਆਂ ਪੂਰੇ ਜੋਬਨ ਉਤੇ ਸਨ ਅਤੇ ਝੰਡੇ ਖਾਨ ਵੀ ਬੰਬੇ ਦੀ ਐਲਫਰਡ ਥੀਏਟਰ ਕੰਪਨੀ ਵਿਚ ਹਾਰਮੋਨੀਅਮ ਵਾਦਕ ਵਜੋਂ ਸ਼ਾਮਲ ਹੋ ਗਏ। ਉਨ੍ਹਾਂ ਦੇ ਡਰਾਮਿਆਂ ਦੀਆਂ ਤਰਜ਼ਾਂ ਰਾਗਦਾਰੀ ਦੀਆਂ ਤਰਜ਼ਾਂ ਹੁੰਦੀਆਂ ਸਨ ਜੋ ਰੂਹ ਨੂੰ ਸਕੂਨ ਦਿੰਦੀਆਂ ਸਨ। ਫਿਰ ਉਸਤਾਦ ਝੰਡੇ ਖਾਨ ਨੇ ਥੀਏਟਰ ਛੱਡ ਕੇ ਕਲਕੱਤੇ ਵਿਚ ਸੰਗੀਤ ਸਕੂਲ ਖੋਲ੍ਹ ਲਿਆ, ਜਿੱਥੇ ਉਹ ਸੰਗੀਤ ਦੀ ਵਿੱਦਿਆ ਦਿੰਦੇ ਰਹੇ। ਹੌਲੀ-ਹੌਲੀ ਉਨ੍ਹਾਂ ਦੀਆਂ ਸੰਗੀਤਕ ਧੁੰਨਾਂ ਦੀ ਮਹਿਕ ਫਿਲਮਾਂ ਦੇ ਵੱਡੇ ਮਰਕਜ਼ ਬੰਬੇ ਤੱਕ ਵੀ ਜਾ ਪਹੁੰਚੀ।

ਜਦੋਂ ਸੇਠ ਚੰਦੂ ਲਾਲ ਸ਼ਾਹ ਨੇ ਫਿਲਮ 'ਦੇਵੀ ਦੇਵਯਾਨੀ' (1931) ਬਣਾਈ ਤਾਂ ਸੰਗੀਤਕਾਰ ਵਜੋਂ ਉਸਤਾਦ ਝੰਡੇ ਖਾਨ ਨੂੰ ਲਿਆ ਕੀਤਾ। ਅਦਾਕਾਰਾਂ ਵਿਚ ਮਿਸ ਗੌਹਰ, ਕੁਮਾਰੀ ਕਮਲਾ, ਡੀ. ਬਿਲੀਮੋਰੀਆ, ਮਾਸਟਰ ਭਗਵਾਨ ਦਾਸ ਵਗੈਰਾ ਸ਼ਾਮਲ ਸਨ। ਚੰਦੂ ਲਾਲ ਸ਼ਾਹ ਨਿਰਦੇਸ਼ਿਤ ਫਿਲਮਾਂ 'ਸਤੀ ਸਾਵਿੱਤਰੀ' (1932) ਦੇ ਕੁੱਲ 16 ਗੀਤਾਂ, ਫਿਲਮ 'ਸ਼ੈਲ ਬਾਲਾ' (1932) ਵਿਚ 10 ਗੀਤਾਂ, ਫਿਲਮ 'ਰਾਧਾ ਰਾਣੀ' ਉਰਫ 'ਡਿਵਾਈਨ ਲੇਡੀ' (1932) ਦੇ 19 ਗੀਤਾਂ, ਫਿਲਮ 'ਮਿਸ 1933' (1933) ਦੇ 16 ਗੀਤਾਂ, 'ਵਿਸ਼ਵ ਮੋਹਿਨੀ' ਉਰਫ 'ਦਿ ਟੈਂਪਟਰੈਸ' (1933) ਦੇ 7 ਗੀਤਾਂ ਅਤੇ ਫਿਲਮ 'ਤਾਰਾ ਸੁੰਦਰੀ' (1934) ਦੇ 14 ਗੀਤਾਂ ਦਾ ਸ਼ਾਹਕਾਰ ਸੰਗੀਤ ਤਰਤੀਬ ਕੀਤਾ।

ਜਯੰਤ ਦੇਸਾਈ ਨਿਰਦੇਸ਼ਿਤ ਫਿਲਮਾਂ 'ਚਾਰ ਚਕਰਮ' ਉਰਫ 'ਫੋਰ ਰਾਸਕਲਸ' ਉਰਫ 'ਚੰਡਾਲ ਚੌਕੜੀ' ਉਰਫ 'ਚਾਰ ਭੌਂਦੂ' (1932) ਦੇ 7 ਗੀਤਾਂ ਦਾ ਸੰਗੀਤ, 'ਭੋਲਾ ਸ਼ਿਕਾਰ' ਉਰਫ 'ਐਸੇ ਵਿਕਟਮ' (1933) ਦੇ 12 ਗੀਤਾਂ ਦਾ ਸੰਗੀਤ, ਫਿਲਮ 'ਭੂਲ ਭੁਲਈਆ' ਉਰਫ 'ਕਾਮੇਡੀ ਆਫ ਐਰਰਸ' (1933) ਦੇ 7 ਗੀਤਾਂ ਦਾ ਸੰਗੀਤ ਅਤੇ ਫਿਲਮ 'ਵੀਰ ਬਬਰੂਵਾਹਨ' (1934) ਦੇ 16 ਗੀਤਾਂ ਦਾ ਸੰਗੀਤ ਦਿੱਤਾ। ਚੰਦੂਲਾਲ ਸ਼ਾਹ ਨਿਰਦੇਸ਼ਿਤ ਫਿਲਮ 'ਪ੍ਰਭੂ ਕਾ ਪਿਆਰਾ' ਉਰਫ 'ਗੌਡਸ ਬਿਲਵਡ' (1936) ਦੇ 10 ਗੀਤਾਂ ਦਾ ਸੰਗੀਤ ਉਸਤਾਦ ਝੰਡੇ ਖਾਨ ਤੇ ਉਸਤਾਦ ਬੰਨੇ ਖਾਨ ਨੇ ਤਰਤੀਬ ਦਿੱਤਾ। ਨੰਦ ਲਾਲ-ਜਸਵੰਤ ਲਾਲ ਨਿਰਦੇਸ਼ਿਤ ਫਿਲਮ 'ਪਰਦੇਸੀ ਪ੍ਰੀਤਮ' ਉਰਫ 'ਸਟਰੀਟ ਐਂਜਲਸ' (1933) ਦੇ 14 ਗੀਤਾਂ ਦਾ ਦਿਲਕਸ਼ ਸੰਗੀਤ ਝੰਡੇ ਖਾਨ ਨੇ ਤਿਆਰ ਕੀਤਾ।

ਆਨੰਦ ਪ੍ਰਸ਼ਾਦ ਕਪੂਰ ਨਿਰਦੇਸ਼ਿਤ ਫਿਲਮ 'ਦੁਖਤਰ-ਏ-ਹਿੰਦ' ਉਰਫ 'ਡਾਟਰ ਆਫ ਇੰਡੀਆ' ਉਰਫ 'ਭਾਰਤੀ ਬਾਲਾ' (1934) ਦੇ 14 ਗੀਤਾਂ ਦੀਆਂ ਤਰਜ਼ਾਂ ਉਸਤਾਦ ਝੰਡੇ ਖਾਨ ਤੇ ਬੀ. ਐਸ. ਹੂਗਨ ਨੇ ਤਾਮੀਰ ਕੀਤੀਆਂ। ਫਿਲਮ 'ਭਾਰਤ ਕੀ ਬੇਟੀ' (1935) ਵਿਚ ਉਸਤਾਦ ਝੰਡੇ ਖਾਨ ਨੇ ਫਿਲਮ ਦੇ ਕੁੱਲ 12 ਗੀਤਾਂ 'ਚੋਂ 9 ਗੀਤਾਂ




*ਉਸਤਾਦ ਝੰਡੇ ਖਾਨ ਦੇ ਸੰਗੀਤ ਨਾਲ ਸਜੀ ਫਿਲਮ 'ਚਿਤ੍ਰਲੇਖਾ' ਦਾ ਪੋਸਟਰ।*

ਦੀਆਂ ਤੇ ਬਾਕੀ 3 ਗੀਤਾਂ ਦੀਆਂ ਧੁੰਨਾਂ ਅਨਿਲ ਬਿਸਵਾਸ ਨੇ ਬਣਾਈਆਂ। ਫਿਲਮ 'ਤਸਵੀਰ-ਏ-ਵਫਾ' ਉਰਫ 'ਫਿਦਾ-ਏ-ਵਤਨ' (1936) ਵਿਚ ਉਸਤਾਦ ਝੰਡੇ ਖਾਨ ਤੇ ਅਨਿਲ ਬਿਸਵਾਸ ਨੇ 10 ਗੀਤਾਂ ਦਾ ਸੰਗੀਤ ਤਿਆਰ ਕੀਤਾ।

ਏ.ਪੀ. ਕਪੂਰ ਨਿਰਦੇਸ਼ਿਤ ਫਿਲਮ 'ਆਂਸੂਓਂ ਕੀ ਦੁਨੀਆ' ਉਰਫ 'ਸਾਰੋ ਆਫ ਮੈਨ' (1936) 'ਚ ਵੀ ਉਸਤਾਦ ਝੰਡੇ ਖਾਨ ਦਾ ਸੰਗੀਤ ਸੀ, ਪਰ ਇਸ ਫਿਲਮ ਦੇ ਗੀਤਾਂ ਦੀ ਗਿਣਤੀ ਦਾ ਪਤਾ ਨਹੀਂ ਲੱਗ ਸਕਿਆ। ਇਹ ਫਿਲਮ ਬਟਾਲੇ (ਪੰਜਾਬ) ਦੇ ਗੱਭਰੂ ਸੁਰਿੰਦਰ ਨਾਥ (ਬੀ.ਏ.ਐਲ.ਐਲ.ਬੀ.) ਦੀ ਹੀਰੋ ਵਜੋਂ ਪਹਿਲੀ ਫਿਲਮ ਸੀ। ਸੀ.ਐਲ. ਲਾਲਾ ਨਿਰਦੇਸ਼ਿਤ ਫਿਲਮ 'ਪ੍ਰੇਮ ਬੰਧਨ' ਉਰਫ 'ਵਿਕਟਿਮਜ਼ ਆਫ ਲਵ' (1936) ਵਿਚ ਝੰਡੇ ਖਾਨ ਨੇ 9 ਗੀਤਾਂ ਵਿਚੋਂ 4 ਗੀਤਾਂ ਦੀਆਂ ਤਰਜ਼ਾਂ ਬਣਾਈਆਂ। ਦਵਾਰਕਾ ਖੋਸਲਾ ਨਿਰਦੇਸ਼ਿਤ ਫਿਲਮ 'ਸ਼ੇਰ ਕਾ ਪੰਜਾ' (1936) ਦੇ 11 ਗੀਤਾਂ ਦਾ ਸੰਗੀਤ ਉਸਤਾਦ ਝੰਡੇ ਖਾਨ ਤੇ ਅਨਿਲ ਬਿਸਵਾਸ ਨੇ ਤਿਆਰ ਕੀਤਾ। ਅਨਿਲ ਬਿਸਵਾਸ ਦੇ ਮੁਤਾਬਕ ਫਿਲਮ ਦਾ ਸੰਗੀਤ ਅਤੇ ਗੀਤਾਂ ਦੀਆਂ ਤਰਜ਼ਾਂ ਉਨ੍ਹਾਂ ਨੇ ਬਣਾਈਆਂ ਸਨ ਅਤੇ ਝੰਡੇ ਖਾਨ ਨੇ ਸਿਰਫ ਸਾਰੰਗੀ ਵਜਾਈ ਸੀ। ਧੀਰੂਭਾਈ ਦੇਸਾਈ ਨਿਰਦੇਸ਼ਿਤ ਫਿਲਮ 'ਪਯਾਮ-ਏ-ਹਕ' ਉਰਫ 'ਨੀਤੀ ਵਿਜਯ' (1939) 'ਚ ਉਸਤਾਦ ਝੰਡੇ ਖਾਨ ਤੇ ਸ਼ਿਆਮ ਬਾਬੂ ਨੇ 13 ਗੀਤਾਂ ਦਾ ਸੰਗੀਤ ਤਿਆਰ ਕੀਤਾ।

ਭਗਵਤੀ ਚਰਨ ਵਰਮਾ ਦੇ ਨਾਵਲ ਉਤੇ ਆਧਾਰਿਤ ਕਾਰਪੋਰੇਸ਼ਨ ਆਫ ਇੰਡੀਆ, ਕਲਕੱਤਾ ਦੀ ਕੇਦਾਰ ਸ਼ਰਮਾ ਨਿਰਦੇਸ਼ਿਤ ਸ਼ਾਸਤਰੀ ਸੰਗੀਤ ਪ੍ਰਧਾਨ ਫਿਲਮ 'ਚਿੱਤਰਲੇਖਾ' (1941) 'ਚ ਉਸਤਾਦ ਝੰਡੇ ਖਾਨ ਨੇ ਫਿਲਮ ਦੇ 10 ਗੀਤਾਂ ਵਿਚੋਂ 3 ਦਾ ਸੰਗੀਤ ਦਿੱਤਾ ਜਿਨ੍ਹਾਂ ਵਿਚ 'ਨੀਲ ਕਮਲ ਮੁਸਕਾਏ ਭੰਵਰਾਂ ਝੂਠੀ ਕਸਮੇਂ ਖਾਏ' (ਭਾਗ 1/2/ਰਾਮ ਦੁਲਾਰੀ), 'ਤੁਮ ਜਾਓ ਬੜੇ ਭਗਵਾਨ ਬੜੇ ਇਨਸਾਨ ਬਨੋ ਤੋ ਜਾਨੋ' (ਰਾਮ ਦੁਲਾਰੀ) ਗੀਤ ਬਹੁਤ ਪਸੰਦ ਕੀਤੇ ਗਏ ਜਦੋਂਕਿ ਬਾਕੀ 7 ਗੀਤਾਂ ਦਾ ਸੰਗੀਤ ਏ. ਐਸ. ਗਿਆਨੀ ਨੇ ਤਰਤੀਬ ਕੀਤਾ।

ਇਤਿਹਾਸਕ ਫਿਲਮ 'ਸ਼ਹਿਨਸ਼ਾਹ ਅਕਬਰ' (1943) 'ਚ ਝੰਡੇ ਖਾਨ ਨੇ ਫਿਲਮ ਦੇ 14 ਗੀਤਾਂ ਦਾ ਸੋਹਣਾ ਸੰਗੀਤ ਤਿਆਰ ਕੀਤਾ, ਜਿਨ੍ਹਾਂ ਦੇ ਬੋਲ ਪੰਡਤ ਇੰਦਰ, ਦੀਵਾਨ ਸ਼ਰਰ, ਅਰਸ਼ਦ ਗੁਜਰਾਤੀ, ਝੰਡੇ ਖਾਨ ਨੇ ਤਹਿਰੀਰ ਕੀਤੇ। ਫਿਲਮ 'ਚ ਕੁਮਾਰ ਨੇ 'ਅਕਬਰ' ਦਾ ਟਾਈਟਲ ਕਿਰਦਾਰ ਨਿਭਾਇਆ। 1941-42 ਵਿਚ ਉਸਤਾਦ ਝੰਡੇ ਖਾਨ ਨੇ 'ਜੀਵਨ ਕਾ ਸਾਜ਼' ਦੇ 12 ਗੀਤਾਂ ਦਾ ਸੰਗੀਤ ਦਿੱਤਾ ਸੀ, ਜਿਨ੍ਹਾਂ ਵਿਚੋਂ ਕੁਝ ਗੀਤ ਅਮੀਰਬਾਈ ਕਰਨਾਟਕੀ ਤੇ ਸਰਸਵਤੀ ਰਾਣੇ ਨੇ ਗਾਏ ਸਨ, ਪਰ ਇਹ ਫਿਲਮ ਰਿਲੀਜ਼ ਨਹੀਂ ਹੋ ਸਕੀ। ਇਸ ਤੋਂ ਬਾਅਦ ਉਸਤਾਦ ਝੰਡੇ ਖਾਨ ਨੇ ਬੰਬੇ ਤੋਂ ਲਾਹੌਰ ਦਾ ਰੁਖ ਕੀਤਾ। ਜਦੋਂ ਸੇਠ ਜਗਨਨਾਥ ਮਾਹੇਸ਼ਵਰੀ ਨੇ ਆਪਣੇ ਅਦਾਰੇ ਦੇ ਬੈਨਰ ਹੇਠ ਪੰਜਾਬੀ ਫਿਲਮ 'ਰਾਵੀ ਪਾਰ' (1942) ਬਣਾਈ ਤਾਂ ਇਸ ਫਿਲਮ ਵਿਚ ਵਕਤ ਦੇ ਮਸ਼ਹੂਰ ਸੰਗੀਤਕਾਰਾਂ ਨੂੰ ਸੰਗੀਤ ਦੇਣ ਦਾ ਮੌਕਾ ਦਿੱਤਾ, ਜਿਨ੍ਹਾਂ ਵਿਚ ਉਸਤਾਦ ਝੰਡੇ ਖਾਨ ਨੇ ਫਿਲਮ ਦੇ ਦੋ ਸ਼ਾਹਕਾਰ ਗੀਤਾਂ ਦਾ ਸੰਗੀਤ ਤਾਮੀਰ ਕੀਤਾ, ਜਿਨ੍ਹਾਂ ਦੇ ਖ਼ੂਬਸੂਰਤ ਬੋਲ ਹਨ 'ਗਾਉਣੇ ਛੱਡ ਦੇ ਗੀਤ ਪੰਛੀਆਂ' (ਸ਼ਮਸ਼ਾਦ ਬੇਗਮ) ਅਤੇ 'ਉਠ ਜਾਗ ਮੁਸਾਫਰ ਭੋਰ ਭਈ ਤੇਰੀ ਰਾਤ ਗ਼ਮਾਂ ਵਿਚ ਬੀਤ ਗਈ' ਜੋ ਬੇਹੱਦ ਮਕਬੂਲ ਹੋਏ। ਫਿਲਮ 'ਪਗਲੀ' (1943) 'ਚ ਉਸਤਾਦ ਝੰਡੇ ਖਾਨ ਤੋਂ ਇਲਾਵਾ 3 ਸੰਗੀਤਕਾਰ ਹੋਰ ਸਨ, ਜਿਨ੍ਹਾਂ 'ਚ ਪੰਡਤ ਗੋਬਿੰਦਰਾਮ ਨੇ 3 ਗੀਤ, ਅਮੀਰ ਅਲੀ ਨੇ 3 ਗੀਤ, ਰਸ਼ੀਦ ਅੱਤਰੇ 'ਅੰਮ੍ਰਿਤਸਰੀ' ਨੇ ਇੱਕ ਗੀਤ ਦਾ ਸੰਗੀਤ ਤਿਆਰ ਕੀਤਾ। ਬਾਕੀ 3 ਗੀਤਾਂ ਦਾ ਸ਼ਾਨਦਾਰ ਸੰਗੀਤ ਝੰਡੇ ਖਾਨ ਨੇ ਤਿਆਰ ਕੀਤਾ ਜਿਨ੍ਹਾਂ ਦੇ ਖੂਬਸੂਰਤ ਬੋਲ ਹਨ- 'ਜ਼ਮਾਨੇ ਸੇ ਰਸਮੇ ਵਫਾ ਉਠ ਗਈ', 'ਯੇਹ ਗੀਤ ਪਪੀਹਾ ਗਾਤਾ ਹੈ' ਤੇ 'ਗਾ ਰੀ ਸਖੀ ਮਨ ਕੇ ਤਾਰੋਂ ਸੇ' (ਸ਼ਮਸ਼ਾਦ ਬੇਗਮ) ਜੋ ਖੂਬ ਪਸੰਦ ਕੀਤੇ ਗਏ। ਇਹ ਉਸਤਾਦ ਝੰਡੇ ਖਾਨ ਦੀ ਆਖਰੀ ਫਿਲਮ ਸੀ।

ਜਾਤੀ ਜ਼ਿੰਦਗੀ ਵਿਚ ਉਸਤਾਦ ਝੰਡੇ ਖਾਨ ਇੰਤਹਾਈ ਨਫੀਸ, ਧਾਰਮਿਕ ਖਿਆਲਾਤ ਵਾਲੇ ਨਵਾਜ਼ ਪਾਬੰਦ ਇਨਸਾਨ ਸਨ। ਉਨ੍ਹਾਂ ਨੇ ਕਦੇ ਵੀ ਆਪਣੀ ਤਸਵੀਰ ਨਹੀਂ ਖਿਚਵਾਈ ਸੀ। ਉਸਤਾਦ ਝੰਡੇ ਖਾਨ ਫਿਲਮਾਂ ਤੋਂ ਮੁਕੰਮਲ ਕਿਨਾਰਾਕਸ਼ੀ ਕਰਨ ਤੋਂ ਬਾਅਦ ਗੁੱਜਰਾਂਵਾਲਾ ਆਣ ਵੱਸੇ ਜਿੱਥੇ 11 ਅਕਤੂਬਰ 1951 ਨੂੰ 80 ਸਾਲ ਦੀ ਉਮਰ ਵਿਚ ਉਹ ਫੌਤ ਹੋ ਗਏ। ਜਦੋਂ ਕਦੇ ਵੀ ਭਾਰਤੀ ਸਿਨਮਾ ਦੇ ਮੁੱਢਲੇ ਦੌਰ ਦੇ ਫਿਲਮੀ ਸੰਗੀਤ ਦੀ ਗੱਲ ਹੋਵੇਗੀ ਤਾਂ ਸੰਗੀਤ ਦੇ ਬਾਬਾ ਬੋਹੜ ਉਸਤਾਦ ਝੰਡੇ ਖਾਨ ਦਾ ਨਾਮ ਅਦਬ ਨਾਲ ਲਿਆ ਜਾਵੇਗਾ।

*-ਮਨਦੀਪ ਸਿੰਘ ਸਿੱਧੂ*

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

## Pay Every Week

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com